**PUNJAB VIDHAN SABHA**

**DEBATES**

*Tuesday, the 3rd March, 2020*

Vol. XI - No. 8

OFFICIAL REPORT


| | |
|---|---|
| Starred Questions and Answers | (8)1 |
| Unstarred Questions and Answers | (8)42 |
| Announcement by the Speaker regarding Distribution of Calligraphed Copies of the Constitution of India to all the Members | (8)46 |
| Matters raised during Zero Hour and Statements made by the Ministers thereon | (8)46 |
| Walk out | (8)57 |
| Matters raised during Zero Hour and Statements made by the Ministers thereon *(Resumption)* | (8)57 |
| Call Attention Notices under Rule 66 | (8)69 |
| Presentation of Reports of the Committees | (8)81 |
| Walk out | (8)82 |
| Presentation of Reports of the Committees *(Resumption)* | (8)83 |
| Resumption of General Discussion on the Budget Estimates for the year 2020-21 | (8)83 |
| Extension of Time of the Sitting of the House | (8)142 |
| General Discussion on the Budget Estimates for the year 2020-21 *(Resumption)* | (8)142 |



**Punjab Vidhan Sabha Secretariat, Chandigarh**

***Price: Rs.__________***

## ਪੰਜਾਬ ਮੰਤਰੀ ਮੰਡਲ ਦੀ ਸੂਚੀ

| ਕ੍ਰਮ ਨੰ. | ਨਾਮ | ਮਹਿਕਮਾ/ਮਹਿਕਮੇ |
|---|---|---|
| 1. | ਕੈਪਟਨ ਅਮਰਿੰਦਰ ਸਿੰਘ<br>ਮੁੱਖ ਮੰਤਰੀ | ਪ੍ਰਬੰਧਕੀ ਸੁਧਾਰ, ਖੇਤੀਬਾੜੀ ਅਤੇ ਕਿਸਾਨ ਭਲਾਈ, ਬਾਗਬਾਨੀ, ਭੂਮੀ ਤੇ ਜਲ ਸੰਭਾਲ, ਸ਼ਹਿਰੀ ਹਵਾਬਾਜ਼ੀ, ਰੱਖਿਆ ਸੇਵਾਵਾਂ ਭਲਾਈ, ਆਬਕਾਰੀ ਤੇ ਕਰ, ਆਮ ਰਾਜ ਪ੍ਰਬੰਧ, ਗ੍ਰਹਿ ਮਾਮਲੇ ਅਤੇ ਨਿਆਂ, ਪ੍ਰਾਹੁਣਚਾਰੀ, ਨਿਵੇਸ਼ ਪ੍ਰਮੋਸ਼ਨ,ਸੂਚਨਾ ਤੇ ਲੋਕ ਸੰਪਰਕ, ਕਨੂੰਨੀ ਤੇ ਵਿਧਾਨਕਾਰ ਮਾਮਲੇ, ਪਰਸੋਨਲ, ਵਾਤਾਵਰਨ, ਚੌਕਸੀ, ਜੰਗਲੀ ਜੀਵ, ਸਾਇੰਸ ਤੇ ਤਕਨਾਲੋਜੀ, ਸੂਚਨਾ ਤਕਨਾਲੋਜੀ, ਊਰਜਾ,ਨਵ ਤੇ ਨਵਿਆਉਣਯੋਗ ਊਰਜਾ ਸਰੋਤ |
| | Captain Amarinder Singh<br>Chief Minister | Administrative Reforms, Agriculture and Farmers' Welfare, Horticulture, Conservation of Land and Water, Civil Aviation, Defence Services Welfare, Excise & Taxation, General Administration, Home Affairs and Justice, Hospitality, Investment Promotion, Information & Public Relations, Legal & Legislative Affairs, Personnel, Environment, Vigilance, Wildlife, Science & Technology, Information Technology and Power, New and Renewable Energy Soures. |
| 2. | ਸ਼੍ਰੀ ਬ੍ਰਹਮ ਮਹਿੰਦਰਾ | ਸਥਾਨਕ ਸਰਕਾਰ, ਸੰਸਦੀ ਮਾਮਲੇ, ਚੋਣਾਂ, ਸ਼ਿਕਾਇਤ ਨਿਵਾਰਣ ਮੰਤਰੀ |
| | Shri Brahm Mohindra | Local Govt, Parliamentary Affairs, Elections, Removal of Grievances Minister |

## ਪੰਜਾਬ ਮੰਤਰੀ ਮੰਡਲ ਦੀ ਸੂਚੀ

| ਕ੍ਰਮ ਨੰ. | ਨਾਮ | ਮਹਿਕਮਾ/ਮਹਿਕਮੇ |
|---|---|---|
| 3. | ਸਰਦਾਰ ਮਨਪ੍ਰੀਤ ਸਿੰਘ ਬਾਦਲ<br>Sardar Manpreet Singh Badal | ਵਿੱਤ, ਯੋਜਨਾ, ਪ੍ਰੋਗਰਾਮ ਲਾਗੂਕਰਨ, ਪ੍ਰਸ਼ਾਸਨ ਸੁਧਾਰ ਮੰਤਰੀ<br>Finance, Planning, Programme Implementation, Governance Reforms Minister |
| 4. | ਸਰਦਾਰ ਸਾਧੂ ਸਿੰਘ<br>Sardar Sadhu Singh | ਜੰਗਲਾਤ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ, ਛਪਾਈ ਤੇ ਲਿਖਣ ਸਮੱਗਰੀ ਮੰਤਰੀ<br>Forest, Social Justice Empowerment and Minorities, Printing & Stationery Minister |
| 5. | ਸ਼੍ਰੀ ਓਮ ਪ੍ਰਕਾਸ਼ ਸੋਨੀ<br>Shri Om Parkash Soni | ਮੈਡੀਕਲ ਸਿੱਖਿਆ ਤੇ ਖੋਜ, ਅਜ਼ਾਦੀ ਘੁਲਾਈਟੇ, ਫੂਡ ਪ੍ਰਾਸੈਸਿੰਗ ਮੰਤਰੀ<br>Medical Education & Research , Freedom Fighters, Food Processing Minister |
| 6. | ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ<br>Sardar Tript Rajinder Singh Bajwa | ਦਿਹਾਤੀ ਵਿਕਾਸ ਤੇ ਪੰਚਾਇਤਾਂ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ, ਉਚੇਰੀ ਸਿੱਖਿਆ ਮੰਤਰੀ<br>Rural Development & Panchayats, Animal Husbandry, Fisheries & Dairy Development, Higher Education Minister |
| 7. | ਰਾਣਾ ਗੁਰਮੀਤ ਸਿੰਘ ਸੋਢੀ<br>Rana Gurmeet Singh Sodhi | ਖੇਡਾਂ ਅਤੇ ਯੁਵਕ ਮਾਮਲੇ ਅਤੇ ਪ੍ਰਵਾਸੀ ਭਾਰਤੀ ਮਾਮਲੇ ਮੰਤਰੀ<br>Sports and Youth Affairs and NRIs Minister |
| 8. | ਸਰਦਾਰ ਚਰਨਜੀਤ ਸਿੰਘ ਚੰਨੀ<br>Sardar Charanjit Singh Channi | ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਰੁਜ਼ਗਾਰ ਉਤਪਤੀ, ਸੈਰ-ਸਪਾਟਾ ਤੇ ਸਭਿਆਚਾਰਕ ਮਾਮਲੇ ਮੰਤਰੀ<br>Technical Education and Industrial Training, Employment Generation, Tourism and Cultural Affairs Minister |

## ਪੰਜਾਬ ਮੰਤਰੀ ਮੰਡਲ ਦੀ ਸੂਚੀ

| ਕ੍ਰਮ ਨੰ. | ਨਾਮ | ਮਹਿਕਮਾ/ਮਹਿਕਮੇ |
|---|---|---|
| 9. | ਸ਼੍ਰੀਮਤੀ ਅਰੁਨਾ ਚੌਧਰੀ<br>Smt. Aruna Chaudhary | ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ<br>Social Security, Women & Child Development Minister |
| 10. | ਸ਼੍ਰੀਮਤੀ ਰਜ਼ੀਆ ਸੁਲਤਾਨਾ<br>Smt. Razia Sultana | ਜਲ ਸਪਲਾਈ ਤੇ ਸੈਨੀਟੇਸ਼ਨ, ਜਨ ਸਿਹਤ ਟਰਾਂਸਪੋਰਟ ਮੰਤਰੀ<br>Water Supply & Sanitation, Public Health Transport Minister |
| 11. | ਸਰਦਾਰ ਸੁਖਜਿੰਦਰ ਸਿੰਘ ਰੰਧਾਵਾ<br>Sardar Sukhjinder Singh Randhawa | ਸਹਿਕਾਰਤਾ, ਜੇਲ੍ਹਾਂ ਮੰਤਰੀ<br>Cooperation, Jails Minister |
| 12. | ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ<br>Sardar Sukhbinder Singh Sarkaria | ਜਲ ਸਰੋਤ, ਖਾਣਾਂ ਤੇ ਭੂ-ਵਿਗਿਆਨ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ<br>Water Resources, Mining & Geology, Housing and Urban Development Minister |
| 13. | ਸਰਦਾਰ ਗੁਰਪ੍ਰੀਤ ਸਿੰਘ ਕਾਂਗੜ<br>Sardar Gurpreet Singh Kangar | ਮਾਲ, ਪੁਨਰਵਾਸ ਅਤੇ ਕੁਦਰਤੀ ਆਫਤਾਂ ਪ੍ਰਬੰਧਨ ਮੰਤਰੀ<br>Revenue, Rehabilitation and Disaster Management Minister |
| 14. | ਸਰਦਾਰ ਬਲਬੀਰ ਸਿੰਘ ਸਿੱਧੂ<br>Sardar Balbir Singh Sidhu | ਸਿਹਤ ਅਤੇ ਪਰਿਵਾਰ ਭਲਾਈ, ਕਿਰਤ ਮੰਤਰੀ<br>Health and Family Welfare, Labour Minister |
| 15. | ਸ਼੍ਰੀ ਵਿਜੈ ਇੰਦਰ ਸਿੰਗਲਾ<br>Shri Vijay Inder Singla | ਸਕੂਲ ਸਿੱਖਿਆ, ਲੋਕ ਨਿਰਮਾਣ ਮੰਤਰੀ<br>School Education, Public Works Minister |
| 16. | ਸ਼੍ਰੀ ਸੁੰਦਰ ਸ਼ਾਮ ਅਰੋੜਾ<br>Shri Sunder Sham Arora | ਉਦਯੋਗ ਤੇ ਕਮਰਸ ਮੰਤਰੀ<br>Industries & Commerce Minister |
| 17. | ਸ਼੍ਰੀ ਭਾਰਤ ਭੂਸ਼ਣ ਆਸ਼ੂ<br>Shri Bharat Bhushan Ashu | ਖੁਰਾਕ ਤੇ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ<br>Food & Civil Supplies and Consumer Affairs Minister |

## PUNJAB VIDHAN SABHA

*Tuesday, the 3rd March, 2020*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10.00 A.M. Mr. Speaker (Rana Kanwar Pal Singh) in the Chair.*

---------

## STARRED QUESTIONS AND ANSWERS

### ਸੈਰ ਸਪਾਟਾ ਪ੍ਰਾਜੈਕਟ ਦੀ ਟੈਂਡਰਿੰਗ ਕਰਨਾ

*2478. **ਸ਼੍ਰੀ ਅਮਿਤ ਵਿਜ :** ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਠਾਨਕੋਟ ਵਿਖੇ ਟੂਰਿਜ਼ਮ ਪ੍ਰਾਜੈਕਟ ਦੀ ਟੈਂਡਰਿੰਗ ਕਦੋਂ ਤੱਕ ਕਰ ਦਿੱਤੀ ਜਾਵੇਗੀ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** ਇਸ ਪ੍ਰਾਜੈਕਟ ਦੀ ਟੈਂਡਰਿੰਗ ਪੀ.ਡੀ.ਆਈ.ਬੀ. ਵੱਲੋਂ ਮਈ, 2020 ਵਿੱਚ, ਪੰਜਾਬ ਇਨਫਰਾਸਟ੍ਰਕਚਰ ਰੈਗੂਲੇਟਰੀ ਅਥਾਰਿਟੀ ਵਲੋਂ ਲੋਕ ਸੁਣਵਾਈ ਉਪਰੰਤ ਹੋਣ ਦੀ ਉਮੀਦ ਹੈ।

**ਸ਼੍ਰੀ ਅਮਿਤ ਵਿਜ :** ਮਾਨਯੋਗ ਸਪੀਕਰ ਸਾਹਿਬ, ਇਹ ਜਿਹੜਾ ਟੂਰਿਜ਼ਮ ਦਾ ਪ੍ਰਾਜੈਕਟ ਹੈ, ਇਸ ਦੇ ਉੱਪਰ ਅਸੀਂ ਤਿੰਨ ਸਾਲ ਤੋਂ ਕੰਮ ਕਰ ਰਹੇ ਹਾਂ ਅਤੇ ਮੈਂ ਬੜਾ ਫਾਰਚੂਨੇਟ ਹਾਂ ਕਿ ਸਾਰੀ ਟੀਮ ਨੇ ਬਹੁਤ ਮਿਹਨਤ ਕੀਤੀ ਹੈ, ਉਸ ਨੂੰ ਉਸ ਲੈਵਲ ਉੱਤੇ ਲੈ ਕੇ ਆਏ ਹਨ ਅਤੇ ਅਸੀਂ ਟੈਂਡਰਿੰਗ ਦੀ ਸਟੇਜ ਉੱਤੇ ਆਏ ਹਾਂ। ਸਪੀਕਰ ਸਾਹਿਬ, ਮੇਰੀਆਂ ਦੋ ਰਿਕੁਐਸਟਾਂ ਹਨ। ਸਰ, ਇਸ ਬਾਰੇ ਮੇਰੇ ਵਲੋਂ ਇੱਕ ਰਿਕੁਐਸਟ ਹੈ ਕਿ ਸੀ.ਐਮ.ਸਾਹਿਬ ਦੇ ਲੈਵਲ ਉੱਤੇ ਜੇ ਹਰ ਮਹੀਨੇ ਅਗਲੇ ਚਾਰ ਮਹੀਨੇ ਵਾਸਤੇ ਇਹ ਸਾਰੇ ਡਿਪਾਰਟਮੈਂਟਸ ਨੂੰ ਬੁਲਾ ਕੇ ਰਿਵਿਊ ਹੋ ਜਾਵੇ ਤਾਂ ਇਹ ਪ੍ਰਾਜੈਕਟ ਬਹੁਤ ਜਲਦੀ ਸਿਰੇ ਚੜ੍ਹ ਜਾਵੇਗਾ। ਸਪੀਕਰ ਸਾਹਿਬ, ਇਸ ਵਿੱਚ ਮੇਰਾ ਮੰਨਣਾ ਹੈ ਕਿ this will be the best North India Toursim project in the country. It has such

potential. ਸਰ, ਦੂਜੀ ਮੇਰੀ ਰਿਕੁਐਸਟ ਹੈ ਕਿ ਜਦੋਂ ਇਹ ਸਾਡੀ ਸਰਕਾਰ ਬਣੀ ਸੀ ਤਾਂ ਸਾਡੇ ਸੀ.ਐਮ.ਸਾਹਿਬ ਮੁੰਬਈ ਗਏ ਸੀ, ਉਨ੍ਹਾਂ ਦੇ ਪੈਰ ਉੱਤੇ ਚੋਟ ਵੀ ਲੱਗੀ ਹੋਈ ਸੀ ਮੈਂ ਉਦੋਂ ਸਿਰਫ ਇਨਵੈਸਟਮੈਂਟ ਪਰਪਜ਼ ਲਈ ਗਿਆ ਸੀ। ਉਦੋਂ ਮੈਂ ਵੇਖਿਆ ਕਿ his only objective was..

**ਮਾਨਯੋਗ ਸਪੀਕਰ :** ਸਵਾਲ ਕਰੋ, ਸਵਾਲ ਕਰੋ ਜੀ।

**ਸ਼੍ਰੀ ਅਮਿਤ ਵਿਜ :** ਸਰ, ਮੈਂ ਸਵਾਲ ਹੀ ਕਰਨ ਲੱਗਿਆ ਹਾਂ, his only objective was that he wanted to save the time and not to waste even a day. ਸਰ, ਇਸ ਪ੍ਰਾਜੈਕਟ ਨੂੰ ਲਿਆਉਣ ਵਾਸਤੇ ਸਾਨੂੰ ਕਾਰਪੋਰੇਸ਼ਨ ਦੀ ਕੁਝ ਲੈਂਡ ਚਾਹੀਦੀ ਸੀ।

**ਮਾਨਯੋਗ ਸਪੀਕਰ :** ਤੁਸੀਂ ਲੰਮੀ ਗੱਲ ਨਾ ਕਰੋ। ਇਸ ਤਰ੍ਹਾਂ ਨਾ ਕਰੋ ਪਲੀਜ਼।

**ਸ਼੍ਰੀ ਅਮਿਤ ਵਿਜ :** ਸਰ, ਸਵਾਲ ਤੇ ਆ ਗਿਆ ਹਾਂ। 8-9 ਮਹੀਨੇ ਇਹ ਪ੍ਰਾਜੈਕਟ ਡਿਲੇਅ ਹੋਇਆ ਹੈ ਕਿਉਂਕਿ ਡੇਅਰੀ ਵਾਲਾ ਪਿੰਡ ਦੀ ਕਾਰਪੋਰੇਸ਼ਨ ਦੀ ਲੈਂਡ, which is related to this project, ਉਸ ਦਾ ਇੱਕ ਲੈਂਡ ਗਰੈਬਿੰਗ ਦਾ ਕੇਸ ਹੋਇਆ ਸੀ, ਹੁਣ ਉਹ ਕਲੀਅਰ ਹੋ ਗਿਆ ਹੈ।

**Mr. Speaker :** You want to ask something or not?

**ਸ਼੍ਰੀ ਅਮਿਤ ਵਿਜ :** ਸਰ, ਮੈਂ ਚਾਹੁੰਦਾ ਹਾਂ ਕਿ ਮੈਂ ਇਹ ਇਨਕੁਆਰੀ ਦੀ ਰਿਕੁਐਸਟ ਰਿਟਨ ਵਿੱਚ ਦੇਵਾਂ ਤੇ ਇਸ ਦੀ ਇੱਕ ਹਾਈਐਸਟ ਲੈਵਲ ਉਤੇ ਇਨਕੁਆਰੀ ਹੋਵੇ। ਜਿਨ੍ਹਾਂ ਨੇ ਵੀ ਇਹ ਪ੍ਰਾਜੈਕਟ ਡਿਲੇਅ ਕੀਤਾ ਹੈ ਜਾਂ ਉੱਥੇ ਲੈਂਡ ਗਰੈਬਿੰਗ ਕੀਤੀ ਹੈ, ਇਸ ਪ੍ਰਾਜੈਕਟ ਨੂੰ ਜਿਸ ਨੇ ਰੋਕਿਆ ਹੈ ਉਸ ਦੀ ਪਰਾਪਰ ਇਨਕੁਆਰੀ ਹੋਵੇ।

**ਮਾਨਯੋਗ ਸਪੀਕਰ:** ਪ੍ਰਾਜੈਕਟ ਡਿਲੇਅ ਹੋਣ ਦੇ ਕਾਰਨਾਂ ਦਾ ਪਤਾ ਕਰਕੇ ਢੁੱਕਵੀਂ ਕਾਰਵਾਈ ਕੀਤੀ ਜਾਵੇਗੀ? ਜਿਨ੍ਹਾਂ ਲੋਕਾਂ ਦੀ ਵਜ੍ਹਾ ਕਰਕੇ ਪ੍ਰਾਜੈਕਟ ਲੇਟ ਹੋਇਆ ਹੈ ਅਤੇ ਗੱਲ ਤਾਂ ਇੰਨੀ ਕੁ ਹੈ, ਵਿਜ ਜੀ।

**Shri Amit Vij :** Yes, this is the only request

**ਮੰਤਰੀ :** ਸਪੀਕਰ ਸਾਹਿਬ, ਪਹਿਲਾਂ ਤਾਂ ਇਨ੍ਹਾਂ ਨੇ ਇਹ ਗੱਲ ਕੀਤੀ ਹੈ ਕਿ ਮੈਂ ਇਸ ਪ੍ਰਾਜੈਕਟ ਪਿੱਛੇ ਬੜੀ ਮਿਹਨਤ ਕੀਤੀ ਹੈ ਔਰ ਇਸ ਪ੍ਰਾਜੈਕਟ ਨੂੰ ਜਲਦੀ ਤੋਂ ਜਲਦੀ

ਕਰਵਾਇਆ ਜਾਵੇ। ਸਪੀਕਰ ਸਾਹਿਬ, ਮੈਂ ਦੱਸ ਹੀ ਚੁੱਕਾ ਹਾਂ ਕਿ ਮਈ ਦੇ ਵਿੱਚ ਇਸ ਦੇ ਟੈਂਡਰ ਹੋ ਜਾਣਗੇ ਕਿਉਂਕਿ ਕਈ ਥਾਵਾਂ ਤੋਂ ਕਲੀਅਰੈਂਸਿਜ਼ ਲੈਣੀਆਂ ਪੈਂਦੀਆਂ ਹਨ, ਫਾਰੈਸਟ ਡਿਪਾਰਟਮੈਂਟ ਤੋਂ ਲਈਆਂ, ਇਨਵਾਇਰਨਮੈਂਟ ਕਲੀਅਰੈਂਸ ਹੋਣੀ ਸੀ। ਸਾਰੀਆਂ ਚੀਜ਼ਾਂ ਕਰਕੇ ਕੁਝ ਡਿਲੇਅ ਹੋਇਆ ਹੈ ਪਰ ਜਿਹੜੀ ਇਨ੍ਹਾਂ ਨੇ ਦੂਜੀ ਗੱਲ ਕੀਤੀ ਹੈ ਕਿ ਕਿਸ ਦੀ ਗਲਤੀ ਹੈ? ਉਸ ਦੀ ਅਸੀਂ ਇਨਕੁਆਰੀ ਕਰਵਾ ਲੈਂਦੇ ਹਾਂ। ਜੇ ਕਿਸੇ ਦੀ ਗਲਤੀ ਕਰਕੇ ਲੇਟ ਹੋਇਆ ਹੈ ਤਾਂ ਉਸ ਨੂੰ ਜ਼ਰੂਰ ਸਜ਼ਾ ਮਿਲੇਗੀ।

**ਸ਼੍ਰੀ ਅਮਿਤ ਵਿਜ :** ਬਹੁਤ-ਬਹੁਤ ਧੰਨਵਾਦ ਜੀ।

---------

## ਸਹਿਕਾਰੀ ਖੰਡ ਮਿੱਲ ਨਕੋਦਰ ਵੱਲ ਕਿਸਾਨਾਂ ਦੀ ਪੈਂਡਿੰਗ ਪੇਮੈਂਟ ਦੀ ਅਦਾਇਗੀ

***2693. ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਰਾਜ ਦੇ ਗੰਨਾ ਉਤਪਾਦਕ ਕਿਸਾਨਾਂ ਦੀ ਸਾਲ 2018-19 ਦੀ ਸਹਿਕਾਰੀ ਖੰਡ ਮਿੱਲ, ਨਕੋਦਰ ਵੱਲ ਕਿੰਨੀ ਪੇਮੈਂਟ ਅਜੇ ਪੈਂਡਿਗ ਪਈ ਹੈ ਅਤੇ ਕਿਸਾਨਾਂ ਦੀ ਗੰਭੀਰ ਆਰਥਿਕ ਹਾਲਾਤ ਨੂੰ ਦੇਖਦੇ ਹੋਏ ਪੈਂਡਿੰਗ ਪੇਮੈਂਟ ਕਿਸਾਨਾਂ ਨੂੰ ਕਦੋਂ ਤੱਕ ਜਾਰੀ ਕਰ ਦਿੱਤੀ ਜਾਵੇਗੀ?

(ਅ) ਕਿਸਾਨਾਂ ਨੂੰ ਫਸਲਾਂ ਦੀ ਵਿਭਿੰਨਤਾ ਨੂੰ ਤਰਜੀਹ ਦੇਣ ਦੇ ਮੱਦੇਨਜ਼ਰ ਗੰਨਾ ਉਤਪਾਦਕ ਕਿਸਾਨਾਂ ਨੂੰ ਅੱਗੇ ਤੋਂ ਸਮੇਂ ਸਿਰ ਪੇਮੈਂਟ ਦੇਣ ਲਈ ਸਰਕਾਰ ਵੱਲੋਂ ਕੀ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਜੋ ਕਿਸਾਨਾਂ ਨੂੰ ਆਪਣੀਆਂ ਫਸਲਾਂ ਦੀ ਸਮੇਂ ਸਿਰ ਅਦਾਇਗੀ ਕੀਤੀ ਜਾ ਸਕੇ?

**ਸਰਦਾਰ ਸੁਖਜਿੰਦਰ ਸਿੰਘ ਰੰਧਾਵਾ :** (ੳ) ਰਾਜ ਦੇ ਗੰਨਾ ਉਤਪਾਦਕ ਕਿਸਾਨਾਂ ਦੀ ਸਾਲ 2018-19 ਦੀ ਸਹਿਕਾਰੀ ਖੰਡ ਮਿੱਲ, ਨਕੋਦਰ ਵੱਲ 11.95 ਕਰੋੜ ਰੁਪਏ ਦੀ ਰਾਸ਼ੀ ਬਕਾਇਆ ਰਹਿੰਦੀ ਹੈ। ਇਹ ਰਾਸ਼ੀ ਵਿੱਤ ਵਿਭਾਗ ਵੱਲੋਂ ਸਾਲ 2019-20 ਦੇ ਬਜਟ ਪ੍ਰੋਵੀਜ਼ਨ ਅਨੁਸਾਰ 100 ਕਰੋੜ ਰੁਪਏ ਦੀ ਰਾਸ਼ੀ ਜਾਰੀ ਹੋਣ ਉਪਰੰਤ ਕਰ ਦਿੱਤੀ ਜਾਵੇਗੀ। ਵਿੱਤ ਵਿਭਾਗ ਨੂੰ ਜਲਦੀ ਰਾਸ਼ੀ ਜਾਰੀ ਕਰਨ ਲਈ ਬੇਨਤੀ ਕਰ ਦਿੱਤੀ ਗਈ ਹੈ।

[ਸਹਿਕਾਰਤਾ ਮੰਤਰੀ]

(ਅ) ਗੰਨਾ ਕਾਸ਼ਤਕਾਰਾਂ ਦੀ ਸਮੇਂ ਸਿਰ ਅਦਾਇਗੀ ਲਈ ਸਰਕਾਰ ਵੱਲੋਂ 2019-20 ਦੇ ਬਜਟ ਵਿੱਚ ਨਿੱਜੀ ਖੰਡ ਮਿੱਲਾਂ ਲਈ ਕੇਨ ਕਮਿਸ਼ਨਰ ਦਫਤਰ ਰਾਹੀਂ ਅਤੇ ਸਹਿਕਾਰੀ ਖੰਡ ਮਿੱਲਾਂ ਲਈ ਸ਼ੂਗਰਫੈੱਡ ਰਾਹੀਂ ਕ੍ਰਮਵਾਰ 155 ਕਰੋੜ ਰੁਪਏ ਅਤੇ 200 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਸ਼ੂਗਰਫੈਡ, ਪੰਜਾਬ ਵੱਲੋਂ ਸਹਿਕਾਰੀ ਖੰਡ ਮਿੱਲਾਂ ਦੇ ਗੰਨਾ ਕਾਸ਼ਤਕਾਰਾਂ ਦੀ ਅਦਾਇਗੀ ਲਈ ਸਾਲ 2020-21 ਦੇ ਬਜਟ ਵਿੱਚ 320 ਕਰੋੜ ਰੁਪਏ ਦੇ ਉਪਬੰਧ ਕਰਨ ਦੀ ਤਜਵੀਜ਼ ਵਿੱਤ ਵਿਭਾਗ ਨੂੰ ਭੇਜੀ ਗਈ ਹੈ। ਇਸ ਤੋਂ ਇਲਾਵਾ ਕੈਬਨਿਟ ਸਬ-ਕਮੇਟੀ ਦੀਆਂ ਸਿਫਾਰਸ਼ਾਂ ਅਨੁਸਾਰ, ਸਹਿਕਾਰੀ ਖੰਡ ਮਿੱਲਾਂ ਨੂੰ ਐਫ.ਆਰ.ਪੀ. ਅਤੇ ਐਸ.ਏ.ਪੀ. ਦੇ ਅੰਤਰ ਦੇ ਬਰਾਬਰ ਗਰਾਂਟ-ਇਨ-ਏਡ ਦੇਣ ਦੀ ਤਜਵੀਜ਼ ਵਿੱਤ ਵਿਭਾਗ ਨੂੰ ਭੇਜੀ ਗਈ ਹੈ।

ਸਪੀਕਰ ਸਾਹਿਬ, ਐਮ.ਐਲ.ਏ. ਸਾਹਿਬ ਨੇ ਸਾਲ 2018-19 ਦੀ ਨਕੋਦਰ ਖੰਡ ਮਿੱਲ ਦੀ ਪੈਂਡਿੰਗ ਪਈ ਪੇਮੈਂਟ ਬਾਰੇ ਕਿਹਾ ਹੈ, ਨਕੋਦਰ ਮਿੱਲ ਦੀ 28-2-2020 ਤੱਕ 10 ਕਰੋੜ 19 ਲੱਖ ਰੁਪਿਆ ਪੇਮੈਂਟ ਬਕਾਇਆ ਪਈ ਹੈ। ਮੈਂ ਇਨ੍ਹਾਂ ਨੂੰ ਦੱਸ ਦਿੰਦਾ ਹਾਂ ਕਿ ਲਗਭਗ 94 ਕਰੋੜ 16 ਲੱਖ ਰੁਪਿਆ ਪੰਜਾਬ ਸ਼ੂਗਰ ਮਿੱਲਾਂ ਦਾ ਬਕਾਇਆ ਪਿਆ ਹੈ। ਇਸ ਸਬੰਧੀ ਮੈਂ ਹੁਣ ਵੀ ਫਾਈਨਾਂਸ ਮਨਿਸਟਰ ਸਾਹਿਬ ਨਾਲ ਗੱਲ ਕੀਤੀ ਹੈ ਕਿ ਅਸੀਂ ਬਿੱਲ ਭੇਜ ਦਿੱਤੇ ਹਨ ਤੇ ਸਾਨੂੰ ਇਹ ਪੈਸੇ ਜਲਦੀ ਹੀ ਰਿਲੀਜ਼ ਕਰ ਦਿੱਤੇ ਜਾਣ ਤਾਂ ਕਿ ਕਿਸਾਨਾਂ ਦੀ ਰਹਿੰਦੀ ਪੇਮੈਂਟ ਜਲਦੀ ਹੀ ਪੇਅ ਕਰ ਸਕੀਏ। ਇਸ ਵਿੱਚ ਮੈਂ ਦੋ ਚੀਜ਼ਾਂ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਵੀ ਗੌਰਮਿੰਟ ਬਣਦੀ ਹੈ, ਸਾਡੀ ਹੈ ਜਾਂ ਪਹਿਲੀ ਗੌਰਮਿੰਟ ਹੈ, ਚਾਹੇ ਉਹ ਗੌਰਮਿੰਟ ਆਫ ਇੰਡੀਆ ਹੈ, ਉਸ ਵਿੱਚ ਸਾਰੇ ਹੀ ਅਸੀਂ ਡਾਇਵਰਸੀਫਿਕੇਸ਼ਨ ਦੀ ਗੱਲ ਕਰਦੇ ਹਾਂ। ਡਾਇਵਰਸੀਫਿਕੇਸ਼ਨ ਤਾਂ ਹੀ ਹੋਵੇਗੀ ਜੇ ਗੌਰਮਿੰਟ ਇਨ੍ਹਾਂ ਅਦਾਰਿਆਂ ਨੂੰ ਸਪੋਰਟ ਕਰੇਗੀ। ਮੈਂ ਐਮ.ਐਲ.ਏ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਆਰ.ਏ.ਐਸ.ਪੀ ਅਤੇ ਆਰ.ਏ.ਪੀ. ਦਾ 35/- ਰੁਪਏ ਦਾ ਗੈਪ ਹੈ, ਗੌਰਮਿੰਟ ਆਫ ਇੰਡੀਆ ਨੇ ਇਸ ਨੂੰ 275/- ਰੁਪਏ ਕੀਤਾ ਹੈ ਅਤੇ ਅਸੀਂ ਇਸ ਨੂੰ ਸਬਸਿਡੀ ਦੇ ਕੇ 310/- ਰੁਪਏ ਕੀਤਾ ਹੈ। ਜਿੰਨੀ ਦੇਰ ਇਹ ਗੈਪ ਸਟੇਟ ਗੌਰਮਿੰਟ bear ਨਹੀਂ ਕਰਦੀ ਅਤੇ ਇਸ ਦੇ ਪੈਸੇ ਨਾਲੋਂ ਨਾਲ ਨਹੀਂ ਆਉਂਦੇ, ਉਨੀ ਦੇਰ ਇਨ੍ਹਾਂ ਦੀ ਪੇਮੈਂਟ ਵਿੱਚ ਡਿਲੇਅ ਰਹੇਗੀ। ਇਸ ਵਾਸਤੇ ਮੈਂ ਤੁਹਾਡੇ ਰਾਹੀਂ ਫਾਈਨਾਂਸ ਮਨਿਸਟਰ ਸਾਹਿਬ ਨੂੰ ਕਹਿੰਦਾ ਹਾਂ ਕਿ ਇਹ ਜਿਹੜਾ ਗੈਪ ਰਹਿੰਦਾ ਹੈ, ਇਸ ਦੀ ਪੇਮੈਂਟ ਕਰ ਦੇਣ।

ਸਾਡੀਆਂ ਸ਼ੂਗਰ ਮਿੱਲਾਂ ਜਿਹੜੀ ਸ਼ੂਗਰ ਸੇਲ ਕਰਦੀਆਂ ਹਨ, ਉਨ੍ਹਾਂ ਦੀ ਤਕਰੀਬਨ ਅਸੀਂ ਨਾਲੋ-ਨਾਲ ਪੇਮੈਂਟ ਕਰ ਦਿੰਦੇ ਹਾਂ। ਕੰਮ ਉੱਥੇ ਅੜ ਜਾਂਦਾ ਹੈ ਜਿੱਥੇ ਸਟੇਟ ਗੌਰਮਿੰਟ ਨੇ ਆਪਣਾ ਸ਼ੇਅਰ ਪਾਉਣਾ ਹੈ, ਇਸ ਕਾਰਨ ਪ੍ਰਾਬਲਮ ਆਉਂਦੀ ਹੈ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਸਪੀਕਰ ਸਾਹਿਬ, ਮੰਤਰੀ ਜੀ ਦਾ ਡਿਟੇਲ ਵਿੱਚ ਰਿਪਲਾਈ ਆ ਗਿਆ ਹੈ। ਜੋ ਇਨ੍ਹਾਂ ਨੇ ਆਖਿਆ ਹੈ, ਇਹ ਬਿਲਕੁਲ ਸਹੀ ਹੈ ਲੇਕਿਨ ਰੰਧਾਵਾ ਸਾਹਿਬ, ਤੁਸੀਂ ਜਾਣਦੇ ਹੀ ਹੋ ਕਿ ਜੇਕਰ ਅਸੀਂ crop diversification ਨੂੰ ਤਰਜੀਹ ਦੇਣੀ ਹੈ ਤਾਂ ਗੰਨਾ ਖੇਤੀਬਾੜੀ ਦਾ ਬਹੁਤ important component ਹੈ। ਦੋ ਸਾਲਾਂ ਤੋਂ ਕਿਸਾਨਾਂ ਦੇ ਗੰਨੇ ਦੇ ਪੈਸੇ ਨਹੀਂ ਆਏ, ਇਸ ਸਾਲ ਬਹੁਤ ਸਾਰੇ ਸ਼ੂਗਰਕੇਨ ਫਾਰਮਰਜ਼ ਗੰਨਾ ਪੁੱਟ ਰਹੇ ਹਨ। ਇਕ ਪਾਸੇ ਆਪਾਂ ਮਿੱਲਾਂ ਦੀ ਕਪੈਸਿਟੀ ਵਧਾ ਰਹੇ ਹਾਂ। ਤੁਸੀਂ ਬਜਟ ਵਿੱਚ ਵੀ ਪ੍ਰੋਵੀਜ਼ਨ ਰੱਖਿਆ ਹੈ, 100 ਕਰੋੜ ਰੁਪਿਆ ਇਸ ਬਜਟ ਵਿੱਚ ਫਾਈਨਾਂਸ ਮਨਿਸਟਰ ਸਾਹਿਬ ਨੇ ਗੰਨੇ ਵਾਸਤੇ ਰੱਖਿਆ ਹੈ। ਮੇਰਾ ਖਿਆਲ ਹੈ ਕਿ ਇਸ ਨਾਲ ਪੁਰਾਣਾ ਬੈਕਲਾਗ ਵੀ ਪੂਰਾ ਨਹੀਂ ਹੋਣਾ। ਤੁਸੀਂ ਇਸ ਵਿੱਚ ਇਹ ਵੀ ਆਖਿਆ ਹੈ ਕਿ ਇਕ ਕੈਬਿਨਟ ਸਬ-ਕਮੇਟੀ ਬਣਾਈ ਹੈ, ਜਿਸ ਨੇ ਸਰਕਾਰ ਨੂੰ ਗ੍ਰਾਂਟ-ਇਨ-ਏਡ ਦੇਣ ਦੀ ਪ੍ਰਪੋਜ਼ਲ ਦਿੱਤੀ ਹੈ। ਜਿਹੜਾ SAP (State Advised Price) ਅਤੇ FRP (Fair and Remunerative Price) ਦਾ ਡਿਫਰੈਂਸ ਹੈ, it is a very nominal amount, ਜੋ ਕਿ 35/- ਰੁਪਏ ਹੈ। ਬਾਕੀ ਤਾਂ ਜੋ ਸੈਂਟਰ ਗੌਰਮਿੰਟ ਗੰਨੇ ਵਾਸਤੇ ਕਿਸਾਨਾਂ ਨੂੰ ਦਿੰਦੀ ਹੈ ਪਰ ਅਸੀਂ 35/- ਰੁਪਏ ਦਾ ਡਿਫਰੈਂਸ ਬੜੀ ਸੌਖੀ ਤਰ੍ਹਾਂ ਮੈਨੇਜ ਕਰ ਸਕਦੇ ਹਾਂ ਜੇਕਰ ਆਪਣੀ ਸਰਕਾਰ ਇਸ ਪਾਸੇ ਧਿਆਨ ਦੇਵੇ। ਇਹ ਕੋਈ ਬਹੁਤ ਔਖਾ ਨਹੀਂ ਹੈ, ਜੇ ਆਪਾਂ ਗੰਨੇ ਦੀ ਖੇਤੀ ਨੂੰ ਕਾਮਯਾਬ ਕਰਨਾ ਹੈ। ਆਪਾਂ ਪੰਜਾਬ ਦੇ ਪਾਣੀ ਨੂੰ ਬਚਾਉਣਾ ਹੈ ਅਤੇ ਠੀਕ ਹੈ ਕਿ ਤੁਸੀਂ ਇਸ ਵਾਸਤੇ ਬੜੀ ਤਰਜੀਹ ਨਾਲ ਕੰਮ ਕਰ ਰਹੇ ਹੋ ਪਰ ਸਪੀਕਰ ਸਾਹਿਬ, ਰੰਧਾਵਾ ਸਾਹਿਬ ਨੂੰ ਇਹ ਜ਼ਰੂਰ ਦੱਸਣਾ ਚਾਹੀਦਾ ਹੈ....

**ਮਾਨਯੋਗ ਸਪੀਕਰ :** ਸਵਾਲ ਕਰੋ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਸਵਾਲ ਇਹ ਹੈ ਕਿ ਜਿਹੜੀ ਤੁਹਾਡੀ ਕੈਬਿਨਟ ਸਬ-ਕਮੇਟੀ ਨੇ ਰਿਪੋਰਟ ਬਣਾਈ ਹੈ, ਕੀ ਉਸ ਨੂੰ ਸਰਕਾਰ ਮੰਨ ਲਵੇਗੀ? ਦੂਜਾ, ਇਸ ਸੀਜ਼ਨ ਦਾ 250 ਕਰੋੜ ਰੁਪਏ ਜਾਂ 300 ਕਰੋੜ ਰੁਪਏ ਵਾਸਤੇ ਤੁਸੀਂ ਕਿਹਾ ਹੈ ਕਿ ਅਸੀਂ ਬਜਟ ਵਿੱਚ ਪ੍ਰੋਵੀਜ਼ਨ ਰੱਖ ਰਹੇ ਹਾਂ ਪਰ ਸਪੀਕਰ ਸਾਹਿਬ, ਸਾਲ 2020-21 ਦੇ ਕਿਸਾਨਾਂ ਦੇ ਗੰਨੇ ਦੇ ਪੈਸਿਆਂ ਦਾ ਕੋਈ ਜ਼ਿਕਰ ਨਹੀਂ ਹੈ, ਉਸ ਵਾਸਤੇ ਆਪਾਂ ਕੀ ਕਰ ਸਕਦੇ ਹਾਂ।

**ਮਾਨਯੋਗ ਸਪੀਕਰ :** ਉਸ ਬਾਰੇ ਬਜਟ ਤੇ ਗੱਲ ਕਰਨਾ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਸਪੀਕਰ ਸਾਹਿਬ, ਇਹ ਰਿਪਲਾਈ ਵਿੱਚ ਹੈ।

**ਮੰਤਰੀ :** ਵਡਾਲਾ ਸਾਹਿਬ ਦੀ ਗੱਲ ਬਿਲਕੁਲ ਠੀਕ ਹੈ ਕਿ ਜੇਕਰ ਅਸੀਂ ਡਾਈਵਰਸੀਫਿਕੇਸ਼ਨ ਚਾਹੁੰਦੇ ਹਾਂ ਤਾਂ ਇਕੱਲਾ ਗੰਨਾ ਹੀ ਨਹੀਂ, ਡੇਅਰੀ ਫਾਰਮਿੰਗ ਵੀ ਦੇਖਣਾ ਹੈ। ਜੇ ਅਸੀਂ ਇਨ੍ਹਾਂ ਦੋਹਾਂ ਚੀਜ਼ਾਂ ਨੂੰ ਲੈ ਕੇ ਚੱਲਾਂਗੇ ਤਾਂ ਪੰਜਾਬ ਦਾ ਕਿਸਾਨ ਵੀ ਬਚੇਗਾ ਅਤੇ ਜਵਾਨ ਕਿਸਾਨ ਪੰਜਾਬ ਵਿੱਚ ਰਹਿਣ ਦੀ ਕੋਸ਼ਿਸ਼ ਕਰੇਗਾ। ਇਸ ਬਾਰੇ ਮੈਂ ਐਮ.ਐਲ.ਏ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਪੰਜਾਬ ਸ਼ੂਗਰਕੇਨ ਫਾਰਮਰਜ਼ ਕਲੱਬ ਨਵਾਂ ਬਣਾਇਆ ਹੈ, ਉਸ ਵਾਸਤੇ ਅਸੀਂ ਆਈ ਕਾਰਡ ਬਣਾਏ ਹਨ। ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ 14.1.2020 ਨੂੰ ਅਸੀਂ ਹਰ ਮਿੱਲ ਤੋਂ ਪੰਜ ਫਾਰਮਰਜ਼ ਨੂੰ ਵੱਖ-ਵੱਖ ਸਟੇਟਾਂ ਵਿੱਚ ਭੇਜਿਆ ਹੈ। ਉਸ ਤੋਂ ਬਾਅਦ 29.2.2020 ਨੂੰ ਟ੍ਰੇਨਿੰਗ ਲਈ...

**ਮਾਨਯੋਗ ਸਪੀਕਰ :** ਸ਼ਾਰਟ ਵਿੱਚ ਦੱਸ ਦਿਓ ਜੀ।

**ਮੰਤਰੀ:** ਮੈਂ ਇਹ ਇਸ ਕਰਕੇ ਦੱਸਣਾ ਚਾਹੁੰਦਾ ਹਾਂ ਕਿਉਂਕਿ ਇਹ ਬਹੁਤ ਇੰਪਾਰਟੈਂਟ ਹੈ। ਵਾਕਿਆ ਹੀ ਜੋ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਪਾਣੀ ਵੀ ਬਚਾਉਣਾ ਹੈ ਅਤੇ ਡਾਈਵਰਸੀਫਿਕੇਸ਼ਨ ਵੀ ਕਰਨੀ ਹੈ ਤਾਂ ਇਸ ਵਾਸਤੇ ਗੌਰਮਿੰਟ ਨੂੰ ਧਿਆਨ ਦੇਣਾ ਪਵੇਗਾ। ਮੈਂ ਹਾਊਸ ਰਾਹੀਂ ਫਾਈਨਾਂਸ ਮਨਿਸਟਰ ਸਾਹਿਬ ਨੂੰ ਰਿਕੁਐਸਟ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਅਸੀਂ 94 ਕਰੋੜ ਰੁਪਏ ਦਾ ਬਿਲ ਤੁਹਾਡੇ ਕੋਲ ਭੇਜਿਆ ਹੈ, ਇਸ ਨੂੰ ਇਮੀਜੀਏਟਲੀ ਪਾਸ ਕਰੋ ਤਾਂ ਜੋ ਪਿਛਲੀ ਪੇਮੈਂਟ ਨੂੰ ਮਾਰਚ ਮਹੀਨੇ ਵਿੱਚ ਰਿਲੀਜ਼ ਕਰ ਦੇਈਏ। ਉਨ੍ਹਾਂ ਨੇ ਮੈਨੂੰ ਹਾਂ ਕਰ ਦਿੱਤੀ ਹੈ ਅਤੇ ਕਿਹਾ ਹੈ ਕਿ ਜਲਦੀ ਹੀ ਰਿਲੀਜ਼ ਕਰ ਦੇਵਾਂਗੇ। ਇਸ ਵਾਸਤੇ ਇਨ੍ਹਾਂ ਦਾ ਧੰਨਵਾਦ। ਮੈਂ ਨਾਲ ਹੀ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਅਜਨਾਲਾ, ਗੁਰਦਾਸਪੁਰ ਅਤੇ ਬਟਾਲਾ ਸ਼ੂਗਰ ਮਿੱਲ ਵਿਖੇ ਅਸੀਂ ਪ੍ਰੋਗਰਾਮ ਚਲਾਏ ਹਨ। ਸਭ ਤੋਂ ਘੱਟ ਰਿਕਵਰੀ ਅਜਨਾਲਾ ਸ਼ੂਗਰ ਮਿੱਲ ਦੀ ਸੀ ਜੋ ਕਿ 7% ਸੀ। ਮੈਂ ਇਸ ਦਾ ਡੀ.ਐਨ.ਏ. ਕਰਵਾਇਆ ਹੈ ਕਿ ਜਿਹੜਾ 38 ਸੀਡ ਹੈ, ਇਹ ਬਾਹਰਲੀਆਂ ਸਟੇਟਾਂ ਜਿਵੇਂ ਹਰਿਆਣਾ ਜਾਂ ਰਾਜਸਥਾਨ ਵਿੱਚ 12% ਰਿਕਵਰੀ ਕਰ ਸਕਦਾ ਹੈ ਤਾਂ ਪੰਜਾਬ ਵਿੱਚ ਕਿਉਂ ਨਹੀਂ? ਮੈਂ ਡੀ.ਐਨ.ਏ. ਕਰਵਾਇਆ ਪਰ

ਉੱਥੇ ਇਹ ਵੈਰਾਇਟੀ ਨਹੀਂ ਨਿਕਲੀ, ਪਤਾ ਨਹੀਂ ਉਨ੍ਹਾਂ ਮਿੱਲਾਂ ਵਿੱਚ ਕਿਹੜੀ ਵੈਰਾਇਟੀ ਲੱਗ ਰਹੀ ਹੈ। ਉੱਥੇ ਰਿਪਲੇਸਮੈਂਟ ਕਰਨ ਲਈ ਪਿਛਲੀ ਵਾਰੀ ਅਸੀਂ ਲੱਖ-ਲੱਖ ਬੂਟਾ ਦਿੱਤਾ ਹੈ, ਐਤਕੀਂ ਅਸੀਂ ਢਾਈ ਲੱਖ ਬੂਟਾ ਹਰ ਮਿੱਲ ਨੂੰ ਦੇ ਕੇ ਚੇਂਜ ਕਰਵਾ ਰਹੇ ਹਾਂ। ਇਸ ਦਾ ਰਿਜ਼ਲਟ ਤਿੰਨ ਸਾਲ ਬਾਅਦ ਆਉਣਾ ਹੈ ਅਤੇ ਫੇਰ ਉਨ੍ਹਾਂ ਮਿੱਲਾਂ ਤੋਂ ਰਿਕਵਰੀ ਬਾਰੇ ਸਾਨੂੰ ਪਤਾ ਲੱਗਣਾ ਹੈ। ਇਸ ਕਰਕੇ ਸਾਡਾ ਇੱਧਰ ਪੂਰਾ ਧਿਆਨ ਹੈ। ਸੋ, ਜਿੱਥੇ ਪਾਣੀ ਵੀ ਬਚਾਉਣਾ ਹੈ, ਉੱਥੇ ਫਲੱਡਿੰਗ ਤੋਂ ਵੀ ਬਚਾਉਣਾ ਹੈ ਕਿਉਂਕਿ ਜੇ ਫਲੱਡਿੰਗ ਹੋਵੇਗੀ ਤਾਂ ਵੀ ਨਹੀਂ ਬਚਾਂਗੇ। ਜੇ ਅਸੀਂ ਮਹਾਂਰਾਸ਼ਟਰ ਵਾਗੂੰ ਡਰਿੱਪ ਇਰੀਗੇਸ਼ਨ ਵਿਚ ਜਾਵਾਂਗੇ ਤਾਂ ਸਾਡੇ ਗੰਨੇ ਦਾ ਝਾੜ ਵਧੇਗਾ। ਜਿਹੜੀਆਂ ਉਨ੍ਹਾਂ ਨੇ ਗੰਨੇ ਦੀਆਂ ਵੈਰਾਇਟੀਆਂ ਕੀਤੀਆਂ ਹਨ, ਉਹ ਪੰਜ ਫੁੱਟ ਵਾਲੀਆਂ ਵੈਰਾਇਟੀਆਂ ਅਸੀਂ ਕਰਾਂਗੇ। ਉਸ ਵਾਸਤੇ ਅਸੀਂ ਹਾਰਵੈਸਟਿੰਗ ਮਸ਼ੀਨਾਂ ਲੈ ਕੇ ਆਵਾਂਗੇ ਕਿਉਂਕਿ ਉਨ੍ਹਾਂ ਨਾਲ ਚੰਗੀ ਕਟਾਈ ਹੋਵੇਗੀ। ਇਸ ਵਿਚ ਕਾਫ਼ੀ ਕੁਝ ਚੇਂਜਿਜ਼ ਕਰਨ ਵਾਲੀਆਂ ਹਨ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ:** ਸਪੀਕਰ ਸਾਹਿਬ, ਮੰਤਰੀ ਜੀ ਨੇ ਬੜੀ ਡਿਟੇਲ ਵਿਚ ਦੱਸਿਆ ਹੈ। ਜੋ ਇਨ੍ਹਾਂ ਨੇ ਕਿਹਾ ਹੈ, ਇਹ ਠੀਕ ਆਖਦੇ ਹਨ। ਮਹਾਰਾਸ਼ਟਰਾ ਦੇ ਸ਼ੂਗਰਕੇਨ ਦੀ ਪ੍ਰੋਡਕਸ਼ਨ ਅਤੇ ਪੰਜਾਬ ਦੇ ਸ਼ੂਗਰਕੇਨ ਦੀ ਪ੍ਰੋਡਕਸ਼ਨ ਦਾ ਪ੍ਰਤੀ ਏਕੜ ਬੜਾ ਫਰਕ ਹੈ ਜੀ, ਜੋ ਇਹ ਕਹਿ ਕੇ ਹਟੇ ਹਨ। ਅਗਰ ਉੱਥੇ ਮਹਾਰਾਸ਼ਟਰਾ ਵਿਚ 450 ਜਾਂ 500 ਕੁਇੰਟਲ ਪ੍ਰਤੀ ਏਕੜ ਗੰਨਾ ਨਿਕਲਦਾ ਹੈ, it may be more than that also. ਪੰਜਾਬ ਵਿਚ ਐਵਰੇਜ 300-350 ਪ੍ਰਤੀ ਕੁਇੰਟਲ ਗੰਨਾ ਨਿਕਲਦਾ ਹੈ, ਕੁਝ ਚੰਗੇ ਕਿਸਾਨ ਵੱਧ ਵੀ ਕੱਢ ਸਕਦੇ ਹਨ। ਸਪੀਕਰ ਸਾਹਿਬ, ਮੈਂ ਸਰਕਾਰ ਨੂੰ, ਕੋਆਪਰੇਟਿਵ ਮਨਿਸਟਰ ਸਾਹਿਬ ਅਤੇ ਐਫ.ਐਮ. ਸਾਹਿਬ ਨੂੰ ਫਿਰ ਤੁਹਾਡੀ ਮਾਰਫ਼ਤ ਕਹਿਣਾ ਚਾਹੁੰਦਾ ਹਾਂ ਕਿ ਜੇ ਆਪਣਾ ਗੁਆਂਢੀ ਸੂਬਾ ਹਰਿਆਣਾ ਗੰਨੇ ਦੇ ਕਿਸਾਨਾਂ ਨੂੰ ਆਪਣੇ ਨਾਲੋਂ ਵੱਧ ਕੀਮਤ ਦੇ ਸਕਦਾ ਹੈ, ਜੇ ਦਿੱਲੀ ਸਰਕਾਰ ਦੇ ਸਕਦੀ ਹੈ ਜਾਂ ਉੱਤਰ ਪ੍ਰਦੇਸ਼ ਦੀ ਸਰਕਾਰ ਦੇ ਸਕਦੀ ਹੈ ਤਾਂ ਪੰਜਾਬ ਤਾਂ ਐਗਰੀਕਲਚਰ ਵਿਚ ਸਭ ਤੋਂ ਵੱਧ ਪ੍ਰੋਸਪਰ ਸਟੇਟ ਹੈ, ਫਿਰ ਆਪਾਂ ਨੂੰ ਵੀ ਇਸ ਵਿਚਲਾ ਡਿਫਰੈਂਸ ਜਾਂ ਫਰਕ ਕੱਢਣਾ ਚਾਹੀਦਾ ਹੈ ਤਾਂ ਕਿ ਆਪਣਾ ਗੰਨਾ ਵੀ ਉਨਾ ਹੀ ਪ੍ਰੋਫਿਟੇਬਲ ਹੋਵੇ, despite the fact ਕਿ ਇੱਥੇ ਗੰਨੇ ਦਾ ਝਾੜ ਘੱਟ ਹੈ। ਸਰਕਾਰ ਬਣੀ ਨੂੰ ਤਿੰਨ ਸਾਲ ਹੋ ਗਏ ਹਨ, ਉਸ ਗੰਨੇ ਦੇ ਰੇਟ ਵਿਚ ਇਨ੍ਹਾਂ ਨੇ ਵਾਧਾ ਨਹੀਂ ਕੀਤਾ। ਕੀ ਮਨਿਸਟਰ ਸਾਹਿਬ ਇਸ ਦੇ ਬਾਰੇ ਦੱਸਣਗੇ ਕਿ ਕੀ ਸਰਕਾਰ ਗੰਨੇ ਦੇ ਕਿਸਾਨਾਂ ਨੂੰ ਵੱਧ ਭਾਅ ਦੇਣ ਬਾਰੇ ਸੋਚ ਰਹੀ ਹੈ?

**ਮੰਤਰੀ :** ਸਪੀਕਰ ਸਾਹਿਬ, ਵਾਕਿਆ ਹੀ ਮੈਂਬਰ ਸਾਹਿਬ ਦਾ ਸਵਾਲ ਬਹੁਤ ਵਧੀਆ ਹੈ। ਮੈਂ ਮਹਾਂਰਾਸ਼ਟਰ ਵਿਖੇ ਜਾ ਕੇ ਸਾਰਾ ਕੁਝ ਦੇਖ ਕੇ ਆਇਆ ਹਾਂ। ਜਿਹੜਾ ਉੱਥੇ ਪੂਨੇ ਵਿਚ Vasantdada Sugar Institute ਹੈ, ਮੈਂ ਉੱਥੇ ਦੋ ਵਾਰੀ ਜਾ ਆਇਆ ਹਾਂ। ਜਿਹੜਾ ਉਨ੍ਹਾਂ ਨੇ ਕੇਨ ਰਿਸਰਚ ਸੈਂਟਰ ਬਣਾਇਆ ਹੈ, ਉਸ ਦੀ ਤਰ੍ਹਾਂ ਅਸੀਂ ਕਲਾਨੌਰ ਵਿਚ ਪੰਚਾਇਤ ਵਲੋਂ 100 ਏਕੜ ਜ਼ਮੀਨ ਸ਼ੂਗਰਫੈੱਡ ਨੂੰ ਦੇ ਦਿੱਤੀ ਹੈ ਅਤੇ ਉੱਥੇ ਕੇਨ ਰਿਸਰਚ ਸੈਂਟਰ ਬਣਨ ਜਾ ਰਿਹਾ ਹੈ, ਸਾਨੂੰ ਉਸ ਦੀ ਅਪਰੂਵਲ ਆ ਗਈ ਹੈ ਅਤੇ ਅਸੀਂ ਬਹੁਤ ਜਲਦੀ ਹੀ ਉੱਥੇ ਇਹ ਕੰਮ ਸਟਾਰਟ ਕਰ ਰਹੇ ਹਾਂ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਹੈ....

**ਮਾਨਯੋਗ ਸਪੀਕਰ :** ਨਹੀਂ ਜੀ, ਨਹੀਂ। ਉਹ ਸਵਾਲ ਦਾ ਜਵਾਬ ਦੇ ਰਹੇ ਹਨ, how can you interrupt?

**ਸਰਦਾਰ ਸਿਮਰਜੀਤ ਸਿੰਘ ਬੈਂਸ :** ਬਾਅਦ ਵਿਚ ਟਾਈਮ ਦੇ ਦੇਣਾ ਜੀ।

**ਮੰਤਰੀ :** ਉਸ ਦੇ ਵਿਚ ਅਸੀਂ ਪੇਅ ਕਰਨ ਜਾ ਰਹੇ ਹਾਂ ਔਰ ਨਾਲ ਦੀ ਨਾਲ ਹੀ ਜਿਹੜਾ ਉਹ ਇੰਸਟੀਚਿਊਟ ਹੈ, ਉਹ ਰਿਸਰਚ ਸੈਂਟਰ ਬਣੇਗਾ। ਉਸ ਦੇ ਨਾਲ ਹੀ 100 ਏਕੜ ਦੇ ਵਿਚ, ਐਗਰੀਕਲਚਰ ਯੂਨੀਵਰਸਿਟੀ ਅਤੇ ਐਗਰੀਕਲਚਰ ਕਾਲਜ ਜਿਹੜਾ ਇਨ੍ਹਾਂ ਨੇ ਕਿਹਾ ਸੀ, ਉਹ 200 ਏਕੜ ਕਰਾਂਗੇ ਤਾਂ ਕਿ ਉਸੇ ਯੂਨੀਵਰਸਿਟੀ ਦੇ ਉੱਥੇ ਜਿਹੜੇ ਪ੍ਰੋਫੈਸਰ, ਟੀਚਰਜ਼ ਜਾਂ ਸਾਇੰਟਿਸਟਸ ਹੋਣਗੇ, ਤਾਂ ਕਿ ਖਰਚਾ ਘੱਟ ਜਾਵੇ, ਅਸੀਂ ਉਹ ਪ੍ਰਬੰਧ ਕਰ ਰਹੇ ਹਾਂ, ਔਰ ਇਹ ਬਹੁਤ ਜਲਦੀ ਹੀ ਕਰ ਰਹੇ ਹਾਂ। ਗੌਰਮਿੰਟ ਆਫ ਇੰਡੀਆ ਦੇ ਮਾਇਨਾਰਟੀਜ਼ ਡਿਪਾਰਟਮੈਂਟ ਵੱਲ ਅਸੀਂ ਐਗਰੀਕਲਚਰ ਕਾਲਜ, ਕਲਾਨੌਰ ਦਾ ਲਿਖ ਕੇ ਭੇਜਿਆ ਸੀ ਕਿਉਂਕਿ ਕਲਾਨੌਰ ਅਤੇ ਡੇਰਾ ਬਾਬਾ ਨਾਨਕ ਬਲਾਕ ਮਾਇਨਾਰਟੀਜ਼ ਵਿਚ ਆਉਂਦੇ ਹਨ, ਉਥੋਂ ਸਾਨੂੰ ਅਪਰੂਵਲ ਆ ਗਈ ਹੈ, ਉਹ ਵੀ ਅਸੀਂ 60:40 ਦੀ ਰੇਸ਼ੋ ਨਾਲ ਬਹੁਤ ਜਲਦੀ ਕਰਨ ਜਾ ਰਹੇ ਹਾਂ। ਵਾਕਿਆ ਹੀ ਜਿਹੜੀ ਤੁਸੀਂ ਮਹਾਂਰਾਸ਼ਟਰ ਦੀ ਗੱਲ ਕੀਤੀ ਹੈ, ਉਥੇ ਸਟੇਟ ਐਡਵਾਈਜ਼ਡ ਪ੍ਰਾਈਸ ਨਹੀਂ ਲਗਾਈ ਜਾ ਰਹੀ, ਸਗੋਂ ਉੱਥੇ ਰਿਕਵਰੀ ਕੀਤੀ ਜਾ ਰਹੀ ਹੈ ਔਰ ਫਾਰਮਰਜ਼ ਨੂੰ ਰਿਕਵਰੀ ਦਾ ਬਹੁਤ ਜ਼ਿਆਦਾ ਰੇਟ ਮਿਲ ਰਿਹਾ ਹੈ, ਮੈਂ ਉਨ੍ਹਾਂ ਦਿਨਾਂ ਵਿਚ ਸ਼ੂਗਰਮਿੱਲ ਵਿਚ ਜਾ ਕੇ ਆਇਆ ਹਾਂ, ਕਿਸਾਨਾਂ ਨੂੰ ਬਹੁਤ ਜ਼ਿਆਦਾ ਰੇਟ ਮਿਲ ਰਿਹਾ ਹੈ। ਗੌਰਮਿੰਟ ਆਫ ਇੰਡੀਆ ਦਾ 275/- ਦਾ ਰੇਟ ਜੋ ਹੈ, ਉਹ ਤਾਂ

ਉਹ ਰੱਖਦੇ ਹਨ, ਉਸ ਤੋਂ ਉਹ ਸਟੇਟ ਐਡਵਾਈਜ਼ਡ ਪ੍ਰਾਈਸ ਦੇ ਨਾਲ ਉਹ ਮਿੱਲਾਂ ਬਿਲਕੁਲ ਕੰਮ ਨਹੀਂ ਕਰ ਰਹੀਆਂ, ਉਨ੍ਹਾਂ ਨੇ ਰਿਕਵਰੀ ਦੇ ਨਾਲ ਲਿੰਕ ਕਰ ਦਿੱਤਾ ਹੈ। ਸਾਡੇ ਪੰਜਾਬ ਵਿੱਚ ਉਹ ਕਨਸੈਪਟ ਨਹੀਂ ਚੱਲੇਗਾ। ਸਾਡੀ ਰਿਕਵਰੀ ਬਹੁਤ ਥੱਲੇ ਹੈ। ਸਾਡਾ ਹੁਣ ਇਹ ਹੋਣਾ ਚਾਹੀਦਾ ਹੈ ਕਿ ਜੇ ਝਾੜ 10/- ਰੁਪਏ ਵਧਾਵਾਂਗੇ, ਮੈਂਬਰ ਸਾਹਿਬ ਨੇ 350/- ਰੁਪਏ ਕਿਹਾ ਹੈ, 350/- ਰੁਪਏ ਐਵਰੇਜ ਨਹੀਂ ਆ ਰਹੀ, ਇਹ 250/- ਰੁਪਏ ਪ੍ਰਤੀ ਕੁਇੰਟਲ ਤੋਂ ਐਵਰੇਜ ਨਹੀਂ ਪਹੁੰਚ ਰਹੀ। ਜੇ 10/- ਰੁਪਏ ਰੇਟ ਵਧਾਵਾਂਗੇ ਤਾਂ 2500/- ਰੁਪਿਆ ਪ੍ਰਤੀ ਕਿੱਲੇ ਦਾ ਵਧੇਗਾ, ਜੇ ਇਹੋ ਪ੍ਰੋਡਕਸ਼ਨ ਹੀ ਅਸੀਂ ਉਸ ਦਾ ਝਾੜ ਏਕੜ ਵਿਚੋਂ 100 ਕੁਇੰਟਲ ਵਧਾਈਏ ਤਾਂ ਜ਼ਿਆਦਾ ਫਾਇਦਾ ਹੋਵੇਗਾ। 310 ਦੇ ਨਾਲ 30,000 ਰੁਪਿਆ ਪ੍ਰਤੀ ਕਿੱਲੇ ਦਾ ਵਧੇਗਾ। ਸਾਨੂੰ ਇਸ ਦੇ ਬਾਰੇ ਧਿਆਨ ਕਰਨਾ ਚਾਹੀਦਾ ਹੈ।

**ਸ਼੍ਰੀ ਪਵਨ ਕੁਮਾਰ ਟੀਨੂ:** ਸਪੀਕਰ ਸਾਹਿਬ, ਧੰਨਵਾਦ ਜੀ। ਮਾਨਯੋਗ ਮੰਤਰੀ ਜੀ ਨੇ ਕੋਆਪਰੇਟਿਵ ਸ਼ੂਗਰ ਮਿੱਲ, ਨਕੋਦਰ ਦੇ ਬਾਰੇ ਜਵਾਬ ਦਿੱਤਾ ਹੈ। ਮੈਂ ਤੁਹਾਡੇ ਜ਼ਰੀਏ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿੰਨੀਆਂ ਵੀ ਸਰਕਾਰੀ ਮਿੱਲਾਂ ਹਨ, ਉਨ੍ਹਾਂ ਸਾਰੀਆਂ ਦੀ ਪਿਛਲੇ ਸਾਲ ਦੀ ਪੇਮੈਂਟ ਪੈਂਡਿੰਗ ਹੈ ਅਤੇ ਨਾਲ ਦੀ ਨਾਲ ਪ੍ਰਾਈਵੇਟ ਮਿੱਲਾਂ ਦੀ ਵੀ ਪਿਛਲੇ ਸਾਲ ਦੀ ਵੀ ਬਹੁਤ ਸਾਰੀ ਪੇਮੈਂਟ ਪੈਂਡਿੰਗ ਹੈ। ਕੀ ਸਰਕਾਰ ਕੋਈ ਹੀਲਾ ਕਰ ਰਹੀ ਹੈ ਕਿ ਸਰਕਾਰੀ ਮਿੱਲਾਂ ਦੇ ਨਾਲ ਨਾਲ ਪ੍ਰਾਈਵੇਟ ਮਿੱਲਾਂ ਕੋਲੋਂ ਵੀ ਕਿਸਾਨਾਂ ਦੇ ਪੈਸੇ ਦਿਵਾਵੇ? ਆਪਾਂ ਚੋਣ ਮੈਨੀਫੈਸਟੋ ਵਿਚ ਵੀ ਕਿਹਾ ਸੀ, "ਕਰਜ਼ਾ ਕੁਰਕੀ ਖਤਮ, ਫਸਲ ਦੀ ਪੂਰੀ ਰਕਮ"। ਸਪੀਕਰ ਸਾਹਿਬ, ਹੁਣ ਕਿਸਾਨਾਂ ਦਾ ਪੈਸਾ ਸਰਕਾਰੀ ਮਿੱਲਾਂ ਨਹੀਂ ਦੇ ਰਹੀਆਂ ਤੇ ਕਿਸਾਨ ਨੂੰ ਕਹਿ ਰਹੇ ਹਨ ਕਿ ਤੂੰ ਅਗਲੀ ਫਸਲ ਬੀਜਣ ਲਈ ਸਾਡੇ ਕੋਲੋਂ ਪੰਜ ਫੀਸਦੀ ਵਿਆਜ ਤੇ ਪੈਸੇ ਲੈ ਲੈ। ਇਸ ਦਾ ਕੋਈ ਹੱਲ ਜ਼ਰੂਰ ਕਰੋ।

**ਮਾਨਯੋਗ ਸਪੀਕਰ :** ਸਵਾਲ ਪੁੱਛੋ ਜੀ, ਸਵਾਲ ਪੁੱਛੋ।

**ਸ਼੍ਰੀ ਪਵਨ ਕੁਮਾਰ ਟੀਨੂ:** ਸਾਡੀ ਭੋਗਪੁਰ ਮਿੱਲ ਦਾ ਬਕਾਇਆ ਪੈਸਾ ਕਦੋਂ ਮਿਲੇਗਾ?

**ਮਾਨਯੋਗ ਸਪੀਕਰ:** ਪਹਿਲਾਂ ਤੁਸੀਂ ਮੇਰੀ ਗੱਲ ਸੁਣ ਲਓ, ਮੈਂ ਸਾਰੇ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਮੈਂ ਸਾਰੇ ਸਵਾਲ ਕਵਰ ਕਰਨੇ ਹੁੰਦੇ ਹਨ, ਇੱਕ-ਇੱਕ ਸਵਾਲ ਵਿਚ ਲੰਮੀਆਂ ਕਹਾਣੀਆਂ ਨਾ ਪਾਓ, ਗੱਲ ਨੂੰ ਨੇੜੇ ਕਰਿਆ ਕਰੋ।

**ਮੰਤਰੀ:** ਸਪੀਕਰ ਸਾਹਿਬ, ਵਿੱਤ ਮੰਤਰੀ ਜੀ ਨੇ ਵੀ ਕਿਹਾ ਹੈ ਕਿ ਮਾਰਚ ਮਹੀਨੇ ਤੱਕ ਅਸੀਂ ਸਾਰੀਆਂ ਪੇਮੈਂਟਸ ਕਲੀਅਰ ਕਰ ਦਿਆਂਗੇ। 50 ਫੀਸਦੀ ਪੈਸੇ ਤਾਂ ਹੁਣੇ ਥੋੜ੍ਹੇ ਦਿਨਾਂ ਵਿਚ ਹੀ ਰਿਲੀਜ਼ ਕਰ ਦਿੱਤੇ ਜਾਣਗੇ। ਮੈਂ ਟੀਨੂ ਜੀ ਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਤੁਹਾਡੀ ਭੋਗਪੁਰ ਸ਼ੂਗਰ ਮਿੱਲ ਦੀ ਕਮਿਸ਼ਨਿੰਗ ਹੋ ਗਈ ਹੈ। ਜਿਸ ਵੇਲੇ ਅਸੀਂ ਮਿੱਲਾਂ ਨੂੰ ਵਾਈਬਲ ਵਾਲੇ ਪਾਸੇ ਲੈ ਕੇ ਜਾਵਾਂਗੇ ਤਾਂ ਹੀ ਕੰਮ ਚੱਲੇਗਾ। ਜਿਹੜੀ ਤੁਹਾਡੀ ਪੇਮੈਂਟ ਦੀ ਗੱਲ ਹੈ, ਉਹ ਮੈਂ ਦੱਸ ਹੀ ਦਿੱਤਾ ਹੈ ਕਿ ਮਾਰਚ ਮਹੀਨੇ ਤੱਕ ਸਾਰੀਆਂ ਪੇਮੈਂਟਸ ਕਲੀਅਰ ਕਰ ਦਿਆਂਗੇ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੰਤਰੀ ਜੀ ਦੇ ਧਿਆਨ ਵਿਚ ਮਾਨਯੋਗ ਹਾਈ ਕੋਰਟ ਦਾ ਮਿਤੀ 26.09.2017 ਦਾ ਹੁਕਮ ਲਿਆਉਣਾ ਚਾਹੁੰਦਾ ਹਾਂ ਜਿਸ ਬਾਰੇ ਤੁਹਾਡੇ ਮਹਿਕਮੇ ਨੇ ਜਵਾਬ ਦਿੱਤਾ ਹੈ ਕਿ ਸਾਲ 2015-16 ਅਤੇ 2016-17 ਦਾ 45 ਕਰੋੜ ਰੁਪਿਆ ਇੰਟਰਸਟ ਪੈਂਡਿੰਗ ਪਿਆ ਹੈ। ਜਿਹੜੀ ਕੇਨ ਗਰੋਅਰਜ਼ (ਫਾਰਮਰਜ਼) ਦੀ ਪੇਮੈਂਟ ਲੇਟ ਹੋ ਗਈ, ਉਸ ਬਾਰੇ ਇਹ ਜਵਾਬ ਤੁਹਾਡੇ ਮਹਿਕਮੇ ਨੇ ਦਿੱਤਾ ਹੈ। ਹਾਈਕੋਰਟ ਨੇ ਹੁਕਮ ਜਾਰੀ ਕੀਤੇ ਹਨ ਕਿ ਇਹ 45 ਕਰੋੜ ਰੁਪਿਆ ਇੰਟਰਸਟ ਤੁਰੰਤ ਕਿਸਾਨਾਂ ਨੂੰ ਦਿੱਤਾ ਜਾਵੇ ਪਰ ਅਜੇ ਤੱਕ ਦਿੱਤਾ ਨਹੀਂ ਗਿਆ। ਕੇਨ ਕਮਿਸ਼ਨਰ ਦਫ਼ਤਰ ਦੀ ਰਿਪੋਰਟ ਹੈ ਕਿ 11 ਫਰਵਰੀ ਤੱਕ 180 ਕਰੋੜ ਰੁਪਿਆ ਪੈਡਿੰਗ ਪਿਆ ਹੈ। ਸੋ, ਮੇਰਾ ਸਵਾਲ ਹੈ ਕਿ 45 ਕਰੋੜ ਰੁਪਏ ਵਿਆਜ ਦੀ ਰਾਸ਼ੀ ਕਿਸਾਨਾਂ ਨੂੰ ਕਦੋਂ ਤੱਕ ਰਿਲੀਜ਼ ਕਰ ਦਿਓਗੇ?

**ਮੰਤਰੀ :** ਸਪੀਕਰ ਸਾਹਿਬ, ਇਹ ਕੇਸ ਕੋਰਟ ਵਿਚ ਚੱਲ ਰਿਹਾ ਹੈ, ਇਸੇ ਮਹੀਨੇ ਇਸ ਦੀ ਕੋਰਟ ਵਿਚ ਤਰੀਕ ਵੀ ਹੈ। ਜੋ ਵੀ ਕੋਰਟ ਫੈਸਲਾ ਕਰੇਗੀ, ਉਸ ਮੁਤਾਬਿਕ ਕਾਰਵਾਈ ਕਰਾਂਗੇ।

**ਮਾਨਯੋਗ ਸਪੀਕਰ :** ਜੋ ਕੋਰਟ ਫੈਸਲਾ ਕਰੇਗੀ, ਉਵੇਂ ਹੀ ਕਰਨਗੇ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਪੀਕਰ ਸਾਹਿਬ, ਕੋਰਟ ਦਾ ਫੈਸਲਾ ਆ ਗਿਆ ਹੈ।

**ਮੰਤਰੀ :** ਸਪੀਕਰ ਸਾਹਿਬ, ਦੁਬਾਰਾ ਉਸੇ ਕੇਸ ਦੀ ਤਰੀਕ ਲੱਗੀ ਹੈ।

**ਮਾਨਯੋਗ ਸਪੀਕਰ:** ਉਸੇ ਕੇਸ ਦੀ ਪੈਂਡੰਸੀ ਹੈ। ਅਗਲਾ ਸਵਾਲ।

----------

## ਧੂਰੀ ਦੇ ਸਿਵਲ ਹਸਪਤਾਲ ਦੀਆਂ ਸਮੱਸਿਆਵਾਂ ਦੂਰ ਕਰਨਾ

***2589. ਸ਼੍ਰੀ ਦਲਵੀਰ ਸਿੰਘ ਗੋਲਡੀ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਕੀ ਧੂਰੀ ਸ਼ਹਿਰ ਵਿੱਚ ਸਿਵਲ ਹਸਪਤਾਲ ਦੇ ਮੋਰਚਰੀ ਰੂਮ ਨੂੰ ਅੱਪਗ੍ਰੇਡ ਕਰਕੇ ਇੱਕ ਹੋਰ ਡੈੱਡ ਬੌਡੀ ਫਰੀਜ਼ਰ ਦੇਣ ਲਈ ਆਉਣ ਵਾਲੇ ਸਮੇਂ ਵਿੱਚ ਸਰਕਾਰ ਦੀ ਕੋਈ ਤਜਵੀਜ਼ ਹੈ;

(ਅ) ਕੀ ਉਪਰੋਕਤ ਹਸਪਤਾਲ ਵਿੱਚ ਐਮਰਜੈਂਸੀ ਡਾਕਟਰਾਂ ਦੀਆਂ 5 ਖਾਲੀ ਪਈਆਂ ਆਸਾਮੀਆਂ ਅਤੇ 10 ਪੈਰ੍ਹਾ–ਮੈਡੀਕਲ ਸਟਾਫ ਦੀਆਂ ਆਸਾਮੀਆਂ ਭਰਨ ਦੀ ਕੋਈ ਤਜਵੀਜ਼ ਹੈ;

(ੲ) ਕੀ ਇਹ ਠੀਕ ਹੈ ਕਿ ਪੰਜਾਬ ਸਰਕਾਰ ਦੁਆਰਾ ਚਲਾਈ ਜਾ ਰਹੀ 108 ਐਂਬੂਲੈਂਸ ਸੇਵਾ ਦਾ ਕੰਟਰੋਲ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਐਂਬੂਲੈਂਸ ਸੇਵਾ 108 ਦੇ ਲੋਕਲ ਕੇਂਦਰ ਸਥਾਪਿਤ ਕਰਨ ਅਤੇ ਉਸ ਦੀ ਜ਼ਿੰਮੇਵਾਰੀ ਲਈ ਲੋਕਲ ਉੱਚ ਅਧਿਕਾਰੀ ਤਾਇਨਾਤ ਕਰਨ ਲਈ ਵਿਚਾਰ ਕਰੇਗੀ?

**ਸਰਦਾਰ ਬਲਬੀਰ ਸਿੰਘ ਸਿੱਧੂ :** ਸ਼੍ਰੀਮਾਨ ਜੀ, (ੳ) ਜੀ ਨਹੀਂ, ਹਾਲ ਦੀ ਘੜੀ ਅਜਿਹੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

(ਅ) ਐਸ.ਡੀ.ਐਚ. ਧੂਰੀ ਵਿਖੇ ਡਾਕਟਰਾਂ ਦੀਆਂ 19 ਮਨਜ਼ੂਰਸ਼ੁਦਾ ਅਸਾਮੀਆਂ ਹਨ ਅਤੇ ਇਸ ਵਿੱਚੋਂ 11 ਭਰੀਆਂ ਹੋਈਆਂ ਹਨ। ਪੈਰ੍ਹਾ–ਮੈਡੀਕਲ ਸਟਾਫ ਦੀਆਂ 27 ਅਸਾਮੀਆਂ ਮਨਜ਼ੂਰਸ਼ੁਦਾ ਹਨ ਅਤੇ 19 ਅਸਾਮੀਆਂ ਭਰੀਆਂ ਹੋਈਆਂ ਹਨ। ਖਾਲੀ ਅਸਾਮੀਆਂ ਨੂੰ ਭਰਨ ਲਈ ਉਪਰਾਲੇ ਕੀਤੇ ਜਾ ਰਹੇ ਹਨ।

(ੲ) ਜੀ ਹਾਂ, ਸਰਕਾਰ ਵੱਲੋਂ ਚਲਾਈ ਜਾ ਰਹੀ 108 ਐਂਬੂਲੈਂਸ ਸੇਵਾ ਦਾ ਕੰਟਰੋਲ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੈ। ਇਸ ਸਬੰਧੀ ਲੋਕਲ ਕੇਂਦਰ ਸਥਾਪਿਤ ਕਰਨ ਦੀ ਨਾ ਤਾਂ ਲੋੜ ਹੈ ਅਤੇ ਨਾ ਹੀ ਇਸ ਸਬੰਧੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ।

**ਸ਼੍ਰੀ ਦਲਵੀਰ ਸਿੰਘ ਗੋਲਡੀ :** ਸਪੀਕਰ ਸਾਹਿਬ, ਵੈਸੇ ਤਾਂ ਵਾਹਿਗੁਰੂ ਕਰੇ ਕਿ ਅਜਿਹੀ ਘੜੀ ਕਿਸੇ ਤੇ ਨਾ ਆਵੇ ਕਿ ਮੌਰਚਰੀ ਰੂਮ ਵਿਚ ਜਾਣਾ ਪਵੇ ਪਰ ਉੱਥੇ ਦੇ ਹਾਲਾਤ ਕਾਫੀ ਬੁਰੇ ਹਨ। ਜਦੋਂ ਵੀ ਦੋ-ਤਿੰਨ ਮੌਤਾਂ ਇਕੱਠੀਆਂ ਹੋ ਜਾਂਦੀਆਂ ਹਨ ਤਾਂ ਕਾਫੀ ਸਮੱਸਿਆ ਆ ਜਾਂਦੀ ਹੈ। ਸੋ, ਮੰਤਰੀ ਜੀ ਕਿਰਪਾ ਕਰਕੇ ਇਸ ਤੇ ਜ਼ਰੂਰ ਧਿਆਨ ਦੇਣ।

**ਮਾਨਯੋਗ ਸਪੀਕਰ :** ਮੰਤਰੀ ਜੀ, ਉਹ ਕਹਿੰਦੇ ਹਨ ਕਿ ਧਿਆਨ ਦਿਓ। ਅਗਲਾ ਸਵਾਲ।

---------

## ਪੱਟੀ ਵਿਚ ਪੈਂਦੇ ਸਰਹਾਲੀ ਵਿਖੇ Foot Over Bridge ਬਣਾਉਣਾ

*2392. **ਸਰਦਾਰ ਹਰਮਿੰਦਰ ਸਿੰਘ ਗਿੱਲ**: ਕੀ ਲੋਕ ਨਿਰਮਾਣ (ਭ ਅਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਨੈਸ਼ਨਲ ਹਾਈਵੇਅ ਬਣਨ ਕਰਕੇ ਸਰਹਾਲੀ ਕਸਬੇ ਦੇ ਲੋਕਾਂ ਕੋਲ ਸੜਕ ਕਰਾਸ ਕਰਨ ਲਈ ਕੋਈ ਰਾਹ ਨਾ ਹੋਣ ਕਰਕੇ ਨੈਸ਼ਨਲ ਹਾਈਵੇਅ ਨੂੰ ਭੱਜ ਕੇ ਪਾਰ ਕਰਨ ਦੀ ਕੋਸ਼ਿਸ਼ ਕਰਨ ਦੇ ਨਤੀਜੇ ਵੱਜੋਂ ਹਰ ਰੋਜ਼ ਭਿਆਨਕ ਐਕਸੀਡੈਂਟ ਹੁੰਦੇ ਹਨ; ਜੇਕਰ ਅਜਿਹਾ ਹੋਵੇ ਤਾਂ ਲੋਕਾਂ ਦੀ ਮੰਗ ਅਨੁਸਾਰ ਸਰਕਾਰ ਇਸ ਜਗ੍ਹਾ Foot Over Bridge ਬਣਾਉਣ ਲਈ ਕਦੋਂ ਤੱਕ ਕਦਮ ਚੁੱਕੇਗੀ, ਵੇਰਵੇ ਸਹਿਤ ਦੱਸਿਆ ਜਾਵੇ?

**ਸ਼੍ਰੀ ਵਿਜੈ ਇੰਦਰ ਸਿੰਗਲਾ :** ਸ਼੍ਰੀਮਾਨ ਜੀ, ਹਾਲ ਦੀ ਘੜੀ ਸਰਹਾਲੀ ਕਸਬੇ ਵਿਚ ਫੁੱਟ ਓਵਰ ਬਰਿੱਜ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਹਰਮਿੰਦਰ ਸਿੰਘ ਗਿੱਲ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਸਰਹਾਲੀ ਪਿੰਡ ਸਾਡੇ ਹਲਕੇ ਦਾ ਬਹੁਤ ਵੱਡਾ ਪਿੰਡ ਹੈ। ਉੱਥੇ ਤਕਰੀਬਨ 10 ਹਜ਼ਾਰ ਵੋਟ ਹੈ। ਉੱਥੇ ਇਕ ਨੈਸ਼ਨਲ ਹਾਈਵੇਅ ਬਣਿਆ ਹੈ, ਜੋ ਪਿੰਡ ਦੇ ਵਿਚੋਂ ਲੰਘਿਆ ਹੈ, ਉਸ ਦੇ ਇਕ ਪਾਸੇ 75 ਫੀਸਦੀ ਪਿੰਡ ਲਗਦਾ ਹੈ ਅਤੇ ਦੂਜੇ ਪਾਸੇ 25 ਫੀਸਦੀ ਪਿੰਡ ਲਗਦਾ ਹੈ। ਉਸ ਨੈਸ਼ਨਲ ਹਾਈਵੇਅ ਦੀ ਡਿਜ਼ਾਇੰਨਿੰਗ ਬੜੀ ਗਲਤ ਹੋਈ ਹੈ। ਇਕ ਪਾਸੇ ਪੁਲਿਸ ਸਟੇਸ਼ਨ ਹੈ ਅਤੇ ਦੂਸਰੇ ਪਾਸੇ ਹਸਪਤਾਲ ਹੈ, ਉਥੇ ਵਿਚਕਾਰੋਂ ਲੰਘਣ ਨੂੰ

ਕੋਈ ਰਸਤਾ ਨਹੀਂ ਹੈ। ਚਾਰ-ਪੰਜ ਦਿਨ ਪਹਿਲਾਂ ਹੀ ਇਕ ਲੜਕੀ ਉੱਥੇ ਹਾਈਵੇਅ ਕਰਾਸ ਕਰਨ ਲੱਗੀ ਤੇ ਐਕਸੀਡੈਂਟ ਹੋ ਕੇ ਮਰ ਗਈ। ਮੇਰੀ ਦੂਜੀ ਬੇਨਤੀ ਹੈ ਕਿ ਉੱਥੇ ਲੋਕਾਂ ਦੀ ਬਹੁਤ ਵੱਡੀ ਮੰਗ ਹੈ ਕਿ ਇਹ ਜਿਹੜੀਆਂ ਸੜਕਾਂ ਬਣੀਆਂ ਹਨ, ਇਹ ਅਸਲ ਵਿਚ ਕਿੱਲਰ ਰੋਡਜ਼ ਬਣੀਆਂ ਹਨ। ਜਦੋਂ ਸਾਡੇ ਟੋਲ ਲਗਦੇ ਹਨ ਤਾਂ ਉਨ੍ਹਾਂ ਦੀ ਜ਼ਿੰਮੇਵਾਰੀ ਹੈ ਕਿ ਸਪੀਡ ਲਿਮਟ ਬਾਰੇ ਦੱਸਣ ਪਰ ਕਿਤੇ ਸਪੀਡ ਲਿਮਟ ਬਾਰੇ ਨਹੀਂ ਦੱਸਿਆ ਗਿਆ।

**ਮਾਨਯੋਗ ਸਪੀਕਰ :** ਸਵਾਲ ਕਰੋ ਜੀ, ਸਵਾਲ ਕਰੋ।

**ਸਰਦਾਰ ਹਰਮਿੰਦਰ ਸਿੰਘ ਗਿੱਲ:** ਮੇਰੀ ਬੇਨਤੀ ਹੈ ਕਿਉਂਕਿ ਟੋਲ ਪਲਾਜ਼ੇ ਵਾਲੇ ਵੀ ਲੋਕ ਨਿਰਮਾਣ ਵਿਭਾਗ ਦੇ ਅਧੀਨ ਆਉਂਦੇ ਹਨ, ਉਨ੍ਹਾਂ ਨੂੰ ਦੱਸਿਆ ਜਾਵੇ ਕਿ ਰੌਂਗ ਪਾਰਕਿੰਗ ਵਿੱਚ ਲੋਕ ਟਰੱਕ ਖੜ੍ਹੇ ਕਰਕੇ ਚਲੇ ਜਾਂਦੇ ਹਨ। ਪਰਸੋਂ-ਚੌਥ ਸਾਡੇ ਹਲਕੇ ਵਿੱਚ ਖੜ੍ਹੇ ਟਰੱਕ ਦੇ ਥੱਲੇ ਗੱਡੀ ਆ ਕੇ ਵੜ ਗਈ ਅਤੇ ਤਿੰਨ-ਚਾਰ ਮੁੰਡੇ ਮਰ ਗਏ ਹਨ। ਉੱਥੇ ਹਰ ਰੋਜ਼ ਲੋਕ ਮਰਦੇ ਹਨ। ਕੋਈ ਸਪੀਡ ਲਿਮਿਟ ਨਹੀਂ ਹੈ ਜੀ। ਟੋਲ ਵਾਲਿਆਂ ਨੇ ਕੋਈ ਐਂਬੂਲੈਂਸ ਦਾ ਪ੍ਰਬੰਧ ਨਹੀਂ ਕੀਤਾ ਹੈ। ਮੇਰੀ ਬੇਨਤੀ ਹੈ ਕਿ ਸਾਡਾ ਪਿੰਡ ਬੜਾ ਵੱਡਾ ਹੈ। ਇੱਥੇ Foot Over Bridge ਦਾ ਪ੍ਰਬੰਧ ਕੀਤਾ ਜਾਵੇ ਤਾਂ ਕਿ ਲੋਕ ਰੋਡ ਕਰਾਸ ਕਰ ਸਕਣ। ਜਿਹੜੀਆਂ ਰੋਜ਼-ਰੋਜ਼ ਇਹ ਹੱਤਿਆਵਾਂ ਹੁੰਦੀਆਂ ਹਨ, ਉਨ੍ਹਾਂ ਤੋਂ ਲੋਕ ਬਚ ਸਕਣ।

**ਮੰਤਰੀ :** ਸਪੀਕਰ ਸਾਹਿਬ, Foot Over Bridge ਤਾਂ ਬਣਾ ਦਿਆਂਗੇ, ਕੋਈ ਗੱਲ ਨਹੀਂ ਹੈ ਪਰ ਇਹ ਨੈਸ਼ਨਲ ਹਾਈਵੇਅ ਹੈ, we will have to seek permission from the Government of India ਕਿਉਂਕਿ ਇਹ ਉਨ੍ਹਾਂ ਦੇ purview ਵਿੱਚ ਹੈ। ਜਿਸ ਤਰ੍ਹਾਂ ਮਾਨਯੋਗ ਐਮ.ਐਲ.ਏ ਸਾਹਿਬ ਨੇ ਕਿਹਾ ਹੈ ਕਿ ਲੋਕ ਹਿੱਤ ਵਿੱਚ ਜ਼ਰੂਰੀ ਹੈ। ਪੈਸੇ ਦੀ ਕੋਈ ਪ੍ਰਾਬਲਮ ਨਹੀਂ ਹੈ। ਅਸੀਂ ਆਪਣੇ ਕੋਲੋਂ ਮੁਹੱਈਆ ਕਰਵਾ ਦਿਆਂਗੇ ਜੇ ਪਰਮਿਸ਼ਨ ਮਿਲ ਜਾਂਦੀ ਹੈ because technical feasibility ਦੇਖਣੀ ਪੈਣੀ ਹੈ, whether that Foot Over Bridge ਉੱਥੇ ਬਣ ਸਕਦਾ ਹੈ ਕਿ ਨਹੀਂ ਬਣ ਸਕਦਾ। Ministry of National Highways and Surface Transport ਤੋਂ ਪਰਮਿਸ਼ਨ ਮਿਲਦੀ ਹੈ ਕਿ ਨਹੀਂ ਮਿਲਦੀ, subject to that we will make it.

**ਸਰਦਾਰ ਹਰਮਿੰਦਰ ਸਿੰਘ ਗਿੱਲ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਰੋਜ਼ ਹੀ ਕੋਈ ਨਾ ਕੋਈ ਹਾਦਸਾ ਹੋ ਜਾਂਦਾ ਹੈ। ਮੇਰੀ ਬੇਨਤੀ ਹੈ ਕਿ ਇਸ ਨੂੰ ਥੋੜ੍ਹਾ ਜਿਹਾ ਟਾਈਮ-ਬਾਊਂਡ ਕਰਕੇ ਜਲਦੀ ਬਣਾਇਆ ਜਾਵੇ। ਜਿਹੜੀ ਵੱਡੀ ਸੜਕ ਹੈ, ਉੱਥੇ 200-200 ਕਿਲੋਮੀਟਰ ਦੀ ਸਪੀਡ ਨਾਲ ਗੱਡੀਆਂ ਚੱਲਦੀਆਂ ਹਨ। ਘੱਟੋ-ਘੱਟ ਸਪੀਡ ਲਿਮਟ ਵੀ ਕੰਟਰੋਲ ਕਰੀਏ।

**ਮਾਨਯੋਗ ਸਪੀਕਰ :** ਗਿੱਲ ਸਾਹਿਬ, ਮੰਤਰੀ ਜੀ ਨੇ ਐਸ਼ਿਓਰ ਕਰ ਦਿੱਤਾ ਹੈ ਕਿ ਇਸ ਨੂੰ ਟੇਕ-ਅੱਪ ਕਰਕੇ ਟੈਕਨੀਕਲ ਫਿਜ਼ੀਬਿਲਟੀ ਦੇਖ ਕੇ ਇਸ ਨੂੰ ਜ਼ਰੂਰ ਬਣਾਵਾਂਗੇ।

**ਸਰਦਾਰ ਬਲਵਿੰਦਰ ਸਿੰਘ ਬੈਂਸ:** ਸਪੀਕਰ ਸਾਹਿਬ।

**ਮਾਨਯੋਗ ਸਪੀਕਰ :** ਜਿਨ੍ਹਾਂ ਨੇ ਸਵਾਲ ਲਗਾਏ ਹਨ, ਉਨ੍ਹਾਂ ਦੇ ਸਵਾਲ ਰਹਿ ਜਾਂਦੇ ਹਨ। ਬੈਂਸ ਸਾਹਿਬ, ਬੈਠ ਜਾਓ।

-----------

## ਬਠਿੰਡਾ ਦਿਹਾਤੀ ਦੇ ਪਿੰਡਾਂ ਵਿੱਚ ਬਣੇ ਫੋਕਲ ਪੁਆਇੰਟਾਂ ਦੀਆਂ ਸੜਕਾਂ ਬਣਾਉਣਾ

***2381. ਸ਼੍ਰੀਮਤੀ ਰੁਪਿੰਦਰ ਕੌਰ ਰੂਬੀ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਬਠਿੰਡਾ ਦਿਹਾਤੀ ਦੇ ਪਿੰਡਾਂ ਵਿੱਚ ਬਣੇ ਫੋਕਲ ਪੁਆਇੰਟਾਂ ਨੂੰ ਜਾਂਦੇ ਰਸਤੇ ਕੱਚੇ ਹਨ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਰਸਤਿਆਂ ਤੇ ਪੱਕੀਆਂ ਸੜਕਾਂ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਵਿੱਤ ਮੰਤਰੀ ( ਸਰਦਾਰ ਮਨਪ੍ਰੀਤ ਸਿੰਘ ਬਾਦਲ):** ਨਹੀਂ ਜੀ।

**ਸ਼੍ਰੀਮਤੀ ਰੁਪਿੰਦਰ ਕੌਰ ਰੂਬੀ :** ਧੰਨਵਾਦ ਸਪੀਕਰ ਸਾਹਿਬ, ਮੇਰਾ ਜਵਾਬ ਤਾਂ ਵੈਸੇ ਸੀ.ਐਮ. ਸਾਹਿਬ, ਕੈਪਟਨ ਅਮਰਿੰਦਰ ਸਿੰਘ ਜੀ ਨੇ ਦੇਣਾ ਸੀ। ਉਹ ਨਹੀਂ ਆਏ, ਕੋਈ ਕੰਮ ਹੋ ਗਿਆ ਹੋਣਾ। ਕੋਈ ਗੱਲ ਨਹੀਂ। ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਵੀ ਸਾਡੇ ਰਿਸਪੈਕਟਫੁੱਲ ਲੀਡਰ ਹਨ।

**ਮਾਨਯੋਗ ਸਪੀਕਰ :** ਬੀਬਾ ਜੀ, ਤੁਸੀਂ ਕੁਐਸਚਨ ਪੁੱਛੋ। ਤੁਸੀਂ ਇਹ ਜਿਹੜਾ ਤੰਜ

ਕੱਸਦੇ ਹੋ, ਇਹ ਠੀਕ ਨਹੀਂ ਹੈ। ਰੂਲਜ਼ ਅਲਾਓ ਕਰਦੇ ਹਨ ਕਿ ਉਹ (ਮੁੱਖ ਮੰਤਰੀ ਸਾਹਿਬ) ਕਿਸੇ ਵੀ ਮੰਤਰੀ ਸਾਹਿਬਾਨ ਨੂੰ ਅਥਾਰਟੀ ਦੇ ਸਕਦੇ ਹਨ।

**ਸ਼੍ਰੀਮਤੀ ਰੁਪਿੰਦਰ ਕੌਰ ਰੂਬੀ:** ਸਰ, ਮੈਂ ਤਾਂ ਆਪ ਕਹਿ ਰਹੀ ਹਾਂ ਕਿ ਸਾਡੇ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਬੜੇ ਰਿਸਪੈਕਟਫੁੱਲ ਹਨ। ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਵਿੱਤ ਮੰਤਰੀ ਸਾਹਿਬ ਨੂੰ ਦੱਸਣਾ ਚਾਹੁੰਦੀ ਹਾਂ ਕਿ ਮੇਰਾ ਹਲਕਾ 100% ਕਿਸਾਨੀ ਪ੍ਰਧਾਨ ਹਲਕਾ ਹੈ। ਮੈਂ ਵਿੱਤ ਮੰਤਰੀ ਸਾਹਿਬ ਨੂੰ ਦੱਸਣਾ ਚਾਹੁੰਦੀ ਹਾਂ ਕਿ ਕਿਸਾਨਾਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਿਹੜੀ ਇਹ ਅਨਾਜ ਮੰਡੀ ਹੈ, ਇਹ ਚੱਕ ਅਤਰ ਸਿੰਘ ਵਾਲੇ ਅਤੇ ਪਿੰਡ ਬੰਬੀਹਾ ਦੇ ਬਿਲਕੁਲ ਵਿਚਕਾਰ ਪੈਂਦੀ ਹੈ। ਚੱਕ ਅਤਰ ਸਿੰਘ ਵਾਲੇ ਤੋਂ ਵੀ ਕੱਚਾ ਰਸਤਾ ਹੈ। ਬੰਬੀਹੇ ਪਿੰਡ ਤੋਂ ਅਨਾਜ ਮੰਡੀ ਨੂੰ ਵੀ ਕੱਚਾ ਰਸਤਾ ਹੈ।ਇਕੱਲੇ ਇਹ ਦੋ ਪਿੰਡ ਹੀ ਪ੍ਰਭਾਵਿਤ ਨਹੀਂ ਹੁੰਦੇ। ਇਸ ਦੇ ਨਾਲ ਬੰਬੀਹਾ,ਬਾਜਕ, ਨੰਦਗੜ੍ਹ ਅਤੇ ਧੁੰਨੀਕੇ ਪਿੰਡ ਵੀ ਪ੍ਰਭਾਵਿਤ ਹੁੰਦੇ ਹਨ ਕਿਉਂਕਿ ਇਨ੍ਹਾਂ ਪਿੰਡਾਂ ਦੇ ਕਿਸਾਨ ਵੀ ਇਸੇ ਮੰਡੀ ਵਿੱਚ ਆਪਣਾ ਅਨਾਜ ਲੈ ਕੇ ਆਉਂਦੇ ਹਨ। ਜਦੋਂ ਟਰੱਕ ਆਉਂਦੇ ਹਨ ਅਤੇ ਉਹ ਅਨਾਜ ਨਾਲ ਭਰੇ ਹੁੰਦੇ ਹਨ, ਇਹ ਕੱਚਾ ਰਸਤਾ ਹੋਣ ਕਰਕੇ ਧੱਸ ਜਾਂਦੇ ਹਨ। ਉਸ ਨਾਲ ਕੀ ਹੁੰਦਾ ਹੈ ਕਿ ਜਿਹੜੇ ਪਿੱਛੇ ਟਰੈਕਟਰ ਹੁੰਦੇ ਹਨ, ਉਨ੍ਹਾਂ ਦਾ ਵੀ ਰਸਤਾ ਬਲਾਕ ਹੋ ਜਾਂਦਾ ਹੈ ਤੇ ਲਿਫਟਿੰਗ ਵੀ ਰੁਕ ਜਾਂਦੀ ਹੈ। ਮੈਂ ਸਪੀਕਰ ਸਾਹਿਬ, ਤੁਹਾਡੇ ਜ਼ਰੀਏ ਵਿੱਤ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਕੀ ਅਨਾਜ ਮੰਡੀ ਜਾਣ ਲਈ ਪਿੰਡ ਚੱਕ ਅਤਰ ਸਿੰਘ ਵਾਲਾ ਤੋਂ ਲੈ ਕੇ ਅਨਾਜ ਮੰਡੀ ਤੱਕ ਅਤੇ ਅਨਾਜ ਮੰਡੀ ਤੋਂ ਪਿੰਡ ਬੰਬੀਹਾ ਤੱਕ ਪੱਕੀ ਸੜਕ ਬਣਾਈ ਜਾਵੇਗੀ?

**ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੈਂਬਰ ਸਾਹਿਬਾਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੋ ਇਨ੍ਹਾਂ ਨੇ ਸਵਾਲ ਕੀਤਾ ਹੈ ਕਿ ਬਠਿੰਡਾ ਦਿਹਾਤੀ ਦੇ ਵਿੱਚ ਕਿਸੇ ਫੋਕਲ ਪੁਆਇੰਟ ਨੂੰ ਕੱਚਾ ਰਸਤਾ ਜਾਂਦਾ ਹੈ।ਸਰ, ਜਿੰਨੇ ਵੀ ਫੋਕਲ ਪੁਆਇੰਟ ਹਨ, ਬੱਲੂਆਣਾ, ਦਿਓਣ, ਪਥਰਾਲਾ, ਕੁੱਧਾ ਤੇ ਤਿਉਂਣਾ, ਇਹ ਸਾਰੇ ਜਿੰਨੇ ਵੀ ਫੋਕਲ ਪੁਆਇੰਟ ਹਨ, ਇਨ੍ਹਾਂ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਬੱਲੂਆਣਾ ਬਠਿੰਡਾ-ਮਲੋਟ ਨੈਸ਼ਨਲ ਹਾਈਵੇਅ ਤੇ ਹੈ। ਜਿਹੜਾ ਫੋਕਲ ਪੁਆਇੰਟ ਦਿਓਣ ਬਠਿੰਡਾ-ਮੁਕਤਸਰ ਹਾਈਵੇਅ ਤੇ ਹੈ। ਫੋਕਲ ਪੁਆਇੰਟ ਤਿਉਂਣ ਬਠਿੰਡਾ-ਗਿੱਦੜਬਾਹਾ ਰੋਡ ਤੇ ਹੈ ਅਤੇ ਇਹ ਵੀ ਵੱਡੀ ਸੜਕ ਹੈ। ਫੋਕਲ ਪੁਆਇੰਟ ਪਥਰਾਲਾ ਬਠਿੰਡਾ-ਡੱਬਵਾਲੀ ਨੈਸ਼ਨਲ ਹਾਈਵੇਅ ਤੇ ਹੈ। ਫੋਕਲ ਪੁਆਇੰਟ ਕੁੱਧਾ ਬਠਿੰਡਾ-ਬਾਦਲ ਫੋਰ ਲੇਨ ਰੋਡ ਤੇ ਹੈ। ਸੋ, ਕਿਸੇ ਫੋਕਲ ਪੁਆਇੰਟ ਨੂੰ ਕੋਈ ਕੱਚਾ ਰਸਤਾ ਨਹੀਂ ਜਾਂਦਾ ਪਰ ਜਿਹੜੀ ਇਨ੍ਹਾਂ ਨੇ ਬੰਬੀਹਾ ਮੰਡੀ ਦੀ ਨਿਸ਼ਾਨਦੇਹੀ ਕਰਵਾਈ ਹੈ ਕਿ ਉਸ ਮੰਡੀ ਤੋਂ ਦੋ ਪਿੰਡਾਂ ਨੂੰ ਕੱਚਾ ਰਸਤਾ ਜਾਂਦਾ ਹੈ, we will consider it.

**ਸ਼੍ਰੀਮਤੀ ਰੁਪਿੰਦਰ ਕੌਰ ਰੂਬੀ :** ਸਰ, ਬੰਬੀਹਾ ਪਿੰਡ ਤੋਂ ਇਲਾਵਾ ਹੋਰ ਚਾਰ ਪਿੰਡ ਵੀ ਅਟੈਚ ਹਨ ਜੀ। ਉਨ੍ਹਾਂ ਦਾ ਵੀ ਅਨਾਜ ਮੰਡੀ ਤੱਕ ਪੂਰਾ ਰਸਤਾ ਕੱਚਾ ਹੈ।

**ਮਾਨਯੋਗ ਸਪੀਕਰ :** ਰੂਬੀ ਜੀ, ਪਹਿਲਾਂ ਮੇਰੀ ਗੱਲ ਸੁਣੋ, ਤੁਸੀਂ ਸਵਾਲ ਵਿੱਚ ਸਿਰਫ ਫੋਕਲ ਪੁਆਇੰਟਾਂ ਦਾ ਜ਼ਿਕਰ ਕੀਤਾ ਹੈ। ਉਸ ਦਾ ਉਨ੍ਹਾਂ ਨੇ ਜਵਾਬ ਦੇ ਦਿੱਤਾ ਹੈ। ਜਿਹੜਾ ਤੁਸੀਂ ਦੂਜੇ ਪਿੰਡਾਂ ਬਾਰੇ ਕਹਿੰਦੇ ਹੋ, ਜਿਨ੍ਹਾਂ ਨੂੰ ਰਸਤੇ ਕੱਚੇ ਹਨ, ਉਹ ਕਹਿੰਦੇ ਕਿ ਅਸੀਂ ਵਿਚਾਰ ਕਰਾਂਗੇ। ਤੁਸੀਂ ਇਨ੍ਹਾਂ ਨੂੰ ਲਿਖ ਕੇ ਦੇ ਦਿਓ ਕਿ ਕਿਹੜੀਆਂ-ਕਿਹੜੀਆਂ ਮੰਡੀਆਂ ਹਨ ਤਾਂ ਕਿ ਪਤਾ ਲਗ ਸਕੇ ਕਿ ਕਿਹੜੀਆਂ ਕਿਹੜੀਆਂ ਮੰਡੀਆਂ ਨੂੰ ਤੁਸੀਂ ਰਸਤਾ ਚਾਹੁੰਦੇ ਹੋ।

**ਸ਼੍ਰੀਮਤੀ ਰੁਪਿੰਦਰ ਕੌਰ ਰੂਬੀ :** ਧੰਨਵਾਦ ਸਪੀਕਰ ਸਾਹਿਬ, ਮੈਂ ਵਿੱਤ ਮੰਤਰੀ ਸਾਹਿਬ ਤੋਂ ਇਹ ਵੀ ਪੁੱਛਣਾ ਚਾਹੁੰਦੀ ਹਾਂ ਕਿ ਜਿਹੜੇ ਫੋਕਲ ਪੁਆਇੰਟ ਹਨ, ਤੁਸੀਂ ਵੀ ਕਿਹਾ ਕਿ ਲਿਖ ਕੇ ਦੇ ਦਿਉ। ਸਰ, ਜੋਧਪੁਰ ਰਮਾਣਾ ਅਤੇ ਬੰਬੀਹਾ ਦੋ ਪਿੰਡ ਹਨ। ਬੰਬੀਹਾ ਦੀ ਮੁਸ਼ਕਲ ਤਾਂ ਆ ਰਹੀ ਹੈ ਕਿਉਂਕਿ ਚੱਕ ਅਤਰ ਸਿੰਘ ਵਾਲਾ ਸੰਗਤ ਬਲਾਕ ਵਿੱਚ ਪੈਂਦਾ ਹੈ ਅਤੇ ਜਿਹੜਾ ਬੰਬੀਹਾ ਪਿੰਡ ਹੈ ਇਹ ਗੋਨਿਆਣਾ ਬਲਾਕ ਵਿੱਚ ਪੈਂਦਾ ਹੈ।

**ਮਾਨਯੋਗ ਸਪੀਕਰ** : ਉਨ੍ਹਾਂ ਨੇ ਤੁਹਾਡੀ ਗੱਲ ਮੰਨ ਲਈ ਹੈ।

**ਸ਼੍ਰੀਮਤੀ ਰੁਪਿੰਦਰ ਕੌਰ ਰੂਬੀ :** ਧੰਨਵਾਦ, ਸਪੀਕਰ ਸਾਹਿਬ।

-----------

## ਅੰਮ੍ਰਿਤਸਰ ਹਲਕਾ ਉੱਤਰੀ ਦੇ ਕਮਿਊਨਿਟੀ ਸੈਂਟਰ ਦੀ ਉਸਾਰੀ

***2399. ਸ਼੍ਰੀ ਸੁਨੀਲ ਦੱਤੀ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਸਰਕਾਰ ਨੇ ਅੰਮ੍ਰਿਤਸਰ ਵਿੱਚ ਵਿਧਾਨ ਸਭਾ ਹਲਕਾ ਉੱਤਰੀ ਵਿੱਚ 11 ਕਰੋੜ ਰੁਪਏ ਦੀ ਲਾਗਤ ਨਾਲ ਇੱਕ ਕਮਿਊਨਿਟੀ ਸੈਂਟਰ ਦੀ ਉਸਾਰੀ ਕੀਤੀ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ 'ਹਾਂ' ਵਿੱਚ ਹੋਵੇ ਤਾਂ ਉਕਤ ਕਮਿਊਨਿਟੀ ਸੈਂਟਰ ਨੂੰ ਹੁਣ ਤੱਕ ਲੋਕਾਂ ਲਈ ਨਾ ਖੋਲ੍ਹਣ ਦੇ ਕੀ ਕਾਰਨ ਹਨ ਅਤੇ ਇਸ ਨੂੰ ਕਦੋਂ ਤੱਕ ਖੋਲ੍ਹ ਦਿੱਤਾ ਜਾਵੇਗਾ?

**ਸ਼੍ਰੀ ਬ੍ਰਹਮ ਮਹਿੰਦਰਾ :** (ੳ) ਹਾਂ ਜੀ।

(ਅ) ਇਸ ਨੂੰ ਚਲਾਉਣ ਲਈ ਨਗਰ ਸੁਧਾਰ ਟਰੱਸਟ ਵੱਲੋਂ ਇੱਕ ਕਮੇਟੀ ਗਠਿਤ ਕੀਤੀ ਗਈ ਹੈ। ਇਸ ਨੂੰ ਚਲਾਉਣ ਅਤੇ ਰੇਟ ਆਦਿ ਫਿਕਸ ਕਰਨ ਸਬੰਧੀ ਕਮੇਟੀ ਦੀਆਂ ਦੋ ਮੀਟਿੰਗਾਂ ਹੋ ਚੁੱਕੀਆਂ ਹਨ। ਹੁਣ ਟਰੱਸਟ ਵੱਲੋਂ ਫਾਈਨਲ ਮੀਟਿੰਗ ਮਿਤੀ 05.03.2020 ਨੂੰ ਰੱਖੀ ਗਈ ਹੈ, ਜਿਸ ਵਿੱਚ ਰੇਟ ਆਦਿ ਫਿਕਸ ਕਰ ਦਿੱਤੇ ਜਾਣਗੇ ਅਤੇ ਮੀਟਿੰਗ ਕਰਨ ਉਪਰੰਤ ਇਸ ਨੂੰ ਚਲਾਉਣ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਜਾਵੇਗੀ।

**ਸ਼੍ਰੀ ਸੁਨੀਲ ਦੱਤੀ :** ਧੰਨਵਾਦ ਸਰ। ਧੰਨਵਾਦ ਮੰਤਰੀ ਜੀ। ਸਰ, ਮੇਰੇ ਸ਼ਹਿਰ ਦੇ ਇਹ ਕਾਮਨ ਜਿਹੇ ਮਸਲੇ ਹੁੰਦੇ ਹਨ, ਜਿਹੜੇ ਮੈਂ ਉਠਾਉਂਦਾ ਹਾਂ। ਮੇਰੀ ਕਾਂਸਟੀਚਿਊਐਂਸੀ ਦਾ ਕਮਿਊਨਿਟੀ ਸੈਂਟਰ ਲਗਭਗ 10-11 ਕਰੋੜ ਦੀ ਲਾਗਤ ਨਾਲ ਬਣਿਆ ਹੈ। ਇਸ ਦੀ ਲੋਕੇਸ਼ਨ ਬਹੁਤ ਅੱਛੀ ਹੈ। ਉੱਥੇ ਲਗਭਗ ਇੱਕ ਲੱਖ ਰੁਪਿਆ ਪ੍ਰਤੀ ਗਜ਼ ਦਾ ਰੇਟ ਹੋਵੇਗਾ। ਮੰਤਰੀ ਸਾਹਿਬ ਨੇ ਹੁਣੇ ਜੁਆਇਨ ਕੀਤਾ ਹੈ, ਇਨ੍ਹਾਂ ਦੀ ਸਿਹਤ ਠੀਕ ਨਹੀਂ ਹੈ, ਹੁਣ ਇਨ੍ਹਾਂ ਦੇ ਧਿਆਨ ਵਿੱਚ ਆਇਆ ਹੈ। ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਦੋ ਮੀਟਿੰਗਾਂ ਹੋਈਆਂ ਹਨ। ਮੈਂ ਜ਼ਿਆਦਾ ਸਮਾਂ ਨਹੀਂ ਲੈਣਾ। ਇਹ ਜਿਹੜੀਆਂ ਦੋ ਮੀਟਿੰਗਾਂ ਹੋਈਆਂ ਹਨ, ਹੁਣ ਲਾਸਟ ਫਾਈਨਲ 5 ਤਰੀਕ ਦੀ ਮੀਟਿੰਗ ਰੱਖੀ ਹੈ, ਜਦੋਂ ਮੈਂ ਪ੍ਰਸ਼ਨ ਲਗਾਇਆ। ਮੇਰੇ ਕਹਿਣ ਦੇ ਬਾਵਜੂਦ ਇਸ ਕਮਿਊਨਿਟੀ ਸੈਂਟਰ ਬਾਰੇ ਕੋਈ ਐਕਸ਼ਨ ਨਹੀਂ ਲਿਆ ਗਿਆ। ਜਦੋਂ ਮੈਂ ਪ੍ਰਸ਼ਨ ਵਿਧਾਨ ਸਭਾ ਵਿੱਚ ਲਗਾਇਆ ਤਾਂ ਇੱਕ ਮਹੀਨੇ ਦੇ ਵਿੱਚ-ਵਿੱਚ ਇਹ ਕਾਰਵਾਈ ਪੈ ਗਈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਲਈ ਉਨ੍ਹਾਂ ਅਧਿਕਾਰੀਆਂ ਦੀ ਜ਼ਿੰਮੇਵਾਰੀ ਫਿਕਸ ਕਰਨੀ ਚਾਹੀਦੀ ਹੈ ਕਿ ਨਹੀਂ? ਇਹ ਸਥਾਨਕ ਸਰਕਾਰ ਦਾ ਕੰਮ ਹੈ। ਤਿੰਨ ਸਾਲ ਤੋਂ ਜਿਹੜੇ ਲੋਕਾਂ ਨੇ ਫਾਇਦੇ ਲੈਣੇ ਸਨ, ਉਹ ਨਹੀਂ ਲੈ ਸਕੇ। ਇਹ ਇੱਕ ਐਸੀ ਥਾਂ ਤੇ ਹੈ ਜਿੱਥੇ ਦੀ ਪਾਰਕਿੰਗ ਖੂਬਸੂਰਤ ਹੈ, ਰਣਜੀਤ ਐਵੇਨਿਊ ਸਾਡਾ ਬਹੁਤ ਬਿਹਤਰੀਨ ਏਰੀਆ ਹੈ। ਉੱਥੇ ਇੱਕ ਪੈਲੇਸ ਹੈ ਜਿੱਥੇ ਲੋਕ ਦੋ-ਦੋ ਲੱਖ ਰੁਪਿਆ ਖਰਚ ਦੇ ਹਨ। ਇਹ ਕਮਿਊਨਿਟੀ ਲੋਕਾਂ ਦੀ ਸਹੂਲਤਾਂ ਲਈ ਬਣਾਏ ਜਾਂਦੇ ਹਨ। ਤਿੰਨ ਸਾਲ ਤੋਂ ਜਿਨ੍ਹਾਂ ਅਫ਼ਸਰਾਂ ਨੇ ਮੇਰੇ ਕਹਿਣ ਦੇ ਬਾਵਜੂਦ ਵੀ ਇਸ ਨੂੰ ਖੋਲ੍ਹਣ ਦੀ ਕੋਸ਼ਿਸ਼ ਨਹੀਂ ਕੀਤੀ, ਕੀ ਇਹ ਹਾਊਸ ਇੱਕ ਮਿਸਾਲ ਕਾਇਮ ਕਰੇਗਾ?

**ਮਾਨਯੋਗ ਸਪੀਕਰ :** ਸਵਾਲ, ਕਰੋ ਜੀ।

**ਸ਼੍ਰੀ ਸੁਨੀਲ ਦੱਤੀ :** ਤਿੰਨ ਸਾਲ ਕਿਉਂ ਲੇਟ ਕੀਤਾ ਗਿਆ, ਇਸ ਸਬੰਧੀ ਜ਼ਿੰਮੇਵਾਰੀ ਫਿਕਸ ਹੋਣੀ ਚਾਹੀਦੀ ਹੈ ਤਾਂ ਕਿ ਸ਼ਹਿਰਾਂ ਵਿੱਚ ਜਿਹੜੇ ਇਹੋ ਜਿਹੇ ਕਮਿਊਨਿਟੀ ਸੈਂਟਰ ਹਨ ਜਾਂ ਕੋਈ ਹੋਰ ਅਦਾਰੇ ਹਨ, ਉਨ੍ਹਾਂ ਨੂੰ ਕੋਈ ਮੈਸੇਜ ਤਾਂ ਜਾਵੇ ਜੀ।

**ਮਾਨਯੋਗ ਸਪੀਕਰ :** ਤਿੰਨ ਸਾਲ ਦੀ ਡਿਲੇਅ ਬਾਰੇ ਕੋਈ ਕਾਰਵਾਈ ਕਰੋਗੇ?

**ਮੰਤਰੀ :** ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਇਹ ਹੈ ਕਿ ਇਹ ਮੈਂਬਰ ਸਾਹਿਬ ਸਾਡੇ ਸਤਿਕਾਰਯੋਗ ਸਾਥੀ ਹਨ ਔਰ ਮੇਰੇ ਬੜੇ ਪਿਆਰੇ ਅਜ਼ੀਜ਼ ਹਨ। ਮੈਂ ਜਿਹੜੀ 5 ਤਾਰੀਖ ਨੂੰ ਮੀਟਿੰਗ ਰੱਖੀ ਹੈ, ਪਹਿਲੀ ਗੱਲ ਇਸ ਵਿੱਚ ਇਸ ਨੂੰ ਬਿਲਕੁਲ ਫਾਈਨੇਲਾਈਜ਼ ਕਰਵਾ ਦਿਆਂਗਾ। ਦੂਸਰਾ, ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਇਨਕੁਆਰੀ ਕੀਤੀ ਜਾਵੇਗੀ ਜਾਂ ਕੋਈ ਰਿਸਪਾਂਸੀਬਿਲਿਟੀ ਫਿਕਸ ਕੀਤੀ ਜਾਵੇਗੀ ਤਾਂ ਮੈਂ ਮੈਂਬਰ ਸਾਹਿਬ ਨੂੰ ਇਹ ਐਸ਼ਿਉਰ ਕਰਦਾ ਹਾਂ ਕਿ ਮੇਰੇ ਕੋਲ ਆ ਜਾਣ, ਜਿਹੜੇ-ਜਿਹੜੇ ਅਫ਼ਸਰਾਂ ਬਾਰੇ ਲੱਗਦਾ ਹੈ ਕਿ ਇਨ੍ਹਾਂ ਨੇ ਖਰਾਬੀ ਕੀਤੀ ਹੈ, ਕੋਈ ਨਾ ਕੋਈ....

**ਮਾਨਯੋਗ ਸਪੀਕਰ :** ਉਨ੍ਹਾਂ ਦਾ ਸਵਾਲ ਇਹ ਨਹੀਂ ਹੈ। ਅਜਿਹਾ ਨਹੀਂ ਹੋਣਾ ਚਾਹੀਦਾ ਕਿ ਸਵਾਲ ਲੱਗੇ ਤਾਂ ਹੀ ਕੰਮ ਸ਼ੁਰੂ ਹੋਣਾ ਹੈ। ਉਹ ਕਹਿੰਦੇ ਹਨ ਕਿ ਜਿਸ ਦਿਨ ਦਾ ਮੈਂ ਸਵਾਲ ਲਗਾਇਆ ਹੈ, ਵਿਭਾਗ ਵਾਲੇ ਹਰਕਤ ਵਿੱਚ ਆ ਗਏ ਹਨ। ਉਸ ਤੋਂ ਪਹਿਲਾਂ ਤਿੰਨ ਸਾਲ ਬੈਠੇ ਰਹੇ ਹਨ। ਉਹ ਤੁਹਾਡੇ ਕੋਲ ਆਉਣ ਨਾ ਆਉਣ, ਤੁਸੀਂ ਇਸ ਤੇ ਕਾਰਵਾਈ ਕਰੋ।

**ਮੰਤਰੀ :** ਮੈਂ ਕਾਰਵਾਈ ਕਰ ਦਿਆਂਗਾ ਜੀ। ਇਨ੍ਹਾਂ ਨੇ ਹੁਣੇ ਇਹ ਵੀ ਕਿਹਾ ਹੈ ਕਿ ਮੈਂ ਹੁਣੇ ਹੀ ਟੇਕ ਓਵਰ ਕੀਤਾ ਹੈ।

**ਸ਼੍ਰੀ ਸੁਨੀਲ ਦੱਤੀ :** ਧੰਨਵਾਦ ਜੀ।

-----------

## ਪ੍ਰਵਾਸੀ ਪੰਛੀਆਂ ਦੀ ਹਰ ਸਾਲ ਆਮਦ ਵਿੱਚ ਕਮੀ

***2667 . ਸਰਦਾਰ ਬਿਕਰਮ ਸਿੰਘ ਮਜੀਠੀਆ :** ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਦੀ ਹਰੀਕੇ ਜਲਗਾਹ ਵਿੱਚ ਪ੍ਰਵਾਸੀ ਪੰਛੀਆਂ ਦੀ ਹਰ

ਸਾਲ ਆਮਦ ਵਿੱਚ ਕਮੀ ਆ ਰਹੀ ਹੈ, ਜੇਕਰ ਅਜਿਹਾ ਹੋਵੇ ਤਾਂ ਇਸ ਕਮੀ ਦੇ ਕਾਰਨਾਂ ਨੂੰ ਜਾਣਨ ਲਈ ਸਰਕਾਰ ਨੇ ਕੀ ਕਾਰਵਾਈ ਕੀਤੀ ਹੈ?

**ਸਰਦਾਰ ਸਾਧੂ ਸਿੰਘ :** ਨਹੀਂ, ਸ਼੍ਰੀਮਾਨ ਜੀ। ਇਹ ਸਹੀ ਨਹੀਂ ਹੈ ਕਿ ਹਰੀਕੇ ਜਲਗਾਹ ਵਿੱਚ ਪ੍ਰਵਾਸੀ ਪੰਛੀਆਂ ਦੀ ਹਰ ਸਾਲ ਆਮਦ ਵਿੱਚ ਕਮੀ ਆ ਰਹੀ ਹੈ। ਇਸ ਸਬੰਧੀ ਹਰ ਸਾਲ ਪੰਜਾਬ ਦੇ ਜਲਗਾਹਾਂ ਵਿੱਚ ਆਉਣ ਵਾਲੇ ਪ੍ਰਵਾਸੀ ਪੰਛੀਆਂ ਦੀ ਸਾਲਾਨਾ ਗਿਣਤੀ ਇਸ ਖੇਤਰ ਦੀ ਮਾਹਿਰ ਸੰਸਥਾਵਾਂ ਦੇ ਨੁਮਾਇੰਦਿਆਂ ਦੀ ਅਗਵਾਈ ਹੇਠ ਕਰਵਾਈ ਜਾਂਦੀ ਹੈ ਤਾਂ ਜੋ ਇਨ੍ਹਾਂ ਦੀ ਆਮਦ ਵਿੱਚ ਆਉਣ ਵਾਲੇ ਬਦਲਾਅ ਤੇ ਨਜ਼ਰ ਰੱਖੀ ਜਾ ਸਕੇ। ਪਿਛਲੇ 7 ਸਾਲਾਂ ਦੇ ਅੰਕੜੇ ਅਨੁਸਾਰ ਹਰੀਕੇ ਜਲਗਾਹ ਵਿੱਚ ਪੰਛੀਆਂ ਦੀ ਔਸਤ ਗਿਣਤੀ 90,561 ਹੈ। ਇਸ ਸਾਲ ਵੀ 91,000 ਦੇ ਲਗਭਗ ਪ੍ਰਵਾਸੀ ਪੰਛੀਆਂ ਦੀ ਗਿਣਤੀ ਪਾਈ ਗਈ ਹੈ। ਜਿੱਥੋਂ ਤੱਕ ਪੰਛੀਆਂ ਦੀਆਂ ਪ੍ਰਜਾਤੀਆਂ ਦਾ ਸਬੰਧ ਹੈ, ਇਸ ਸਾਲ 94 ਪ੍ਰਜਾਤੀਆਂ ਦੇ ਪੰਛੀ ਪਾਏ ਗਏ ਹਨ ਜੋ ਕਿ ਪਿਛਲੇ 7 ਸਾਲਾਂ ਵਿੱਚ ਸਭ ਤੋਂ ਜ਼ਿਆਦਾ ਹੈ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਰ, ਇਹ ਹਰੀਕੇ ਵੈੱਟਲੈਂਡ ਇਸ region ਦਾ ਸਭ ਤੋਂ largest ਵੈੱਟਲੈਂਡ ਹੈ ਔਰ ਸਾਡੇ ਸ੍ਰੀ ਅੰਮ੍ਰਿਤਸਰ ਸਾਹਿਬ ਜਿੰਨੇ ਵੀ ਲੋਕ ਆਉਂਦੇ ਹਨ, ਚਾਹੇ ਉਹ pilgrimage ਲਈ ਆਉਣ, ਚਾਹੇ ਉਹ ਟੂਰਿਸਟ ਵਜੋਂ ਆਉਣ, this is a very highly visited site. ਮੰਤਰੀ ਸਾਹਿਬ, ਮੈਂ ਤੁਹਾਨੂੰ ਦੋ ਸਵਾਲ ਕਰਨਾ ਚਾਹੁੰਦਾ ਹਾਂ ਕਿ ਕੀ ਤੁਸੀਂ ਕਦੇ ਆਪ ਵੈੱਟਲੈਂਡ ਦੀ ਵਿਜ਼ਿਟ ਕੀਤੀ ਹੈ? ਮੈਨੂੰ ਨਹੀਂ ਲਗਦਾ ਹੈ ਕਿਉਂਕਿ ਮੈਂ ਪਤਾ ਕਰਵਾਇਆ ਹੈ। ਦੂਜੀ ਗੱਲ, ਵਰਲਡ ਵਾਈਲਡ ਲਾਈਫ ਮਹਿਕਮੇ ਨੇ ਸਾਲ 2019-20 ਵਿੱਚ ਇੱਕ ਸਟੱਡੀ ਕਰਵਾਈ ਹੈ ਔਰ 'ਦਿ ਟ੍ਰਿਬਿਊਨ' ਵਿੱਚ ਇਹ ਬੜੀ ਵੱਡੀ ਖਬਰ ਲੱਗੀ ਕਿ: "Drastic decline in avian guests at Harike Wetland." ਇਸ ਦੀ ਗਿਣਤੀ 1 ਲੱਖ 23 ਹਜ਼ਾਰ ਤੋਂ ਗਿਰ ਕੇ 90 ਹਜ਼ਾਰ ਤੇ ਆ ਗਈ ਹੈ ਔਰ ਵਰਲਡ ਵਾਈਲਡ ਲਾਈਫ ਫੰਡ ਨੇ ਵੀ ਇਸ ਬਾਰੇ ਚਿੰਤਾ ਜਤਾਈ ਹੈ। ਤੁਹਾਡੇ ਮਹਿਕਮੇ ਨਾਲ ਮਿਲ ਜੁਲ ਕੇ ਇੱਕ ਸਰਵੇਅ ਹੋਇਆ ਹੈ ਔਰ ਤੁਸੀਂ ਇੱਥੇ ਜਵਾਬ ਦੇ ਦਿੱਤਾ ਹੈ, 'ਨਹੀਂ ਜੀ', ਫਿਰ ਸਰਵੇ ਕਿੱਥੇ ਹੋਇਆ ਹੈ? ਕਰਵਾਇਆ ਤਾਂ ਤੁਹਾਡੇ ਮਹਿਕਮੇ ਨੇ ਹੀ ਹੈ। Then why misleading answers?

**ਮਾਨਯੋਗ ਸਪੀਕਰ :** ਸਵਾਲ ਕਰੋ ਜੀ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਰ, ਪਹਿਲੀ ਗੱਲ ਇਹ ਹੈ ਕਿ it is a misleading answer. ਇਹ ਅਖਬਾਰ ਵਿੱਚ ਖਬਰ ਲੱਗੀ ਹੈ, ਇਨ੍ਹਾਂ ਦੇ ਮਹਿਕਮੇ ਨਾਲ ਸਬੰਧਿਤ ਖਬਰ ਲੱਗੀ ਹੈ ਕਿ ਪ੍ਰਵਾਸੀਆਂ ਦੀ ਗਿਣਤੀ 1 ਲੱਖ 23 ਹਜ਼ਾਰ ਤੋਂ ਗਿਰ ਕੇ 90 ਹਜ਼ਾਰ ਤੇ ਆ ਗਈ ਹੈ। ਉਸ ਦੇ ਕੀ ਕਾਰਨ ਹਨ? Why are they giving misleading answers here?

**ਮਾਨਯੋਗ ਸਪੀਕਰ :** ਸਵਾਲ, ਸਵਾਲ, ਮਜੀਠੀਆ ਸਾਹਿਬ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਰ, ਮੇਰਾ ਪਹਿਲਾ ਸਵਾਲ ਇਹ ਹੈ ਕਿ why are they giving misleading answer? ਦੂਜੀ ਗੱਲ, ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉੱਥੇ ਵੈੱਟਲੈਂਡ ਦੇ ਆਲੇ-ਦੁਆਲੇ ਕਬਜ਼ੇ ਹੋ ਰਹੇ ਹਨ। ਜੇ ਉਸ ਵੈੱਟਲੈਂਡ ਤੇ ਕਬਜ਼ੇ ਹੋ ਜਾਣਗੇ ਤਾਂ ਉਹ ਪੰਛੀ ਤਾਂ ਆਪੇ ਘੱਟ ਜਾਣਗੇ। ਕੀ ਤੁਸੀਂ ਤੁਰੰਤ ਉਹ ਕਬਜ਼ੇ ਹਟਾਓਗੇ?

**ਮੰਤਰੀ :** ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਪਹਿਲਾਂ ਚੰਗੀ ਤਰ੍ਹਾਂ ਪੜ੍ਹ ਲੈਣ। ਇਹ ਅਖਬਾਰਾਂ ਨੂੰ ਸਹੀ ਮੰਨਦੇ ਹਨ ਜਾਂ ਅਸਲੀ ਅੰਕੜਿਆਂ ਨੂੰ ਸਹੀ ਮੰਨਦੇ ਹਨ? ਮੇਰੀ ਬੇਨਤੀ ਹੈ ਕਿ ਸਾਲ 2013 ਵਿੱਚ ਜਦੋਂ ਇਨ੍ਹਾਂ ਦੀ ਸਰਕਾਰ ਸੀ ਤਾਂ ਉਸ ਸਮੇਂ 72,488 ਪ੍ਰਵਾਸੀ ਪੰਛੀ ਆਏ ਸੀ ਔਰ ਸਾਲ 2014 ਵਿੱਚ 62,065 ਪ੍ਰਵਾਸੀ ਪੰਛੀ ਆਏ ਸੀ। ਉਦੋਂ ਕਿਉਂ ਘੱਟ ਗਏ ਸੀ? ਇਹ ਤਾਂ ਔਸਤ ਹੈ। ਕਦੇ ਦਸ ਹਜ਼ਾਰ ਘੱਟ ਗਏ, ਕਦੇ ਵੱਧ ਗਏ। ਇਹ ਮੌਸਮ ਦਾ ਹਿਸਾਬ ਹੈ। ਇਹ ਕਦੇ ਦਸ ਹਜ਼ਾਰ ਘੱਟ ਆ ਜਾਂਦੇ ਹਨ, ਕਦੇ ਵੱਧ ਆ ਜਾਂਦੇ ਹਨ। ਅਸੀਂ ਔਸਤਨ ਦੱਸਿਆ ਹੈ। ਇਹ ਅਖਬਾਰੀ ਗੱਲਾਂ ਕਰਦੇ ਹਨ ਤੇ ਮੈਂ ਅੰਕੜਿਆਂ ਦੀਆਂ ਗੱਲਾਂ ਕਰਦਾ ਹਾਂ, ਜੋ ਕਿ ਸਹੀ ਹੈ। ਜਿੱਥੇ ਕਬਜ਼ਿਆਂ ਦੀ ਗੱਲ ਹੈ, ਇਨ੍ਹਾਂ ਦੇ ਚਹੇਤੇ ਬੰਦਿਆਂ ਤੋਂ ਅਸੀਂ 20 ਹਜ਼ਾਰ ਏਕੜ ਜਗ੍ਹਾ ਜੰਗਲਾਂ ਦੀ ਛੁਡਾਈ ਹੈ। ਇਹ ਰਿਕਾਰਡ ਹੈ। (ਥੰਪਿੰਗ)

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਮੈਂ ਕਹਾਂਗਾ ਕਿ little knowledge is a dangerous thing. ਉਸ ਵੈੱਟਲੈਂਡ ਦੇ ਆਲੇ-ਦੁਆਲੇ 20 ਹਜ਼ਾਰ ਏਕੜ ਹੈ ਹੀ ਨਹੀਂ। ਮੈਂ ਇਨ੍ਹਾਂ ਨੂੰ ਸਵਾਲ ਵੈੱਟਲੈਂਡ ਦਾ ਪੁੱਛ ਰਿਹਾ ਹਾਂ ਤੇ ਇਨ੍ਹਾਂ ਨੇ ਆਪਣਾ ਸਿਆਸੀ ਭਾਸ਼ਣ ਸ਼ੁਰੂ ਕਰ ਦਿੱਤਾ ਹੈ। ਚਲੋ, ਇਹ ਛੱਡ ਦਿਓ। ਇਨ੍ਹਾਂ ਨੇ ਗੱਲ ਸਪੱਸ਼ਟ

ਹੀ ਕਰ ਦਿੱਤੀ ਹੈ ਕਿ ਇਨ੍ਹਾਂ ਨੇ ਹਰੀਕੇ ਦੇ ਆਲੇ-ਦੁਆਲੇ ਕਬਜ਼ੇ ਨਹੀਂ ਹਟਾਉਣੇ ਹਨ।

**ਮਾਨਯੋਗ ਸਪੀਕਰ :** ਨਹੀਂ ਜੀ, ਇਹ ਕਹਿੰਦੇ ਹਨ ਕਿ ਕਬਜ਼ੇ ਹਟਾਏ ਹਨ। ਇਹ ਕਹਿੰਦੇ ਹਨ ਕਿ ਕਬਜ਼ੇ ਹਟਾਏ ਹਨ। ਇਹ ਕਹਿੰਦੇ ਹਨ ਕਿ 20 ਹਜ਼ਾਰ ਏਕੜ ਦਾ ਕਬਜ਼ਾ ਹਟਾਇਆ ਹੈ।

**ਮੰਤਰੀ :** ਜੇ ਅਸੀਂ ਕਬਜ਼ਾ ਛੁਡਾਇਆ ਹੈ ਤਾਂ ਇਹ ਵੀ ਛੁਡਾ ਸਕਦੇ ਹਨ। ਸਪੀਕਰ ਸਾਹਿਬ, ਇਨ੍ਹਾਂ ਦੇ ਚਹੇਤੇ ਇੱਕ ਇੰਚ ਦੀ ਜਗ੍ਹਾ ਨਹੀਂ ਛੱਡਦੇ ਹਨ, ਇਨ੍ਹਾਂ ਦੇ ਚਹੇਤਿਆਂ ਨੇ ਜਗ੍ਹਾ ਦੱਬੀ ਹੈ। ਦਸ ਸਾਲ ਇਨ੍ਹਾਂ ਦੇ ਚਹੇਤਿਆਂ ਨੇ ਜ਼ਮੀਨ ਦੱਬੀ ਹੈ।

**ਮਾਨਯੋਗ ਸਪੀਕਰ :** ਮਜੀਠੀਆ ਸਾਹਿਬ, ਚੱਲ ਰਿਹਾ ਹੈ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਇਸ ਤਰ੍ਹਾਂ ਕਰੋ ਜੀ ਕਿ ਜੇ ਇਨ੍ਹਾਂ ਨੇ ਹਰੀਕੇ ਵਿੱਚ ਇੱਕ ਵੀ ਕਬਜ਼ਾ ਹਟਾਇਆ ਹੈ, ਇਹ ਕਹਿੰਦੇ ਹਨ ਕਿ 20 ਹਜ਼ਾਰ ਏਕੜ ਦਾ ਕਬਜ਼ਾ ਹਟਾ ਦਿੱਤਾ ਹੈ ਤਾਂ ਤੁਸੀਂ ਇਵੇਂ ਕਰੋ ਕਿ ਤੁਸੀਂ ਹਾਊਸ ਦੀ ਕਮੇਟੀ ਬਣਾ ਦਿਓ ਤੇ ਜੇ ਇਹ ਗੱਲ ਸੱਚੀ ਹੋਵੇ ਤਾਂ ਮੈਂ ਹਾਊਸ ਤੋਂ ਅਸਤੀਫਾ ਦਿਆਂਗਾ ਤੇ ਜੇ ਇਨ੍ਹਾਂ ਦੀ ਗੱਲ ਹਰੀਕੇ ਵੈੱਟਲੈਂਡ ਬਾਰੇ ਝੂਠੀ ਹੋਵੇ ਤਾਂ ਕੀ ਇਹ ਅਸਤੀਫਾ ਦੇਣਗੇ?

**ਮੰਤਰੀ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਪਹਿਲਾਂ ਤਾਂ ਇਨ੍ਹਾਂ ਨੇ ਕਬਜ਼ਿਆਂ ਵਾਲਾ ਸਵਾਲ ਹੀ ਨਹੀਂ ਪੁੱਛਿਆ ਹੈ।

**ਮਾਨਯੋਗ ਸਪੀਕਰ :** ਫੈਕਟਸ ਤੇ ਆ ਜਾਓ।

**ਮੰਤਰੀ :** ਸਪੀਕਰ ਸਾਹਿਬ, ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਜੋ ਕਿ ਮੈਂ ਕਹਿਣਾ ਨਹੀਂ ਸੀ ਚਾਹੁੰਦਾ ਕਿ ਸਭ ਤੋਂ ਵੱਧ ਪ੍ਰਵਾਸੀ ਪੰਛੀਆਂ ਦੀ ਗਿਣਤੀ ਉਦੋਂ ਘਟੀ ਜਦੋਂ ** ਨੇ ਨਹਿਰ ਵਿੱਚ ਬੱਸ ਛੱਡੀ ਸੀ, ਉਦੋਂ ਘਟੀ ਸੀ। ਉਸ ਤੋਂ ਬਾਅਦ ਤਾਂ ਗਿਣਤੀ ਵਧੀ ਹੈ।

**ਮਾਨਯੋਗ ਸਪੀਕਰ:** ਇਹ ** ** ਵਾਲਾ ਐਕਸਪੰਜ ਕਰ ਦਿਓ ਜੀ। ਐਕਸਪੰਜ ਕਰ ਦਿਓ। ਪਰਸਨਲ ਵਾਲੇ ਪਾਸੇ ਨਾ ਜਾਓ ਜੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਕੁਲਬੀਰ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਸ਼ਰਨਜੀਤ ਸਿੰਘ ਢਿੱਲੋਂ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

---

** **Expunged as ordered by the Chair.

**ਮਾਨਯੋਗ ਸਪੀਕਰ:** ਹਾਂ ਜੀ, ਢਿੱਲੋਂ ਜੀ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ:** ਸਪੀਕਰ ਸਾਹਿਬ, ਕੀ ਹਾਊਸ ਵਿੱਚ ਇਹੋ ਜਿਹੀਆਂ ਗੱਲਾਂ ਚੰਗੀਆਂ ਲਗਦੀਆਂ ਹਨ? ਇੰਨਾ ਕੁ ਤਾਂ ਸੋਚਣਾ ਚਾਹੀਦਾ ਹੈ।

**ਮਾਨਯੋਗ ਸਪੀਕਰ:** ਨਹੀਂ ਜੀ, ਨਹੀਂ ਚੰਗੀਆਂ ਲਗਦੀਆਂ। ਐਕਸਪੰਜ ਕਰ ਦਿੱਤਾ ਹੈ। ਬੈਠੋ, ਬੈਠੋ। ਮਜੀਠੀਆ ਜੀ, ਹੁਣ ਅਗਲੇ ਸਵਾਲ ਵੱਲ ਚੱਲੀਏ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਸ਼ਰਨਜੀਤ ਸਿੰਘ ਢਿੱਲੋਂ, ਸਰਦਾਰ ਬਿਕਰਮ ਸਿੰਘ ਮਜੀਠੀਆ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਹਰਮਿੰਦਰ ਸਿੰਘ ਗਿੱਲ ਅਤੇ ਸਰਦਾਰ ਕੁਲਬੀਰ ਸਿੰਘ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ :** ਬੈਠੋ, ਬੈਠੋ, ਐਕਸਪੰਜ ਕਰ ਦਿੱਤਾ ਹੈ। ਮਜੀਠੀਆ ਜੀ, ਹੁਣ ਅਗਲੇ ਸਵਾਲ ਤੇ ਚੱਲੀਏ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਰ, ਮੇਰੀ ਸਪਲੀਮੈਂਟਰੀ ਹੈ।

**ਮਾਨਯੋਗ ਸਪੀਕਰ :** ਤੁਹਾਡੀ ਸਪਲੀਮੈਂਟਰੀ ਹੋ ਗਈ ਹੈ। ਤੁਹਾਡੀਆਂ ਤਿੰਨ ਸਪਲੀਮੈਂਟਰੀਜ਼ ਹੋ ਗਈਆਂ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਰ, ਮੇਰੀ ਬੇਨਤੀ ਹੈ ਕਿ ਮੇਰੇ ਇੱਕ ਵੀ ਸਵਾਲ ਦਾ ਜਵਾਬ ਨਹੀਂ ਆਇਆ, ਗੱਲਾਂ ਸਿਆਸੀ ਕਰ ਗਏ ਹਨ। ਮੈਂ ਅਖੀਰਲੀ ਗੱਲ ਪੁੱਛਦਾ ਹਾਂ ਕਿ ਉੱਥੇ ਇੱਕ ਸੈਂਟਰ ਬਣ ਰਿਹਾ ਹੈ। ਪਿੱਛੇ ਜਿਹੜੇ ਸਾਬਕਾ ਵਜ਼ੀਰ ਲੱਥ ਗਏ ਹਨ, ਉੱਥੇ ਇਸ ਜਗ੍ਹਾ ਤੇ ਉਨ੍ਹਾਂ ਦਾ Interpretation Centre ਹੈ, ਉਹ Interpretation Centre ਕਦੋਂ ਹੈਂਡਓਵਰ ਹੋ ਜਾਵੇਗਾ? ਉੱਥੇ ਅਨਾਊਂਸਮੈਂਟ ਹੋਈ ਹੈ ਕਿ ਵੈੱਟਲੈਂਡ ਦੇ ਸੁਧਾਰ ਵਾਸਤੇ ਡੇਢ ਸੌ ਕਰੋੜ ਰੁਪਿਆ ਖਰਚ ਹੋਵੇਗਾ। ਇਹ ਅਨਾਊਂਸਮੈਂਟ ਸਾਲ 2017 ਵਿੱਚ ਇਨ੍ਹਾਂ ਦੇ ਵਜ਼ੀਰ ਕਰਕੇ ਆਏ ਹਨ, ਇਹ ਜਿਹੜੇ 2 ਖਲੋਤੇ ਹਨ, ਉੱਥੇ ਨਾਲ ਤਾੜੀਆਂ ਮਾਰਨ ਨੂੰ, ਥਪਥਪਾਉਣ ਨੂੰ ਨਾਲ ਗਏ ਸੀ।

**ਮਾਨਯੋਗ ਸਪੀਕਰ :** ਉਹ ਵੱਖਰਾ ਸਵਾਲ ਦੇ ਦਿਉ, ਵੱਖਰਾ ਸਵਾਲ ਹੈ। ਇਹ ਵੱਖਰਾ ਸਵਾਲ ਹੈ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਜਿਹੜੀ ਉਸ ਵੈੱਟਲੈਂਡ ਦੀ slow poisoning ਚੱਲ ਰਹੀ ਹੈ, ਵਰਲਡ ਵਾਈਲਡ ਲਾਈਫ ਫੰਡ ਦੀ ਰਿਪੋਰਟ ਹੈ, ਵਾਟਰ ਕੁਆਲਿਟੀ ਅਨੈਲਸਿਸ ਤੁਸੀਂ ਕਦੋਂ ਕਰਾਇਆ ਹੈ? ਉੱਥੇ slow poisoning ਕਿਉਂ ਹੋ ਰਹੀ ਹੈ ਕਿਉਂਕਿ ਉੱਥੇ ਜਿੰਨਾ ਲੁਧਿਆਣਾ ਤੋਂ ਫਲੂਐਂਟ ਡਿਸਚਾਰਜ ਹੋ ਰਿਹਾ ਹੈ, ਉਸ ਕਰਕੇ ਇਸ ਦੀ.....

**ਮਾਨਯੋਗ ਸਪੀਕਰ :** ਇਹ ਪਲਿਊਸ਼ਨ ਦਾ ਸਵਾਲ ਹੈ, ਪਲਿਊਸ਼ਨ ਦਾ ਵੱਖਰਾ ਸਵਾਲ ਦੇ ਦਿਉ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਵੈੱਟਲੈਂਡ ਸਬੰਧੀ ਹੀ ਹੈ।

**ਮਾਨਯੋਗ ਸਪੀਕਰ :** ਤੁਹਾਡਾ ਸਵਾਲ ਆ ਗਿਆ। ਹਾਂ ਜੀ, ਹਰਮਿੰਦਰ ਸਿੰਘ ਗਿੱਲ।

**ਸਰਦਾਰ ਹਰਮਿੰਦਰ ਸਿੰਘ ਗਿੱਲ :** ਸਰ, ਮੇਰੀ ਬੇਨਤੀ ਹੈ ਕਿ ਮੈਂ ਹਰੀਕੇ ਪੱਟੀ ਨਾਲ ਸਬੰਧ ਰੱਖਦਾ ਹਾਂ।

**ਮਾਨਯੋਗ ਸਪੀਕਰ :** ਇਸ ਕਰਕੇ ਤੁਹਾਨੂੰ ਬੋਲਣ ਲਈ ਸਮਾਂ ਦਿੱਤਾ ਗਿਆ ਹੈ।

**ਸਰਦਾਰ ਹਰਮਿੰਦਰ ਸਿੰਘ ਗਿੱਲ :** ਸਪੀਕਰ ਸਾਹਿਬ, ਚੰਗੀ ਗੱਲ ਹੈ ਕਿ ਮੈਂਬਰ ਸਾਹਿਬ ਨੂੰ ਇਸ ਗੱਲ ਦਾ ਫਿਕਰ ਹੋਇਆ। ਸਰ, ਮੰਤਰੀ ਸਾਹਿਬ ਨੇ ਗੱਲ ਠੀਕ ਕਹੀ ਹੈ ਕਿ ਉੱਥੇ ਪੰਛੀ ਬਹੁਤ ਆਉਂਦੇ ਹਨ। ਉਸ ਦਾ ਘੇਰਾ 84 ਸੁਕੇਅਰ ਕਿਲੋਮੀਟਰ ਹੈ, ਉੱਥੇ ਪੰਛੀ ਬਹੁਤ ਆਉਂਦੇ ਸਨ। ਪੰਛੀਆਂ ਨੂੰ ਖਤਰਾ ਉਦੋਂ ਪਿਆ, ਜਦੋਂ ਉੱਥੇ ਬੱਸ ਪਾ ਦਿੱਤੀ ਸੀ। ਉੱਥੇ ਕੋਈ ਵੀ ਮਸ਼ੀਨ ਹੋਵੇ, ਉਹ ਪੈਡਲ ਕੋਟਾ ਚਾਹੀਦੀਆਂ ਹਨ। ਇਨ੍ਹਾਂ ਨੇ ਬੱਸ ਪਾ ਕੇ ਸਾਰੇ ਪੰਛੀ ਭਜਾ ਦਿੱਤੇ ਪਰ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ 1 ਲੱਖ 25 ਹਜ਼ਾਰ ਪੰਛੀ ਆਇਆ ਸੀ। ਹੁਣ ਪੰਛੀ ਸਾਈਬੇ ਰੀਆ ਤੋਂ ਆਉਂਦੇ ਹਨ। ਅਸੀਂ ਕਿਵੇਂ ਕਹਿ ਸਕਦੇ ਹਾਂ ਕਿ ਘੱਟ ਆਉਂਦੇ ਹਨ ਜਾਂ ਵੱਧ ਆਉਂਦੇ ਹਨ। ਮੈਂ ਇੱਕ ਹੋਰ ਕਬਜ਼ੇ ਵਾਲੀ ਗੱਲ ਵੀ ਦੱਸਣਾ ਚਾਹੁੰਦਾ ਹਾਂ ਕਿ ਇੱਕ ਉੱਥੇ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ।

**ਮਾਨਯੋਗ ਸਪੀਕਰ :** ਤੁਸੀਂ ਸਵਾਲ ਪੁੱਛੋ, ਤੁਸੀਂ ਐਕਸਪਲੇਨੇਸ਼ਨ ਨਾ ਦਿਉ। ਐਕਸਪਲੇਨੇਸ਼ਨ ਨਾ ਦਿਉ, ਸਵਾਲ ਪੁੱਛੋ।

**ਸਰਦਾਰ ਹਰਮਿੰਦਰ ਸਿੰਘ ਗਿੱਲ:** ਸਰ, ਮੈਂ ਹਰੀਕੇ ਦੀ ਗੱਲ ਕਰਦਾ ਹਾਂ। ਇਨ੍ਹਾਂ ਨੇ ਆਪ ਕਬਜ਼ੇ ਕਰਵਾਏ ਜੀ।

**ਮਾਨਯੋਗ ਸਪੀਕਰ :** ਇਨ੍ਹਾਂ ਦੀ ਗੱਲ ਛੱਡੋ, ਇਨ੍ਹਾਂ ਦੀ ਗੱਲ ਛੱਡੋ।

**ਸਰਦਾਰ ਹਰਮਿੰਦਰ ਸਿੰਘ ਗਿੱਲ :** ਸਰ, ਇਨ੍ਹਾਂ ਦੀ ਸਰਕਾਰ ਨੇ ਕਬਜ਼ੇ ਕਰਵਾਏ।

----------

## ਨਵਾਂ ਸ਼ਹਿਰ (ਸ.ਭ.ਸ. ਨਗਰ) ਦੇ ਪਿੰਡਾਂ ਦੇ ਪਸ਼ੂ ਹਸਪਤਾਲਾਂ ਵਿਖੇ ਡਾਕਟਰਾਂ ਦੀ ਘਾਟ ਪੂਰੀ ਕਰਨਾ

***2372. ਸ਼੍ਰੀ ਅੰਗਦ ਸਿੰਘ:** ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਨਵਾਂ ਸ਼ਹਿਰ (ਸ.ਭ.ਸ. ਨਗਰ) ਦੇ ਪਿੰਡਾਂ ਵਿਚ ਪਸ਼ੂਆਂ ਦੀਆਂ ਡਿਸਪੈਂਸਰੀਆਂ ਵਿਚ ਡਾਕਟਰਾਂ ਦੀ ਨਿਯੁਕਤੀ ਨਹੀਂ ਹੈ; ਜੇਕਰ ਅਜਿਹਾ ਹੋਵੇ ਤਾਂ ਡਿਸਪੈਂਸਰੀਆਂ/ਹਸਪਤਾਲਾਂ ਵਿਚ ਡਾਕਟਰਾਂ ਦੀ ਕਮੀ ਨੂੰ ਕਦੋਂ ਤੱਕ ਪੂਰਾ ਕਰਨ ਦੀ ਤਜਵੀਜ਼ ਹੈ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਹਾਂ ਜੀ, ਹਲਕਾ ਨਵਾਂ ਸ਼ਹਿਰ (ਸ.ਭ.ਸ. ਨਗਰ) ਵਿਚ ਵੈਟਰਨਰੀ ਅਫਸਰਾਂ ਅਤੇ ਵੈਟਰਨਰੀ ਇੰਸਪੈਕਟਰਾਂ ਦੀਆਂ ਕੁਝ ਅਸਾਮੀਆਂ ਖਾਲੀ ਹਨ।

ਵੈਟਰਨਰੀ ਡਾਕਟਰਾਂ ਦੀਆਂ 117 ਅਸਾਮੀਆਂ ਨੂੰ ਭਰਨ ਲਈ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਤੋਂ ਯੋਗ ਉਮੀਦਵਾਰਾਂ ਦੇ ਨਾਂਵਾਂ ਦੀ ਸਿਫਾਰਸ਼ ਪ੍ਰਾਪਤ ਹੋ ਗਈ ਹੈ। ਉਕਤ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਜਾਰੀ ਹੋਣ ਉਪਰੰਤ ਹਲਕਾ ਨਵਾਂ ਸ਼ਹਿਰ (ਸ਼ਹੀਦ ਭਗਤ ਸਿੰਘ ਨਗਰ) ਦੇ ਪਿੰਡਾਂ ਦੇ ਪਸ਼ੂ ਹਸਪਤਾਲਾਂ ਵਿਚ ਵੀ ਵੈਟਰਨਰੀ ਅਫਸਰਾਂ ਦੀ ਨਿਯੁਕਤੀ ਕਰ ਦਿੱਤੀ ਜਾਵੇਗੀ।

ਵੈਟਰਨਰੀ ਇੰਸਪੈਕਟਰਾਂ ਦੀਆਂ ਅਸਾਮੀਆਂ ਨੂੰ ਪੂਰੀ ਵਿਧੀ ਨਾਲ ਭਰਨ ਲਈ ਕਾਰਵਾਈ ਆਰੰਭੀ ਹੋਈ ਹੈ, ਜਿਸ ਦੇ ਮੁਕੰਮਲ ਹੋਣ ਉਪਰੰਤ ਜ਼ਿਲ੍ਹਾ ਬਰਨਾਲਾ ਦੀਆਂ ਪਸ਼ੂ ਡਿਸਪੈਂਸਰੀਆਂ ਵਿੱਚ ਵੀ ਵੈਟਰਨਰੀ ਇੰਸਪੈਕਟਰਾਂ ਦੀ ਨਿਯੁਕਤੀ ਕਰ ਦਿੱਤੀ ਜਾਵੇਗੀ।

ਸਪੀਕਰ ਸਾਹਿਬ, ਜਿਹੜੀਆਂ ਇਨ੍ਹਾਂ ਦੇ ਹਲਕੇ ਨਵਾਂ ਸ਼ਹਿਰ ਦੀਆਂ ਡਿਸਪੈਂਸਰੀਆਂ ਖਾਲੀ ਹਨ, ਅਸੀਂ ਉੱਥੇ ਬਹੁਤ ਛੇਤੀ ਡਾਕਟਰ ਲਗਾ ਦਿਆਂਗੇ।

**ਸ਼੍ਰੀ ਅੰਗਦ ਸਿੰਘ :** ਮਾਨਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਮੈਂ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਆਸ਼ਵਾਸਨ ਦਿੱਤਾ ਹੈ ਕਿ ਖਾਲੀ ਥਾਵਾਂ ਭਰੀਆਂ ਜਾਣਗੀਆਂ। ਕੱਲ੍ਹ ਇਸ ਪਵਿੱਤਰ ਸਦਨ ਵਿੱਚ ਇੱਕ ਬੜੇ ਅਹਿਮ ਮੁੱਦੇ ਤੇ ਡਿਸਕਸ਼ਨ ਹੋ ਰਹੀ ਸੀ, ਜਿਹੜਾ ਐਡਲਟਰੇਸ਼ਨ ਦਾ ਮੁੱਦਾ ਸੀ ਜਿਸ ਵਿੱਚ ਮਿਲਕ ਦੀ ਐਡਲਟਰੇਸ਼ਨ ਦੀ ਗੱਲ ਵੀ ਹੋਈ ਹੈ। ਅੱਜ ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਪੰਜਾਬ ਵਿੱਚ ਲੋਕ ਐਗਰੀਕਲਚਰ ਔਰ ਲਾਈਵਸਟਾਕ ਤੋਂ, ਮੱਝਾਂ-ਗਾਵਾਂ ਨੂੰ ਰੱਖਣ ਤੋਂ ਪਿੱਛੇ ਹੱਟ ਰਹੇ ਹਨ। ਸਾਡੀ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਨ੍ਹਾਂ ਨੂੰ ਪਰਾਪਰ ਡਾਕਟਰ ਪ੍ਰੋਵਾਈਡ ਕਰਵਾਏ ਜਾਣ ਤਾਂ ਕਿ ਉਨ੍ਹਾਂ ਨੂੰ ਇਸ ਧੰਦੇ ਵੱਲ ਇਨਕਰੇਜ ਕਰੀਏ। ਮੇਰੀ ਬੇਨਤੀ ਹੈ ਕਿ ਇਹ ਠੀਕ ਹੈ, ਉੱਥੇ ਭਰਤੀ ਹੋ ਰਹੀ ਹੈ ਪਰ ਜਦ ਤੱਕ ਭਰਤੀ ਦਾ ਪ੍ਰੋਸੈੱਸ ਕੰਪਲੀਟ ਨਹੀਂ ਹੁੰਦਾ, ਮੇਰੇ ਹਲਕੇ ਵਿੱਚ ਆਰਜ਼ੀ ਤੌਰ ਤੇ ਖਾਸ ਕਰਕੇ 2 ਪਿੰਡ ਜਾਫਰਪੁਰ ਅਤੇ ਧਰਮਕੋਟ ਵਿਖੇ ਡਾਕਟਰ ਜਰੂਰ ਪ੍ਰੋਵਾਈਡ ਕੀਤੇ ਜਾਣ ਕਿਉਂਕਿ ਲੋਕਾਂ ਨੂੰ ਬੜੀ ਪ੍ਰੇਸ਼ਾਨੀ ਹੋ ਰਹੀ ਹੈ, ਧੰਨਵਾਦ ਜੀ।

**ਮੰਤਰੀ :** ਸਪੀਕਰ ਸਾਹਿਬ, 117 ਡਾਕਟਰਾਂ ਦੀ ਸਿਲੈਕਸ਼ਨ ਹੋ ਚੁੱਕੀ ਹੈ। ਉਨ੍ਹਾਂ ਦੀ ਪੁਲਿਸ ਵੈਰੀਫਿਕੇਸ਼ਨ ਹੋ ਰਹੀ ਹੈ। ਮੇਰਾ ਖਿਆਲ ਹੈ ਕਿ 15-20 ਦਿਨਾਂ ਵਿੱਚ ਜਿੱਥੇ ਡਾਕਟਰ ਨਹੀਂ ਹਨ, ਉੱਥੇ ਡਾਕਟਰ ਲਗਾ ਦਿੱਤੇ ਜਾਣਗੇ।

**ਮਾਨਯੋਗ ਸਪੀਕਰ :** ਕੀ ਤੁਸੀਂ ਨਵੀਆਂ ਡਿਸਪੈਂਸਰੀਆਂ ਵੀ ਦਿਉਗੇ?

**ਮੰਤਰੀ :** ਸਰ, ਨਵੀਆਂ ਡਿਸਪੈਂਸਰੀਆਂ ਗੌਰਮਿੰਟ ਆਫ ਇੰਡੀਆ ਮਨਜ਼ੂਰ ਨਹੀਂ ਕਰਦੀ।

**ਸ਼੍ਰੀ ਅੰਗਦ ਸਿੰਘ :** ਮੇਰੀ ਇੱਕ ਬੇਨਤੀ ਹੈ ਜੀ ਕਿ ਜਦੋਂ ਤੱਕ ਭਰਤੀ ਨਹੀਂ ਹੋ ਜਾਂਦੀ ਭਾਵੇਂ ਆਰਜ਼ੀ ਤੌਰ ਤੇ 2 ਜਾਂ 3 ਦਿਨ ਡਾਕਟਰ ਆ ਜਾਣ। ਪਲੀਜ਼, ਮੇਰਾ ਦੋ ਪਿੰਡਾਂ ਦਾ ਮਸਲਾ ਹੈ।

**ਮਾਨਯੋਗ ਸਪੀਕਰ :** ਇਸ ਤੇ ਗੌਰ ਕਰ ਲਉ ਜੀ।

**ਮੰਤਰੀ :** ਠੀਕ ਹੈ ਜੀ।

-----------

**ਨਿਸ਼ਾਨ ਵਾਲਾ ਪ੍ਰਸ਼ਨ ਨੰ: 2418**

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-----------

**ਨਿਸ਼ਾਨ ਵਾਲਾ ਪ੍ਰਸ਼ਨ ਨੰ: 2800**

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

----------

**ਪੁਰਾਣੇ ਪੁਲ ਦੀ ਜਗ੍ਹਾ ਨਵਾਂ ਪੁਲ ਬਣਾਉਣਾ**

***2768. ਸਰਦਾਰ ਸੁਖਜੀਤ ਸਿੰਘ :** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡ ਸ਼ੇਰੇਵਾਲ (ਧਰਮਕੋਟ) ਵਿਖੇ ਕਿਸ਼ਨਪੁਰਾ ਨਾਲੇ (ਸਤਲੁਜ ਦਰਿਆ ਤੇ) ਉੱਤੇ ਬਣਿਆ ਪੁਰਾਣਾ ਪੁਲ ਬਹੁਤ ਖਸਤਾ ਹਾਲਤ ਵਿਚ ਹੈ ਅਤੇ ਇਸ ਪੁਲ ਉੱਤੇ ਵਾਹਨਾਂ ਦੀ ਆਵਾਜਾਈ ਖਤਰਨਾਕ ਬਣ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਇਸ ਪੁਰਾਣੇ ਪੁਲ ਦੀ ਜਗ੍ਹਾ ਨਵਾਂ ਪੁਲ ਬਣਾਉਣ ਤੇ ਵਿਚਾਰ ਕਰੇਗੀ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :** ਪਿੰਡ ਸ਼ੇਰੇਵਾਲ (ਧਰਮਕੋਟ) ਵਿਖੇ ਕਿਸ਼ਨਪੁਰਾ ਨਾਲੇ (ਸਤਲੁਜ ਦਰਿਆ ਤੇ) ਬੁਰਜੀ 10400 ਉੱਤੇ ਬਣਿਆ ਪੁਰਾਣਾ ਪੁਲ ਠੀਕ ਹਾਲਤ ਵਿਚ ਹੈ ਅਤੇ ਇਸ ਪੁਲ ਉੱਪਰ ਵਾਹਨਾਂ ਦੀ ਆਵਾਜਾਈ ਵਿਚ ਕੋਈ ਦਿੱਕਤ ਨਹੀਂ ਹੈ। ਇਸ ਪੁਲ ਦੀ ਨੁਕਸਾਨ ਗ੍ਰਸਤ ਰੇਲਿੰਗ ਨੂੰ ਛੇਤੀ ਹੀ ਮੁਰੰਮਤ ਕਰਵਾਉਣ ਦੀ ਤਜਵੀਜ਼ ਹੈ। ਇਸ ਪੁਲ ਦੀ ਜਗ੍ਹਾ ਤੇ ਨਵਾਂ ਪੁਲ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਸੁਖਜੀਤ ਸਿੰਘ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਉਥੇ ਵਾਹਨਾਂ ਦੀ ਆਵਾਜਾਈ ਨਹੀਂ ਹੈ। ਅਸੀਂ ਕਹਿੰਦੇ ਹਾਂ ਕਿ ਚਲੋ ਰੇਲਿੰਗ ਹੀ ਬਣ ਜਾਵੇ। ਮੈਂ ਇਨ੍ਹਾਂ ਦੀ ਗੱਲ ਨਾਲ

ਸਹਿਮਤ ਹਾਂ ਪਰ ਪੁਲ ਉੱਤੇ ਵਾਹਨਾਂ ਦੀ ਆਵਾਜਾਈ ਬਹੁਤ ਹੈ। ਉਸ ਪੁਲ ਉੱਪਰੋਂ 50-60 ਪਿੰਡਾਂ ਦਾ ਲਾਂਘਾ ਹੈ। ਕਮਾਲਕੇ, ਮੰਜ਼ਿਲੀ, ਅੰਮੀਆਣਾ, ਬੀਆਪੁਰ ਆਦਿ ਕਿੰਨੇ ਹੀ ਪਿੰਡ ਹਨ, ਹੋਰ ਕਿਹੜੇ-ਕਿਹੜੇ ਪਿੰਡਾਂ ਬਾਰੇ ਦੱਸੀਏ। 50-60 ਪਿੰਡਾਂ ਦਾ ਲਾਂਘਾ ਹੈ, ਜਿਹੜਾ ਕਿ ਸ਼ੇਰੇਵਾਲ ਤੋਂ ਹੋ ਕੇ ਮੱਖੂ, ਜੋਗੇਆਲਾ ਆਦਿ ਤੋਂ ਸ੍ਰੀ ਦਰਬਾਰ ਸਾਹਿਬ ਨੂੰ ਜਾਣ ਵਾਲਾ ਇਹ ਰਸਤਾ ਹੈ। ਬਹੁਤ ਜ਼ਿਆਦਾ ਆਵਾਜਾਈ ਹੈ, ਆਵਾਜਾਈ ਵਾਲੀ ਕੋਈ ਕਸਰ ਬਾਕੀ ਨਹੀਂ ਹੈ। ਮੈਂ ਮੰਤਰੀ ਸਾਹਿਬ ਦੀ ਗੱਲ ਨਾਲ ਸਹਿਮਤ ਹਾਂ ਕਿ ਰੇਲਿੰਗ ਦੀ ਮੁਰੰਮਤ ਹੋ ਜਾਵੇਗੀ, ਜੇਕਰ ਅਜਿਹਾ ਹੁੰਦਾ ਹੈ ਤਾਂ ਗੱਡੀਆਂ ਡਿੱਗਣ ਤੋਂ ਬਚ ਜਾਣਗੀਆਂ।

**ਮੰਤਰੀ :** ਸਪੀਕਰ ਸਾਹਿਬ, ਸ਼ਾਇਦ ਮੈਂਬਰ ਸਾਹਿਬ ਨੇ ਧਿਆਨ ਨਾਲ ਸੁਣਿਆ ਨਹੀਂ ਹੈ। ਮੈਂ ਇਹ ਨਹੀਂ ਕਿਹਾ ਕਿ ਆਵਾਜਾਈ ਨਹੀਂ ਹੈ ਪਰ ਮੈਂ ਇਹ ਕਿਹਾ ਹੈ ਕਿ ਆਵਾਜਾਈ ਵਿੱਚ ਕੋਈ ਦਿੱਕਤ ਨਹੀਂ ਹੈ। ਇਸ ਕਰਕੇ ਸ਼ਾਇਦ ਇਨ੍ਹਾਂ ਨੂੰ ਪਤਾ ਨਹੀਂ ਲੱਗਾ। ਦੂਜਾ, ਰੇਲਿੰਗ ਜ਼ਰੂਰ ਟੁੱਟੀ ਹੋਈ ਹੈ, ਉਸ ਨੂੰ ਜਲਦੀ ਤੋਂ ਜਲਦੀ ਜ਼ਰੂਰ ਬਣਾ ਦਿਆਂਗੇ।

**ਮਾਨਯੋਗ ਸਪੀਕਰ :** ਰੇਲਿੰਗ ਬਣ ਜਾਏਗੀ ਜੀ। ਹਾਂ ਜੀ, ਕੁਲਬੀਰ ਸਿੰਘ ਜੀ।

**ਸਰਦਾਰ ਕੁਲਬੀਰ ਸਿੰਘ :** ਸਪੀਕਰ ਸਾਹਿਬ, ਜਿਵੇਂ ਪੁਲਾਂ ਦੀ ਗੱਲ ਹੋਈ ਹੈ, ਮੈਂ ਪਿਛਲੀ ਵਾਰੀ ਵੀ ਮੰਤਰੀ ਸਾਹਿਬ ਨੂੰ ਇੱਕ ਸਵਾਲ ਲਗਾਇਆ ਸੀ ਕਿ ਜਿਹੜਾ ਪੁਲ ਅੱਠ ਸਾਲ ਤੋਂ ਰਾਜਸਥਾਨ ਫੀਡਰ ਨਹਿਰ ਦੇ ਉੱਪਰ ਹੈ, ਜੋ ਕਿ ਮੇਰੇ ਹਲਕੇ ਦੇ ਵਿੱਚ ਇੱਕ ਪਿੰਡ ਕੀਮੇਆਲੀ ਵਿਖੇ ਪੈਂਦਾ ਹੈ, ਉੱਥੇ ਆਵਾਜਾਈ ਬਿਲਕੁਲ ਠੱਪ ਹੈ। ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਇਹ ਪੁਲ ਹੈ, ਕੀ ਐਤਕੀਂ ਇਸ ਬਜਟ ਵਿੱਚ ਬਣ ਜਾਵੇਗਾ ਜਾਂ ਨਹੀਂ ਜੀ?

**ਮਾਨਯੋਗ ਸਪੀਕਰ :** ਇਹ ਵੱਖਰਾ ਸਵਾਲ ਬਣਦਾ ਹੈ ਜੀ।

**ਸਰਦਾਰ ਕੁਲਬੀਰ ਸਿੰਘ :** ਮੰਤਰੀ ਜੀ ਨੂੰ ਜਵਾਬ ਤਾਂ ਦੇ ਦੇਣ ਦਿਓ ਜੀ।

**ਮਾਨਯੋਗ ਸਪੀਕਰ :** ਨਹੀਂ, ਦੇ ਨਹੀਂ ਸਕਦੇ। ਅਗਲਾ ਸਵਾਲ, ਮਦਨ ਲਾਲ ਜਲਾਲਪੁਰ ਜੀ।

-----------

## ਸਿਵਲ ਹਸਪਤਾਲ, ਘਨੌਰ ਨੂੰ ਅਪਗਰੇਡ ਕਰਨਾ

***2517. ਠੇਕੇਦਾਰ ਮਦਨ ਲਾਲ ਜਲਾਲਪੁਰ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਬਜਟ 2018-19 ਵਿੱਚ ਐਲਾਨੇ ਗਏ ਸਿਵਲ ਹਸਪਤਾਲ, ਘਨੌਰ ਨੂੰ ਅਪਗਰੇਡ ਕਰਨ ਦਾ ਕੰਮ ਕਦੋਂ ਸ਼ੁਰੂ ਕੀਤਾ ਜਾਵੇਗਾ?

**ਸਰਦਾਰ ਬਲਬੀਰ ਸਿੰਘ ਸਿੱਧੂ :** ਸ਼੍ਰੀਮਾਨ ਜੀ, ਇਹ ਗੱਲ ਬਿਲਕੁਲ ਦਰੁਸਤ ਹੈ ਕਿ ਇਸ ਦੀ ਅਪਗਰੇਡੇਸ਼ਨ ਹੋਣੀ ਹੈ। ਵਿੱਤ ਵਿਭਾਗ ਵੱਲੋਂ ਫੰਡ ਜਾਰੀ ਹੋਣ ਉਪਰੰਤ ਸਿਵਲ ਹਸਪਤਾਲ, ਘਨੌਰ ਨੂੰ ਅਪਗਰੇਡ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ।

**ਠੇਕੇਦਾਰ ਮਦਨ ਲਾਲ ਜਲਾਲਪੁਰ:** ਸਪੀਕਰ ਸਾਹਿਬ, ਮਾਨਯੋਗ ਮੰਤਰੀ ਜੀ ਨੇ ਜਵਾਬ ਵਿੱਚ ਕਿਹਾ ਹੈ ਕਿ ਵਿੱਤ ਵਿਭਾਗ ਵੱਲੋਂ ਫੰਡ ਜਾਰੀ ਹੋਣ ਉਪਰੰਤ ਸਿਵਲ ਹਸਪਤਾਲ, ਘਨੌਰ ਨੂੰ ਅਪਗਰੇਡ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ ਪਰ ਜਦੋਂ ਸਾਲ 2018-19 ਦਾ ਬਜਟ ਪੇਸ਼ ਹੋਇਆ ਸੀ, 24 ਤਰੀਕ ਨੂੰ ਪੈਰਾ ਨੰ. 125 ਵਿੱਚ ਕਿਹਾ ਸੀ ਕਿ ਸਰਕਾਰ ਵੱਲੋਂ ਲੁਧਿਆਣਾ, ਦੋਰਾਹਾ ਅਤੇ ਪਟਿਆਲਾ ਦੇ ਘਨੌਰ ਵਿਖੇ ਨਵੇਂ ਹਸਪਤਾਲ ਬਣਾਏ ਜਾਣਗੇ। ਸਿਵਲ ਹਸਪਤਾਲ, ਬਠਿੰਡਾ ਦਾ ਨਵੀਨੀਕਰਨ ਕੀਤਾ ਜਾਵੇਗਾ। ਸੜਕ ਹਾਦਸਿਆਂ ਦੇ ਸ਼ਿਕਾਰ ਵਿਅਕਤੀ ਨੂੰ ਤੁਰੰਤ ਧਿਆਨ ਦੇ ਕੇ ਅਸੀਂ ਮਹੱਤਵਪੂਰਨ ਰਾਜ ਮਾਰਗਾਂ ਤੇ ਟਰਾਮਾ ਸੈਂਟਰ ਬਣਾਉਣ ਲਈ 20 ਕਰੋੜ ਰੱਖੇ ਹਨ ਪਰੰਤੂ ਦੋ ਸਾਲ ਹੋ ਗਏ ਹਨ, ਅਜੇ ਤੱਕ ਮਹਿਕਮੇ ਨੇ ਉਸ ਦਾ ਕੋਈ ਕਾਗਜ਼ ਤਿਆਰ ਨਹੀਂ ਕੀਤਾ, ਕੋਈ ਐਸਟੀਮੇਟ ਨਹੀਂ ਬਣਾਇਆ। ਇਨ੍ਹਾਂ ਤੋਂ ਕੋਈ ਨਕਸ਼ੇ ਪਾਸ ਨਹੀਂ ਹੋਏ, ਕੋਈ ਟੈਂਡਰ ਨਹੀਂ ਲਗਾਏ ਗਏ। ਫੇਰ ਪੈਸਾ ਕਦੋਂ ਮਿਲੇਗਾ? ਜੇਕਰ ਅਸੀਂ ਵਿੱਤ ਵਿਭਾਗ ਤੋਂ ਪੈਸਾ ਮੰਗਾਂਗੇ ਤਾਂ ਹੀ ਪੈਸਾ ਮਿਲੇਗਾ। ਸਰ, ਕੀ ਆਪਣੀ ਨਾਕਾਮੀ ਦੂਜੇ ਮਹਿਕਮੇ ਉੱਤੇ ਸੁੱਟਣਾ ਠੀਕ ਹੈ? ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਤੁਸੀਂ ਨਕਸ਼ੇ ਪਾਸ ਕਰਵਾ ਲਏ ਹਨ, ਕੀ ਟੈਂਡਰ ਲਗਾ ਲਏ ਹਨ? ਕੀ ਤੁਸੀਂ ਵਿੱਤ ਵਿਭਾਗ ਤੋਂ ਪੈਸੇ ਮੰਗੇ ਹਨ? ਮੈਂ ਪੁੱਛਣਾ ਚਾਹੁੰਦਾ ਹਾਂ ਕਿ ਘਨੌਰ ਹਸਪਤਾਲ ਦਾ ਕੰਮ ਕਦੋਂ ਸ਼ੁਰੂ ਕਰਵਾਇਆ ਜਾਵੇਗਾ ਅਤੇ ਕਿੰਨੇ ਦਿਨਾਂ ਵਿੱਚ ਕਰਵਾਇਆ ਜਾਵੇਗਾ? ਸਪੀਕਰ ਸਾਹਿਬ, ਦੋ ਸਾਲ ਪਹਿਲਾਂ ਹੀ ਲੰਘ ਗਏ ਹਨ।

**ਮੰਤਰੀ :** ਸਪੀਕਰ ਸਾਹਿਬ, ਸਾਡੇ ਐਮ.ਐਲ.ਏ. ਸਾਹਿਬ ਬਹੁਤ ਕੰਮ ਕਰਨ ਵਾਲੇ ਹਨ ਪਰ ਮੇਰੇ ਕੋਲ ਇਹ ਮਹਿਕਮਾ ਹੁਣੇ ਹੀ ਆਇਆ ਹੈ। ਪਹਿਲਾਂ ਇਸ ਮਹਿਕਮੇ ਤੇ ਇਨ੍ਹਾਂ ਦੇ ਜ਼ਿਲ੍ਹੇ ਦੇ ਵਜ਼ੀਰ ਸਾਹਿਬ ਬੈਠੇ ਸਨ।

**ਮਾਨਯੋਗ ਸਪੀਕਰ :** ਪਹਿਲਾਂ ਮਹਿਕਮਾ ਘਰ ਵਿੱਚ ਹੀ ਸੀ। (ਹਾਸਾ)

**ਮੰਤਰੀ :** ਹਾਂ ਜੀ, ਪਹਿਲਾਂ ਘਰ ਵਿੱਚ ਹੀ ਸੀ, ਉਦੋਂ ਬੋਲੇ ਨਹੀਂ (ਹਾਸਾ)। ਇਸ ਦਾ 14 ਕਰੋੜ ਰੁਪਏ ਦਾ ਬਜਟ ਸੀ, ਜਦੋਂ ਸਾਨੂੰ ਪੈਸੇ ਮਿਲ ਜਾਣਗੇ ਤਾਂ 12 ਮਹੀਨਿਆਂ ਵਿੱਚ ਹਸਪਤਾਲ ਤਿਆਰ ਕਰਵਾ ਦਿਆਂਗੇ ਜੀ।

**ਠੇਕੇਦਾਰ ਮਦਨ ਲਾਲ ਜਲਾਲਪੁਰ :** ਸਰ, ਧੰਨਵਾਦ ਜੀ, ਹੁਣ ਟੈਂਡਰ ਲਗਾ ਕੇ, ਨੀਂਹ ਪੱਥਰ ਰੱਖ ਦਿਓ ਜੀ।

**ਸਰਦਾਰ ਜਗਦੇਵ ਸਿੰਘ :** ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਜੀ। ਮੈਂ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਮੌੜ ਸਬ-ਡਵੀਜ਼ਨ ਬਣੀ ਨੂੰ ਛੇ ਸਾਲ ਹੋ ਗਏ ਹਨ। ਦੋ ਵਾਰ ਪਰਪੋਜ਼ਲ ਵੀ ਭੇਜ ਚੁੱਕੇ ਹਾਂ ਪਰ ਜਿਹੜਾ ਸਾਡਾ ਇੱਕੋ-ਇੱਕ ਮੌੜ ਮੰਡੀ ਵਿੱਚ ਹਸਪਤਾਲ ਹੈ, ਉਸ ਨੂੰ ਕਦੋਂ ਤੱਕ ਸਬ-ਡਵੀਜ਼ਨ ਪੱਧਰ ਤੱਕ ਦਾ ਕੀਤਾ ਜਾਵੇਗਾ?

**ਮਾਨਯੋਗ ਸਪੀਕਰ :** ਇਹ ਵੱਖਰਾ ਸਵਾਲ ਬਣਦਾ ਹੈ।

**ਸਰਦਾਰ ਜਗਦੇਵ ਸਿੰਘ :** ਸਰ, ਮੰਤਰੀ ਜੀ ਜਵਾਬ ਦੇਣ ਨੂੰ ਤਿਆਰ ਬੈਠੇ ਹਨ।

**ਮਾਨਯੋਗ ਸਪੀਕਰ :** ਠੀਕ ਹੈ, ਜਵਾਬ ਦੇ ਦਿਓ ਜੀ। ਇਹ ਮੌੜ ਮੰਡੀ ਨਾਲ ਤਾਅੱਲਕ ਰੱਖਦਾ ਹੈ।

**ਮੰਤਰੀ :** ਸਪੀਕਰ ਸਾਹਿਬ, ਜਿਹੜੀ ਇਹ ਮਿਹਰਬਾਨੀ ਪਹਿਲਾਂ ਵਾਲਿਆਂ ਦੀ ਹੋਈ ਹੈ (ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ ਕਰਦੇ ਹੋਏ) ਜਿਹੜਾ ਮੌੜ ਮੰਡੀ ਸੀ, ਉਹ ਸਬ-ਡਵੀਜ਼ਨ ਸੀ, ਉਹ ਸਬ-ਡਵੀਜ਼ਨ ਨੂੰ ਚੁੱਕ ਕੇ ਤਲਵੰਡੀ ਸਾਬੋ ਲੈ ਗਏ। ਉਸ ਹਸਪਤਾਲ ਦਾ ਦਰਜਾ ਘਟਾ ਦਿੱਤਾ। ਸ਼ਾਇਦ ਇਨ੍ਹਾਂ ਨੂੰ ਨਾ ਪਤਾ ਹੋਵੇ, ਮੇਰਾ ਇਲਾਕਾ ਹੈ ਅਤੇ ਮੈਂ ਯਤਨਸ਼ੀਲ ਹਾਂ, ਜਲਦੀ ਤੋਂ ਜਲਦੀ ਉਸ ਨੂੰ ਪੂਰਾ ਅਪਗਰੇਡ ਕਰਕੇ ਸਬ-ਡਵੀਜ਼ਨ ਲਗਾ ਦਿਆਂਗੇ। ਇਹ ਚਿੰਤਾ ਨਾ ਕਰਨ।

----------

## ਬਲਾਚੌਰ ਦੇ ਬੇਟ ਏਰੀਏ ਦੇ ਸਕੂਲਾਂ ਨੂੰ ਅਪਗਰੇਡ ਕਰਨਾ

***2461. ਸ਼੍ਰੀ ਦਰਸ਼ਨ ਲਾਲ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬਲਾਚੌਰ ਤਹਿਸੀਲ ਦਾ ਬੇਟ ਏਰੀਏ ਦਾ ਰਕਬਾ 35 ਕਿਲੋਮੀਟਰ ਲੰਬੀ ਪੱਟੀ ਵਿੱਚ ਫੈਲਿਆ ਹੋਇਆ ਹੈ ਜਿਸ ਵਿੱਚ ਇੱਕ ਵੀ ਸੀਨੀਅਰ ਸੈਕੰਡਰੀ ਸਕੂਲ ਨਹੀਂ ਹੈ; ਜੇਕਰ ਅਜਿਹਾ ਹੋਵੇ ਤਾਂ ਇਸ 35 ਕਿਲੋਮੀਟਰ ਦੀ ਪੱਟੀ ਵਿੱਚ ਫੈਲੇ ਇਲਾਕੇ ਦੇ ਮੁੱਤੋ, ਸਿੰਬਲ ਮਾਜਰਾ, ਗਰਲੋਂ ਬੇਟ, ਮਹਿਤਪੁਰ ਅਤੇ ਚੰਨਿਆਣੀ ਖੁਰਦ ਦੇ ਸਰਕਾਰੀ ਹਾਈ ਸਕੂਲ ਜੋ ਕਿ ਸੀਨੀਅਰ ਸੈਕੰਡਰੀ ਪੱਧਰ ਤੇ ਅਪਗਰੇਡ ਹੋਣ ਦੀਆਂ ਸ਼ਰਤਾਂ ਪੂਰੀਆਂ ਕਰਦੇ ਹਨ, ਨੂੰ ਸੀਨੀਅਰ ਸੈਕੰਡਰੀ ਪੱਧਰ ਤੇ ਕਦੋਂ ਤੱਕ ਅਪਗਰੇਡ ਕਰ ਦਿੱਤਾ ਜਾਵੇਗਾ?

**ਸ਼੍ਰੀ ਵਿਜੈ ਇੰਦਰ ਸਿੰਗਲਾ :** ਹਾਂ ਜੀ, ਸਰਕਾਰੀ ਹਾਈ ਸਕੂਲ, ਮੁੱਤੋ, ਸਿੰਬਲ ਮਾਜਰਾ, ਗਰਲੋਂ ਬੇਟ, ਮਹਿਤਪੁਰ ਅਤੇ ਸਰਕਾਰੀ ਹਾਈ ਸਕੂਲ, ਚੰਨਿਆਣੀ ਖੁਰਦ ਵਿਭਾਗ ਦੀ ਅਪਗਰੇਡੇਸ਼ਨ ਪਾਲਿਸੀ ਮਿਤੀ 23.04.2018 ਅਨੁਸਾਰ ਸਰਕਾਰੀ ਸੀਨੀਅਰ ਸੈਕੰਡਰੀ ਪੱਧਰ ਤੱਕ ਅਪਗਰੇਡ ਕਰਨ ਲਈ ਸ਼ਰਤਾਂ ਪੂਰੀਆਂ ਨਹੀਂ ਕਰਦੇ।

**ਸ਼੍ਰੀ ਦਰਸ਼ਨ ਲਾਲ:** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਸਿੱਖਿਆ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ 35 ਕਿਲੋਮੀਟਰ ਏਰੀਏ ਦੇ ਵਿੱਚ, ਜੋ ਕਿ ਬੇਟ ਦਾ ਏ ਰੀਆ ਹੈ, ਉਸ ਵਿੱਚ ਕੋਈ ਵੀ ਸੀਨੀਅਰ ਸੈਕੰਡਰੀ ਸਕੂਲ ਨਹੀਂ ਹੈ। ਸਾਡੀ ਸਰਕਾਰ ਦਾ ਏਜੰਡਾ ਇਹ ਸੀ ਕਿ ਲੜਕੀਆਂ ਨੂੰ ਐਜੂਕੇਸ਼ਨ ਦੇਣੀ ਹੈ ਪਰ ਲੜਕੀਆਂ 10ਵੀਂ ਪਾਸ ਕਰਕੇ ਪੜ੍ਹਾਈ ਤੋਂ ਵਾਂਝੀਆਂ ਰਹਿ ਜਾਂਦੀਆਂ ਹਨ, ਇਹ ਬਹੁਤ ਮੁਸ਼ਕਿਲ ਹੈ। ਇਸ ਬਾਰੇ ਜ਼ਰੂਰ ਗੌਰ ਕੀਤੀ ਜਾਵੇ ਅਤੇ ਵਿਸ਼ਵਾਸ ਦਿਵਾਇਆ ਜਾਵੇ।

**ਮਾਨਯੋਗ ਸਪੀਕਰ :** ਵਜ਼ੀਰ ਸਾਹਿਬ, ਗੌਰ ਕਰੋ।

**ਮੰਤਰੀ :** ਸਪੀਕਰ ਸਾਹਿਬ, ਮੈਂਬਰ ਸਾਹਿਬ ਦੀ ਜਿਹੜੀ ਗੱਲ ਆਈ ਹੈ, ਇਹ ਜੈਨੂਅਨ ਗੱਲ ਹੈ। ਸਕੂਲਾਂ ਦੀ ਅਪਗ੍ਰੇਡੇਸ਼ਨ ਦੀ ਪਾਲਿਸੀ ਨੂੰ ਲੈ ਕੇ ਆਉਣ ਵਾਲੇ ਸਮੇਂ ਵਿੱਚ ਸਰਕਾਰ ਦੀ ਸੋਚ ਨੂੰ ਸਾਰੇ ਹਾਊਸ ਦੇ ਧਿਆਨ ਵਿੱਚ ਲਿਆਂਦਾ ਗਿਆ ਸੀ। ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਪਾਲਿਸੀ ਨੂੰ ਵੀ ਅਮੈਂਡ ਕਰਾਂਗੇ ਕਿਉਂਕਿ ਜੇਕਰ ਸਕੂਲ ਅਪਗ੍ਰੇਡ ਕਰਨੇ ਹਨ ਉੱਨੇ ਅਧਿਆਪਕਾਂ ਦੀ ਭਰਤੀ ਹੋਣੀ ਵੀ ਜ਼ਰੂਰੀ ਹੈ, ਨਹੀਂ ਤਾਂ ਰਾਜਨੀਤਿਕ ਗੱਲ ਹੀ ਰਹਿ ਜਾਂਦੀ ਹੈ ਕਿਉਂਕਿ ਅਨਾਊਂਸਮੈਂਟ

ਹੋ ਜਾਂਦੀ ਹੈ ਪਰ ਐਕਚੁਅਲ ਵਿੱਚ ਸਕੂਲ ਅਪਗ੍ਰੇਡ ਨਹੀਂ ਹੁੰਦੇ। ਸੋ, ਜਿਹੜੀ ਮੈਂਬਰ ਸਾਹਿਬ ਨੇ ਗੱਲ ਰੱਖੀ ਹੈ, ਇਨ੍ਹਾਂ ਦੇ ਸਕੂਲਜ਼ ਕਰਾਈਟੇਰੀਏ ਵਿੱਚ ਫਿਟ ਹੋ ਜਾਣ ਤਾਂ ਜੋ ਸਾਰੇ ਬੱਚਿਆਂ ਨੂੰ ਫਾਇਦਾ ਹੋ ਸਕੇ, we will keep it in mind.

**Mr. Speaker :** Thank you, thank you. ਹਾਂ ਜੀ, ਚੌਧਰੀ ਸਾਹਿਬ।

**ਸ਼੍ਰੀ ਦਰਸ਼ਨ ਲਾਲ:** ਸਪੀਕਰ ਸਾਹਿਬ, ਮੈਂ ਫਿਰ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਜਿਹੜਾ ਮੈਂ 35 ਕਿਲੋਮੀਟਰ ਦਾ ਏਰੀਆ ਦੱਸਿਆ ਹੈ ਜਿਸ ਕਰਕੇ ਲੜਕੀਆਂ ਪੜ੍ਹਾਈ ਤੋਂ ਵਾਂਝੀਆਂ ਰਹਿ ਜਾਂਦੀਆਂ ਹਨ। ਖਾਸ ਤੌਰ ਤੇ ਜਿਹੜੀਆਂ ਲੜਕੀਆਂ 10 ਵੀਂ ਤੋਂ ਬਾਅਦ +2 ਕਰਦੀਆਂ ਹਨ, ਕਿਉਂਕਿ ਸਾਡੀ ਸਰਕਾਰ ਨੇ 10ਵੀਂ ਅਤੇ 12ਵੀਂ ਤੱਕ ਤਾਂ ਫਰੀ ਐਜੂਕੇਸ਼ਨ ਦਿੱਤੀ ਹੈ।

**ਮਾਨਯੋਗ ਸਪੀਕਰ :** ਚੌਧਰੀ ਸਾਹਿਬ, ਵਜ਼ੀਰ ਸਾਹਿਬ ਨੇ ਸਹਿਮਤੀ ਜ਼ਾਹਿਰ ਕਰ ਦਿੱਤੀ ਹੈ ਕਿ ਜੋ ਤੁਸੀਂ ਕਿਹਾ ਹੈ, ਉਹ ਬਿਲਕੁਲ ਠੀਕ ਹੈ ਕਿ ਜਿਸ ਦਿਨ ਸਕੂਲ ਅਪਗ੍ਰੇਡ ਕਰਨੇ ਹਨ, ਉਸ ਦਿਨ ਤੁਹਾਡੇ ਇਲਾਕੇ ਨੂੰ ਵੀ ਪਹਿਲ ਦਿੱਤੀ ਜਾਵੇਗੀ।

**ਸ਼੍ਰੀ ਦਰਸ਼ਨ ਲਾਲ:** ਧੰਨਵਾਦ ਜੀ।

----------

**ਨਿਸ਼ਾਨ ਵਾਲਾ ਪ੍ਰਸ਼ਨ ਨੰ: 2573**

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਰਕੇ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

----------

**ਪਖਾਨਾ ਬਣਾਉਣ ਲਈ ਵਿੱਤੀ ਲਾਭ ਦੇਣਾ**

***2807. ਸ਼੍ਰੀ ਬੁੱਧ ਰਾਮ :** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਪੇਂਡੂ ਜਲ ਅਤੇ ਸੈਨੀਟੇਸ਼ਨ ਸੈਕਟਰ ਇੰਪਰੂਵਮੈਂਟ ਪ੍ਰਾਜੈਕਟ ਅਤੇ ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਦੀ ਸਾਂਝੀ ਸਕੀਮ ਤਹਿਤ ਪਖਾਨਾ (ਆਈ.ਐਚ.ਐਚ.ਐਲ.) ਬਣਾਉਣ ਵਾਸਤੇ ਵਿੱਤੀ ਲਾਭ ਲੈਣ ਹਿੱਤ ਬਿਨੈ-ਪੱਤਰ ਪਖਾਨਾ ਬਣਾਉਣ ਲਈ ਮਨਜ਼ੂਰ ਕੀਤੇ ਗਏ ਹਨ?

[ਸ਼੍ਰੀ ਬੁੱਧ ਰਾਮ]

(ਅ) ਜੇਕਰ ਅਜਿਹਾ ਹੈ ਤਾਂ ਹਲਕਾ ਬੁੱਢਲਾਡਾ ਦੇ ਪਿੰਡ ਰੱਲੀ ਅਤੇ ਬਾਕੀ ਹੋਰ ਪਿੰਡਾਂ ਵਿੱਚ ਜਿਨ੍ਹਾਂ ਲਾਭਪਾਤਰੀਆਂ ਨੂੰ ਪਖਾਨਾ ਬਣਾਉਣ ਦੀ ਮਨਜ਼ੂਰੀ ਦਿੱਤੀ ਗਈ ਹੈ, ਉਨ੍ਹਾਂ ਨੂੰ ਕਦੋਂ ਤੱਕ ਪਖਾਨਾ ਬਣਾਉਣ ਲਈ ਲਾਭ ਦਿੱਤਾ ਜਾਵੇਗਾ?

**ਸ਼੍ਰੀਮਤੀ ਰਜ਼ੀਆ ਸੁਲਤਾਨਾ :** (ੳ) ਹਾਂ ਜੀ।

(ਅ) ਹਲਕਾ ਬੁੱਢਲਾਡਾ ਦੇ ਪਿੰਡ ਰੱਲੀ ਵਿੱਚ 87 ਅਤੇ ਬਾਕੀ ਹੋਰ ਪਿੰਡਾਂ ਵਿੱਚ 6148 ਲਾਭਪਾਤਰੀ ਯੋਗ ਪਾਏ ਗਏ ਹਨ। ਇਨ੍ਹਾਂ ਲਾਭਪਾਤਰੀਆਂ ਨੂੰ ਦਿੱਤੀ ਜਾ ਚੁੱਕੀ ਵਿੱਤੀ ਸਹਾਇਤਾ ਦਾ ਵੇਰਵਾ ਅਨੁਲੱਗ 'ੳ' ਤੇ ਹੈ। ਲਾਭਪਾਤਰੀਆਂ ਦੀਆਂ ਰਹਿੰਦੀਆਂ ਕਿਸ਼ਤਾਂ ਵੀ ਉਨ੍ਹਾਂ ਵੱਲੋਂ ਕੰਮ ਦੀ ਸਟੇਜ ਮੁਕੰਮਲ ਕਰਨ ਤੇ ਬੈਂਕ ਖਾਤਿਆਂ ਵਿੱਚ ਤੁਰੰਤ ਟਰਾਂਸਫਰ ਕਰ ਦਿੱਤੀਆਂ ਜਾਣਗੀਆਂ।

## ਅਨੁਲੱਗ-ੳ

**ਹਲਕਾ ਬੁੱਢਲਾਡਾ ਦੇ ਪਿੰਡ ਰੱਲੀ ਅਤੇ ਹੋਰ ਪਿੰਡਾਂ ਵਿੱਚ ਪਖਾਨਿਆਂ ਦੀ ਉਸਾਰੀ ਲਈ ਵਿੱਤੀ ਸਹਾਇਤਾ ਦੇਣ ਦੀ ਤਾਜ਼ਾ ਸਥਿਤੀ ਹੇਠ ਅਨੁਸਾਰ ਹੈ**

| ਲਾਭਪਾਤਰੀ | ਤਿੰਨ ਕਿਸ਼ਤਾਂ (15,000/- ਰੁਪਏ) ਪ੍ਰਾਪਤ ਕਰ ਚੁੱਕੇ ਲਾਭਪਾਤਰੀ | ਦੋ ਕਿਸ਼ਤਾਂ (10,000/- ਰੁਪਏ) ਪ੍ਰਾਪਤ ਕਰ ਚੁੱਕੇ ਲਾਭਪਾਤਰੀ | ਇੱਕ ਕਿਸ਼ਤਾਂ (5,000/- ਰੁਪਏ) ਪ੍ਰਾਪਤ ਕਰ ਚੁੱਕੇ ਲਾਭਪਾਤਰੀ |
|---|---|---|---|
| **ਪਿੰਡ ਰੱਲੀ** | | | |
| 87 | 72 | 3 | 12 |
| **ਹਲਕਾ ਬੁੱਢਲਾਡਾ ਦੇ ਹੋਰ 83 ਪਿੰਡ** | | | |
| 6148 | 5040 | 581 | 527 |

**ਸ਼੍ਰੀ ਬੁੱਧ ਰਾਮ :** ਸਪੀਕਰ ਸਾਹਿਬ, ਇਨ੍ਹਾਂ ਦੇ ਡਿਪਾਰਟਮੈਂਟ ਦੇ ਅਫਸਰਾਂ ਵੱਲੋਂ ਜਿਹੜੇ ਅੰਕੜੇ ਜਾਰੀ ਕੀਤੇ ਗਏ ਹਨ, ਇੱਥੇ ਹਾਊਸ ਨੂੰ ਮਿਸਲੀਡ ਕੀਤਾ ਗਿਆ ਹੈ। ਮੈਂ ਰੱਲੀ ਪਿੰਡ ਗਿਆ ਸੀ। ਮੈਨੂੰ ਉੱਥੇ ਘੱਟੋ-ਘੱਟ 60-70 ਬੰਦੇ ਮਿਲੇ ਕਿ ਸਾਨੂੰ IHHL ਅਧੀਨ ਪਖਾਨੇ ਜਾਰੀ ਹੋ ਚੁੱਕੇ ਹਨ ਅਤੇ ਪਖਾਨਿਆਂ ਦੀ ਮਨਜ਼ੂਰੀ ਵੀ ਮਿਲ ਚੁੱਕੀ ਹੈ

ਪਰੰਤੂ ਸਾਨੂੰ ਹਾਲੇ ਤੱਕ ਪੈਸੇ ਜਾਰੀ ਨਹੀਂ ਕੀਤੇ ਗਏ। ਮੈਡਮ ਜਸਪ੍ਰੀਤ ਤਲਵਾੜ ਜੀ ਨੇ ਮੇਰੀ ਗੱਲ ਬਹੁਤ ਵਧੀਆ ਢੰਗ ਨਾਲ ਸੁਣੀ ਅਤੇ ਉਨ੍ਹਾਂ ਨੇ ਤੁਰੰਤ ਹੀ ਹੁਕਮ ਜਾਰੀ ਕਰ ਦਿੱਤਾ ਕਿ ਖਾਤੇ ਵਿੱਚ ਪੈਸੇ ਪਾ ਦੇਵੋ। ਪਿੰਡ ਦੇ ਸਰਪੰਚ ਦੀ ਮੋਹਰ ਬਣੀ ਹੁੰਦੀ ਹੈ ਜਦੋਂ ਸੈਨੀਟੇਸ਼ਨ ਦੇ ਐਸ.ਡੀ.ਓ. ਉਹ ਮੋਹਰ ਲਗਵਾਉਣ ਗਏ ਤਾਂ ਸਰਪੰਚ ਨੇ ਜਵਾਬ ਦਿੱਤਾ ਕਿ ਮੇਰੀ ਬੇਇੱਜ਼ਤੀ ਹੋ ਗਈ ਕਿਉਂਕਿ ਜਿਨ੍ਹਾਂ ਨੇ ਮੈਨੂੰ ਵੋਟ ਨਹੀਂ ਪਾਈ ਉਨ੍ਹਾਂ ਦੇ ਪੈਸੇ ਜਾਰੀ ਹੋ ਗਏ। ਸਪੀਕਰ ਸਾਹਿਬ, ਉਨ੍ਹਾਂ ਨੇ ਅੱਜ ਤੱਕ ਵੀ ਮੋਹਰ ਨਹੀਂ ਲਗਾਈ। ਪੈਸੇ ਵੀ ਨਹੀਂ ਪਏ। ਇਹ ਬਿਲਕੁਲ ਗਲਤ ਹੈ। ਮੈਂ ਤੁਹਾਨੂੰ 12 ਪਿੰਡਾਂ ਦੀ ਲਿਸਟ ਦੇ ਦਿੰਦਾ ਹਾਂ। ਜਿਹੜੇ ਕਹਿੰਦੇ ਹਨ ਕਿ ਹਲਕਾ ਬੁੱਢਲਾਡਾ ਦੇ 83 ਪਿੰਡ ਹੋਰ ਹਨ। ਜਿੱਥੇ 6148 ਲਾਭਪਾਤਰੀ ਹਨ ਜਿਨ੍ਹਾਂ ਵਿੱਚੋਂ 5040 ਨੂੰ ਤਿੰਨ ਕਿਸ਼ਤਾਂ ਜਾਰੀ ਕਰ ਚੁੱਕੇ ਹਨ। ਇੱਕ ਅਹਿਮਦਪੁਰ ਪਿੰਡ ਵੀ ਹੈ। ਉੱਥੇ ਇੱਕ ਵੀ ਕਿਸ਼ਤ ਜਾਰੀ ਨਹੀਂ ਕੀਤੀ। ਰੱਲੀ ਪਿੰਡ ਦੀ ਹਾਲੇ ਇੱਕ ਵੀ ਕਿਸ਼ਤ ਜਾਰੀ ਨਹੀਂ ਕੀਤੀ ਗਈ। ਮੈਂ ਨਾਲ ਦੀ ਨਾਲ ADC ਵਿਕਾਸ ਅਤੇ BDPO ਨੂੰ ਵੀ ਕਿਹਾ ਸੀ ਕਿ ਤੁਹਾਡੇ ਪਿੰਡ ਦੇ ਸਰਪੰਚ ਜੇਕਰ ਮੋਹਰ ਨਹੀਂ ਲਗਾ ਕੇ ਦਿੰਦੇ ਤਾਂ ਇਹ ਬਹੁਤ ਮਾੜੀ ਗੱਲ ਹੈ। ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਨੂੰ ਇਹੀ ਬੇਨਤੀ ਕਰਦਾ ਹਾਂ ਕਿ ਤੁਸੀਂ ਪਿੰਡਾਂ ਦੇ ਸਰਪੰਚਾਂ ਵੱਲ ਵੀ ਧਿਆਨ ਦੇਵੋ ਕਿ ਲਾਭਪਾਤਰੀਆਂ ਨੂੰ ਜਿਹੜਾ ਲਾਭ ਮਿਲਦਾ ਹੈ ਉਸ ਤੇ ਮੋਹਰ ਨਾ ਲਗਾ ਕੇ ਇਹ ਸਹੀ ਕੰਮ ਨਹੀਂ ਕਰਦੇ।

**ਮਾਨਯੋਗ ਸਪੀਕਰ :** ਬੈਠੋ, ਬੈਠੋ, ਬੈਠੋ।ਬੁੱਧ ਰਾਮ ਜੀ, ਬੈਠੋ। ਰਜ਼ੀਆ ਜੀ, ਸਰਪੰਚ ਮੋਹਰ ਨਾ ਲਗਾਵੇ ਤਾਂ ਬੈਨੀਫਿਸ਼ਰੀ ਨੂੰ ਫਿਰ ਕਿਵੇਂ ਬੈਨੀਫਿਟ ਮਿਲੇ?

**ਮੰਤਰੀ :** ਫਿਰ ਅਸੀਂ ਪਿੰਡ ਵਿੱਚ ਆਪਣਾ ਅਫਸਰ ਭੇਜ ਕੇ ਇਨਕੁਆਰੀ ਵੀ ਕਰਵਾ ਲੈਂਦੇ ਹਾਂ। ਅਗਰ ਉਹ ਫਿਰ ਵੀ ਰਹਿੰਦੇ ਹਨ ਤਾਂ ਮਹਾਤਮਾ ਗਾਂਧੀ ਸਰਬੱਤ ਵਿਕਾਸ ਯੋਜਨਾ ਦੇ ਤਹਿਤ ਜਿਹੜੇ ਕੈਂਪ ਲੱਗਦੇ ਹਨ, ਜਿਨ੍ਹਾਂ ਨੂੰ ਟਾਇਲਟ ਨਹੀਂ ਮਿਲੇ, ਉਨ੍ਹਾਂ ਦੇ ਵਿੱਚ ਵੀ ਉਹ ਅਪਲਾਈ ਕਰ ਸਕਦੇ ਹਨ। (ਵਿਘਨ)

**ਮਾਨਯੋਗ ਸਪੀਕਰ :** ਬੁੱਧ ਰਾਮ ਜੀ, ਤੁਸੀਂ ਇੱਕ ਮਿੰਟ ਸੁਣੋ ਤਾਂ ਸਹੀ। ਮੈਂ ਤੁਹਾਡੀ ਹੀ ਗੱਲ ਕਰ ਰਿਹਾ ਹਾਂ। ਇੱਕ ਤਾਂ ਰੱਲੀ ਪਿੰਡ ਵਗੈਰਾ ਜਿਹੜੇ ਵੀ ਪਿੰਡਾਂ ਦਾ ਜ਼ਿਕਰ ਕੀਤਾ ਹੈ ਇਹ ਕਹਿੰਦੇ ਹਨ ਕਿ ਤੁਸੀਂ ਆਪਣਾ ਕੰਮ ਕਰ ਦਿੱਤਾ, ਮਹਿਕਮੇ ਨੇ ਆਪਣਾ ਕੰਮ ਕਰ ਦਿੱਤਾ ਪਰ ਪਿੰਡਾਂ ਦੀ ਪਾਰਟੀਬਾਜ਼ੀ ਕਰਕੇ ਸਰਪੰਚ ਨੇ ਮੋਹਰ ਨਹੀਂ ਲਗਾਈ, ਤੁਸੀਂ ਉਨ੍ਹਾਂ ਪਿੰਡਾਂ ਦਾ ਹੱਲ ਤੁਰੰਤ ਕਰਵਾ ਦਿਓ।ਇਹ ਕੈਂਪ ਕਦੋਂ ਲੱਗਦੇ ਹਨ ਅਤੇ ਕਿੰਨਾ ਕੁ ਚਿਰ ਇੰਤਜ਼ਾਰ ਕਰਨਾ ਪਵੇਗਾ?

**ਮੰਤਰੀ :** ਠੀਕ ਹੈ ਜੀ। ਕੋਈ ਨਾ ਕੋਈ ਤਰੀਕਾ ਲੱਭ ਕੇ ਆਪਾਂ ਉਨ੍ਹਾਂ ਦਾ ਹੱਲ ਕਰਵਾ ਦੇਵਾਂਗੇ।

**ਸ਼੍ਰੀ ਬੁੱਧ ਰਾਮ :** ਸਰ, ਇੱਕ ਮਿੰਟ ਜੀ, ਮੇਰੀ ਗੱਲ ਸੁਣੋ।

**ਮਾਨਯੋਗ ਸਪੀਕਰ :** ਹਾਂ ਜੀ, ਦੱਸੋ।

**ਸ਼੍ਰੀ ਬੁੱਧ ਰਾਮ :** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਬਹੁਤ ਪਿੰਡ ਰਹਿ ਗਏ ਹਨ, ਜਿਨ੍ਹਾਂ ਦੀ ਗਲਤ ਇਨਫਰਮੇਸ਼ਨ ਦਿੱਤੀ ਗਈ ਹੈ। ਬਹੁਤ ਪਿੰਡਾਂ ਦੀਆਂ ਕਿਸ਼ਤਾਂ ਨਹੀਂ ਪਈਆਂ ਹਨ। ਇਨ੍ਹਾਂ ਦੀ ਦੁਬਾਰਾ ਇਨਵੈਸਟੀਗੇਸ਼ਨ ਕਰਵਾ ਲਵੋ। ਜਿਹੜੇ SDO ਅਤੇ JE ਬੈਠੇ ਹਨ, ਜਿਨ੍ਹਾਂ ਨੂੰ ਅਸੀਂ ਤਨਖਾਹ ਦਿੰਦੇ ਹਾਂ, ਜਿਹੜੇ ਬੁਢਲਾਡਾ ਹਲਕੇ ਦੇ ਪਿੰਡ ਰਹਿ ਗਏ ਹਨ, ਉਹ ਕਿੰਨੇ ਪਿੰਡ ਰਹਿ ਗਏ ਹਨ ਕਿਰਪਾ ਕਰਕੇ ਇਸ ਸਭ ਦੀ ਦੁਬਾਰਾ ਇਨਵੈਸਟੀਗੇਸ਼ਨ ਕਰਵਾਈ ਜਾਵੇ।

**Mr. Speaker :** Thank you, thank you.

**ਸਰਦਾਰ ਜੈ ਕ੍ਰਿਸ਼ਨ ਸਿੰਘ :** ਸਪੀਕਰ ਸਾਹਿਬ, ਇੱਕ ਮਿੰਟ ਜੀ। ਸਰ, ਜਿਹੜਾ ਇਹ ਮਸਲਾ ਹੈ, ਮੈਂ ਸਮਝਦਾ ਹਾਂ ਕਿ ਪੂਰੇ ਪੰਜਾਬ ਦੇ ਕਈ ਪਿੰਡਾਂ ਵਿੱਚ ਆਉਂਦਾ ਹੈ। ਇਸ ਹਾਊਸ ਦੇ ਵਿੱਚ ਸਾਰੇ ਮੈਂਬਰ ਸਾਹਿਬਾਨ ਬੈਠੇ ਹਨ, ਕੀ ਕੋਈ ਇਸ ਤਰ੍ਹਾਂ ਦੀ ਤਜਵੀਜ਼ ਹੈ, ਜੇਕਰ ਕੋਈ ਸਰਪੰਚ ਮੋਹਰ ਨਹੀਂ ਲਾਉਂਦਾ ਤਾਂ ਕੀ ਇਲਾਕੇ ਦਾ ਚੁਣਿਆ ਹੋਇਆ ਨੁਮਾਇੰਦਾ, ਐਮ.ਐਲ.ਏ. attest ਕਰ ਸਕਦਾ ਹੈ?

**ਮਾਨਯੋਗ ਸਪੀਕਰ :** ਇਸ ਤੇ ਵਿਚਾਰ ਕਰੋਗੇ ਜੀ? ਇਸ ਤੇ ਵਿਚਾਰ ਕਰ ਲੈਣਾ।

**ਸਰਦਾਰ ਜੈ ਕ੍ਰਿਸ਼ਨ ਸਿੰਘ :** ਸਰ, ਵਿਚਾਰ ਨਹੀਂ ਜੀ, ਇਹ ਦੱਸੋ ਕਿ ਅਟੈਸਟ ਕਰ ਸਕਦਾ ਹੈ ਜਾਂ ਨਹੀਂ?

**ਮਾਨਯੋਗ ਸਪੀਕਰ :** ਨਹੀਂ ਜੀ, ਇਸ ਤਰ੍ਹਾਂ ਨਹੀਂ ਹੁੰਦਾ। ਏਦਾਂ ਨਹੀਂ ਹੁੰਦਾ।

**ਮੰਤਰੀ :** ਮੈਂ ਇਸ ਬਾਰੇ ਪਤਾ ਕਰਕੇ ਦੱਸ ਸਕਦੀ ਹਾਂ। ਇਨ੍ਹਾਂ ਨੇ ਮੇਰੇ ਧਿਆਨ ਵਿੱਚ ਲਿਆਂਦਾ ਹੈ ਕਿ ਜੇਕਰ ਸਰਪੰਚ ਮੋਹਰ ਨਹੀਂ ਲਾਉਂਦਾ ਤਾਂ ਇਸ ਦਾ ਅਲਟਰਨੇਟਿਵ ਕੀ ਹੈ।

**ਮਾਨਯੋਗ ਸਪੀਕਰ :** ਇਸ ਦਾ ਰਸਤਾ ਕੱਢ ਲਿਆ ਜਾਵੇ। ਜੋ ਵੀ ਰਸਤਾ ਨਿਕਲਦਾ ਹੈ, ਕੱਢ ਲਿਆ ਜਾਵੇ।

**ਸ਼੍ਰੀ ਬੁੱਧ ਰਾਮ :** ਸਪੀਕਰ ਸਾਹਿਬ, ਮਾਨਯੋਗ ਪੰਚਾਇਤਾਂ ਮੰਤਰੀ ਇਸ ਸਬੰਧ ਵਿੱਚ ਚਿੱਠੀ ਜਾਰੀ ਕਰ ਸਕਦੇ ਹਨ।

---------

**ਰਾਜ ਦੇ ਗਰੀਬ ਅਤੇ ਲੋੜਵੰਦ ਮਰੀਜ਼ਾਂ ਦਾ ਡਾਇਲੇਸਿਸ ਮੁਫਤ ਕਰਨਾ**

***2613. ਡਾਕਟਰ ਸੁਖਵਿੰਦਰ ਕੁਮਾਰ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਰਕਾਰ ਵੱਲੋਂ ਰਾਜ ਦੇ ਗਰੀਬ ਤੇ ਲੋੜਵੰਦ ਮਰੀਜ਼ਾਂ ਦਾ ਡਾਇਲੇਸਿਸ ਮੁਫਤ ਵਿੱਚ ਕੀਤਾ ਜਾਂਦਾ ਹੈ; ਜੇਕਰ ਅਜਿਹਾ ਹੋਵੇ ਤਾਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਇਹ ਮੁਫਤ ਸੇਵਾ ਕਿੱਥੇ-ਕਿੱਥੇ ਮੁਹੱਈਆ ਕਰਵਾਈ ਜਾ ਰਹੀ ਹੈ ਅਤੇ ਸਾਲ 2018-19 ਵਿੱਚ ਜ਼ਿਲ੍ਹੇ ਅੰਦਰ ਕਿੰਨੇ ਮਰੀਜ਼ਾਂ ਦਾ ਮੁਫਤ ਡਾਇਲੇਸਿਸ ਕੀਤਾ ਗਿਆ ਹੈ, ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਬਲਬੀਰ ਸਿੰਘ ਸਿੱਧੂ :** ਜੀ ਹਾਂ, ਸਰਕਾਰ ਵੱਲੋਂ ਰਾਜ ਦੇ ਗਰੀਬਾਂ ਤੇ ਲੋੜਵੰਦ ਮਰੀਜ਼ਾਂ ਦਾ ਡਾਇਲੇਸਿਸ ਮੁਫਤ ਕੀਤਾ ਜਾਂਦਾ ਹੈ। ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਇਹ ਸੇਵਾਵਾਂ ਜ਼ਿਲ੍ਹਾ ਹਸਪਤਾਲ, ਸ਼ਹੀਦ ਭਗਤ ਸਿੰਘ ਨਗਰ ਅਤੇ ਸੀ.ਐਚ.ਸੀ. ਬੰਗਾ ਵਿੱਚ ਉਪਲਬਧ ਹਨ ਅਤੇ ਸਾਲ 2018-19 ਵਿੱਚ ਇਸ ਜ਼ਿਲ੍ਹੇ ਵਿੱਚ ਕੁੱਲ 1066 ਮਰੀਜ਼ਾਂ ਦਾ ਮੁਫਤ ਡਾਇਲੇਸਿਸ ਕੀਤਾ ਗਿਆ ਹੈ।

**ਡਾਕਟਰ ਸੁਖਵਿੰਦਰ ਕੁਮਾਰ :** ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਦੱਸਿਆ ਹੈ ਕਿ ਸਾਲ 2018-19 ਵਿੱਚ 1,066 ਡਾਇਲਿਸਿਸ ਹੋਏ ਹਨ। ਉੱਥੇ 4 ਯੂਨਿਟ ਕੰਮ ਕਰਦੇ ਹਨ ਤਾਂ ਇਸ ਮਸ਼ੀਨ ਨੇ ਇੱਕ ਸਾਲ ਦੇ ਵਿੱਚ average 266 ਡਾਇਲੇਸਿਸ ਕੀਤੇ ਹਨ। ਇਸ ਤਰ੍ਹਾਂ ਇੱਕ ਮਸ਼ੀਨ ਇੱਕ ਦਿਨ ਵਿੱਚ ਇੱਕ ਤੋਂ ਘੱਟ ਡਾਇਲੇ ਸਿਸ ਕਰ ਰਹੀ ਹੈ। ਇਸ ਦੇ ਕੀ ਕਾਰਨ ਹਨ? ਮੇਰਾ ਦੂਸਰਾ ਸਵਾਲ ਇਹ ਹੈ ਕਿ Renal Failure ਦੇ ਪੇਸ਼ੈਂਟਸ ਦਾ ਡਾਇਲਿਸਿਸ ਤਾਂ ਕੀਤਾ ਜਾਂਦਾ ਹੈ ਪਰ ਜਿਹੜੇ ਇਨਫੈਕਟਡ ਹਨ, ਜਿਨ੍ਹਾਂ ਨੂੰ ਹੈਪੇਟਾਈਟਸ ਸੀ, ਬੀ ਜਾਂ ਕੋਈ ਹੋਰ ਬਿਮਾਰੀ ਹੁੰਦੀ ਹੈ, ਉਹ ਉਨ੍ਹਾਂ ਗਰੀਬ ਲੋਕਾਂ ਨੂੰ ਰਿਫਿਊਜ਼ ਕਰ ਦਿੰਦੇ ਹਨ। ਮੈਂ ਮੰਤਰੀ ਸਾਹਿਬ ਤੋਂ ਇਹ ਵੀ ਜਾਣਨਾ ਚਾਹੁੰਦਾ ਹਾਂ ਕਿ ਡਾਇਲਿਸਿਸ ਘੱਟ ਕਿਉਂ ਹੋਏ? ਔਰ ਦੂਸਰਾ ਜਿਹੜੇ ਇਨਫੈਕਟਡ ਵਾਇਰਲ ਹੈਪੇਟਾਈਟਸ ਸੀ, ਬੀ ਜਾਂ ਐਚ.ਆਈ.ਵੀ. ਪਾਜ਼ੇਟਿਵ ਹਨ, ਉਨ੍ਹਾਂ ਲਈ ਕੋਈ ਸੈਪਰੇਟ ਯੂਨਿਟ ਰੱਖ ਰਹੇ ਹੋ?

**ਮੰਤਰੀ :** ਸਪੀਕਰ ਸਾਹਿਬ, ਜਿਹੜੇ ਇਹ ਹੈਪੇਟਾਈਟਸ ਸੀ, ਬੀ ਜਾਂ ਐਚ.ਆਈ.ਵੀ. ਦੀ ਗੱਲ ਕਰਦੇ ਹਨ, ਇਹ ਵੱਖਰਾ ਸਵਾਲ ਬਣਦਾ ਹੈ।ਇਸ ਦੀ ਇਨ੍ਹਾਂ ਨੇ ਡਿਟੇਲ ਨਹੀਂ ਮੰਗੀ ਤੇ ਇਸ ਵਿੱਚ ਨਹੀਂ ਲਿਖਿਆ ਹੋਇਆ। ਸਵਾਲ ਜਿਸ ਗੱਲ ਦਾ ਹੈ ਕਿ ਜਿੰਨੇ ਮਰੀਜ਼ ਹਸਪਤਾਲ ਵਿੱਚ ਆਏ, ਉਨ੍ਹਾਂ ਵਿੱਚੋਂ ਜੇਕਰ ਕਿਸੇ ਨੂੰ ਡਾਇਬਟੀਜ਼ ਦੀ ਪ੍ਰਾਬਲਮ ਹੋਏਗੀ ਜਾਂ ਕਿਡਨੀਆਂ ਦਾ ਮਰੀਜ਼ ਹੋਵੇਗਾ ਤਾਂ ਉਨ੍ਹਾਂ ਦਾ ਹੀ ਡਾਇਲੇਸਿਸ ਕਰਾਂਗੇ। ਅਗਰ ਇਨ੍ਹਾਂ ਦੀ ਨਾਲੇਜ ਵਿੱਚ ਹੈ ਕਿ ਕੀ ਕਿਸੇ ਬੰਦੇ ਨੂੰ ਜਵਾਬ ਦਿੱਤਾ ਹੈ ਤਾਂ ਇਹ ਮੈਨੂੰ ਦੱਸ ਦੇਣ, ਮੈਂ ਇਸ ਗੱਲ ਦੀ ਇਨਕੁਆਰੀ ਕਰਵਾ ਲਵਾਂਗਾ।

**ਡਾਕਟਰ ਸੁਖਵਿੰਦਰ ਕੁਮਾਰ :** ਸਰ, ਜਿਹੜੇ ਇਹ ਡਾਇਲੇਸਿਸ ਹੁੰਦੇ ਹਨ....

**ਮਾਨਯੋਗ ਸਪੀਕਰ :** ਸੁਖਵਿੰਦਰ ਜੀ, ਲੰਬੀ ਕਹਾਣੀ ਨਾ ਪਾਓ। ਸਵਾਲ ਪੰਜ ਹਨ ਅਤੇ ਸਿਰਫ ਅੱਠ ਮਿੰਟ ਰਹਿ ਗਏ ਹਨ।

**ਡਾਕਟਰ ਸੁਖਵਿੰਦਰ ਕੁਮਾਰ :** ਸਰ, ਫਿਰ ਮੈਂ ਬੈਠ ਜਾਂਦਾ ਹਾਂ। ਮੈਂ ਸਵਾਲ ਕਰਦਾ ਹੀ ਨਹੀਂ।

**ਮਾਨਯੋਗ ਸਪੀਕਰ :** ਬੈਠ ਜਾਓ ਫਿਰ, ਲੰਬੀ ਕਹਾਣੀ ਕਿਉਂ ਪਾਉਂਦੇ ਹੋ? ਮੈਂ ਕਹਿ ਰਿਹਾ ਹਾਂ ਕਿ to the point ਗੱਲ ਪੁੱਛੋ। ਮੈਂ ਬਾਕੀਆਂ ਦੇ ਸਵਾਲ ਵੀ ਦੇਖਣੇ ਹਨ। ਮੈਂ ਸਭ ਦੇ ਸਵਾਲ ਦੇਖਣੇ ਹਨ। ਸਾਰਾ ਹਾਊਸ carry ਕਰਨਾ ਹੈ। ਮੈਂ ਕਹਿ ਰਿਹਾ ਹਾਂ ਕਿ to the point ਗੱਲ ਕਰੋ। ਗੱਲ ਮੁਕਾ ਲਓ। (ਵਿਘਨ) ਮੇਰਾ ਟਾਈਮ ਬਚਾ ਦਿਓ। (ਵਿਘਨ)

**ਡਾਕਟਰ ਸੁਖਵਿੰਦਰ ਕੁਮਾਰ :** ਸਪੀਕਰ ਸਾਹਿਬ, ਇੱਕ ਮਿੰਟ।ਮੰਤਰੀ ਸਾਹਿਬ ਨੇ ਕਿਹਾ ਹੈ ਕਿ ਸੈਪਰੇਟ ਸਵਾਲ ਬਣਦਾ ਹੈ। ਸੈਪਰੇਟ ਨਹੀਂ ਜੀ, ਮੈਨੂੰ ਗੱਲ ਤਾਂ ਸਮਝਾਉਣ ਦਿਓ। ਇਸ ਦੀ ਜ਼ਰੂਰਤ ਹੈ। ਕੋਈ ਵੀ ਪੇਸ਼ੈਂਟ ਜਿਸ ਨੂੰ ਡਾਇਲੇਸਿਸ ਦੀ ਜ਼ਰੂਰਤ ਹੈ, ਉਸ ਦੀ ਬਿਮਾਰੀ ਕੀ ਹੈ, ਉਹ ਕਿਤੇ ਨਹੀਂ ਲਿਖਿਆ ਹੋਇਆ। ਮਤਲਬ ਇਹ ਹੈ ਕਿ ਪੇਸ਼ੈਂਟ ਨੂੰ ਡਾਇਲੇਸਿਸ ਦੀ ਜ਼ਰੂਰਤ ਹੈ ਨਾ ਕਿ ਇਹ ਕਿ ਉਸ ਦੀ ਬਿਮਾਰੀ ਨਾਲ ਕਿਹੜੀ-ਕਿਹੜੀ ਬਿਮਾਰੀ ਜੁੜੀ ਹੈ।ਇਹ ਸੈਪਰੇਟ ਕੁਐਸਚਨ ਨਹੀਂ ਬਣਦਾ। ਮੇਰਾ ਸਵਾਲ ਇੰਨਾ ਹੀ ਹੈ ਕਿ ਜਿਹੜੇ renal failure ਦੇ ਕੇਸ ਹਨ ਉਸ ਵਿੱਚ ਡਾਇਲੇਸਿਸ ਦੀ ਜ਼ਰੂਰਤ ਹੈ। ਜੇ ਉਸ ਦੇ ਨਾਲ ਉਸ ਨੂੰ ਹੈਪੇਟਾਈਟਸ ਸੀ ਜਾਂ ਬੀ

ਹੈ, ਉਸ ਦੇ ਲਈ ਕੋਈ ਵੱਖਰੀ ਮਸ਼ੀਨ ਰੱਖੀ ਜਾ ਸਕਦੀ ਹੈ ਜਾਂ ਨਹੀਂ। ਇਸ ਨਾਲ ਕੋਈ ਵਰਕ ਲੋਡ ਨਹੀਂ ਵਧਣਾ ਸਗੋਂ ਉਨ੍ਹਾਂ ਵਿੱਚੋਂ ਇੱਕ ਯੂਨਿਟ ਨੇ ਵਰਕ ਕਰਨਾ ਹੈ।

**ਮੰਤਰੀ :** ਸਪੀਕਰ ਸਾਹਿਬ, ਵੈਸੇ ਇਹ ਆਪ ਖੁਦ ਡਾਕਟਰ ਹਨ। ਇਹ ਖੁਦ ਆ ਕੇ ਮੇਰੇ ਨਾਲ ਬੈਠ ਕੇ ਗੱਲ ਕਰ ਲੈਣ। ਜਿਹੜਾ ਇਨ੍ਹਾਂ ਦਾ ਕੰਮ ਹੈ, ਅਸੀਂ ਪੂਰਾ ਕਰ ਦਿਆਂਗੇ। ਮੈਂ ਤੁਹਾਡੀ ਨਾਲੇਜ ਵਾਸਤੇ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਇੱਕ ਪਹਿਲਾ ਅਜਿਹਾ ਸੂਬਾ ਹੈ, ਜਿਥੇ ਪੂਰੇ ਹਿੰਦੁਸਤਾਨ ਤੋਂ ਪਹਿਲਾਂ ਹੈਪੇਟਾਈਟਸ ਦਾ ਸਰਵੇ ਕੀਤਾ ਗਿਆ।ਪੰਜਾਬ ਵਿੱਚ 67 ਹਜ਼ਾਰ ਪੇਸ਼ੈਂਟ ਪਾਏ ਗਏ ਸੀ ਜਿਨ੍ਹਾਂ ਵਿੱਚੋਂ 93% ਰਿਕਵਰੀ ਹੋਈ ਹੈ। ਇਨ੍ਹਾਂ ਦਾ ਟੈਸਟ ਵੀ ਮੁਫਤ ਕੀਤਾ ਗਿਆ ਅਤੇ ਇਲਾਜ ਵੀ ਮੁਫਤ ਕੀਤਾ ਗਿਆ।

**ਮਾਨਯੋਗ ਸਪੀਕਰ :** ਤੁਸੀਂ ਡਾਇਲੇਸਿਸ ਤੇ ਜਵਾਬ ਦੇਣਾ ਸੀ।

**ਮੰਤਰੀ :** ਸਰ, ਕਿਡਨੀਆਂ ਫੇਲ੍ਹ ਦਾ ਡਾਇਲੇਸਿਸ ਹੁੰਦਾ ਹੈ। ਇਹ ਦੱਸਣ ਕਿ ਜੇ ਕੋਈ ਰਹਿ ਗਿਆ ਹੈ ਤਾਂ ਮੈਂ ਕਰਵਾ ਦਿਆਂਗਾ। ਜਿਹੜੀ ਇਨ੍ਹਾਂ ਨੇ ਵੱਖਰੀ ਮਸ਼ੀਨ ਦੀ ਗੱਲ ਕੀਤੀ ਹੈ, ਇਹ ਮੈਨੂੰ ਲਿਖ ਕੇ ਭਿਜਵਾ ਦੇਣ। ਮਸ਼ੀਨ ਲਗਾ ਦਿਆਂਗੇ।

**ਮਾਨਯੋਗ ਸਪੀਕਰ :** ਸਵਾਲ ਵੱਖਰੀ ਮਸ਼ੀਨ ਦਾ ਹੈ।

---------

## ਨਿਸ਼ਾਨ ਵਾਲਾ ਪ੍ਰਸ਼ਨ ਨੰ: 2745

(ਸਬੰਧਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---------

## ਜਗਰਾਉਂ ਦੇ ਕਾਲਜ ਦੀ ਹਾਲਤ ਵਿੱਚ ਸੁਧਾਰ ਕਰਨਾ

*2496. **ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜਗਰਾਉਂ ਦਾ ਸਾਇੰਸ ਕਾਲਜ ਜੋ ਕਿ ਉੱਤਰ ਭਾਰਤ ਦਾ ਸਭ ਤੋਂ ਵਧੀਆ ਕਾਲਜ ਹੁੰਦਾ ਸੀ, ਹੁਣ ਉਹ ਬਹੁਤ ਮੰਦੀ ਹਾਲਤ ਵਿੱਚ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਸ ਦੀ ਬਿਹਤਰੀ ਲਈ ਕੋਈ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਉਸਦੇ ਵੇਰਵੇ ਕੀ ਹਨ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਨਹੀਂ ਜੀ। ਇਹ ਕਾਲਜ ਹੁਣ ਵੀ ਵਧੀਆ ਤਰੀਕੇ ਨਾਲ ਚੱਲ ਰਿਹਾ ਹੈ। ਇਹ ਕਾਲਜ ਇਲਾਕੇ ਦੇ ਵਿਦਿਆਰਥੀਆਂ ਨੂੰ ਸਾਇੰਸ ਨਾਲ ਸਬੰਧਤ ਮੈਡੀਕਲ ਅਤੇ ਨਾਨ ਮੈਡੀਕਲ ਵਿਸ਼ਿਆਂ ਸਬੰਧੀ ਚੰਗੀ ਸਿੱਖਿਆ ਪ੍ਰਦਾਨ ਕਰਨ ਦਾ ਅਹਿਮ ਸਰੋਤ ਹੈ। ਇਸ ਕਾਲਜ ਨੂੰ ਯੂ.ਜੀ.ਸੀ. ਵੱਲੋਂ ਸਟਾਰ ਕਾਲਜ ਦਾ ਦਰਜਾ ਦਿੱਤਾ ਗਿਆ ਹੈ। ਇਸ ਕਾਲਜ ਦੇ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਲਈ ਸਾਲ 2013 ਵਿੱਚ 1,09,86000/- ਰੁਪਏ ਦੀ ਰਾਸ਼ੀ ਵੀ ਜਾਰੀ ਕੀਤੀ ਗਈ ਸੀ। ਇਸ ਵਕਤ ਕਾਲਜਾਂ ਦੀ ਪ੍ਰਗਤੀ ਵਿੱਚ ਖੜ੍ਹੋਤ ਦਾ ਇੱਕੋ ਇੱਕ ਮੁੱਦਾ ਰੈਗੂਲਰ ਸਟਾਫ ਦਾ ਨਾ ਹੋਣਾ ਹੈ ਪਰੰਤੂ ਮਾਨਯੋਗ ਹਾਈ ਕੋਰਟ ਵੱਲੋਂ ਹੁਣ ਸਰਕਾਰੀ ਕਾਲਜਾਂ ਵਿੱਚ ਅਧਿਆਪਕਾਂ ਦੀ ਭਰਤੀ ਤੇ ਲੱਗੀ ਰੋਕ ਹਟਾ ਲਈ ਗਈ ਹੈ, ਜਿਸ ਦੇ ਸਨਮੁੱਖ ਇਸ ਸਮੱਸਿਆ ਦਾ ਹੱਲ ਵੀ ਕੀਤਾ ਜਾ ਰਿਹਾ ਹੈ। ਸਰਕਾਰ ਵੱਲੋਂ ਪੰਜਾਬ ਦੇ ਸਾਰੇ ਸਰਕਾਰੀ ਕਾਲਜਾਂ, ਜਿਨ੍ਹਾਂ ਵਿਚ ਸਰਕਾਰੀ ਸਾਇੰਸ ਤੇ ਖੋਜ ਕਾਲਜ, ਜਗਰਾਉਂ ਵੀ ਸ਼ਾਮਲ ਹੈ, ਵਿਚ ਰੈਗੂਲਰ ਅਧਿਆਪਕਾਂ ਦੀ ਭਰਤੀ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਸਪੀਕਰ ਸਾਹਿਬ, ਉਹ ਕਾਲਜ ਬੜਾ ਵਧੀਆ ਚੱਲ ਰਿਹਾ ਹੈ ਅਤੇ ਉਸ ਨੂੰ ਯੂ.ਜੀ.ਸੀ. ਵਲੋਂ ਸਟਾਰ ਕਾਲਜ ਦਾ ਵੀ ਦਰਜਾ ਦਿੱਤਾ ਗਿਆ ਹੈ, ਇਸ ਕਾਲਜ ਵਿੱਚ ਲਗਭਗ 538 ਬੱਚੇ ਪੜ੍ਹ ਰਹੇ ਹਨ, ਸੋ ਕਾਲਜ ਵਧੀਆ ਚੱਲ ਰਿਹਾ ਹੈ, ਬਾਕੀ ਜਿਹੜੀ ਕੋਈ ਹੋਰ ਲੋੜ ਮਾਣੂਕੇ ਜੀ ਆਖਣਗੇ, ਉਹ ਵੀ ਪੂਰੀ ਕਰਾਂਗੇ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ । ਮੈਨੂੰ ਤਾਂ ਆਸ ਨਹੀਂ ਸੀ ਕਿ ਮੇਰਾ ਕੁਐਸਚਨ ਅੱਜ ਆ ਜਾਵੇਗਾ ਪਰ ਤੁਹਾਡੀ ਮਿਹਨਤ ਸਦਕਾ ਇਥੇ ਤੱਕ ਪਹੁੰਚ ਹੀ ਗਏ ਹਾਂ। ਸਪੀਕਰ ਸਾਹਿਬ, ਇਹ ਕਾਲਜ ਇੱਕ ਪਟਨਾ ਵਿੱਚ ਹੈ ਤੇ ਇੱਕ ਜਗਰਾਉਂ ਵਿੱਚ ਹੈ। ਸਪੀਕਰ ਸਾਹਿਬ, ਮਾਨਯੋਗ ਮੰਤਰੀ ਸਾਹਿਬ ਜੀ ਨੇ ਕਿਹਾ ਹੈ ਕਿ ਬਹੁਤ ਵਧੀਆ ਚਲ ਰਿਹਾ ਹੈ, ਬਿਲਡਿੰਗ ਅਜੇ ਇਨਕੰਪਲੀਟ ਹੈ, ਆਡੀਟੋਰੀਅਮ ਦੀਆਂ ਹਾਲੇ ਸਿਰਫ ਨੀਹਾਂ ਭਰੀਆਂ ਹੋਈਆਂ ਹਨ, ਇਸ ਕਾਲਜ ਵਿੱਚ ਬਹੁਤ ਸਾਰੇ ਆਈ.ਏ.ਐਸ. ਪੀ.ਸੀ.ਐਸ., ਡਾਕਟਰ ਤੇ ਇੰਜੀਨੀਅਰ ਕਿਸੇ ਟਾਈਮ ਨਿਕਲਦੇ ਹੁੰਦੇ ਸੀ । ਸਪੀਕਰ ਸਾਹਿਬ, ਇਸ ਕਾਲਜ ਦੀ ਵਾਇਰਿੰਗ ਵੀ ਹੋਣ ਵਾਲੀ ਹੈ, ਅੱਜ ਵੀ ਉਸ ਦੀਆਂ ਤਾਰਾਂ ਬਾਹਰ ਹਨ, ਇਥੇ ਬੋਟੇਨੀ, ਕੈਮਿਸਟਰੀ ਹੈ ਪਰ ਇਸ ਕਾਲਜ ਦੇ ਵਿੱਚ ਲੈਕਚਰਾਰ ਨਹੀਂ ਹਨ।

**ਮਾਨਯੋਗ ਸਪੀਕਰ :** ਸਵਾਲ ਪੁੱਛੋ, ਸਵਾਲ ਪੁੱਛੋ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਸਰ, ਮੈਂ ਤਾਂ ਇਕੋ ਹੀ ਗੱਲ ਕਹਿਣਾ ਚਾਹੁੰਦੀ ਹਾਂ ਕਿ ਇਸ ਕਾਲਜ ਦੀ ਹਾਲਤ ਸੁਧਾਰਨ ਲਈ ਸਭ ਤੋਂ ਪਹਿਲੀ ਚੀਜ਼ ਗਰਾਂਟ ਹੈ, ਕਿਉਂਕਿ ਪਹਿਲਾਂ ਇਸ ਵਾਸਤੇ ਇੱਕ ਕਰੋੜ ਰੁਪਏ ਦੀ ਗਰਾਂਟ ਇਸ਼ੂ ਹੋਈ ਸੀ, ਉਸ ਵਿੱਚੋਂ ਅਜੇ 30 ਲੱਖ ਰੁਪਿਆ ਪੈਂਡਿੰਗ ਪਿਆ ਹੈ ਜਿਸ ਕਰਕੇ ਉਸ ਦਾ ਕੰਮ ਅਜੇ ਅਧੂਰਾ ਪਿਆ ਹੈ । ਮੈਂ ਕਹਿਣਾ ਚਾਹੁੰਦੀ ਹਾਂ ਕਿ ਇੱਥੇ SELF Finance ਦੀ ਜਗ੍ਹਾ ਕੁਝ ਰੈਗੂਲਰ ਪੋਸਟਾਂ ਦਿੱਤੀਆਂ ਜਾਣ।

**ਮਾਨਯੋਗ ਸਪੀਕਰ:** ਸਵਾਲ ਪੁੱਛੋ, ਸਵਾਲ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਸਪੀਕਰ ਸਾਹਿਬ, ਮੰਤਰੀ ਸਾਹਿਬ, ਇਹ ਕਦੋਂ ਤੱਕ ਕਰ ਦੇਣਗੇ, ਇਸ ਬਾਰੇ ਮੈਨੂੰ ਦੱਸਿਆ ਜਾਵੇ।

**ਮੰਤਰੀ :** ਸਪੀਕਰ ਸਾਹਿਬ, ਉਥੇ ਸਾਰੀਆਂ ਪੋਸਟਾਂ ਕੰਮ ਕਰ ਰਹੀਆਂ ਹਨ, ਗੈਸਟ ਫੈਕਲਿਟੀ ਵਾਲੇ ਵੀ ਕੰਮ ਕਰ ਰਹੇ ਹਨ, ਕੋਈ ਪੋਸਟ ਖਾਲੀ ਨਹੀਂ ਹੈ, ਜਿਹੜੀ ਨਵੀਂ ਸਿਲੈਕਸ਼ਨ ਸੀ, ਉਸ ਬਾਰੇ ਹਾਈ ਕੋਰਟ ਵਲੋਂ ਪ੍ਰਾਬਲਮ ਸੀ, ਉਹ ਹੁਣ ਕਲੀਅਰ ਹੋ ਗਈ ਹੈ, ਅਸੀਂ ਬੱਚੇ ਭਰਤੀ ਕਰ ਰਹੇ ਹਾਂ। ਨਵੇਂ ਪ੍ਰੋਫੈਸਰ ਭਰਤੀ ਕਰਕੇ ਉਥੇ ਭੇਜ ਦਿਆਂਗੇ। ਸਪੀਕਰ ਸਾਹਿਬ, 30 ਲੱਖ ਰੁਪਏ ਦੀ ਇਜਾਜ਼ਤ ਐਫ.ਐਮ.ਸਾਹਿਬ ਨੇ ਦੇ ਦਿੱਤੀ ਹੈ, ਅਗਲੇ ਮਹੀਨੇ ਉੱਥੇ 30 ਲੱਖ ਰੁਪਿਆ ਵੀ ਚਲਾ ਜਾਵੇਗਾ, ਹੋਰ ਜਿਹੜੀ ਕੋਈ ਲੋੜ ਆਖਣਗੇ ਉਹ ਵੀ ਕਰਾਂਗੇ।

**ਮਾਨਯੋਗ ਸਪੀਕਰ:** ਮਾਣੂਕੇ ਜੀ, ਤੁਹਾਡੇ ਦੋਨੋਂ ਕੰਮ ਹੋ ਗਏ ਹਨ। ਹਾਂ ਜੀ, ਸਰਦਾਰ ਲਖਬੀਰ ਸਿੰਘ ਲੋਧੀਨੰਗਲ। (ਵਿਘਨ) ਪਲੀਜ਼, ਤਿੰਨ ਮਿੰਟ ਰਹਿ ਗਏ ਹਨ ਅਤੇ ਦੋ ਸਵਾਲ ਰਹਿ ਗਏ ਹਨ, ਮੈਨੂੰ ਇਹ ਦੋਨੋਂ ਸਵਾਲ ਵੀ ਪੁੱਛ ਲੈਣ ਦਿਉ, ਉਨ੍ਹਾਂ ਦੇ ਸਵਾਲ ਰਹਿ ਜਾਣੇ ਹਨ।

---------

**ਬਟਾਲਾ ਤੋਂ ਬਾਬਾ-ਬਕਾਲਾ ਰਈਆ ਰੋਡ ਨੂੰ ਚਾਰ ਮਾਰਗੀ ਕਰਨ ਦੇ ਕੰਮ**

*2764. **ਸਰਦਾਰ ਲਖਬੀਰ ਸਿੰਘ ਲੋਧੀਨੰਗਲ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਦੇ ਸ਼ੁਭ ਮੌਕੇ ਤੇ ਉਨ੍ਹਾਂ ਦੇ ਸਹੁਰਿਆਂ ਦੇ ਸ਼ਹਿਰ ਬਟਾਲਾ ਤੋਂ ਬਾਬਾ ਬਕਾਲਾ-ਰਈਆ ਰੋਡ ਨੂੰ ਚਾਰ ਮਾਰਗੀ ਕਰਨ ਦਾ ਜੋ ਨੀਂਹ ਪੱਥਰ ਮਾਨਯੋਗ ਮੁੱਖ ਮੰਤਰੀ ਜੀ ਨੇ ਰੱਖਿਆ ਹੈ, ਉਸ ਦਾ ਰਹਿੰਦਾ ਬਕਾਇਆ ਕੰਮ ਕਦੋਂ ਸ਼ੁਰੂ ਕੀਤਾ ਜਾ ਰਿਹਾ ਹੈ ਅਤੇ ਇਸ ਨੂੰ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ?

**ਸ਼੍ਰੀ ਵਿਜੈ ਇੰਦਰ ਸਿੰਗਲਾ :** ਸ਼੍ਰੀਮਾਨ ਜੀ, ਬਟਾਲਾ ਤੋਂ ਬਾਬਾ ਬਕਾਲਾ ਰਈਆ ਰੋਡ ਨੂੰ ਚਾਰ ਮਾਰਗੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ਪ੍ਰੰਤੂ ਇਸ ਸੜਕ ਨੂੰ ਇਸ ਦੀਆਂ ਮੌਜੂਦਾ ਵੱਖਰੀਆਂ-ਵੱਖਰੀਆਂ ਚੌੜਾਈਆਂ (5.50 ਤੋਂ 10 ਮੀਟਰ) ਨੂੰ ਇਕਸਾਰ 10.00 ਮੀਟਰ ਚੌੜਾਈ ਤੱਕ ਅੱਪਗ੍ਰੇਡ ਕਰਨ ਦਾ ਨੀਂਹ ਪੱਥਰ ਮਾਨਯੋਗ ਮੁੱਖ ਮੰਤਰੀ ਜੀ, ਪੰਜਾਬ ਵੱਲੋਂ ਮਿਤੀ 24.10.2019 ਨੂੰ ਬਟਾਲਾ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਮੌਕੇ ਤੇ ਰੱਖਿਆ ਗਿਆ ਸੀ। ਇਹ ਕੰਮ ਸਾਲ 2020-21 ਦੀਆਂ ਬਜਟ ਤਜਵੀਜ਼ਾਂ ਵਿਚ ਸ਼ਾਮਲ ਹੈ। ਤਜਵੀਜ਼ ਪ੍ਰਵਾਨ ਹੋਣ ਉਪਰੰਤ ਕੰਮ ਨੂੰ ਹੱਥ ਵਿਚ ਲੈ ਲਿਆ ਜਾਵੇਗਾ। ਇਹ ਪ੍ਰਾਜੈਕਟ ਆਲਰੇਡੀ ਅਪਰੂਵਡ ਹੈ ਅਤੇ ਇਸ ਸਾਲ ਵਿੱਚ ਇਸ ਦੀ ਚੌੜਾਈ 10 ਮੀਟਰ ਹੋ ਜਾਵੇਗੀ।

**ਸਰਦਾਰ ਲਖਬੀਰ ਸਿੰਘ ਲੋਧੀਨੰਗਲ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਡੇ ਮਾਨਯੋਗ ਮੁੱਖ ਮੰਤਰੀ ਸਾਹਿਬ ਉੱਥੇ ਇਸ ਦਾ ਨੀਂਹ ਪੱਥਰ ਰੱਖ ਕੇ ਆਏ ਹਨ ਅਤੇ ਉਸ ਨੀਂਹ ਪੱਥਰ ਦੇ ਉੱਤੇ ਲਿਖਿਆ ਵੀ ਹੈ। ਮੈਂ ਸਮਝਦਾ ਹਾਂ ਕਿ ਇਹ ਬੜਾ ਇੰਪਾਰਟੈਂਟ ਵੇਅ ਹੈ ਜਿਹੜਾ ਰਈਏ ਤੇ ਨੈਸ਼ਨਲ ਹਾਈਵੇਅ ਤੋਂ ਬਟਾਲੇ ਨੂੰ ਜੋੜਦਾ ਹੈ, ਬਟਾਲੇ ਤੋਂ ਡੇਰਾ ਬਾਬਾ ਨਾਨਕ ਫੋਰ ਲੇਨ ਬਣਨੀ ਹੈ।

**ਮਾਨਯੋਗ ਸਪੀਕਰ:** ਲੋਧੀਨੰਗਲ ਸਾਹਿਬ, ਸਵਾਲ ਪੁੱਛੋ।

**ਸਰਦਾਰ ਲਖਬੀਰ ਸਿੰਘ ਲੋਧੀਨੰਗਲ :** ਸਪੀਕਰ ਸਾਹਿਬ, ਮੇਰਾ ਸਵਾਲ ਇਹੋ ਹੈ ਕਿ ਇਹ ਜਿਹੜੀ ਸੜਕ ਹੈ, ਇਸ ਨੂੰ ਫੋਰ ਲੇਨ ਬਣਾਇਆ ਜਾਵੇ। ਮੇਰਾ ਖਿਆਲ ਹੈ ਕਿ ਸਾਡੇ ਜ਼ਿਲ੍ਹੇ ਦੇ ਜਿਹੜੇ ਸਾਰੇ ਮਾਨਯੋਗ ਮੰਤਰੀ ਸਾਹਿਬਾਨ ਹਨ, ਉਹ ਵੀ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦੇ ਹਨ, ਇਸ ਵੱਲ ਧਿਆਨ ਦਿੱਤਾ ਜਾਵੇ

ਔਰ ਇਸ ਨੂੰ ਲੇਟ ਨਾ ਕੀਤਾ ਜਾਵੇ। ਕਿਰਪਾ ਕਰਕੇ ਜਿਹੜੇ ਤੁਹਾਡੇ ਉਥੇ ਕਾਰਗੁਜ਼ਾਰੀ ਵਾਲੇ ਕੋਈ ਅਫਸਰ ਸਾਹਿਬਾਨ ਹਨ, ਉਨ੍ਹਾਂ ਵੱਲ ਵੀ ਧਿਆਨ ਦਿੱਤਾ ਜਾਵੇ।

**ਮਾਨਯੋਗ ਸਪੀਕਰ:** ਬੈਠੋ, ਬੈਠੋ। ਮੰਤਰੀ ਜੀ, ਮੈਂਬਰ ਸਾਹਿਬ ਕਹਿੰਦੇ ਹਨ ਕਿ ਧਿਆਨ ਦੇ ਕੇ ਉਸ ਸੜਕ ਨੂੰ ਫੋਰ ਲੇਨਿੰਗ ਕਰ ਦਿਉਗੇ ਕਿਉਂਕਿ ਉਸ ਦੀ ਲੋੜ ਬਹੁਤ ਹੈ।

**ਮੰਤਰੀ:** ਸਰ, ਇਸ ਮਾਮਲੇ ਨੂੰ ਭਾਰਤ ਸਰਕਾਰ ਨਾਲ ਟੇਕ-ਅੱਪ ਕਰ ਲਵਾਂਗੇ ਕਿਉਂਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 400 ਸਾਲਾ ਪ੍ਰਕਾਸ਼ ਪੁਰਬ ਆ ਰਿਹਾ ਹੈ, otherwise ਅਸੀਂ ਇਸ ਸੜਕ ਦੇ ਉਪਰ ਬਾਈਪਾਸ ਨੂੰ ਇਨਕਲੂਡ ਕਰਕੇ 65 ਕਰੋੜ ਰੁਪਿਆ ਇਸ 41 ਕਿਲੋਮੀਟਰ ਉੱਤੇ ਖਰਚ ਕਰ ਰਹੇ ਹਾਂ ।

**ਮਾਨਯੋਗ ਸਪੀਕਰ :** ਧੰਨਵਾਦ ਜੀ। ਲਾਸਟ ਸਵਾਲ, ਸਰਦਾਰ ਰਮਨਜੀਤ ਸਿੰਘ ਸਿੱਕੀ। (ਵਿਘਨ) ਮੈਨੂੰ ਲਾਸਟ ਸਵਾਲ ਪੁੱਛ ਲੈਣ ਦਿਉ। ਚੀਮਾ ਜੀ, ਇਕ ਮਿੰਟ ਤੁਸੀਂ ਬੈਠ ਜਾਉ, ਨਹੀਂ ਤਾਂ ਸਵਾਲ ਰਹਿ ਜਾਣਾ ਹੈ। ਤੁਸੀਂ ਬੈਠ ਜਾਉ।

---------

## ਸਫਾਈ ਲਈ ਜੇ.ਸੀ.ਬੀ. ਮਸ਼ੀਨਾਂ ਮੁਹੱਈਆ ਕਰਵਾਉਣਾ

***2732. ਸਰਦਾਰ ਰਮਨਜੀਤ ਸਿੰਘ ਸਿੱਕੀ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਪੇਂਡੂ ਖੇਤਰਾਂ ਵਿੱਚ ਮਜ਼ਦੂਰਾਂ ਨੂੰ ਸੱਪ ਦੇ ਕੱਟਣ ਅਤੇ ਹੋਰ ਜਾਨੀ ਖਤਰਿਆਂ ਤੋਂ ਬਚਾਉਣ ਦੇ ਇਰਾਦੇ ਨਾਲ ਮਨਰੇਗਾ ਅਧੀਨ ਇਨ੍ਹਾਂ ਦੁਆਰਾ ਟੋਭਿਆਂ ਦੀ ਸਫਾਈ ਹੱਥੀਂ ਕਰਨ ਦੀ ਬਜਾਏ ਇਸ ਕੰਮ ਲਈ ਜੇ.ਸੀ.ਬੀ. ਮਸ਼ੀਨਾਂ ਮੁਹੱਈਆ ਕਰਵਾਏਗੀ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਦੀ ਅਜਿਹੀ ਯੋਜਨਾ ਦੇ ਵੇਰਵੇ ਕੀ ਹਨ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਮਹਾਤਮਾ ਗਾਂਧੀ ਨਰੇਗਾ ਸਕੀਮ ਅਧੀਨ ਮਸ਼ੀਨਾਂ ਦੀ ਵਰਤੋਂ ਸਬੰਧੀ ਜਾਰੀ ਹਦਾਇਤਾਂ ਅਨੁਸਾਰ ਟੋਭਿਆਂ ਦੀ ਸਫਾਈ ਲਈ ਜੇ.ਸੀ.ਬੀ. ਮਸ਼ੀਨਾਂ ਦੀ ਵਰਤੋਂ ਪ੍ਰਵਾਨਿਤ ਨਹੀਂ ਹੈ ਜੀ ਪਰੰਤੂ ਇਹ ਕੰਮ ਕਨਵਰਜੈਂਸ ਰਾਹੀਂ ਕਰਦੇ ਹੋਏ ਕਿਸੇ ਹੋਰ ਸਰੋਤ ਤੋਂ ਫੰਡ ਮੁਹੱਈਆ ਕਰਵਾ ਕੇ ਜੇ.ਸੀ.ਬੀ. ਮਸ਼ੀਨਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ ਜੀ।

ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਸਵਾਲ ਕੀਤਾ ਹੈ, ਇਹ ਠੀਕ ਹੈ ਜੀ। ਅਸੀਂ ਸੈਂਟਰ ਗੌਰਮਿੰਟ ਨੂੰ ਭੇਜਿਆ ਹੋਇਆ ਹੈ, ਉਨ੍ਹਾਂ ਤੋਂ ਇਜਾਜ਼ਤ ਲੈਣੀ ਹੈ।

**ਸਰਦਾਰ ਰਮਨਜੀਤ ਸਿੰਘ ਸਿੱਕੀ :** ਸਪੀਕਰ ਸਾਹਿਬ, ਇਹ ਇਜਾਜ਼ਤ ਪਤਾ ਨਹੀਂ ਕਦੋਂ ਆਉਣੀ ਹੈ ਪਰ ਜਿਹੜੇ ਪੁਰਾਣੇ ਛੱਪੜ ਹਨ ਜਿਨ੍ਹਾਂ ਦੀ ਖਲਾਈ ਨਹੀਂ ਹੋਈ, ਉਨ੍ਹਾਂ ਵਿੱਚ ਬੂਟੀ ਇੰਨੀ ਹੈ ਕਿ ਕਈ ਵਾਰੀ ਕੋਈ ਬੰਦੇ ਵਿੱਚ ਵੜਦੇ ਹਨ ਤਾਂ ਕੋਈ ਸੱਪ ਉਨ੍ਹਾਂ ਨੂੰ ਡੱਸ ਜਾਂਦਾ ਹੈ ਜਾਂ ਕੋਈ ਹੋਰ ਪ੍ਰਾਬਲਮ ਆਉਂਦੀ ਹੈ। ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜਦ ਤੱਕ ਸੈਂਟਰ ਤੋਂ ਇਜਾਜ਼ਤ ਨਹੀਂ ਆਉਂਦੀ ਤਾਂ ਕੋਈ ਇਹੋ ਜਿਹਾ ਪ੍ਰੋਵੀਜ਼ਨ ਕਰਕੇ, ਉਸ ਦਾ ਕੋਈ ਨਾ ਕੋਈ ਹੱਲ ਕੱਢਿਆ ਜਾਵੇ।

**ਮਾਨਯੋਗ ਸਪੀਕਰ :** ਉਹ ਕਹਿੰਦੇ ਹਨ ਕਿ ਕੋਈ ਟੈਂਪਰੇਰੀ ਹੱਲ ਕੱਢ ਲਵੋ।

**ਮੰਤਰੀ :** ਸਪੀਕਰ ਸਾਹਿਬ, ਨਰੇਗਾ ਦੀ ਸਾਰੀ ਸਕੀਮ ਸੈਂਟਰ ਤੋਂ ਅਪਰੂਵ ਹੁੰਦੀ ਹੈ, ਇਸ ਕਰਕੇ ਦੇਖਾਂਗੇ ਕਿ ਕੋਈ ਗੱਲ ਬਣ ਸਕਦੀ ਹੈ ਜਾਂ ਨਹੀਂ ਬਣ ਸਕਦੀ ਪਰ ਸਾਨੂੰ ਇਸ ਦੀ ਦਿੱਲੀ ਤੋਂ ਅਪਰੂਵਲ ਲੈਣੀ ਪੈਂਦੀ ਹੈ।

**ਸਰਦਾਰ ਰਮਨਜੀਤ ਸਿੰਘ ਸਿੱਕੀ :** ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਆਪਣੇ ਫੰਡ ਵਿਚੋਂ ਵੀ ਇਨ੍ਹਾਂ ਨੂੰ ਕੋਈ ਮਾੜਾ-ਮੋਟਾ, ਜਿਹੜੇ ਇਹੋ ਜਿਹੇ ਸਪੈਸ਼ਲ ਕੇਸ ਹਨ, ਉਨ੍ਹਾਂ ਵਿੱਚ ਵੇਖ ਲੈਣਾ ਚਾਹੀਦਾ ਹੈ।

**ਮਾਨਯੋਗ ਸਪੀਕਰ:** ਪ੍ਰਸ਼ਨ ਕਾਲ ਖਤਮ ਹੁੰਦਾ ਹੈ ਅਤੇ ਪ੍ਰਸ਼ਨ ਵੀ ਖਤਮ ਹੁੰਦੇ ਹਨ।

---------

## UNSTARRED QUESTIONS AND ANSWERS

### ਬੁਢਾਪਾ ਸਕੀਮ, ਸ਼ਗਨ ਸਕੀਮ ਅਤੇ ਮਨਰੇਗਾ ਦੇ ਲਾਭਪਾਤਰੀਆਂ ਨੂੰ ਸੇਵਾਵਾਂ ਦੇ ਲਾਭ ਦੇਣਾ

**330. ਸਰਦਾਰ ਕੁਲਵੰਤ ਸਿੰਘ ਪੰਡੋਰੀ :** ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬੁਢਾਪਾ ਸਕੀਮ, ਸ਼ਗਨ ਸਕੀਮ ਅਤੇ ਮਨਰੇਗਾ ਦੇ ਲਾਭਪਾਤਰੀਆਂ ਨੂੰ ਇਨ੍ਹਾਂ ਸੇਵਾਵਾਂ ਦਾ ਲਾਭ ਸਮੇਂ ਸਿਰ ਨਹੀਂ ਮਿਲਦਾ; ਜੇਕਰ ਅਜਿਹਾ ਹੈ ਤਾਂ ਇਨ੍ਹਾਂ ਸੇਵਾਵਾਂ ਨੂੰ ਸਮੇਂ ਤੇ ਦੇਣਾ ਯਕੀਨੀ ਬਣਾਉਣ ਲਈ ਸਰਕਾਰ ਕੀ ਕਰ ਰਹੀ ਹੈ; ਵੇਰਵੇ ਸਹਿਤ ਜਾਣਕਾਰੀ ਦਿੱਤੀ ਜਾਵੇ?

**ਸ਼੍ਰੀਮਤੀ ਅਰੁਨਾ ਚੌਧਰੀ :** ਸ਼੍ਰੀਮਾਨ ਜੀ, ਨਹੀਂ ਜੀ, ਇਸ ਸਮੇਂ ਬੁਢਾਪਾ ਪੈਨਸ਼ਨ ਸਕੀਮ ਅਧੀਨ ਲਾਭਪਾਤਰੀਆਂ ਨੂੰ ਸਮੇਂ ਸਿਰ ਪੈਨਸ਼ਨ ਦੀ ਅਦਾਇਗੀ ਕੀਤੀ ਜਾ ਰਹੀ ਹੈ। ਸ਼ਗਨ ਸਕੀਮ (ਹੁਣ ਆਸ਼ੀਰਵਾਦ) ਸਮਾਜਿਕ ਨਿਆਂ,

ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ ਨਾਲ ਸਬੰਧਿਤ ਹੈ, ਉਨ੍ਹਾਂ ਵੱਲੋਂ ਪ੍ਰਾਪਤ ਰਿਪੋਰਟ ਅਨੁਸਾਰ ਇਸ ਸਕੀਮ ਅਧੀਨ ਲਾਭਪਾਤਰੀਆਂ ਨੂੰ ਸਮੇਂ ਸਿਰ ਲਾਭ ਦਿੱਤਾ ਜਾ ਰਿਹਾ ਹੈ। ਮਨਰੇਗਾ ਸਕੀਮ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ ਨਾਲ ਸਬੰਧਿਤ ਹੈ। ਉਨ੍ਹਾਂ ਵੱਲੋਂ ਪ੍ਰਾਪਤ ਸੂਚਨਾ ਅਨੁਸਾਰ ਇਸ ਸਕੀਮ ਅਧੀਨ ਜਿਨ੍ਹਾਂ ਲਾਭਪਾਤਰੀਆਂ ਵੱਲੋਂ ਕੰਮ ਦੀ ਮੰਗ ਕੀਤੀ ਜਾਂਦੀ ਹੈ, ਉਨ੍ਹਾਂ ਨੂੰ 15 ਦਿਨਾਂ ਦੇ ਅੰਦਰ-ਅੰਦਰ ਕੰਮ ਮੁਹੱਈਆ ਕਰਵਾਇਆ ਜਾਂਦਾ ਹੈ ਅਤੇ ਇਸ ਦੀ ਅਦਾਇਗੀ ਭਾਰਤ ਸਰਕਾਰ ਵੱਲੋਂ ਸਿੱਧੇ ਹੀ ਉਨ੍ਹਾਂ ਦੇ ਖਾਤੇ ਵਿੱਚ ਕਰ ਦਿੱਤੀ ਜਾਂਦੀ ਹੈ।

----------

**ਸਬ-ਡਵੀਜ਼ਨ ਬੁਢਲਾਡਾ ਦੇ ਪਿੰਡਾਂ ਦੀ ਸੜੀ ਫਸਲ ਦਾ ਮੁਆਵਜ਼ਾ ਦੇਣਾ**

**412. ਸ਼੍ਰੀ ਬੁੱਧ ਰਾਮ :** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਬ-ਡਵੀਜ਼ਨ ਬੁਢਲਾਡਾ ਦੇ 8 ਪਿੰਡਾਂ ਵਿੱਚ ਅਪ੍ਰੈਲ, ਮਈ, 2019 ਦੌਰਾਨ ਕਣਕ ਦੀ ਫਸਲ ਕਿਸੇ ਕਾਰਨ ਸੜ ਗਈ ਸੀ; ਜੇਕਰ ਅਜਿਹਾ ਹੋਵੇ ਤਾਂ ਪੀੜਤ ਕਿਸਾਨਾਂ ਨੂੰ ਕਿੰਨਾ-ਕਿੰਨਾ ਮੁਆਵਜ਼ਾ ਦਿੱਤਾ ਗਿਆ ਹੈ ਅਤੇ ਜੇਕਰ ਨਹੀਂ ਦਿੱਤਾ ਤਾਂ ਕਦੋਂ ਤੱਕ ਇਹ ਮੁਆਵਜ਼ਾ ਸਬੰਧਿਤ ਕਿਸਾਨਾਂ ਨੂੰ ਦੇਣ ਦਾ ਵਿਚਾਰ ਹੈ?

**ਸਰਦਾਰ ਗੁਰਪ੍ਰੀਤ ਸਿੰਘ ਕਾਂਗੜ :** ਹਾਂ ਜੀ, ਹਾੜੀ ਸੀਜ਼ਨ 2019 ਦੌਰਾਨ ਬੁਢਲਾਡਾ ਸਬ-ਡਵੀਜ਼ਨ ਦੇ ਚਾਰ ਪਿੰਡਾਂ ਮਲਕੋ, ਹਾਕਮਵਾਲਾ, ਮੰਘਾਣੀਆਂ ਅਤੇ ਸ਼ੇਰ ਖਾਂ ਵਾਲਾ ਵਿੱਚ ਕਣਕ ਦੀ ਫਸਲ ਦਾ ਤਕਰੀਬਨ 12.5 ਏਕੜ ਰਕਬਾ ਅਚਾਨਕ ਅੱਗ ਲੱਗਣ ਕਾਰਨ ਸੜ ਗਿਆ ਸੀ। ਜਿਸ ਸਬੰਧੀ ਡਿਪਟੀ ਕਮਿਸ਼ਨਰ, ਮਾਨਸਾ ਨੂੰ 1,51,575/- ਰੁਪਏ (ਇੱਕ ਲੱਖ ਇਕਵੰਜਾ ਹਜ਼ਾਰ ਪੰਜ ਸੌ ਪਝੱਤਰ ਰੁਪਏ) ਦੀ ਰਾਹਤ ਰਾਸ਼ੀ ਪ੍ਰਭਾਵਿਤ ਕਿਸਾਨਾਂ ਨੂੰ ਵੰਡਣ ਲਈ ਜਾਰੀ ਕਰ ਦਿੱਤੀ ਗਈ ਹੈ। ਇਸ ਤੋਂ ਇਲਾਵਾ ਬੁਢਲਾਡਾ ਸਬ-ਡਵੀਜ਼ਨ ਦੇ ਹੋਰ ਤਿੰਨ ਪਿੰਡਾਂ ਬਰੇਟਾ, ਬਹਾਦਰਪੁਰ ਅਤੇ ਕਾਹਨਗੜ੍ਹ ਵਿੱਚ ਕਣਕ ਦੀ ਫਸਲ ਦਾ ਤਕਰੀਬਨ 43 ਏਕੜ 6 ਕਨਾਲ ਰਕਬਾ ਬਿਜਲੀ ਸਪਾਰਕਿੰਗ/ਸ਼ਾਰਟ ਸਰਕਟ ਕਾਰਨ ਸੜ ਗਿਆ ਸੀ। ਜਿਸ ਸਬੰਧੀ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਪੀ.ਸੀ.ਐਲ.) ਵੱਲੋਂ 5,26,275/- ਰੁਪਏ (ਪੰਜ ਲੱਖ ਛੱਬੀ ਹਜ਼ਾਰ ਦੋ ਸੌ ਪਝੱਤਰ ਰੁਪਏ) ਦੀ ਰਾਹਤ ਰਾਸ਼ੀ ਦੀ ਅਦਾਇਗੀ ਪ੍ਰਭਾਵਿਤ ਕਿਸਾਨਾਂ ਨੂੰ ਜਾਰੀ ਕਰ ਦਿੱਤੀ ਗਈ ਹੈ।

----------

## ਆਈ.ਟੀ.ਆਈ. ਬੁੱਢਲਾਡਾ ਵਿਖੇ ਮਨਜ਼ੂਰਸ਼ੁਦਾ ਅਸਾਮੀਆਂ

**413. ਸ਼੍ਰੀ ਬੁੱਧ ਰਾਮ :** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਆਈ.ਟੀ.ਆਈ. ਬੁੱਢਲਾਡਾ ਵਿਖੇ ਕਿਹੜੀਆਂ-ਕਿਹੜੀਆਂ ਟਰੇਡਾਂ ਚੱਲ ਰਹੀਆਂ ਹਨ ਅਤੇ ਇਨ੍ਹਾਂ ਵਿੱਚ ਕੁੱਲ ਕਿੰਨੀਆਂ ਪੋਸਟਾਂ ਮਨਜ਼ੂਰ ਹਨ ਅਤੇ ਕਿੰਨੀਆਂ ਖਾਲੀ ਹਨ;

(ਅ) ਕੀ ਇਹ ਟਰੇਡਾਂ ਚਲਾਉਣ ਲਈ ਅਧਿਆਪਕ (ਗਰੁੱਪ ਇਨਸਟਰੱਕਟਰ) ਪੂਰੇ ਹਨ; ਜੇਕਰ ਖਾਲੀ ਪੋਸਟਾਂ ਹਨ ਤਾਂ ਉਨ੍ਹਾਂ ਨੂੰ ਭਰਨ ਲਈ ਸਰਕਾਰ ਕੀ ਉਪਰਾਲਾ ਕਰ ਰਹੀ ਹੈ ;

(ੲ) ਆਈ.ਟੀ.ਆਈ., ਬੁੱਢਲਾਡਾ ਦੀ ਬਿਲਡਿੰਗ ਦੀ ਮੁਰੰਮਤ ਲਈ ਸਰਕਾਰ ਕਦੋਂ ਤੱਕ ਲੋੜੀਂਦਾ ਫੰਡ ਜਾਰੀ ਕਰੇਗੀ?

**ਸਰਦਾਰ ਚਰਨਜੀਤ ਸਿੰਘ ਚੰਨੀ :** (ੳ) ਆਈ.ਟੀ.ਆਈ., ਬੁੱਢਲਾਡਾ ਵਿਖੇ ਕੁੱਲ 13 ਟਰੇਡਾਂ- ਇਲੈਕਟਰੀਸ਼ਨ, ਫਿਟਰ, ਮਕੈਨਿਕ ਮੋਟਰ ਵਹੀਕਲ, ਮਸ਼ੀਨਿਸਟ, ਮਕੈਨਿਕ ਐਗਰੀਕਲਚਰ ਮਸ਼ੀਨਰੀ, ਟਰਨਰ, ਵਾਇਰਮੈਨ, ਡਰਾਫਟਸਮੈਨ ਸਿਵਲ, ਮਕੈਨਿਕ ਰੈਫੀਰੀਜੇਸ਼ਨ ਐਂਡ ਏਅਰ ਕੰਡੀਸ਼ਨ, ਵੈਲਡਰ, ਮਕੈਨਿਕ ਕਨਜ਼ਿਊਮਰ ਇਲੈਕਟਰੋਨਿਕਸ ਉਪਕਰਨ, ਸੀਵਿੰਗ ਟੈਕਨਾਲੋਜੀ ਅਤੇ ਮਕੈਨਿਕ ਟਰੈਕਟਰ ਟਰੇਡਾਂ ਚੱਲ ਰਹੀਆਂ ਹਨ। ਇਨ੍ਹਾਂ ਟਰੇਡਾਂ ਲਈ ਇੰਸਟਰੱਕਟਰ ਦੀਆਂ ਕੁੱਲ 32 ਪੋਸਟਾਂ ਮਨਜ਼ੂਰ ਹਨ ਜਿਨ੍ਹਾਂ ਵਿੱਚੋਂ 13 ਪੋਸਟਾਂ ਖਾਲੀ ਹਨ।

(ਅ) ਨਹੀਂ ਜੀ, ਗਰੁੱਪ ਇੰਸਟਰੱਕਟਰ ਦੀਆਂ ਕੁੱਲ 3 ਪੋਸਟਾਂ ਪ੍ਰਵਾਨਿਤ ਹਨ ਜਿਨ੍ਹਾਂ ਵਿਰੁੱਧ 2 ਕਰਮਚਾਰੀ ਤਾਇਨਾਤ ਹਨ। ਕੇਵਲ ਇੱਕ ਅਸਾਮੀ ਖਾਲੀ ਹੈ ਜੋ ਕਿ ਪਦ ਉੱਨਤੀ ਰਾਹੀਂ ਭਰਨ ਸਬੰਧੀ ਕੇਸ ਵਿਚਾਰ ਅਧੀਨ ਹੈ।

(ੲ) ਰਾਜ ਦੀਆਂ ਉਦਯੋਗਿਕ ਸਿਖਲਾਈ ਸੰਸਥਾਵਾਂ ਦੀਆਂ ਇਮਾਰਤਾਂ ਦੀ ਰਿਪੇਅਰ ਆਦਿ ਲਈ ਸਾਲ 2020-21 ਦੌਰਾਨ 5 ਕਰੋੜ ਰੁਪਏ ਦੇ ਬਜਟ ਉਪਬੰਧ ਦੀ ਤਜਵੀਜ਼ ਹੈ। ਆਈ.ਟੀ.ਆਈ., ਬੁੱਢਲਾਡਾ ਵੀ ਇਸ ਵਿੱਚ ਸ਼ਾਮਿਲ ਹੈ।

-----------

**ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ 414****

(ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ।)

-----------

**ਸਿੰਜਾਈ ਲਈ ਮੋਟਰ ਕੁਨੈਕਸ਼ਨ ਜਾਰੀ ਕਰਨਾ**

**415. ਸ਼੍ਰੀ ਬੁੱਧ ਰਾਮ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਜਿਨ੍ਹਾਂ ਕਿਸਾਨਾਂ ਨੂੰ ਸਿੰਜਾਈ ਲਈ ਮੋਟਰ ਕੁਨੈਕਸ਼ਨਾਂ ਜਾਰੀ ਕਰਨ ਲਈ ਡਿਮਾਂਡ ਨੋਟਿਸ ਜਾਰੀ ਕੀਤੇ ਗਏ ਸਨ, ਉਨ੍ਹਾਂ ਨੂੰ ਡਿਮਾਂਡ ਨੋਟਿਸ ਦਾ ਸਮਾਂ ਵਧਾਉਣ ਦੀ ਆਗਿਆ ਲੋੜੀਂਦੀ ਫੀਸ ਭਰਕੇ ਦਿੱਤੀ ਗਈ ਸੀ;

(ਅ) ਜੇਕਰ ਭਾਗ (ੳ) ਦਾ ਉੱਤਰ 'ਹਾਂ' ਵਿੱਚ ਹੋਵੇ ਤਾਂ ਜੋ ਕਿਸਾਨ ਫੇਰ ਵੀ ਨਿਯਤ ਤਿੰਨ ਮਹੀਨੇ ਵਿੱਚ ਕੁਨੈਕਸ਼ਨ ਕਿਸੇ ਕਾਰਨ ਨਹੀਂ ਲੈ ਸਕੇ ਜਾਂ ਇਸ ਸਬੰਧੀ ਅਗਿਆਨ ਸੀ, ਕੀ ਉਨ੍ਹਾਂ ਲੋੜਵੰਦ ਕਿਸਾਨਾਂ ਨੂੰ ਇੱਕ ਵਾਰ ਹੋਰ ਸਮਾਂ ਸੀਮਾ ਵਧਾਉਣ ਦਾ ਵਿਚਾਰ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕੀਤਾ ਜਾ ਸਕਦਾ ਹੈ?

**ਕੈਪਟਨ ਅਮਰਿੰਦਰ ਸਿੰਘ :** (ੳ) ਜੀ ਹਾਂ।

(ਅ) ਜੇਕਰ ਕੋਈ ਖੇਤੀਬਾੜੀ ਟਿਊਬਵੈੱਲ ਬਿਨੈਕਾਰ ਡਿਮਾਂਡ ਨੋਟਿਸ ਦੀ ਅਸਲ/ਵਧਾਈ ਮਿਆਦ ਦੇ ਅੰਦਰ ਵਾਧਾ ਨਹੀਂ ਕਰਾ ਸਕਿਆ ਅਤੇ ਉਸ ਦੀ ਅਰਜ਼ੀ ਰੱਦ ਕਰ ਦਿੱਤੀ ਹੋਵੇ ਤਾਂ ਅਜਿਹੇ ਖੇਤੀਬਾੜੀ ਟਿਊਬਵੈੱਲ ਬਿਨੈਕਾਰ ਦੀ ਅਰਜ਼ੀ ਡਿਮਾਂਡ ਨੋਟਿਸ ਐਕਸਟੈਨਸ਼ਨ ਫੀਸ ਤੋਂ ਦੁੱਗਣੀ ਫੀਸ ਅਤੇ ਐਕਸਟੈਨਸ਼ਨ ਫੀਸ ਲੈ ਕੇ ਅਗਲੇ 3 ਮਹੀਨਿਆਂ ਲਈ ਸਿਰਫ ਇੱਕ ਵਾਰ ਪੁਨਰ-ਸੁਰਜੀਤ ਕੀਤੀ ਜਾ ਸਕਦੀ ਹੈ।

ਡਿਮਾਂਡ ਨੋਟਿਸ ਜਾਰੀ ਹੋਣ ਦੀ ਮਿਤੀ ਤੋਂ ਦੋ ਸਾਲ ਦੀ ਮਿਆਦ ਖਤਮ ਹੋਣ ਤੋਂ ਬਾਅਦ ਬਿਨੈਕਾਰ ਦੀ ਅਰਜ਼ੀ ਵੱਧ ਤੋਂ ਵੱਧ 3 ਮਹੀਨਿਆਂ ਲਈ ਸਿਰਫ ਇੱਕ ਵਾਰ ਮੁੜ ਸੁਰਜੀਤ ਕੀਤੀ ਜਾ ਸਕਦੀ ਹੈ ਅਤੇ ਇਹ ਪ੍ਰਵਾਨਗੀ ਡਿਮਾਂਡ ਨੋਟਿਸ ਜਾਰੀ ਹੋਣ ਦੀ ਮਿਤੀ ਤੋਂ 10 ਸਾਲ ਤੱਕ ਹੀ ਕੀਤੀ ਜਾ ਸਕਦੀ ਹੈ।

----------

(ਡਿਬੇਟ ਦੀ ਛਪਾਈ ਤੱਕ ਇਨਾਂ ** ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 414 ਦਾ ਜਵਾਬ ਪ੍ਰਾਪਤ ਨਹੀਂ ਹੋਇਆ।)

**(ਅਵਾਜ਼ਾਂ :** ਜ਼ੀਰੋ ਆਵਰ ਦਿਓ ਜੀ।)

**ਮਾਨਯੋਗ ਸਪੀਕਰ :** ਮੈਂ ਇਕ ਅਨਾਊਂਸਮੈਂਟ ਕਰ ਦੇਵਾਂ ਫੇਰ ਉਸ ਤੋਂ ਬਾਅਦ ਜ਼ੀਰੋ ਆਵਰ ਹੋਵੇਗਾ। ਇਕ ਅਨਾਊਂਸਮੈਂਟ ਦਾ ਟਾਈਮ ਦੇ ਦਿਓ।

-----------

## ANNOUNCEMENT BY THE SPEAKER REG. DISTRIBUTION OF THE CALLIGRAPHED COPIES OF THE CONSTITUTION OF INDIA TO ALL THE MEMBERS

**ਮਾਨਯੋਗ ਸਪੀਕਰ :** ਮਿਤੀ 26.11.2019 ਨੂੰ ਭਾਰਤ ਦਾ ਸੰਵਿਧਾਨ ਦਿਵਸ ਮਨਾਉਣ ਦੇ ਮੌਕੇ ਤੇ ਹੋਏ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਦੌਰਾਨ ਸਰਦਾਰ ਮਨਪ੍ਰੀਤ ਸਿੰਘ ਬਾਦਲ, ਵਿੱਤ ਮੰਤਰੀ, ਪੰਜਾਬ ਵੱਲੋਂ ਭਾਰਤ ਦੇ ਸੰਵਿਧਾਨ ਦੀਆਂ ਕਾਪੀਆਂ ਮਾਨਯੋਗ ਮੈਂਬਰਾਂ ਨੂੰ ਦੇਣ ਲਈ ਇੱਛਾ ਜ਼ਾਹਿਰ ਕੀਤੀ ਗਈ ਸੀ ਅਤੇ ਇਸ ਬਾਰੇ ਸਮੂਹ ਸਦਨ ਦੀ ਇੱਛਾ ਨੂੰ ਧਿਆਨ ਵਿੱਚ ਰੱਖਦਿਆਂ ਚੇਅਰ ਵਲੋਂ ਸਹਿਮਤੀ ਪ੍ਰਗਟਾਈ ਗਈ ਸੀ। ਹੁਣ ਮੈਨੂੰ ਸਦਨ ਨੂੰ ਸੂਚਿਤ ਕਰਦੇ ਹੋਏ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਪੰਜਾਬ ਵਿਧਾਨ ਸਭਾ ਸਕੱਤਰੇਤ ਦੁਆਰਾ ਲੋਕ ਸਭਾ ਸਕੱਤਰੇਤ ਨਾਲ ਰਾਬਤਾ ਕਾਇਮ ਕਰਦੇ ਹੋਏ ਮਾਨਯੋਗ ਮੈਂਬਰਾਂ ਲਈ ਸੰਵਿਧਾਨ ਦੀਆਂ ਕੈਲੀਗ੍ਰਾਫਡ ਕਾਪੀਆਂ ਮੰਗਵਾ ਲਈਆਂ ਗਈਆਂ ਹਨ ਅਤੇ ਇਸ ਸਦਨ ਦੇ ਹਰ ਇਕ ਮਾਨਯੋਗ ਮੈਂਬਰ ਨੂੰ ਭਾਰਤ ਦੇ ਸੰਵਿਧਾਨ ਦੀ ਇੱਕ-ਇੱਕ ਕੈਲੀਗ੍ਰਾਫਡ ਕਾਪੀ ਮੁਹੱਈਆ ਕਰਵਾਈ ਜਾ ਰਹੀ ਹੈ।(ਥੰਪਿੰਗ)

---------

## MATTERS RAISED DURING ZERO HOUR AND STATEMENTS MADE BY THE MINISTERS THEREON

**ਮਾਨਯੋਗ ਸਪੀਕਰ :** ਹੁਣ ਜ਼ੀਰੋ ਆਵਰ ਸ਼ੁਰੂ ਹੁੰਦਾ ਹੈ। ਹਾਂ ਜੀ, ਸਰਦਾਰ ਮਨਜੀਤ ਸਿੰਘ ਜੀ।

**ਸਰਦਾਰ ਮਨਜੀਤ ਸਿੰਘ :** ਸਪੀਕਰ ਸਾਹਿਬ ਤੁਹਾਡਾ ਬਹੁਤ-ਬਹੁਤ ਧੰਨਵਾਦ। ਤੁਹਾਡੀ ਬੜੀ ਮਿਹਰਬਾਨੀ। ਸਪੀਕਰ ਸਾਹਿਬ, ਮੇਰੇ ਹਲਕੇ ਨਿਹਾਲ ਸਿੰਘ ਵਾਲਾ ਦੇ

ਪਿੰਡ ਰਨਸੀਂਹ ਕਲਾਂ ਵਿੱਚ ਆਦਰਸ਼ ਸਕੂਲ ਚੱਲ ਰਿਹਾ ਹੈ ਜਿਸ ਦਾ ਪ੍ਰਬੰਧ ਸਰਦਾਰ ਨਰਿੰਦਰ ਸਿੰਘ ਰੰਧਾਵਾ ਕੋਲ ਹੈ, ਜਿਨ੍ਹਾਂ ਤੇ ਤਕਰੀਬਨ 28 ਕੇਸ ਦਰਜ ਹਨ। ਸਕੂਲ ਦੇ ਜਾਅਲੀ ਬਿਲ ਬਣਾਏ ਜਾਂਦੇ ਹਨ। ਜਿਹੜੀਆਂ ਫਰਮਾਂ ਮੰਡੀ ਨਿਹਾਲ ਸਿੰਘ ਵਾਲਾ ਵਿੱਚ ਹਨ, ਉਨ੍ਹਾਂ ਫਰਮਾਂ ਦੇ ਨਾਂ ਤੇ ਜਾਅਲੀ ਬਿੱਲ ਬਣਾ ਕੇ ਬਿੱਲ ਵਸੂਲ ਕੀਤੇ ਜਾ ਰਹੇ ਹਨ। ਸਰਕਾਰ ਵਲੋਂ ਪ੍ਰਤੀ ਵਿਦਿਆਰਥੀ ਫੰਡ ਮੁਹੱਈਆ ਕਰਵਾਇਆ ਜਾਂਦਾ ਹੈ ਪਰ ਇਨ੍ਹਾਂ ਵਲੋਂ ਨਜਾਇਜ਼ ਫੀਸਾਂ ਵੀ ਲਈਆਂ ਜਾ ਰਹੀਆਂ ਹਨ, ਵਰਦੀਆਂ ਦੇ ਪੈਸੇ ਲਏ ਜਾ ਰਹੇ ਹਨ, ਇਥੋਂ ਤੱਕ ਕਿ ਮਿਡ-ਡੇਅ ਮੀਲ ਤਹਿਤ ਬੱਚਿਆਂ ਲਈ ਜਿਹੜਾ ਖਾਣਾ ਮਿਲਦਾ ਹੈ, ਉਸ ਦੇ ਚਾਵਲ ਅਤੇ ਕਣਕ ਵੇਚਦੇ ਫੜੇ ਗਏ ਹਨ ਅਤੇ ਪਰਚਾ ਦਰਜ ਹੋਇਆ ਹੈ। ਮੇਰੇ ਕੋਲ ਇਸ ਦੀਆਂ ਸਾਰੀਆਂ ਰਿਪੋਰਟਾਂ ਹਨ। ਮੈਂ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਇਸ ਮਸਲੇ ਨੂੰ ਵਿਚਾਰਿਆ ਜਾਵੇ ਅਤੇ ਸਕੂਲ ਦਾ ਪ੍ਰਬੰਧ ਵਾਪਸ ਲੈ ਕੇ ਚੰਗੇ ਹੱਥਾਂ ਵਿੱਚ ਦਿੱਤਾ ਜਾਵੇ। ਤੁਸੀਂ ਹੈਰਾਨ ਹੋਵੋਗੇ ਕਿ ਉਸ ਸਕੂਲ ਦੇ ਪ੍ਰਬੰਧਕ ਉੱਪਰ ਧਾਰਾ 376, 354, 420 ਅਤੇ 406 ਆਦਿ ਬਹੁਤ ਸਾਰੀਆਂ ਧਾਰਾਵਾਂ ਤਹਿਤ ਮੁਕੱਦਮੇ ਦਰਜ ਹਨ। ਕਿਰਪਾ ਕਰਕੇ ਇਸ ਦੀ ਪੂਰੀ ਇਨਕੁਆਇਰੀ ਕਰਵਾਈ ਜਾਵੇ।

**ਸਰਦਾਰ ਪਿਰਮਲ ਸਿੰਘ ਧੌਲਾ :** ਸਪੀਕਰ ਸਾਹਿਬ, ਮੈਨੂੰ ਵੀ ਜ਼ੀਰੋ ਆਵਰ ਵਿੱਚ ਬੋਲਣ ਦਾ ਮੌਕਾ ਦਿੱਤਾ ਜਾਵੇ।

**ਮਾਨਯੋਗ ਸਪੀਕਰ :** ਤੁਸੀਂ ਵੀ ਬੋਲ ਲੈਣਾ।

**ਸ਼੍ਰੀ ਕੰਵਰ ਸੰਧੂ :** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਸਦਨ ਦਾ ਧਿਆਨ ਅੱਜ ਦੀਆਂ ਅਖਬਾਰਾਂ ਦੀਆਂ ਸੁਰਖੀਆਂ ਵੱਲ ਦਿਵਾਉਣਾ ਚਾਹੁੰਦਾ ਹਾਂ। ਹਾਈ ਕੋਰਟ ਦਾ ਕੱਲ੍ਹ ਆਰਡਰ ਆਇਆ ਹੈ, ਜਿਸ ਨਾਲ ਚੰਡੀਗੜ੍ਹ ਨਾਲ ਲਗਦੇ ਪੰਜਾਬ ਅਤੇ ਹਰਿਆਣਾ ਦੇ ਇਲਾਕਿਆਂ ਤੇ ਵੱਡਾ ਅਸਰ ਪੈਣਾ ਹੈ। ਇਸ ਹਾਈ ਕੋਰਟ ਦੇ ਆਰਡਰ ਮੁਤਾਬਿਕ ਤਕਰੀਬਨ 2000-2500 ਘਰ ਡਿਮਾਲਿਸ਼ ਹੋਣੇ ਹਨ, ਢਾਹੇ ਜਾਣੇ ਹਨ। ਇਸ ਦੇ ਬਾਵਜੂਦ ਕਿ ਇਹ ਸਾਰੇ ਘਰ ਉਸ ਏਰੀਏ ਵਿੱਚ ਬਣੇ ਹਨ, ਜਿੱਥੇ ਮਾਸਟਰ ਪਲਾਨ ਲਾਗੂ ਹੈ। ਵੈਸੇ ਤਾਂ ਇਹ ਹਾਈ ਕੋਰਟ ਦੀ ਜੱਜਮੈਂਟ ਹੈ ਅਤੇ ਮੈਂ ਇਸ ਦੀ ਆਲੋਚਨਾ ਨਹੀਂ ਕਰ ਸਕਦਾ। ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਕੇਸ ਦੋਹਾਂ ਸਰਕਾਰਾਂ ਵਲੋਂ ਚੰਗੀ ਤਰ੍ਹਾਂ ਡਿਫੈਂਡ ਨਹੀਂ ਹੋਇਆ। ਮੇਰੀ ਗੁਜ਼ਾਰਿਸ਼ ਇਹ ਹੈ ਕਿ ਜੋ ਇੱਥੇ ਟਿੱਪਣੀਆਂ ਕੀਤੀਆਂ ਗਈਆਂ ਹਨ, ਇਹ ਸਾਲ 2009 ਦਾ

[ਸ਼੍ਰੀ ਕੰਵਰ ਸੰਧੂ]

properly notified master plan ਹੈ, objections invite ਹੁੰਦੇ ਹਨ, ਉਸ ਨੂੰ ਹਾਈ ਕੋਰਟ ਰੱਦ ਕਰ ਦੇਵੇ, ਇਹ ਬਹੁਤ ਸੀਰੀਅਸ ਮਸਲਾ ਹੈ ਅਤੇ ਇਸ ਦਾ ਸਾਰੇ ਏਰੀਏ ਵਿੱਚ ਬਹੁਤ ਸੀਰੀਅਸ ਅਸਰ ਪੈਣਾ ਹੈ। ਕਾਂਸਲ, ਕਰੋਰਾਂ, ਇਹ ਚੰਡੀਗੜ੍ਹ ਦੇ 2-3 ਪਿੰਡ ਹਨ ਅਤੇ ਦੂਜੇ ਪਾਸੇ ਹਰਿਆਣੇ ਵਿੱਚ ਸਕੇਤੜੀ ਪਿੰਡ ਪੈਂਦਾ ਹੈ। ਸਪੀਕਰ ਸਾਹਿਬ, ਪੰਜਾਬ ਦਾ ਮਾਸਟਰ ਪਲਾਨ ਰੱਦ ਕਰ ਦਿੱਤਾ ਪਰ ਇਹ ਕਿਹਾ ਗਿਆ ਹੈ ਕਿ Survey of India map ਵਿੱਚ ਜਿਹੜਾ ਕੈਚਮੈਂਟ ਏਰੀਆ ਹੈ....

**ਮਾਨਯੋਗ ਸਪੀਕਰ :** ਇਹ ਹਾਈ ਕੋਰਟ ਦੀ ਜੱਜਮੈਂਟ ਹੈ, ਤੁਸੀਂ ਇਸ ਬਾਰੇ ਕੀ ਕਹਿਣਾ ਚਾਹੁੰਦੇ ਹੋ?

**ਸ਼੍ਰੀ ਕੰਵਰ ਸੰਧੂ :** ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਹਾਈ ਕੋਰਟ ਦੀ ਜੱਜਮੈਂਟ ਸਿਲੈਕਟਿਵ ਹੈ ਅਤੇ ਇਸ ਨੂੰ ਚੈਲੰਜ ਕਰਨ ਦੀ ਲੋੜ ਹੈ ਕਿਉਂਕਿ ਹਾਈ ਕੋਰਟ ਦੀ ਆਪਣੀ ਬਿਲਡਿੰਗ ਦਾ ਹਿੱਸਾ ਇਸ ਕੈਚਮੈਂਟ ਏਰੀਆ ਵਿੱਚ ਪੈਂਦਾ ਹੈ, ਉਸ ਨੂੰ ਵਿੱਚ ਇਨਕਲੂਡ ਕੀਤਾ ਗਿਆ ਹੈ ਅਤੇ ਉਹ ਇਸ Survey of India map ਦਾ ਹਿੱਸਾ ਹੈ। ਮੇਰੀ ਗੁਜ਼ਾਰਿਸ਼ ਇਹ ਹੈ ਕਿ ਇਸ ਜੱਜਮੈਂਟ ਤੇ State Reorganisation Act ਦਾ ਬਹੁਤ ਵੱਡਾ ਅਸਰ ਹੈ। ਸਾਲ 1966 ਵਿੱਚ State Reorganisation Act ਤਹਿਤ 4,852 ਹਿੱਸੇ ਮੁਤਾਬਿਕ 6,000 ਏਕੜ ਤੋਂ 8,000 ਏਕੜ ਏਰੀਆ ਚੰਡੀਗੜ੍ਹ ਨੂੰ ਦੇ ਦਿੱਤਾ ਗਿਆ ਤਾਂ ਕਿ ਲੇਕ ਨੂੰ ਪ੍ਰੋਟੈਕਟ ਕੀਤਾ ਜਾ ਸਕੇ ਲੇਕਿਨ ਇਸ ਜੱਜਮੈਂਟ ਦੇ ਤਹਿਤ, ਜਿਹੜਾ ਬਾਕੀ ਏਰੀਆ ਹੈ, ਜਿਹੜਾ ਰੀ-ਆਰਗੇਨਾਈਜੇਸ਼ਨ ਐਕਟ ਤੋਂ ਬਾਹਰ ਸੀ, ਉਸ ਨੂੰ ਵੀ ਇਨਡਾਇਰੈਕਟਲੀ ਇਸ ਦੇ ਵਿਚ ਇਨਕਲੂਡ ਕਰ ਲਿਆ ਗਿਆ ਹੈ। ਇਹ ਬੜਾ ਸੀਰੀਅਸ ਮਸਲਾ ਹੈ। ਸਟੇਟ ਦੀ ਅਟਾਨਮੀ, ਖੁਦਮੁਖਤਿਆਰੀ ਅਤੇ ਸਟੇਟ ਦੇ ਜੋ ਆਪਣੇ ਰਾਈਟਸ ਹਨ, ਇਹ ਉਨ੍ਹਾਂ ਦੀ ਉਲੰਘਣਾ ਹੈ। ਸਿਰਫ ਇਹੋ ਹੀ ਨਹੀਂ ਉਸ ਦੇ ਵਿਚ ਇਹ ਵੀ ਕਿਹਾ ਹੈ ਕਿ....

**ਮਾਨਯੋਗ ਸਪੀਕਰ :** ਤੁਸੀਂ ਜੱਜਮੈਂਟ ਦੀ ਨੁਕਤਾਚੀਨੀ ਨਹੀਂ ਕਰ ਸਕਦੇ।

**ਸ਼੍ਰੀ ਕੰਵਰ ਸੰਧੂ :** ਨਹੀਂ ਜੀ। ਮੈਂ ਨੁਕਤਾਚੀਨੀ ਨਹੀਂ ਕਰ ਰਿਹਾ। ਮੈਂ ਸਿਰਫ ਇਹ ਕਹਿ ਰਿਹਾ ਹਾਂ ਕਿ ਜੇ ਚੰਡੀਗੜ੍ਹ ਵਿਚ ਸੁਖਨਾ ਲੇਕ ਅੱਜ ਵੱਸਦੀ ਹੈ ਤਾਂ ਉਹ ਸਿਰਫ ਤੇ ਸਿਰਫ ਜੁਆਇੰਟ ਪੰਜਾਬ ਦੇ ਕਰਕੇ ਹੀ ਵੱਸਦੀ ਹੈ। ਅਸੀਂ 6,000 ਤੋਂ 8,000 ਏਕੜ, ਲੇਕ ਦੀ ਸੁਰੱਖਿਆ ਵਾਸਤੇ ਅਤੇ ਲੇਕ ਦੀ ਸੁਆਇਲ ਕੰਜ਼ਰਵੇਸ਼ਨ ਵਾਸਤੇ ਦਿੱਤਾ ਹੋਇਆ ਹੈ ਲੇਕਿਨ ਇਸ ਜੱਜਮੈਂਟ ਤੋਂ ਇੰਝ ਲਗਦਾ ਹੈ ਜਿਵੇਂ ....

**ਮਾਨਯੋਗ ਸਪੀਕਰ:** ਠੀਕ ਹੈ, you have raised your point. ਹਾਂ ਜੀ, ਚੰਦੂਮਾਜਰਾ ਜੀ।

**ਸ਼੍ਰੀ ਕੰਵਰ ਸੰਧੂ :** ਸਰ, ਮੈਂ ਇਸ ਕਰਕੇ ਗੱਲ ਕਰ ਰਿਹਾ ਹਾਂ ਕਿ ਇਸ ਤੋਂ ਪਹਿਲਾਂ ਸੁਪਰੀਮ ਕੋਰਟ ਦੀ ਜੱਜਮੈਂਟ ਵਿਚ ਬਹੁਤ ਸਾਰੇ ਐਮ.ਐਲ.ਏਜ਼ ਦੇ ਉੱਤੇ ਬਹੁਤ ਮੰਦਭਾਗੀ ਟਿੱਪਣੀ ਕੀਤੀ ਗਈ ਸੀ। ਜਿਹੜਾ ਕੈਮਲੌਟ ਪ੍ਰੋਜੈਕਟ ਸੀ, ਉਸ ਨੂੰ ਤਾਂ quash ਕਰ ਦਿੱਤਾ ਲੇਕਿਨ ਐਮ.ਐਲ.ਏਜ਼ ਦੇ ਉੱਤੇ.... (ਵਿਘਨ) ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਅਤੇ ਹਰਿਆਣਾ ਦੋਵਾਂ ਸਟੇਟਾਂ ਦਾ ਇਕੱਠਾ ਮੈਟਰ ਹੈ।

**ਮਾਨਯੋਗ ਸਪੀਕਰ:** ਸੰਧੂ ਸਾਹਿਬ, you have raised the issue. ਸੰਧੂ ਸਾਹਿਬ, ਮਾਮਲਾ ਸਰਕਾਰ ਦੇ ਧਿਆਨ ਵਿਚ ਲਿਆ ਦਿੱਤਾ ਹੈ ਲੇਕਿਨ ਜੱਜਮੈਂਟ ਡਿਸਕਸ ਨਹੀਂ ਹੋ ਸਕਦੀ। We cannot discuss the Judgement. ਹੁਣ ਬੈਠ ਜਾਵੋ। ਹਾਂ ਜੀ, ਚੰਦੂਮਾਜਰਾ ਜੀ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਪੀਕਰ ਸਾਹਿਬ, ਪੰਜਾਬ ਦੇ ਅੱਗੇ ਪਾਣੀਆਂ ਦਾ ਇੱਕ ਬਹੁਤ ਵੱਡਾ ਗੰਭੀਰ ਸੰਕਟ ਹੈ। ਸਾਡੇ ਪੰਜਾਬ ਦਾ ਬਹੁਤ ਵੱਡਾ ਹਿੱਸਾ ਡਾਰਕ ਜੋਨ ਘੋਸ਼ਿਤ ਕੀਤਾ ਜਾ ਚੁੱਕਿਆ ਹੈ ਅਤੇ ਸਾਡੇ ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਇੱਕ ਵਧੀਆ ਕਦਮ ਚੁੱਕਿਆ ਅਤੇ ਸਾਰੀਆਂ ਰਾਜਸੀ ਪਾਰਟੀਆਂ ਨੂੰ ਇੱਕ ਥਾਂ ਤੇ ਇਕੱਠਾ ਕੀਤਾ। ਪੰਜਾਬ ਐਸ.ਵਾਈ.ਐਲ. ਦੇ ਮੁੱਦੇ ਦੇ ਉੱਤੇ ਇੱਕ ਅਵਾਜ਼ ਬਣ ਕੇ ਬੋਲਿਆ। ਉਸ ਆਲ ਪਾਰਟੀ ਮੀਟਿੰਗ ਵਿਚ ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਇੱਕ ਵਾਅਦਾ ਕੀਤਾ ਸੀ ਕਿ ਪਾਣੀਆਂ ਦੇ ਮੁੱਦੇ ਤੇ ਵਿਸ਼ੇਸ਼ ਸੈਸ਼ਨ ਤਾਂ ਨਹੀਂ ਬੁਲਾ ਸਕਦੇ ਪਰ ਦੋ ਦਿਨ ਇਸ ਬਜਟ ਇਜਲਾਸ ਵਿਚ ਪਾਣੀਆਂ ਦੇ ਇਸ਼ੂ ਤੇ ਗੱਲ ਕਰਾਂਗੇ। ਮੈਂ ਸਮਝਦਾ ਹਾਂ ਕਿ ਕੱਲ੍ਹ ਦਾ ਆਖਰੀ ਦਿਨ ਇਸ ਬਜਟ ਇਜਲਾਸ ਦਾ ਰਹਿ ਗਿਆ ਹੈ ਅਤੇ ਸਰਕਾਰ ਦੀ ਗੈਰ-ਸੰਜੀਦਗੀ ਇਸ ਮੁੱਦੇ ਤੇ ਸਾਫ ਝਲਕ ਰਹੀ ਹੈ। ਮੈਂ ਕਹਿ ਸਕਦਾ ਹਾਂ ਕਿ ਅਟੱਲ-ਭੂ-ਜਲ ਯੋਜਨਾ ਜੋ ਕਿ 6,000 ਕਰੋੜ ਰੁਪਏ ਦੀ ਯੋਜਨਾ ਸੀ, ਚਲੋ, ਪੰਜਾਬ ਸਰਕਾਰ ਦੀ ਅਣਗਹਿਲੀ ਕਰਕੇ ਕਹਿ ਲਈਏ, ** ** ਕਰਕੇ ਕਹਿ ਲਈਏ ਕਿ ਆਪਾਂ ਨੀਤੀ ਆਯੋਗ ਵਿਚ ਪੰਜਾਬ ਦਾ ਨੁਮਾਇੰਦਾ ਹੀ ਨਹੀਂ ਭੇਜ ਸਕੇ। ਅੱਜ ਪੰਜਾਬ ਦਾ ਨਾਮ ਉਸ 6,000 ਕਰੋੜ ਰੁਪਏ ਦੀ ਯੋਜਨਾ ਦੇ ਵਿਚ ਹੀ ਨਹੀਂ ਹੈ। ਇਸੇ ਮੁੱਦੇ ਦੇ ਉੱਤੇ ਗੱਲ ਹੋਣੀ ਚਾਹੀਦੀ ਹੈ।

---

** **Expunged as ordered by the Chair.

**ਮਾਨਯੋਗ ਸਪੀਕਰ :** ਇਹ ** ਸ਼ਬਦ ਕੱਟ ਦਿਉ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇੱਥੇ ਪਾਰਲੀਮੈਂਟਰੀ ਅਫੇਅਰਜ਼ ਮਨਿਸਟਰ ਮਾਨਯੋਗ ਸ਼੍ਰੀ ਬ੍ਰਹਮ ਮਹਿੰਦਰਾ ਸਾਹਿਬ ਬੈਠੇ ਹਨ, ਮਾਨਯੋਗ ਸੀ.ਐਮ. ਸਾਹਿਬ ਅੱਜ ਸਦਨ ਵਿਚ ਨਹੀਂ ਹਨ। ਮੈਂ ਚਾਹੁੰਦਾ ਹਾਂ ਕਿ ਸਿਰਫ ਕੱਲ੍ਹ ਦਾ ਦਿਨ ਇਸ ਇਜਲਾਸ ਦਾ ਰਹਿ ਗਿਆ ਹੈ, ਘੱਟੋ-ਘੱਟ ਪਾਣੀ ਦੇ ਮੁੱਦੇ ਤੇ ਗੱਲ ਕੀਤੀ ਜਾਵੇ ਕਿਉਂਕਿ ਇਹ ਗੰਭੀਰ ਮੁੱਦਾ ਹੈ ਪਰ ਸਰਕਾਰ ਇਸ ਨੂੰ ਗੰਭੀਰਤਾ ਨਾਲ ਲੈ ਹੀ ਨਹੀਂ ਰਹੀ। ਇਹ ਬੜੀ ਵੱਡੀ ਤ੍ਰਾਸਦੀ ਹੈ, ਕਲਾਜ਼ 5(ਬੀ) ਟਰਮੀਨੇਸ਼ਨ ਆਫ ਐਗਰੀਮੈਂਟ ਬਿਲ, ਜਿਹੜਾ ਪੰਜਾਬ ਸਰਕਾਰ ਦਾ ਸਾਲ 2004 ਦਾ ਬਿਲ ਹੈ, ਆਪਾਂ ਸੀ.ਐਮ. ਸਾਹਿਬ ਨੂੰ ਪਾਣੀਆਂ ਦੇ ਰਾਖੇ ਕਹਿੰਦੇ ਹਾਂ, ਉਸ ਦੇ ਅਧੀਨ ਜਿਹੜਾ ਪਾਣੀ ਰਾਜਸਥਾਨ ਜਾਂ ਦੂਜੇ ਸੂਬਿਆਂ ਨੂੰ ਜਾਂਦਾ ਹੈ, ਉਹ ਪ੍ਰੋਟੈਕਟ ਕਰਦੇ ਹਨ। ਹੁਣ ਉਹ ਐਵੇਂ ਹੀ ਜਾਈ ਜਾ ਰਿਹਾ ਹੈ। ਮੈਂ ਚਾਹੁੰਦਾ ਹਾਂ ਕਿ ਰਾਜਨੀਤਿਕ ਦਾਇਰੇ ਤੋਂ ਬਾਹਰ ਜਾ ਕੇ ਕੋਈ ਦੋ ਦਿਨ ਦਾ ਵਿਸ਼ੇਸ਼ ਸਮਾਗਮ ਰੱਖੋ।

**ਮਾਨਯੋਗ ਸਪੀਕਰ:** ਚਲੋ, ਬੈਠੋ ਜੀ। ਸਰਦਾਰ ਅਮਰਜੀਤ ਸਿੰਘ ਸੰਦੋਆ ਜੀ। ਚੰਦੂਮਾਜਰਾ ਜੀ, ਬੈਠ ਜਾਵੋ। ਸਾਰੇ ਬੋਲ ਲੈਣਗੇ, ਜ਼ਰਾ ਬੈਠ ਜਾਵੋ।

**ਸਰਦਾਰ ਅਮਰਜੀਤ ਸਿੰਘ ਸੰਦੋਆ :** ਸਪੀਕਰ ਸਾਹਿਬ, ਧੰਨਵਾਦ ਜੀ ਕਿ ਮੇਰੇ ਵੱਲ ਵੀ ਤੁਹਾਡੀ ਨਿਗ੍ਹਾ ਘੁੰਮ ਗਈ ਅਤੇ ਮੈਨੂੰ ਜ਼ੀਰੋ ਆਵਰ ਤੇ ਟਾਈਮ ਦੇ ਦਿੱਤਾ। ਛੇ ਦਿਨ ਦਾ ਸਮਾਗਮ ਲੰਘ ਗਿਆ ਹੈ ਜੀ, ਤੁਸੀਂ ਮੈਨੂੰ ਟਾਈਮ ਨਹੀਂ ਦਿੱਤਾ।

**ਮਾਨਯੋਗ ਸਪੀਕਰ :** ਸੰਦੋਆ ਜੀ, ਬੋਲੋ ਜੀ, ਬੋਲੋ।

**ਸਰਦਾਰ ਅਮਰਜੀਤ ਸਿੰਘ ਸੰਦੋਆ :** ਸਪੀਕਰ ਸਾਹਿਬ, ਮੈਂ ਕੁਐਸਚਨ ਵੀ ਲਗਾਇਆ ਸੀ। ਸਾਡੇ ਨੂਰਪੁਰ ਬੇਦੀ ਬਲਾਕ ਦੇ ਪਿੰਡ ਮੂੰਨੇ ਵਿਚ ਲੜਕੀਆਂ ਦਾ ਇੱਕ ਕਾਲਜ ਹੈ, ਜਿਸ ਨੂੰ ਸੰਤ ਬਾਬਾ ਲਾਭ ਸਿੰਘ ਜੀ ਚਲਾਉਂਦੇ ਸੀ। ਸਪੀਕਰ ਸਾਹਿਬ, ਤੁਹਾਨੂੰ ਵੀ ਸਾਰੀ ਕਹਾਣੀ ਦਾ ਪਤਾ ਹੈ।

**ਮਾਨਯੋਗ ਸਪੀਕਰ :** ਹਾਂ ਜੀ।

**ਸਰਦਾਰ ਅਮਰਜੀਤ ਸਿੰਘ ਸੰਦੋਆ :** ਪਿਛਲੀ ਸਰਕਾਰ ਦੇ ਮੁੱਖ ਮੰਤਰੀ ਦੇ ਸਲਾਹਕਾਰ ਅਤੇ ਸਾਬਕਾ ਸਿੱਖਿਆ ਮੰਤਰੀ ਨੇ ਜਾਂਦਿਆਂ-ਜਾਂਦਿਆਂ ਉਹ ਕਾਲਜ ਸਰਕਾਰ ਨੂੰ ਟੇਕਓਵਰ ਕਰ ਦਿੱਤਾ। ਟੇਕਓਵਰ ਕਰਨ ਤੋਂ ਬਾਅਦ, ਮੈਂ ਆਪਣੇ ਮੰਤਰੀ ਬਾਜਵਾ ਸਾਹਿਬ ਨੂੰ ਵੀ ਮਿਲਿਆ ਸੀ ਕਿ ਸਾਡਾ ਜਿਹੜਾ ਉਹ ਕਾਲਜ ਹੈ, ਉਥੇ

** **Expunged as ordered by the Chair.

ਪ੍ਰਿੰਸੀਪਲ ਦੀ ਅਸਾਮੀ ਖਾਲੀ ਹੈ, ਉਹ ਅਧੂਰਾ ਪਿਆ ਹੈ, ਨਾ ਹੀ ਉੱਥੇ ਕਲਰਕ ਹੈ। ਜਿਹੜੇ ਉੱਥੇ ਪ੍ਰੋਫੈਸਰ ਆਉਂਦੇ ਹਨ, ਉਹ ਵੀ ਬਦਲੀ ਕਰਵਾ ਕੇ ਚਲੇ ਜਾਂਦੇ ਹਨ ਕਿਉਂਕਿ ਪ੍ਰਿੰਸੀਪਲ ਹੀ ਨਹੀਂ ਹੈ। ਸਪੀਕਰ ਸਾਹਿਬ, ਕਿਰਪਾ ਕਰਕੇ ਤੁਹਾਨੂੰ ਵੀ ਬੇਨਤੀ ਕਰਦਾ ਹਾਂ ਕਿਉਂਕਿ ਸਾਡਾ ਇੱਕੋ ਬਲਾਕ ਹੈ ਅਤੇ ਮੰਤਰੀ ਸਾਹਿਬ ਨੂੰ ਵੀ ਬੇਨਤੀ ਕਰਦਾ ਹਾਂ ਕਿ ਇਹ ਕਾਲਜ ਲੜਕੀਆਂ ਦਾ ਹੈ, ਪਹਿਲਾਂ ਉੱਥੇ 1000 ਲੜਕੀਆਂ ਪੜ੍ਹਦੀਆਂ ਸਨ, ਹੁਣ ਉੱਥੇ 500 ਲੜਕੀਆਂ ਰਹਿ ਗਈਆਂ ਹਨ।

**ਮਾਨਯੋਗ ਸਪੀਕਰ :** ਮੰਤਰੀ ਜੀ, ਜ਼ਰਾ ਸੁਣ ਲਵੋ, ਇਹ ਸਵਾਲ ਤੁਹਾਨੂੰ ਮੁਖਾਤਿਬ ਹੈ।

**ਸਰਦਾਰ ਅਮਰਜੀਤ ਸਿੰਘ ਸੰਦੋਆ :** ਪਹਿਲਾਂ 1000 ਲੜਕੀਆਂ ਸਨ, ਜਦੋਂ ਸੰਤ ਬਾਬਾ ਲਾਭ ਸਿੰਘ ਜੀ ਕਾਲਜ ਚਲਾਉਂਦੇ ਸਨ। ਇੱਕੋ ਇੱਕ ਕਾਲਜ ਉੱਥੇ ਲੜਕੀਆਂ ਦਾ ਹੈ। ਹੁਣ ਉੱਥੇ 500 ਲੜਕੀਆਂ ਰਹਿ ਗਈਆਂ ਹਨ। ਕਿਰਪਾ ਕਰਕੇ ਸਾਨੂੰ ਉੱਥੇ ਪ੍ਰੋਫੈਸਰ ਅਤੇ ਪ੍ਰਿੰਸੀਪਲ ਦੇ ਦਿਉ।

**ਮਾਨਯੋਗ ਸਪੀਕਰ :** ਸਰਦਾਰ ਸ਼ਰਨਜੀਤ ਸਿੰਘ ਢਿੱਲੋਂ ਜੀ।

**ਸਰਦਾਰ ਅਮਰਜੀਤ ਸਿੰਘ ਸੰਦੋਆ** : ਸਪੀਕਰ ਸਾਹਿਬ, ਮੈਨੂੰ ਮੰਤਰੀ ਜੀ ਤੋਂ ਜਵਾਬ ਤਾਂ ਲੈ ਲੈਣ ਦਿਉ।

**ਮਾਨਯੋਗ ਸਪੀਕਰ :** ਜਵਾਬ ਨਹੀਂ ਦੇਣਾ ਹੁੰਦਾ। ਜ਼ੀਰੋ ਆਵਰ ਵਿੱਚ ਜਵਾਬ ਨਹੀਂ ਦੇਣਾ ਹੁੰਦਾ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਸਪੀਕਰ ਸਾਹਿਬ, ਮੈਂ ਪੰਜਾਬੀ ਭਾਸ਼ਾ ਤੇ ਗੱਲ ਕਰਨੀ ਚਾਹੁੰਦਾ ਹਾਂ। ਕੱਲ੍ਹ ਚੰਨੀ ਸਾਹਿਬ ਬਹੁਤ ਵਧੀਆ ਮਤਾ ਸਕੂਲਾਂ ਦੇ ਵਿਚ ਪੰਜਾਬੀ ਭਾਸ਼ਾ ਲਾਗੂ ਕਰਵਾਉਣ ਬਾਰੇ ਹਾਊਸ ਵਿੱਚ ਲੈ ਕੇ ਆਏ ਸੀ। ਅਸੀਂ ਸਾਰਿਆਂ ਨੇ ਉਸ ਨੂੰ ਸਰਬਸੰਮਤੀ ਨਾਲ ਪਾਸ ਵੀ ਕੀਤਾ। ਮੈਂ ਇਸ ਕਰਕੇ ਖੜ੍ਹਾ ਹੋਇਆ ਹਾਂ ਕਿ ਕੱਲ੍ਹ ਇੱਥੇ ਸਿੱਖਿਆ ਮੰਤਰੀ ਜੀ ਤੇ ਬਾਜਵਾ ਸਾਹਿਬ ਹਾਜ਼ਰ ਨਹੀਂ ਸਨ। ਮੈਂ ਦੱਸਣਾ ਚਾਹੁੰਦਾ ਹਾਂ ਤੇ ਮੈਂ ਕੱਲ੍ਹ ਵੀ ਖਦਸ਼ਾ ਜ਼ਾਹਰ ਕੀਤਾ ਸੀ। ਸਰਕਾਰੀ ਸਕੂਲਾਂ ਵਿਚ ਤਾਂ 2017 ਤੋਂ ਹੀ ਪੰਜਾਬੀ ਲਾਗੂ ਹੋ ਗਈ ਹੈ ਪ੍ਰੰਤੂ ਜਿਹੜੇ ਪ੍ਰਾਈਵੇਟ ਸਕੂਲ ਹਨ, ਖਾਸ ਕਰਕੇ ਸੈਕਰੇਡ ਹਾਰਟ ਸਕੂਲ, ਜਿੱਥੇ ਸੀ.ਬੀ.ਐਸ.ਈ. ਸਿਲੇਬਸ ਹੈ, ਕੀ ਮੰਤਰੀ ਜੀ ਇਸ ਗੱਲ ਦਾ ਆਸ਼ਵਾਸਨ ਦੇਣਗੇ ਕਿ ਜਿੱਥੇ ਸੀ.ਬੀ.ਐਸ.ਈ. ਸਿਲੇਬਸ ਹੈ, ਉਥੇ ਵੀ ਪੰਜਾਬੀ ਭਾਸ਼ਾ ਲਾਗੂ ਹੋਵੇਗੀ ਜਾਂ ਨਹੀਂ? ਇਹ ਬਹੁਤ ਜ਼ਰੂਰੀ ਹੈ ਕਿਉਂਕਿ ਪੰਜਾਬੀ ਭਾਸ਼ਾ ਖਤਮ ਹੋਣ ਕੰਢੇ ਹੈ, ਆਉਣ ਵਾਲੀ ਪੀੜ੍ਹੀ ਨੂੰ ਪੰਜਾਬੀ ਨਹੀਂ ਆਉਂਦੀ।

**ਸ਼੍ਰੀ ਅਰੁਣ ਨਾਰੰਗ :** ਸਪੀਕਰ ਸਾਹਿਬ, ਧੰਨਵਾਦ ਜੀ। ਮੈਂ ਤੁਹਾਡੇ ਰਾਹੀਂ ਸਿੱਖਿਆ ਮੰਤਰੀ ਜੀ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਲਗਭਗ 2100 ਐਸੋਸੀਏਟਿਡ ਸਕੂਲ ਹਨ, ਜਿਨ੍ਹਾਂ ਦੀ ਐਫੀਲੀਏਸ਼ਨ ਹੁਣ ਰੱਦ ਹੋਣ ਜਾ ਰਹੀ ਹੈ। ਇਹ ਪਿੰਡਾਂ ਦੇ ਮੁਹੱਲਿਆਂ ਵਿੱਚ ਛੋਟੇ-ਛੋਟੇ ਸਕੂਲ ਬਣਾਏ ਹੋਏ ਹਨ। ਜਿਹੜਾ ਬੱਚਾ ਬੀ.ਐਡ. ਜਾਂ ਐਮ.ਏ. ਕਰ ਜਾਂਦਾ ਹੈ, ਉਹ ਅਜਿਹੇ ਸਕੂਲ ਬਣਾ ਕੇ ਆਪਣਾ ਰੁਜ਼ਗਾਰ ਵੀ ਚਲਾਉਂਦਾ ਹੈ ਅਤੇ ਗਰੀਬ ਬੱਚਿਆਂ ਨੂੰ ਘੱਟ ਫੀਸ ਤੇ ਬੜੀ ਅੱਛੀ ਐਜੂਕੇਸ਼ਨ ਦਿੰਦਾ ਹੈ। ਮੇਰੀ ਇਹੀ ਬੇਨਤੀ ਹੈ ਕਿ ਇਨ੍ਹਾਂ ਸਕੂਲਾਂ ਦਾ ਅਗਲੇ ਵਿੱਦਿਅਕ ਸੈਸ਼ਨ ਵਾਸਤੇ ਕੋਈ ਪ੍ਰੋਫਾਰਮਾ ਬਣਾਓ ਤੇ ਇਨ੍ਹਾਂ ਸਕੂਲਾਂ ਨੂੰ ਐਫੀਲੀਏਸ਼ਨ ਦੇ ਦਿੱਤੀ ਜਾਵੇ ਤਾਂ ਜੋ ਇੰਨੀ ਵੱਡੀ ਸੰਖਿਆ ਵਿਚ ਬੱਚਿਆਂ ਨੂੰ ਐਜੂਕੇਸ਼ਨ ਦੇਣ ਵਾਲੇ ਇਹ ਸਕੂਲ ਚੱਲਦੇ ਰਹਿਣ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਪੀਕਰ ਸਾਹਿਬ, ਤੁਹਾਡਾ ਧੰਨਵਾਦ। ਪਾਣੀਆਂ ਦੇ ਮੁੱਦੇ ਤੇ ਆਲ ਪਾਰਟੀ ਮੀਟਿੰਗ ਤੋਂ ਬਾਅਦ ਸੀ.ਐਮ. ਸਾਹਿਬ ਨੇ assure ਕੀਤਾ ਹੈ ਕਿ ਦੋ ਦਿਨ ਦਾ ਵਿਧਾਨ ਸਭਾ ਦਾ ਇਜਲਾਸ ਰੱਖਿਆ ਜਾਵੇਗਾ। ਮੈਂ ਥੋੜ੍ਹੀ ਜਿਹੀ ਕਲੈਰੀਫਿਕੇਸ਼ਨ ਦੇਣੀ ਚਾਹੁੰਦਾ ਹਾਂ ਕਿ ਆਪਾਂ ਜਿਹੜਾ ਵਿਧਾਨ ਸਭਾ ਵਿਚ ਸਰਬਸੰਮਤੀ ਨਾਲ ਆਲ ਪਾਰਟੀ ਲੀਡਰਜ਼ ਨੇ ਇਕ ਪ੍ਰਸਤਾਵ ਪਾਸ ਕੀਤਾ ਹੈ, ਉਸ ਦੀ ਹਰਿਆਣਾ ਦੇ ਮੁੱਖ ਮੰਤਰੀ ਜੀ ਨੇ ਪ੍ਰਸ਼ੰਸਾ ਕੀਤੀ ਹੈ, ਉਸ ਪ੍ਰਸਤਾਵ ਦਾ ਧੰਨਵਾਦ ਕੀਤਾ ਹੈ। ਉਹ ਪ੍ਰਸਤਾਵ ਕੀ ਹੈ, ਬੇਸਿਨ ਤੇ ਨਾਨ-ਬੇਸਿਨ ਮਤਲਬ ਰਿਪੇਰੀਅਨ ਅਤੇ ਨਾਨ-ਰਿਪੇਰੀਅਨ, ਫੈਡਰਲ ਸਿਸਟਮ ਵਿਚ ਇਹ ਸਾਡਾ ਸਟੇਟ ਸਬਜੈਕਟ ਹੈ। ਸਟੇਟ ਸਬਜੈਕਟ ਦੇ 7ਵੇਂ ਸ਼ਡਿਊਲ ਦੀ 17ਵੀਂ ਐਂਟਰੀ ਪਾਣੀ, ਬਿਜਲੀ ਉਤਪਾਦਨ, ਜਲ ਭੰਡਾਰਨ, ਡੈਮ ਆਦਿ ਹੈ। ਇਨ੍ਹਾਂ ਮੁੱਦਿਆਂ ਤੇ ਫੈਸਲਾ ਕਰਨ ਵਾਸਤੇ ਸਟੇਟ ਦੀ ਅਸੰਬਲੀ ਇੰਪਾਵਰਡ ਹੈ ਤੇ ਜਿਹੜਾ ਅਸੀਂ ਟ੍ਰਿਬਿਊਨਲ ਨੂੰ ਇਹ ਕੇਸ ਦੇਣ ਦਾ ਪ੍ਰਸਤਾਵ ਪਾਸ ਕੀਤਾ ਹੈ, ਇਹ ਤਾਂ ਆਪਣੀ ਦਾਹੜੀ ਕਿਸੇ ਦੇ ਹੱਥ ਦੇਣ ਵਾਲੀ ਗੱਲ ਹੈ। ਮਤਲਬ ਜਿਹੜਾ ਆਪਣਾ ਸਟੇਟ ਸਬਜੈਕਟ ਹੈ, ਉਹ ਅਸੀਂ ਆਪ ਹੀ ਸਰੰਡਰ ਕਰ ਦਿੱਤਾ ਕਿ ਕੇਂਦਰ ਇਸ ਤੇ ਕੋਈ ਟ੍ਰਿਬਿਊਨਲ ਬਣਾ ਦੇਵੇ ਤੇ ਟ੍ਰਿਬਿਊਨਲ ਪਾਣੀ ਦੀ ਕਾਣੀ-ਵੰਡ, ਬਾਂਦਰ-ਵੰਡ ਕਰਕੇ ਸਾਡੇ ਨਾਲ ਅਨਿਆਂ ਕਰੇ। ਦੂਜੀ ਗੱਲ, ਉਸ ਵਿਚ ਮੁੱਖ ਮੰਤਰੀ ਸਾਹਿਬ ਨੇ ਐਬਸੋਲਿਊਟਲੀ ਗਲਤ ਕਿਹਾ ਹੈ ਕਿ ਸ਼੍ਰੀ ਗੁਲਜ਼ਾਰੀ ਲਾਲ ਨੰਦਾ ਜੀ ਕਹਿ ਗਏ ਹਨ ਕਿ ਦੇਸ਼ ਵਿਚ ਇਕ ਸਟੇਟ ਦੂਜੀ ਸਟੇਟ ਤੋਂ ਪਾਣੀ ਦੀ ਕੀਮਤ ਨਹੀਂ ਲੈ

ਸਕਦੀ ਜਦ ਕਿ 29 ਜਨਵਰੀ, 1956 ਨੂੰ ਸ਼੍ਰੀ ਗੁਲਜ਼ਾਰੀ ਲਾਲ ਨੰਦਾ ਜੀ ਦੀ ਮੀਟਿੰਗ ਦੇ ਮਿਨਟਸ ਦੇ ਪੈਰ੍ਹਾ ਨੰ: 5 ਤੇ ਅੰਕਿਤ ਹੈ ਕਿ ਇਹ ਮੀਟਿੰਗ ਸਿਰਫ ਪਾਣੀ ਵੰਡਣ ਤੱਕ ਸੀਮਤ ਹੈ, ਪਾਣੀ ਦੀ ਕੀਮਤ ਤੇ ਰੱਖ- ਰਖਾਅ ਵਾਸਤੇ ਅਗਲੀ ਮੀਟਿੰਗ ਕੀਤੀ ਜਾਵੇਗੀ। ਸੋ, ਮੇਰੀਆਂ ਇਹ ਦੋ ਗੱਲਾਂ ਵੱਲ ਸਦਨ ਧਿਆਨ ਦੇਵੇ ਅਤੇ ਦੋ ਦਿਨ ਦਾ ਵਿਧਾਨ ਸਭਾ ਇਜਲਾਸ ਜ਼ਰੂਰ ਹੋਵੇ ਤਾਂ ਜੋ ਪਾਣੀਆਂ ਦਾ ਕਾਨੂੰਨੀ ਹੱਕ ਆਪਾਂ ਲੈ ਸਕੀਏ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਤੁਹਾਡਾ ਧੰਨਵਾਦ। ਮੈਂ ਇਕ ਬਹੁਤ ਜ਼ਰੂਰੀ ਮੁੱਦਾ, ਜਿਹੜਾ ਕਿ ਹਰ ਇਕ ਦੀ ਜ਼ਿੰਦਗੀ ਨਾਲ ਸਬੰਧਿਤ ਹੈ ਔਰ ਰੋਜ਼ ਹੀ ਚੈਨਲਾਂ ਤੇ, ਅਖਬਾਰਾਂ ਵਿਚ ਜਿਸ ਦੀ ਸੁਰਖੀ ਬਣਦੀ ਹੈ, every day number of FIRs ਰਜਿਸਟਰ ਹੋ ਰਹੀਆਂ ਹਨ। ਸਪੀਕਰ ਸਾਹਿਬ, ਇਹ ਜਿਹੜਾ ਮੁੱਦਾ ਹੈ this is all about law and order. It is about like, ਹਰ ਰੋਜ਼ ਜਿਹੜਾ ਕਦੇ ਚੇਨੀ ਚੋਰੀ, ਕਦੇ ਗੋਲਡ ਦੀ ਵੱਡੀ ਮਾਤਰਾ ਵਿਚ ਲੁੱਟ ਹੋਣੀ, ਕਦੇ ਪੈਸੇ ਦੀ ਲੁੱਟ, ਕਦੇ ਫਿਰੌਤੀ, ਕਦੇ ਨਾਮੀ ਡਾਕਟਰਾਂ ਤੋਂ ਫਿਰੌਤੀ ਮੰਗੀ ਜਾ ਰਹੀ ਹੈ, ਕਦੇ ਡਿਵੈਲਪਰਜ਼ ਤੋਂ ਫਿਰੌਤੀ ਮੰਗੀ ਜਾ ਰਹੀ ਹੈ। ਅੱਜ ਹਾਲਾਤ ਇਹ ਬਣ ਗਏ ਹਨ ਕਿ ਜਿੰਨੇ ਵੀ ਨਾਮੀ ਬਿਜ਼ਨਸਮੈਨ ਹਨ ਜਾਂ ਲੈਂਡ ਡਿਵੈਲਪਰ ਹਨ, ਉਨ੍ਹਾਂ ਨੂੰ ਫਿਰੌਤੀਆਂ ਦੇ ਫੋਨ ਆ ਰਹੇ ਹਨ ਤੇ ਉਹ ਫਿਰੌਤੀ ਦੇ ਕੇ ਰਾਜ਼ੀ ਹਨ ਪਰ ਪੁਲਿਸ ਕੋਲ ਡਰ ਦੇ ਮਾਰੇ ਜਾ ਨਹੀਂ ਰਹੇ ਕਿਉਂਕਿ they feel ਕਿ ਪੁਲਿਸ ਸਾਨੂੰ ਸੇਫ ਨਹੀਂ ਰੱਖ ਸਕਦੀ। ਇਹ ਹਾਲਾਤ ਜਦੋਂ ਕਿਸੇ ਸਿਟੀਜ਼ਨ ਦੇ ਬਣ ਜਾਣ ਤਾਂ ਕੀ ਉਹ ਇਹ ਸਮਝੇ ਕਿ it is easier to save my life by giving ransom but not going to the Police, It is an alarming situation. ਸਪੀਕਰ ਸਾਹਿਬ, ਇਹ ਸਾਰੀਆਂ ਗੱਲਾਂ ਦੀ ਅਖੀਰਲੀ ਜੜ੍ਹ ਕਿੱਥੇ ਹੈ, ਇਹ ਪੰਜਾਬ ਦੀ ਜੇਲ੍ਹ ਵਿੱਚ ਹੈ। ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਜੇਲ੍ਹ ਦੇ ਅੰਦਰ ਗੈਂਗਸਟਰ ਜੱਗੂ ਭਗਵਾਨਪੁਰੀਆ ਆਪਣਾ ਜਨਮ ਦਿਨ ਮਨਾ ਰਿਹਾ ਹੈ, ਉਸ ਦਾ ਕੇਕ ਉਸ ਨੂੰ ਕਿਥੋਂ ਜਾਂਦਾ ਹੈ?

**ਮਾਨਯੋਗ ਸਪੀਕਰ:** ਇਹ ਬਹਿਸ ਦੇ ਮੁੱਦੇ ਹਨ। ਇਹ ਬਹਿਸ ਦੇ ਮੁੱਦੇ ਹਨ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਬਹਿਸ ਦੀ ਗੱਲ ਨਹੀਂ ਜੀ। ਲਾਅ ਐਂਡ ਆਰਡਰ ਦਾ ਵੱਡਾ ਮੁੱਦਾ ਹੈ। ਸਪੀਕਰ ਸਾਹਿਬ, ਫਿਰੌਤੀਆਂ ਮੰਗੀਆਂ ਜਾ ਰਹੀਆਂ ਹਨ। ਜਿਹੜਾ ਅੱਜ ਵੱਡਾ ਨੈਕਸਸ ਚੱਲ ਰਿਹਾ ਹੈ....(ਵਿਘਨ)

**ਮਾਨਯੋਗ ਸਪੀਕਰ :** ਤੁਹਾਡੀ ਗੱਲ ਆ ਗਈ ਹੈ। ਹਾਂ ਜੀ, ਲੀਡਰ ਆਫ ਦਿ ਆਪੋਜ਼ੀਸ਼ਨ, ਚੀਮਾ ਜੀ। ਚੀਮਾ ਜੀ, ਬੋਲੋ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਬਿਕਰਮ ਸਿੰਘ ਮਜੀਠੀਆ, ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।ਮਾਈਕ ਬੰਦ ਹੋਣ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਜੇਲ੍ਹਾਂ ਮੰਤਰੀ (ਸਰਦਾਰ ਸੁਖਜਿੰਦਰ ਸਿੰਘ ਰੰਧਾਵਾ) :** ਸਪੀਕਰ ਸਾਹਿਬ, ਮੇਰਾ ਨਾਂ ਲਿਆ ਗਿਆ ਹੈ ਜੀ।

**ਮਾਨਯੋਗ ਸਪੀਕਰ :** ਮੰਤਰੀ ਜੀ, ਤੁਸੀਂ ਜਵਾਬ ਦੇਣਾ ਚਾਹੁੰਦੇ ਹੋ ਤਾਂ ਦੇ ਲਓ, ਮੇਰੇ ਵੱਲੋਂ ਕੰਪਲਸ਼ਨ ਨਹੀਂ ਹੈ।(ਵਿਘਨ)(ਸ਼ੋਰ)

**ਜੇਲ੍ਹਾਂ ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਦੀ (ਸਰਦਾਰ ਬਿਕਰਮ ਸਿੰਘ ਮਜੀਠੀਆ ਵੱਲ ਇਸ਼ਾਰਾ) ਆਦਤ ਬਣ ਗਈ ਹੈ। ਇਹ ਸਾਡੀ ਸਰਕਾਰ ਦੀ ਕਮਜ਼ੋਰੀ ਹੈ ਕਿ ** ** ਦਿੱਤਾ ਹੈ। ਜਿਹੜੀ ਜੱਗੂ ਭਗਵਾਨਪੁਰੀਏ ਦੀ ਇਹ ਗੱਲ ਕਰਦੇ ਹਨ, ਇਨ੍ਹਾਂ ਨੇ ਟਿੱਲ ਲਾ ਲਿਆ.... (ਵਿਘਨ) ਹੁਣ ਜਵਾਬ ਸੁਣੋ.....

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਮੂਹ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ।)

**ਮਾਨਯੋਗ ਸਪੀਕਰ:** ਜਵਾਬ ਦੇ ਲੈਣ ਦਿਓ, ਚੇਅਰ ਨੂੰ ਐਡਰੈੱਸ ਕਰੋ, ਚੇਅਰ ਨੂੰ ਐਡਰੈੱਸ ਕਰੋ। ਮੰਤਰੀ ਸਾਹਿਬ ਨੂੰ ਜਵਾਬ ਦੇ ਲੈਣ ਦਿਓ, ਤੁਸੀਂ ਸਾਰੇ ਚੇਅਰ ਨੂੰ ਐਡਰੈੱਸ ਕਰੋ। ਰੰਧਾਵਾ ਜੀ, ਤੁਸੀਂ ਵੀ ਇੱਧਰ ਚੇਅਰ ਨੂੰ ਐਡਰੈੱਸ ਕਰੋ ਜੀ।

**ਜੇਲ੍ਹਾਂ ਮੰਤਰੀ :** ਸਪੀਕਰ ਸਾਹਿਬ, ਜਿਹੜੀ ਜੱਗੂ ਭਗਵਾਨਪੁਰੀਏ ਦੀ ਗੱਲ ਕੀਤੀ ਗਈ ਹੈ....(ਵਿਘਨ)

**ਸਰਦਾਰ ਬਿਕਰਮ ਸਿੰਘ ਮਜੀਠੀਆ :** ** ** (ਵਿਘਨ)

**ਮਾਨਯੋਗ ਸਪੀਕਰ:** ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਗੈਰ ਕਿਹਾ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। ਮਜੀਠੀਆ ਜੀ, ਬੈਠ ਜਾਓ, ਬੈਠ ਜਾਓ। ਮਜੀਠੀਆ ਜੀ, ਬੈਠ ਜਾਓ, ਬੈਠ ਜਾਓ।

---

**Not recorded as ordered by the Chair.

**ਜੇਲ੍ਹਾਂ ਮੰਤਰੀ :** ਸਪੀਕਰ ਸਾਹਿਬ, ਕੋਰਟ ਨੇ ਜੋ ਫੈਸਲਾ ਦਿੱਤਾ, ਇਨ੍ਹਾਂ ਨੇ ਜ਼ੋਰ ਲਗਾ ਲਿਆ। ਮੈਂ ਇਸ ਨੂੰ ਚੈਲੰਜ ਵੀ ਕਰ ਦਿੱਤਾ। ਇਹ ਦੱਸਣ ਜੱਗੂ ਕਿਸ ਦਾ ਬੰਦਾ ਹੈ? ਇਹ ਸਾਡੀ ਪੁਲਿਸ ਦੀ ਕਮੀ ਹੈ, ਸਾਡੀ ਪੁਲਿਸ ਦੀ ਵਾਕਿਆ ਹੀ ਕਮਜ਼ੋਰੀ ਹੈ। ਇਹ ਕਹਿੰਦੇ ਹਨ ਤੇ ਮੈਂ ਵੀ ਮੰਨਦਾ ਹਾਂ ਕਿ ਇਹ ** **। ਇਹ ਵਾਕਿਆ ਹੀ ਪੁਲਿਸ ਦੀ ਕਮਜ਼ੋਰੀ ਹੈ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ** ** ਨਾਅਰੇ ਲਗਾਉਂਦੇ ਹੋਏ ਵੈੱਲ ਆਫ ਦਿ ਹਾਊਸ ਵਿੱਚ ਆ ਗਏ।)

**ਮਾਨਯੋਗ ਸਪੀਕਰ :** ** ਨਾਅਰੇ ਰਿਕਾਰਡ ਨਾ ਕੀਤੇ ਜਾਣ।

**ਸ਼੍ਰੀ ਅਮਨ ਅਰੋੜਾ :** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਸਰਕਾਰ ਦਾ ਅਤੇ ਐਜੂਕੇਸ਼ਨ ਮਨਿਸਟਰ ਸਾਹਿਬ ਦਾ ਧਿਆਨ ਇੱਕ ਬਹੁਤ ਹੀ ਇੰਪਾਰਟੈਂਟ ਮਸਲੇ ਵੱਲ ਦਿਵਾਉਣਾ ਚਾਹੁੰਦਾ ਹਾਂ। ਪੰਜਾਬ ਦੇ ਵਿੱਚ 2100 associated school ਹਨ, ਨਾਰੰਗ ਸਾਹਿਬ ਨੇ ਵੀ ਇਹ ਇਸ਼ੂ ਚੁੱਕਿਆ ਹੈ, ਸਰ, ਉਨ੍ਹਾਂ ਸਕੂਲਾਂ ਦੇ ਵਿੱਚ 5 ਲੱਖ ਬੱਚਾ ਪੜ੍ਹਦਾ ਹੈ ਉਹ, low cost school ਹਨ, 25000 ਟੀਚਰ ਪੜ੍ਹਾਉਂਦੇ ਹਨ।

**ਮਾਨਯੋਗ ਸਪੀਕਰ :** ** ਨਾਅਰੇ ਰਿਕਾਰਡ ਨਾ ਕੀਤੇ ਜਾਣ। (ਵਿਘਨ)(ਸ਼ੋਰ)

**ਸ਼੍ਰੀ ਅਮਨ ਅਰੋੜਾ:** ਸਪੀਕਰ ਸਾਹਿਬ, ਸਰਕਾਰ ਨੇ ਉਨ੍ਹਾਂ ਨੂੰ ਬੰਦ ਕਰਨ ਦੇ ਆਰਡਰ ਦੇ ਰੱਖੇ ਹਨ। ਉਨ੍ਹਾਂ ਵਿੱਚ ਜਿਹੜੇ ਗਰੀਬ ਬੱਚੇ ਪੜ੍ਹਦੇ ਹਨ, ਉਨ੍ਹਾਂ ਦੇ ਕੈਰੀਅਰ ਦਾ ਕੀ ਬਣੇਗਾ? ਸਰ, ਜੇ ਸਰਕਾਰ ਉਨ੍ਹਾਂ ਸਕੂਲਾਂ ਨੂੰ ਬੰਦ ਕਰ ਦਿੰਦੀ ਹੈ ਤਾਂ ਫਿਰ ਉਹ ਪ੍ਰਾਈਵੇਟ ਸਕੂਲਾਂ ਵਿੱਚ ਜਾ ਕੇ ਆਪਣੀ ਲੁੱਟ-ਖਸੁੱਟ ਕਰਵਾਉਣਗੇ? ਕੀ ਕੁਝ ਨਾਰਮਜ਼ ਅਤੇ ਪੈਰਾਮੀਟਰਜ਼ ਦਾ ਹਵਾਲਾ ਦੇ ਕੇ ਉਨ੍ਹਾਂ ਨੂੰ ਐਕਸਟੈਂਸ਼ਨ ਨਹੀਂ ਦਿੱਤੀ ਜਾ ਸਕਦੀ? ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਪੈਰਾਮੀਟਰਜ਼, ਉਹ ਨਾਰਮਜ਼ ਸਾਰੇ ਗੌਰਮਿੰਟ ਸਕੂਲਜ਼ ਪੂਰੇ ਕਰਦੇ ਹਨ? 2100 ਸਕੂਲਾਂ ਨੂੰ ਬੰਦ ਕਰਨ ਦਾ ਜਾਂ ਤਾਂ ਸਰਕਾਰ ਪਰਾਪਰ ਇੰਤਜ਼ਾਮ ਕਰ ਲਏ ਤਾਂ ਕਿ ਉਨ੍ਹਾਂ ਬੱਚਿਆਂ ਨੂੰ ਚੰਗੇ ਸਰਕਾਰੀ ਸਕੂਲਾਂ ਦੇ ਵਿੱਚ ਸ਼ਿਫਟ ਕੀਤਾ ਜਾਵੇ। ਸਰਕਾਰੀ ਸਕੂਲਾਂ ਦੇ ਅੱਜ ਹਾਲਾਤ ਕੀ ਹਨ, ਇਹ ਆਪਾਂ ਨੂੰ ਪਤਾ ਹੀ ਹੈ। ਉਨ੍ਹਾਂ ਨੂੰ ਮਜਬੂਰ ਹੋ ਕੇ ਪ੍ਰਾਈਵੇਟ ਸਕੂਲਾਂ ਵਿੱਚ ਜਾਣਾ ਪਵੇਗਾ ਜਿੱਥੇ ਉਨ੍ਹਾਂ ਨੂੰ ਬਹੁਤ ਭਾਰੀਆਂ ਫੀਸਾਂ ਦੇਣੀਆਂ ਪੈਣੀਆਂ ਹਨ ਜਿਸ ਨੂੰ ਕਿ ਉਹ afford ਨਹੀਂ ਕਰ ਸਕਦੇ।

---

**Not recorded as ordered by the Chair.

**ਮਾਨਯੋਗ ਸਪੀਕਰ :** ਅਮਨ ਜੀ, ਬਜਟ ਤੇ ਬੋਲ ਲੈਣਾ।

**ਸ਼੍ਰੀ ਅਮਨ ਅਰੋੜਾ :** ਸਪੀਕਰ ਸਾਹਿਬ, ਮੇਰੀ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਹੈ ਕਿ ਕੀ ਉਨ੍ਹਾਂ ਸਕੂਲਾਂ ਨੂੰ ਚਲਦਾ ਰੱਖਣ ਵਾਸਤੇ ਉਪਰਾਲੇ ਕਰਨਗੇ?

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ :** ਬਜਟ ਤੇ ਬੋਲ ਲੈਣਾ। (ਵਿਘਨ) (ਸ਼ੋਰ) ਤੁਹਾਡੀ ਗੱਲ ਆ ਗਈ ਹੈ। ਤੁਹਾਡੀ ਗੱਲ ਆ ਗਈ ਹੈ। ਬਲਜਿੰਦਰ ਕੌਰ ਜੀ। (ਵਿਘਨ) (ਸ਼ੋਰ) ਚੀਮਾ ਜੀ, ਤੁਸੀਂ ਬਾਅਦ ਵਿੱਚ ਬੋਲ ਲੈਣਾ, ਪਹਿਲਾਂ ਤੁਹਾਡੇ ਮੈਂਬਰਾਂ ਨੂੰ ਬੋਲ ਲੈਣ ਦਿਉ।

**ਪ੍ਰੋਫੈਸਰ ਬਲਜਿੰਦਰ ਕੌਰ :** ਧੰਨਵਾਦ, ਸਪੀਕਰ ਸਾਹਿਬ। (ਵਿਘਨ) (ਸ਼ੋਰ) ਜੇ ਇਨ੍ਹਾਂ ਨੂੰ ਚੁੱਪ ਕਰਵਾ ਲਉ ਤਾਂ ਜ਼ਿਆਦਾ ਵਧੀਆ ਹੋਵੇਗਾ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਤੁਸੀਂ ਬੋਲੋ।

**ਪ੍ਰੋਫੈਸਰ ਬਲਜਿੰਦਰ ਕੌਰ :** ਸਰ, ਮੈਂ ਇੱਕ ਬੜਾ ਇੰਪਾਰਟੈਂਟ ਇਸ਼ੂ ਰੇਜ਼ ਕਰਨਾ ਚਾਹੁੰਦੀ ਹਾਂ। ਥੋੜ੍ਹੇ ਦਿਨ ਪਹਿਲਾਂ ਸੀ.ਐਮ. ਸਾਹਿਬ ਨੇ ਅਨਾਊਂਸ ਕੀਤਾ ਸੀ ਕਿ ਬਹੁਤ ਸਾਰੀ ਫੰਡਜ਼ ਦੀ ਰਾਸ਼ੀ ਵੱਖਰੇ-ਵੱਖਰੇ ਕਾਰਜਾਂ ਲਈ ਪੰਜਾਬ ਦੇ ਵੱਖਰੇ-ਵੱਖਰੇ ਹਿੱਸਿਆਂ ਵਿੱਚ ਦਿੱਤੀ ਜਾਂਦੀ ਹੈ। ਮੇਰੇ ਹਲਕੇ ਤਲਵੰਡੀ ਸਾਬੋ ਵਿੱਚ 4 ਫਰਵਰੀ ਨੂੰ 1 ਕਰੋੜ 57 ਲੱਖ ਰੁਪਿਆ ਦਿੱਤਾ ਗਿਆ, ਫਿਰ 26 ਫਰਵਰੀ ਨੂੰ 77 ਲੱਖ ਰੁਪਿਆ ਆਇਆ। (ਵਿਘਨ) (ਸ਼ੋਰ) ਫਿਰ 7 ਫਰਵਰੀ ਨੂੰ ਦੁਬਾਰਾ 1 ਕਰੋੜ 18 ਲੱਖ ਰੁਪਿਆ ਆਇਆ ਹੈ। ਮੈਨੂੰ ਇਹ ਨਹੀਂ ਸਮਝ ਆਉਂਦੀ, ਇੱਕ ਪਾਸੇ ਤਾਂ ਮਨਿਸਟਰ ਸਾਹਿਬ ਕਹਿੰਦੇ ਹਨ ਕਿ ਤੁਸੀਂ ਉਦਘਾਟਨ ਆਪ ਹੀ ਕਰ ਲਿਆ ਕਰੋ..... (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਜੋ ਕੁਝ ਵੀ ਚੇਅਰ ਦੀ ਆਗਿਆ ਤੋਂ ਬਿਨਾਂ ਬੋਲਿਆ ਜਾ ਰਿਹਾ ਹੈ, ਰਿਕਾਰਡ ਨਾ ਕੀਤਾ ਜਾਵੇ। ਨਾਅਰੇ ਰਿਕਾਰਡ ਨਾ ਕੀਤੇ ਜਾਣ।

---

**Not recorded as ordered by the Chair.

**ਪ੍ਰੋਫੈਸਰ ਬਲਜਿੰਦਰ ਕੌਰ :** ਸਪੀਕਰ ਸਾਹਿਬ, ਇਹ ਕਿਹੜੇ ਲੋਕ ਹਨ ਜਿਹੜੇ ਉਦਘਾਟਨ ਕਰ ਜਾਂਦੇ ਹਨ? ਕਿਹੜੀ ਅਥਾਰਟੀ ਹੈ, ਕਿਹੜਾ ਰੈਗੂਲੇਟਰੀ ਸਿਸਟਮ ਹੈ, ਕਿਹੜੇ ਅਫ਼ਸਰ ਬੈਠੇ ਹਨ, ਕੌਣ ਲੋਕ ਹਨ ਜਿਹੜੇ ਪੈਸਾ ਵੀ ਦੇ ਜਾਂਦੇ ਹਨ, ਪੈਸਾ ਪਿੰਡਾਂ ਵਿੱਚ ਪਹੁੰਚ ਵੀ ਜਾਂਦਾ ਹੈ ਪਰ ਕਿਤੇ ਲੱਗਦਾ ਨਹੀਂ ਹੈ। (ਵਿਘਨ) (ਸ਼ੋਰ) ਜਿਹੜੀਆਂ ਤਲਵੰਡੀ ਸਾਬੋ ਦੇ ਪਿੰਡਾਂ ਦੀਆਂ ਸੜਕਾਂ ਹਨ, ਉਹ ਉਵੇਂ ਹੀ ਟੁੱਟੀਆਂ ਪਈਆਂ ਹਨ। ਮੇਰੀ ਇੰਨੀ ਕੁ ਸਬਮਿਸ਼ਨ ਹੈ ਕਿ ਜੇ ਸਾਡੇ ਨਾਲ ਲੱਗਦੇ ਪਾਰਲੀਮੈਂਟ ਹਲਕੇ ਵਿੱਚ ਸਾਡੇ ਮੈਂਬਰ ਪਾਰਲੀਮੈਂਟ ਮਾਨ ਸਾਹਿਬ 238 ਕਿਲੋਮੀਟਰ ਸੜਕਾਂ, ਗ੍ਰਾਮ ਸੜਕ ਯੋਜਨਾ ਅਧੀਨ ਲਿਆ ਸਕਦੇ ਹਨ ਪਰ ਸਾਡੇ ਬਠਿੰਡਾ ਹਲਕੇ ਵਿੱਚ ਇੱਕ ਵੀ ਸੜਕ ਨਹੀਂ ਬਣੀ, ਸਾਰੀਆਂ ਹੀ ਟੁੱਟ ਗਈਆਂ ਹਨ। ਸਭ ਤੋਂ ਵੱਡੀ ਗੱਲ...... (ਵਿਘਨ) (ਸ਼ੋਰ) ਸਰ, ਇੱਕ ਮਿੰਟ ਜੀ, ਪਲੀਜ਼। ਜਦੋਂ ਇੰਨੀ ਅਮਾਊਂਟ ਆ ਗਈ ਤਾਂ ਕਮ-ਸੇ-ਕਮ ਤਲਵੰਡੀ ਸਾਬੋ ਹਲਕੇ ਦੀਆਂ ਸੜਕਾਂ ਦੇ ਜਿਹੜੇ ਟੋਟੇ ਹਨ, ਲਿੰਕ ਰੋਡਜ਼ ਹਨ, ਉਹ ਤਾਂ ਬਣ ਜਾਣ। ਸਾਨੂੰ ਪਤਾ ਤਾਂ ਲੱਗੇ ਕਿ ਸਰਕਾਰ ਦਾ ਜਿਹੜਾ ਪੈਸਾ ਹੈ, ਪਰਾਪਰ ਸਿਸਟਮ ਵਿੱਚ, ਪਰਾਪਰ ਹੱਥਾਂ ਵਿੱਚ ਯੂਟੇਲਾਈਜ਼ ਹੋ ਰਿਹਾ ਹੈ, ਵੇਸਟ ਨਹੀਂ ਹੋ ਰਿਹਾ ਹੈ। ਮੇਰੀ ਇੰਨੀ ਹੀ ਸਬਮਿਸ਼ਨ ਹੈ। (ਵਿਘਨ) (ਸ਼ੋਰ)

----------

## WALK OUT

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵਿਗੜ ਰਹੀ ਕਾਨੂੰਨ ਵਿਵਸਥਾ ਦੇ ਮੁੱਦੇ ਤੇ ਰੋਸ ਵਜੋਂ ਵੈੱਲ ਆਫ ਦੀ ਹਾਊਸ ਵਿੱਚੋਂ ** ** ਨਾਅਰੇ ਮਾਰਦੇ ਹੋਏ ਸਦਨ ਵਿੱਚੋਂ ਵਾਕ ਆਊਟ ਕਰ ਗਏ।)

----------

## MATTERS RAISED DURING ZERO HOUR AND STATEMENTS MADE BY THE MINISTERS THEREON

## *(Resumption)*

**ਮਾਨਯੋਗ ਸਪੀਕਰ :** ਸਰਦਾਰ ਜਗਦੇਵ ਸਿੰਘ ਜੀ। ਸਰਦਾਰ ਜਗਦੇਵ ਸਿੰਘ। (ਵਿਘਨ) (ਸ਼ੋਰ) ਜਗਦੇਵ ਸਿੰਘ ਜੀ। (ਵਿਘਨ) (ਸ਼ੋਰ) ਜਗਦੇਵ ਸਿੰਘ ਜੀ ਦਾ ਮਾਈਕ ਨਹੀਂ ਚੱਲਿਆ?

---

**Not recorded as ordered by the Chair.

**ਸਰਦਾਰ ਜਗਦੇਵ ਸਿੰਘ :** ਸਪੀਕਰ ਸਾਹਿਬ, ਤੁਹਾਡਾ ਧੰਨਵਾਦ। ਅੱਜ ਆਖਰੀ ਦਿਨ ਤੁਸੀਂ ਦੋ ਮਿੰਟ ਦਾ ਟਾਈਮ ਦੇ ਹੀ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਦਾ ਧਿਆਨ ਸਾਲ 2017 ਦੀਆਂ ਚੋਣਾਂ ਦੌਰਾਨ 31 ਮਾਰਚ, 2017 ਨੂੰ ਮੌੜ ਮੰਡੀ ਵਿੱਚ ਹੋਏ ਇੱਕ ਬੰਬ ਬਲਾਸਟ ਵੱਲ ਦਿਵਾਉਣਾ ਚਾਹੁੰਦਾ ਹਾਂ। ਉਸ ਵਿੱਚ 7 ਜਾਨਾਂ ਚਲੀਆਂ ਗਈਆਂ ਸਨ, ਜਿਸ ਵਿੱਚ 5 ਛੋਟੇ-ਛੋਟੇ ਬੱਚੇ ਸਨ। ਹੁਣ ਤੱਕ ਕਈ ਵਾਰੀ ਐਸ.ਆਈ.ਟੀ. ਬਣਾਈ ਗਈ, ਕਈ ਵਾਰੀ ਤਫਤੀਸ਼ ਹੋ ਗਈ ਪਰ ਅਜੇ ਤੱਕ ਉਨ੍ਹਾਂ ਲੋਕਾਂ ਨੂੰ ਨਿਆਂ ਨਹੀਂ ਮਿਲਿਆ। (ਵਿਘਨ) (ਸ਼ੋਰ) ਉਹ ਜਿਹੜੇ ਪੀੜਤ ਪਰਿਵਾਰ ਹਨ ਉਹ ਦੱਸ ਰਹੇ ਹਨ ਕਿ ਫਲਾਣਾ ਬੰਦਾ ਕਾਰ ਖੜ੍ਹਾ ਕੇ ਗਿਆ ਸੀ, ਫਲਾਣਾ ਬੰਦਾ ਉਸ ਨਾਲ ਗੱਲਾਂ-ਬਾਤਾਂ ਕਰ ਰਿਹਾ ਸੀ। ਉੱਥੋਂ ਦਾ ਜਿਹੜਾ ਕਾਂਗਰਸ ਦਾ ਕੈਂਡੀਡੇਟ ਸੀ, ਉਸ ਦਾ ਭਰਾ ਗੱਲਬਾਤ ਕਰ ਰਿਹਾ ਸੀ। ਉਨ੍ਹਾਂ ਲੋਕਾਂ ਦੀ ਮੰਗ ਹੈ ਕਿ ਉੱਥੋਂ ਦੇ ਕੈਂਡੀਡੇਟ ਦੇ ਭਰਾ ਨੂੰ ਤਫਤੀਸ਼ ਵਿੱਚ ਸ਼ਾਮਲ ਕਰਕੇ ਸਾਰੀ ਪੁੱਛ-ਗਿੱਛ ਕੀਤੀ ਜਾਵੇ। ਤਿੰਨ ਸਾਲ ਹੋ ਗਏ, ਹਾਲੇ ਤੱਕ........(ਵਿਘਨ) (ਸ਼ੋਰ)

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਧੰਨਵਾਦ ਸਪੀਕਰ ਸਾਹਿਬ, ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਮੈਂ Order of Precedence No. 25 ਦੀ ਗੱਲ ਕਰਨਾ ਚਾਹੁੰਦੀ ਹਾਂ।ਜਿਸ ਵਿੱਚ ਤੁਸੀਂ, ਸਪੀਕਰ ਸਾਹਿਬ ਹੋਣ ਦੇ ਨਾਤੇ, ਜਦੋਂ ਅਸੀਂ ਵਿਧਾਨ ਸਭਾ ਦੀਆਂ ਪੌੜੀਆਂ ਚੜ੍ਹ ਕੇ ਨਵੇਂ ਚੁਣ ਕੇ ਆਏ ਸੀ, ਤੁਸੀਂ ਸਾਨੂੰ ਮਾਣ ਬਖਸ਼ਿਆ ਸੀ ਕਿ ਤੁਹਾਡਾ ਅਹੁਦਾ ਸਾਰਿਆਂ ਤੋਂ ਉੱਚਾ ਹੈ ਪਰ ਸਪੀਕਰ ਸਾਹਿਬ, ਮੈਂ ਇੱਕ ਗੱਲ ਕਹਿਣੀ ਚਾਹੁੰਦੀ ਹਾਂ ਕਿ ਜਿਹੜੀਆਂ-ਜਿਹੜੀਆਂ ਸਹੂਲਤਾਂ ਤੁਸੀਂ ਸਾਨੂੰ ਦੇ ਰਹੇ ਹੋ, ਜਿੰਨੇ ਵੀ ਸਦਨ ਵਿੱਚ ਮੈਂਬਰ ਬੈਠੇ ਹਨ, ਜਿਸ ਤਰ੍ਹਾਂ ਦਿੱਲੀ ਵਿੱਚ ਹੋਇਆ, ਪੰਜਾਬ ਭਵਨ ਵਿੱਚ ਹੁੰਦਾ ਹੈ, ਜਿਸ ਤਰ੍ਹਾਂ ਇੱਥੇ ਹੁੰਦਾ ਹੈ। ਸਪੀਕਰ ਸਾਹਿਬ, ਮੈਂ ਇੱਕ ਗੱਲ ਕਹਿਣੀ ਚਾਹੁੰਦੀ ਹਾਂ ਕਿ ਇਸ ਵਿੱਚ ਸਾਨੂੰ ਸਾਡੇ ਸਾਥੀਆਂ ਨੂੰ ਪ੍ਰਾਇਰਿਟੀ ਕਿਉਂ ਨਹੀਂ ਹੈ? ਮੈਂ ਇੱਕ ਗੱਲ ਜ਼ਰੂਰ ਕਹਿਣਾ ਚਾਹੁੰਦੀ ਹਾਂ ਕਿ ਕਈ ਸਾਥੀ ਤਾਂ ਬਿਲਕੁਲ ਨਵੇਂ ਹਨ। ਜਿਨ੍ਹਾਂ ਨੂੰ ਇਹ ਪਤਾ ਹੀ ਨਹੀਂ ਕਿ ਸਾਡਾ ਕਿਹੜਾ ਹੱਕ ਹੈ, ਕਿਹੜਾ ਨਹੀਂ ਹੈ। ਸਿਰਫ ਇੱਕ ਸੈਕਿੰਡ ਜੀ....

**ਮਾਨਯੋਗ ਸਪੀਕਰ :** ਇੱਕ ਮਿੰਟ ਜੀ, ਮੈਂ ਕਿਹਾ ਬੋਲ ਲੈਣਾ। ਮੈਂ ਬੋਲਣ ਤੋਂ ਨਹੀਂ

ਰੋਕਦਾ। ਜਿਹੜਾ ਕਮਰਿਆਂ ਦਾ ਸੀਰੀਅਸ ਇਸ਼ੂ ਹੈ, ਸਾਰੀਆਂ ਪਾਰਟੀਆਂ ਦੇ ਐਮ.ਐਲ.ਏਜ਼. ਨੇ ਉਠਾਇਆ ਹੈ, ਮੈਂ ਉਸ ਤੇ ਗੌਰ ਕਰ ਰਿਹਾ ਹਾਂ। ਜਿਹੜੀ ਚਿੱਠੀ ਪਿੰਕੀ ਜੀ ਨੇ ਮੈਨੂੰ ਦਿੱਤੀ ਸੀ, ਮੈਨੂੰ ਦੱਸਿਆ ਸੀ, ਉਹ ਚਿੱਠੀ ਸਾਲ 2007 ਦੀ ਹੈ। ਅਸੀਂ ਉਸ ਨੂੰ ਐਗਜ਼ਾਮਿਨ ਕਰਕੇ ਸੀਰੀਅਸ ਕਾਰਵਾਈ ਕਰਾਂਗੇ। ਇਸ ਦਾ ਸੀਰੀਅਸ ਨੋਟ ਲਿਆ ਹੈ। ਕਮਰਿਆਂ ਤੋਂ ਇਲਾਵਾ ਜੇ ਕੋਈ ਗੱਲ ਕਰਨੀ ਹੈ ਤਾਂ ਉਹ ਕਰੋ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਸਪੀਕਰ ਸਾਹਿਬ, ਇੱਕ ਗੱਲ ਹੋਰ ਹੈ। ਸਪੀਕਰ ਸਾਹਿਬ......

**ਸਰਦਾਰ ਪਰਮਿੰਦਰ ਸਿੰਘ ਪਿੰਕੀ :** ਸਪੀਕਰ ਸਾਹਿਬ.....

**ਮਾਨਯੋਗ ਸਪੀਕਰ :** ਹੁਣ ਇਹ ਬੋਲ ਰਹੇ ਹਨ। ਬੈਠ ਜਾਉ। ਬੋਲ ਲੈਣ ਦਿਉ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਸਪੀਕਰ ਸਾਹਿਬ, ਇੱਕ ਗੱਲ ਹੋਰ ਹੈ। ਬੇਨਤੀ ਹੈ ਪਰ ਮੰਨਣਾ ਤੁਸੀਂ ਹੈ, ਕਰਨਾ ਤੁਸੀਂ ਹੈ।

**ਮਾਨਯੋਗ ਸਪੀਕਰ :** ਨਹੀਂ, ਨਹੀਂ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਹਰ ਤਹਿਸੀਲ ਵਿੱਚ ਇੱਕ ਐਮ.ਐਲ.ਏ. ਦਾ ਦਫ਼ਤਰ ਬਣਾ ਦਿਉ ਕਿਉਂਕਿ ਲੋਕ ਕਹਿੰਦੇ ਹਨ ਕਿ ਮੈਂਬਰ ਮਿਲਦਾ ਨਹੀਂ। ਇਸ ਵਿੱਚ ਕੁਝ ਵੀ ਨਹੀਂ ਲੱਗਣਾ, ਉਹ ਉੱਥੇ ਜਾ ਕੇ ਬੈਠੇਗਾ ਕਿਉਂਕਿ ਜਿਹੜੇ ਸੁਵਿਧਾ ਕੇਂਦਰ ਹਨ, ਉਹ ਖਤਮ ਹੋ ਚੁੱਕੇ ਹਨ। ਉਨ੍ਹਾਂ ਵਿੱਚ ਹੀ ਸਾਨੂੰ ਜਗ੍ਹਾ ਦੇ ਦਿਉ, ਕੁਰਸੀਆਂ-ਟੇਬਲ ਅਸੀਂ ਆਪਣੇ ਘਰ ਤੋਂ ਲੈ ਜਾਵਾਂਗੇ। 117 ਐਮ.ਐਲ.ਏ. ਜਦੋਂ ਆਪਣੇ ਹਲਕਿਆਂ ਵਿੱਚ ਬੈਠਣਗੇ ਅਤੇ ਲੋਕਾਂ ਦੀਆਂ ਗੱਲਾਂ ਸੁਣਨਗੇ ਤਾਂ ਲੋਕਾਂ ਨੂੰ ਵੀ ਸੌਖਾ ਹੋ ਜਾਵੇਗਾ। ਬਹੁਤ-ਬਹੁਤ ਧੰਨਵਾਦ ਜੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਪਰਮਿੰਦਰ ਸਿੰਘ ਪਿੰਕੀ ਅਤੇ ਸਲਾਹਕਾਰ/ਮੁੱਖ ਮੰਤਰੀ, ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਨਯੋਗ ਸਪੀਕਰ :** ਸਰਦਾਰ ਪਰਮਿੰਦਰ ਸਿੰਘ ਪਿੰਕੀ ਜੀ ਪਹਿਲਾਂ ਦੇ ਖੜ੍ਹੇ ਹਨ ਜੀ। ਆਪਸ ਵਿੱਚ ਸਲਾਹ ਕਰ ਲਓ ਕਿ ਕਿਸ ਨੇ ਬੋਲਣਾ ਹੈ?

**ਸਲਾਹਕਾਰ/ ਮੁੱਖ ਮੰਤਰੀ (ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ) :** ਇਹ ਬੋਲ ਲੈਣ, ਫਿਰ ਇਨ੍ਹਾਂ ਤੋਂ ਬਾਅਦ ਮੈਨੂੰ ਸਮਾਂ ਦੇ ਦਿਓ।

**ਮਾਨਯੋਗ ਸਪੀਕਰ :** ਅੱਛਾ ਜੀ, ਪਰਮਿੰਦਰ ਪਿੰਕੀ ਜੀ।

**ਸਰਦਾਰ ਪਰਮਿੰਦਰ ਸਿੰਘ ਪਿੰਕੀ :** ਸਰ, ਇੱਕ ਮਹਿਲਾ ਮੈਂਬਰ ਨੇ ਬੜੀ ਚਿੰਤਾ ਪ੍ਰਗਟ ਕੀਤੀ ਹੈ। ਜੇ ਇੱਕ ਮਹਿਲਾ ਮੈਂਬਰ ਨਾਲ ਇਹੋ ਜਿਹਾ ਸਲੂਕ ਹੋ ਸਕਦਾ ਹੈ ਤਾਂ ਬਾਕੀਆਂ ਨਾਲ ਕਿਹੋ ਜਿਹਾ ਸਲੂਕ ਹੋਵੇਗਾ? ਇਹ ਬਿਲਕੁਲ ਠੀਕ ਕਹਿੰਦੇ ਹਨ ਕਿ ਉੱਥੇ ਐਮ.ਐਲ.ਏ. ਸਰਵਜੀਤ ਕੌਰ ਮਾਣੂਕੇ ਨਹੀਂ ਹੈ, ਜਿਵੇਂ ਉੱਥੇ ਪਰਮਿੰਦਰ ਸਿੰਘ ਪਿੰਕੀ ਐਮ.ਐਲ.ਏ. ਨਹੀਂ ਹੈ, ਉਹ ਤਾਂ ਫਿਰੋਜ਼ਪੁਰ ਦਾ ਐਮ.ਐਲ.ਏ. ਹੈ। ਜਿਹੜਾ ਇੰਸਟੀਟਿਊਸ਼ਨ ਹੈ, ਉਸ ਨੂੰ ਕਿਵੇਂ ਜ਼ਿੰਦਾ ਰੱਖਣਾ ਹੈ, ਇਹ ਜਿਹੜੀ ਅਫਸਰਸ਼ਾਹੀ ਹੈ, ਉਹ ਕਿਸੇ ਗੱਲ ਨੂੰ ਨਹੀਂ ਦੇਖਦੀ। ਸਾਨੂੰ ਦੱਸਣਾ ਚਾਹੀਦਾ ਹੈ ਕਿ ਐਮ.ਐਲ.ਏ. ਦਾ ਰੁਤਬਾ ਚੀਫ ਸੈਕਟਰੀ ਸਾਹਿਬ ਤੋਂ ਥੱਲੇ ਹੈ ਜਾਂ ਉੱਪਰ ਹੈ। ਚੀਫ ਸੈਕਟਰੀ ਸਾਹਿਬ ਨੂੰ ਤਾਂ ਉੱਥੇ ਪੱਕਾ ਕਮਰਾ ਦਿੱਤਾ ਹੋਇਆ ਹੈ। ਦੂਜੀ ਗੱਲ ਇਹ ਹੈ ਕਿ ਜਿਹੜੀ ਸਾਡੀ ਉੱਥੇ ਕਮੇਟੀ ਜਾਂਦੀ ਹੈ, ਉੱਥੇ ਸਾਡੀ ਕਮੇਟੀ ਨੂੰ ਇਨ੍ਹਾਂ ਦਾ ਇੱਕ ਕਲਰਕ ਮੈਸੇਜ ਦੇ ਰਿਹਾ ਹੈ ਕਿ ਕਮੇਟੀ ਦੀ ਮੀਟਿੰਗ ਕੈਂਸਲ ਹੋ ਗਈ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਸ ਨੇ ਇਹ ਅਖਤਿਆਰ ਕਿੱਥੋਂ ਲਏ ਤੇ ਉਸ ਨੂੰ ਕਿਸ ਨੇ ਕਿਹਾ?

**ਸਲਾਹਕਾਰ/ ਮੁੱਖ ਮੰਤਰੀ (ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ):** ਸਪੀਕਰ ਸਾਹਿਬ, ਇੱਕ ਬੜਾ ਅਹਿਮ ਮੁੱਦਾ ਹੈ। ਸਾਰਾ ਪੰਜਾਬ ਟਰਾਂਸਪੋਰਟ ਅਤੇ ਟਰਾਂਸਪੋਰਟ ਪਾਲਿਸੀ ਤੇ ਚੀਕਾਂ ਮਾਰਦਾ ਹੈ। ਮੈਂ ਤੁਹਾਨੂੰ ਇੱਕ ਹਾਦਸਾ ਦੱਸਣਾ ਚਾਹੁੰਦਾ ਹਾਂ। ਇਹ ਚਾਰ-ਪੰਜ ਦਿਨ ਪਹਿਲਾਂ ਦਾ ਹਾਦਸਾ ਹੈ ਤੇ ਅਸੀਂ ਅੱਜ ਤੱਕ suffer ਕਰ ਰਹੇ ਹਾਂ। ਇੱਕ ਆਰ.ਟੀ.ਏ. ਹਰਦੀਪ ਸਿੰਘ ਫਰੀਦਕੋਟ ਵਿੱਚ ਲੱਗਿਆ ਹੈ। ਅਸੀਂ ਦੋ ਮਹੀਨੇ ਪਹਿਲਾਂ ਪੀ.ਆਰ.ਟੀ.ਸੀ. ਦੀਆਂ ਬੱਸਾਂ ਚਲਾਈਆਂ ਸਨ। ਮੰਤਰੀ ਸਾਹਿਬ ਨੂੰ ਬੇਨਤੀ ਕੀਤੀ ਸੀ ਤਾਂ ਉਹ ਬੱਸਾਂ ਬੜੀ ਮੁਸ਼ਕਿਲ ਨਾਲ ਚੱਲੀਆਂ ਸੀ। ਉਹ ਬੱਸਾਂ ਪ੍ਰੋਫਿਟ ਕਮਾਉਣ ਲੱਗ ਪਈਆਂ ਸੀ। ਪਿਛਲੀ 30 ਤਰੀਕ ਨੂੰ ਉਨ੍ਹਾਂ ਦੇ ਪਰਮਿਟ ਰਿਨਿਊ ਹੋਣੇ ਸਨ ਤਾਂ ਐਸ.ਟੀ.ਸੀ. ਸਾਹਿਬ ਨੇ ਕਹਿ ਦਿੱਤਾ ਕਿ ਇਹ ਰਿਨਿਊ ਨਹੀਂ ਹੋ ਸਕਦੇ ਕਿਉਂਕਿ ਹਰਦੀਪ ਸਿੰਘ ਨੇ ਇਸ ਦਾ ਜਿਹੜਾ ਰੂਟ ਬਣਾਉਣਾ ਸੀ, ਉਹ ਗਲਤ ਬਣਾ

ਦਿੱਤਾ ਹੈ ਤੇ ਨੋਟੀਫਿਕੇਸ਼ਨ ਨਹੀਂ ਕੀਤੀ ਹੈ, ਇਸ ਕਰਕੇ ਰਿਨਿਊ ਨਹੀਂ ਹੋ ਸਕਦੇ। ਉਹ ਕਹਿਣ ਲੱਗੇ ਕਿ 20 ਦਿਨ ਲੱਗਣਗੇ, ਇਸ ਦਾ ਪ੍ਰੋਸੀਜ਼ਰ ਹੈ, ਹੁਣ ਦੁਬਾਰਾ ਰਿਨਿਊ ਕਰਵਾ ਦਿਓ ਪਰ ਹੁਣ ਗੱਲ ਇਹ ਹੈ ਕਿ ਉਸ ਆਰ.ਟੀ.ਏ. ਹਰਦੀਪ ਸਿੰਘ 'ਤੇ ਗਬਨ ਦਾ ਪਰਚਾ ਹੋਇਆ ਪਿਆ ਹੈ ਤੇ ਉਹ 10 ਦਿਨਾਂ ਤੋਂ ਭੱਜਿਆ ਹੋਇਆ ਹੈ। ਜਦੋਂ ਮੈਂ ਐਸ.ਟੀ.ਸੀ. ਸਾਹਿਬ ਕੋਲ, ਮੰਤਰੀ ਸਾਹਿਬ ਕੋਲ ਜਾਂਦਾ ਹਾਂ ਕਿ ਉਸ ਦੀ ਥਾਂ ਤੇ ਕੋਈ ਹੋਰ ਲਗਾ ਦਿਓ ਤਾਂ ਉਹ ਕਹਿੰਦੇ ਹਨ ਕਿ ਅਸੀਂ ਕੋਈ ਹੋਰ ਨਹੀਂ ਲਗਾ ਸਕਦੇ। ਉਨਾ ਚਿਰ ਕੰਮ suffer ਕਰ ਰਿਹਾ ਹੈ, ਲੋਕ ਚੀਕਾਂ ਮਾਰ ਰਹੇ ਹਨ। ਰਾਜਸਥਾਨ ਤੇ ਦਿੱਲੀ ਤੋਂ ਦੋ-ਦੋ ਸੌ ਬੰਦਾ ਬੱਸ ਭਰ ਕੇ ਉਸ ਆਰ.ਟੀ.ਓ. ਕੋਲ ਲਾਈਸੈਂਸ ਬਣਵਾਉਣ ਵਾਸਤੇ ਆਉਂਦਾ ਸੀ। ਉਸ ਦੀ ਕੋਈ ਇਨਕੁਆਰੀ ਕਰਨ ਲਈ ਤਿਆਰ ਨਹੀਂ ਹੈ। ਮੈਂ ਪਹਿਲਾਂ ਅਰੁਨਾ ਮੈਡਮ ਨੂੰ ਕਹਿੰਦਾ ਰਿਹਾ ਹਾਂ ਕਿ ਮੈਡਮ ਆਰ.ਟੀ.ਓ. ਬਦਲ ਦਿਓ ਤਾਂ ਮੈਡਮ ਕਹਿੰਦੇ ਸੀ ਕਿ ਮੇਰੇ ਤਾਂ ਹੱਥ ਖੜ੍ਹੇ ਹਨ, ਆਰ.ਟੀ.ਓ. ਤਾਂ ਉਤੋਂ ਬਦਲਦੇ ਹਨ। ਪਤਾ ਨਹੀਂ ਉਤੋਂ ਕਿੱਥੋਂ ਬਦਲਦੇ ਹਨ? ਉਹ ਕਹਿੰਦੇ ਸਨ ਕਿ ਮੈਂ ਨਹੀਂ ਬਦਲ ਸਕਦੀ, ਮੇਰੇ ਅਖਤਿਆਰ 'ਚ ਨਹੀਂ ਹੈ। ਹੁਣ ਮੈਂ ਰਜ਼ੀਆ ਮੈਡਮ ਨੂੰ ਕਹਿੰਦਾ ਹਾਂ ਕਿ ਮੈਡਮ, ਆਰ.ਟੀ.ਓ. ਬਦਲ ਦਿਓ ਤਾਂ ਉਨ੍ਹਾਂ ਦਾ ਵੀ ਸੇਮ ਬਿਆਨ ਹੁੰਦਾ ਹੈ ਕਿ ਮੈਂ ਆਰ.ਟੀ.ਏ. ਨਹੀਂ ਬਦਲ ਸਕਦੀ, ਇਹ ਉਤੋਂ ਆਉਂਦੇ ਹਨ। ਮੈਂ ਪ੍ਰਿੰਸੀਪਲ ਸਕੱਤਰ ਸਾਹਿਬ ਨੂੰ ਕਿਹਾ ਕਿ ਕੌਣ ਬਦਲ ਸਕਦਾ ਹੈ? ਸਰ, ਆਰ.ਟੀ.ਏ. ਬਦਲਣ ਦੀ ਵੀ ਇਨ੍ਹਾਂ ਕੋਲ ਤਾਕਤ ਹੋਣੀ ਚਾਹੀਦੀ ਹੈ। ਜਿਹੜੇ ਆਰ.ਟੀ.ਏ. ਅੱਜ ਤੋਂ 15 ਸਾਲ ਪਹਿਲਾਂ ਲੱਗੇ ਸੀ, ਅੱਜ ਵੀ ਉਹੀ ਲੱਗੇ ਹੋਏ ਹਨ। ਸਾਡੀ ਕਿਹੜੀ ਪਾਲਿਸੀ ਲਿਆਉਣ ਦੀ ਤਜਵੀਜ਼ ਹੈ? ਮੈਨੂੰ ਇਹ ਇਰਾਦਾ ਪੱਕਾ ਲਗਦਾ ਹੈ ਕਿ ਸਾਡੀ ਕੰਮ ਕਰਨ ਦੀ ਕੋਈ ਤਜਵੀਜ਼ ਨਹੀਂ ਹੈ, ਜੇ ਅਸੀਂ ਆਰ.ਟੀ.ਏ. ਹੀ ਨਹੀਂ ਬਦਲ ਸਕਦੇ। ਜਿਹੜੇ ਆਰ.ਟੀ.ਏ. ਹਨ, ਉਹ ਕਹਿੰਦੇ ਹਨ ਕਿ ਨਾ ਸਾਨੂੰ ਕਿਸੇ ਮੰਤਰੀ ਦੀ ਲੋੜ ਹੈ ਤੇ ਨਾ ਸਾਨੂੰ ਕਿਸੇ ਹੋਰ ਦੀ ਲੋੜ ਹੈ ਪਤਾ ਨਹੀਂ ਉਨ੍ਹਾਂ ਦਾ ਜੁਗਾੜ ਕਿੱਥੇ ਫਿਕਸ ਹੈ। ਇਸ ਦੀ ਪੜਤਾਲ ਕੀਤੀ ਜਾਵੇ ਤੇ ਇਹ ਪਤਾ ਕੀਤਾ ਜਾਵੇ ਕਿ ਇਨ੍ਹਾਂ ਆਰ.ਟੀ.ਏਜ਼ ਨੂੰ ਕੌਣ ਲਗਾਉਂਦਾ ਹੈ? (ਥੰਪਿੰਗ) ਇਨ੍ਹਾਂ ਨੂੰ ਬਦਲਿਆ ਕਿਉਂ ਨਹੀਂ ਜਾਂਦਾ? ਦੂਜੇ ਆਰ.ਟੀ.ਏਜ਼ ਨੂੰ ਵੀ ਮੌਕਾ ਦੇਣਾ ਚਾਹੀਦਾ ਹੈ। ਕਿਰਪਾ ਕਰਕੇ ਉਸ ਹਰਦੀਪ ਸਿੰਘ ਆਰ.ਟੀ.ਏ ਦੀ ਥਾਂ ਤੇ ਨਵਾਂ ਬੰਦਾ ਨਿਯੁਕਤ ਕੀਤਾ ਜਾਵੇ। ਸਾਡਾ ਟਰਾਂਸਪੋਰਟ ਦਾ ਕੰਮ suffer ਕਰਦਾ ਹੈ।

**ਸਰਦਾਰ ਕੁਲਤਾਰ ਸਿੰਘ ਸੰਧਵਾਂ (ਬਿਨਾਂ ਮਾਈਕ ਤੋਂ):** ਝੋਟਾ ਮਾਰੋ ਉਸ ਦੇ ਨਾਲ ਹੀ ਜੂੰਆਂ ਵੀ ਮਰ ਜਾਣਗੀਆਂ।

(ਇਸ ਸਮੇਂ ਟਰਾਂਸਪੋਰਟ ਮੰਤਰੀ, ਸ਼੍ਰੀਮਤੀ ਰਜ਼ੀਆ ਸੁਲਤਾਨਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਜਵਾਬ ਦੇਣ ਲਈ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**माननीय स्पीकर :** रज़ीया जी, ज़ीरो आवर में जवाब नहीं होता है। रज़ीया जी, वैसे होता नहीं है पर आप जवाब देना चाहें तो दे दें।

**ਟਰਾਂਸਪੋਰਟ ਮੰਤਰੀ (ਸ਼੍ਰੀਮਤੀ ਰਜ਼ੀਆ ਸੁਲਤਾਨਾ) :** ਮੈਂ ਇਨ੍ਹਾਂ ਨੂੰ ਕਲੀਅਰ ਕਰ ਦਿਆਂ ਜੀ।ਸਪੀਕਰ ਸਾਹਿਬ, ਸਾਡੇ ਕੋਲ ਟੋਟਲ 11 ਆਰ.ਟੀ.ਏ. ਹਨ ਤੇ ਉਨ੍ਹਾਂ ਵਿੱਚੋਂ ਪੰਜ ਆਰ.ਟੀ.ਏ. ਡਿਪਾਰਟਮੈਂਟ ਲਗਾਉਂਦਾ ਹੈ ਤੇ ਜਿਹੜੇ 6 ਆਰ.ਟੀ.ਏ. ਹਨ, ਉਹ ਪੀ.ਸੀ.ਐਸ. ਅਫਸਰ ਹਨ, ਉਨ੍ਹਾਂ ਨੂੰ ਸੀ.ਐਮ. ਸਾਹਿਬ ਲਗਾਉਂਦੇ ਹਨ ਤੇ ਜੇ ਉਹ ਕਿਤੇ ਗੜਬੜ ਕਰਦੇ ਹਨ ਤਾਂ ਅਸੀਂ ਜਾ ਕੇ ਉਨ੍ਹਾਂ ਦੀ ਸ਼ਿਕਾਇਤ ਸੀ.ਐਮ. ਸਾਹਿਬ ਨੂੰ ਦੱਸ ਸਕਦੇ ਹਾਂ ਕਿ ਸੀ.ਐਮ. ਸਾਹਿਬ ਇਹ ਕੰਮ ਸਹੀ ਨਹੀਂ ਹੋ ਰਿਹਾ ਹੈ ਤੇ ਫਿਰ ਸੀ.ਐਮ. ਸਾਹਿਬ ਉਸ ਆਰ.ਟੀ.ਏ. ਨੂੰ ਬਦਲਵਾ ਸਕਦੇ ਹਨ। ਜਿਸ ਤਰ੍ਹਾਂ ਸਾਡੇ ਮੈਂਬਰ ਰਾਜਾ ਜੀ ਨੇ ਕਿਹਾ ਹੈ, ਅਗਰ ਇਨ੍ਹਾਂ ਨੂੰ ਉਸ ਆਰ.ਟੀ.ਏ. ਤੋਂ ਦਿੱਕਤ ਆ ਰਹੀ ਹੈ ਤਾਂ ਬੇਸ਼ੱਕ ਮੈਂ ਇਸ ਪੀ.ਸੀ.ਐਸ. ਅਫਸਰ ਨੂੰ ਆਰ.ਟੀ.ਏ. ਨਹੀਂ ਲਗਾਉਂਦੀ ਪਰ ਉਸ ਦੀ ਸਿਫਾਰਸ਼ ਕਰਕੇ ਕਿ ਇਸ ਨੂੰ ਹਟਾਇਆ ਜਾਵੇ ਅਤੇ ਇਨ੍ਹਾਂ ਦੀ ਜਗ੍ਹਾ ਕੋਈ ਹੋਰ ਆਰ.ਟੀ.ਏ. ਲਗਾਇਆ ਜਾਵੇ, ਮੈਂ ਇਸ ਦੀ ਸਿਫਾਰਸ਼ ਜ਼ਰੂਰ ਕਰ ਦੇਵਾਂਗੀ ਔਰ ਇਨ੍ਹਾਂ ਦੀ ਸ਼ਿਕਾਇਤ ਨੂੰ ਅਸੀਂ ਬਹੁਤ ਜਲਦੀ ਦੂਰ ਕਰ ਦੇਵਾਂਗੇ। ਬਾਕੀ ਕੱਲ੍ਹ ਇੱਕ ਮੁੱਦਾ ਸਾਡੇ ਮੈਂਬਰ ਸਾਹਿਬ ਜ਼ੀਰਾ ਜੀ ਨੇ ਉਠਾਇਆ ਸੀ। ਮੈਂ ਉਸ ਬਾਰੇ ਕਹਿਣਾ ਚਾਹੁੰਦੀ ਹਾਂ ਕਿ ਅਸੀਂ ਇਸ ਦੀ ਵੀ ਇਨਕੁਆਰੀ ਕਰਾਵਾਂਗੇ ਕਿ ਟਿਕਟ ਦੇ ਪੈਸੇ ਜ਼ਿਆਦਾ ਕਿਵੇਂ ਲਏ ਜਾਂਦੇ ਹਨ ਔਰ ਇਸ ਦਾ ਪ੍ਰੋਸੀਜਰ ਕੀ ਹੈ ਕਿ ਪ੍ਰਾਈਵੇਟ ਬੱਸਾਂ ਕਿਸ ਤਰੀਕੇ ਨਾਲ ਚੱਲਦੀਆਂ ਹਨ।

**Mr. Speaker :** Thank you, thank you. ਸਰਦਾਰ ਫਤਿਹਜੰਗ ਸਿੰਘ ਬਾਜਵਾ ਜੀ।

**ਸਰਦਾਰ ਫਤਿਹਜੰਗ ਸਿੰਘ ਬਾਜਵਾ :** ਸਪੀਕਰ ਸਾਹਿਬ, ਮੇਰੀ ਤੁਹਾਨੂੰ ਰਿਕੁਐਸਟ ਹੈ, ਤੁਸੀਂ ਹਾਊਸ ਦੇ ਕਸਟੋਡੀਅਨ ਹੋ। ਜਿਹੜਾ ਵਿਸ਼ਾ ਪਿੰਕੀ ਜੀ ਨੇ ਉਠਾਇਆ ਹੈ, ਹੋਇਆ ਕੀ ਹੈ ਕਿ ਉੱਥੇ ਇੰਨੀ ਵੱਡੀ ਧਾਂਦਲੀ ਹੈ ਕਿ ਸਾਡੇ ਐਸ.ਸੀ. ਮੈਂਬਰ, ਸਰਦਾਰ ਨਿਰਮਲ ਸਿੰਘ ਜੀ ਨੂੰ ਕਮਰਾ ਨਹੀਂ ਦਿੱਤਾ ਗਿਆ। ਇਨ੍ਹਾਂ ਨੂੰ ਰਾਤੋ-ਰਾਤ ਵਾਪਸ ਆਉਣਾ ਪਿਆ ਸੀ। ਸੀ.ਐਲ.ਪੀ. ਦੀ ਮੀਟਿੰਗ ਵਿੱਚ ਅਸੀਂ ਸੀ.ਐਮ. ਸਾਹਿਬ ਨੂੰ ਰਿਕੁਐਸਟ ਕੀਤੀ ਸੀ ਕਿ ਜਿਹੜੇ ਉੱਥੇ ਬੰਦੇ ਬੁਕਿੰਗ ਕਰਦੇ ਹਨ, ਉਨ੍ਹਾਂ ਅਫਸਰਾਂ ਤੇ ਲਗਾਮ ਪਾਈ ਜਾਵੇ, ਉਨ੍ਹਾਂ ਤੇ ਐਕਸ਼ਨ ਲਿਆ ਜਾਵੇ। Sir, you being the custodian of the House,we plead and request you ਕਿ ਜਿਹੜੇ ਇਸ ਕਿਸਮ ਦੇ ਅਫਸਰ ਉੱਥੇ ਲਾਏ ਹਨ, ਉਨ੍ਹਾਂ ਤੇ ਐਕਸ਼ਨ ਲਓ।

**Mr. Speaker :** Immediately.

**ਸਰਦਾਰ ਫਤਿਹਜੰਗ ਸਿੰਘ ਬਾਜਵਾ:** ਜੇ ਐਮ.ਐਲ.ਏਜ਼ ਦਾ ਇੱਜ਼ਤ-ਮਾਣ ਨਹੀਂ ਹੁੰਦਾ ਫਿਰ ਅਸੀਂ ਸਮਝਦੇ ਹਾਂ ਕਿ ਸਾਡੇ ਸਾਰੇ ਹਲਕੇ ਦਾ ਇੱਜ਼ਤ-ਮਾਣ ਨਹੀਂ ਹੁੰਦਾ।

**ਮਾਨਯੋਗ ਸਪੀਕਰ :** ਇਸ ਸੈਸ਼ਨ ਤੋਂ ਫੌਰਨ ਬਾਅਦ ਅਸੀਂ ਇਸ ਤੇ ਕਾਰਵਾਈ ਕਰਾਂਗੇ।

**ਸਰਦਾਰ ਫਤਿਹਜੰਗ ਸਿੰਘ ਬਾਜਵਾ :** ਧੰਨਵਾਦ ਜੀ।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਪਟਿਆਲਾ ਦੇ ਸ਼ਹਿਰ ਪਾਤੜਾਂ ਵਿੱਚ ਪਿਕਾਡਲੀ ਖੰਡ ਮਿੱਲ ਹੈ, ਉਸ ਦੇ ਖਿਲਾਫ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਨੇ ਆਰਡਰ ਪਾਸ ਕੀਤਾ, ਉਸ ਦਾ ਕੁਨੈਕਸ਼ਨ ਕੱਟਣ ਦੀ ਗੱਲ ਕੀਤੀ ਕਿ ਉਸ ਦਾ ਕੁਨੈਕਸ਼ਨ ਕੱਟ ਦਿਉ ਕਿਉਂਕਿ ਗੰਦਾ ਪਾਣੀ, ਬਹੁਤ ਹੀ ਮਾੜਾ ਪਾਣੀ 15-20 ਪਿੰਡਾਂ ਵਿੱਚ ਕੈਂਸਰ ਫੈਲਾਅ ਰਿਹਾ ਹੈ, ਕਾਲਾ ਪੀਲੀਆ ਫੈਲਾਅ ਰਿਹਾ ਹੈ। ਉਸ ਦਾ ਕੁਨੈਕਸ਼ਨ ਵੀ ਕੱਟ ਦਿੱਤਾ ਗਿਆ ਪਰ ਪਤਾ ਨਹੀਂ ਕਿਹੜੀ ਮਜਬੂਰੀ ਹੋਈ ਕਿ ਉੱਥੋਂ ਦਾ ਪ੍ਰਸ਼ਾਸਨ, ਪਟਿਆਲਾ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਅਤੇ ਪਾਵਰਕੌਮ ਦੇ ਅਧਿਕਾਰੀ ਜਾ ਕੇ ਦੁਬਾਰਾ ਉਸ ਦਾ ਕੁਨੈਕਸ਼ਨ ਰਿਸਟੋਰ ਕਰ ਆਏ। ਜਦੋਂ ਲੋਕਾਂ ਨੇ ਕਮੇਟੀ ਬਣਾ ਕੇ ਧਰਨਾ ਦਿੱਤਾ ਤਾਂ ਉਨ੍ਹਾਂ ਲੋਕਾਂ ਤੇ ਪਰਚਾ ਦਰਜ ਕਰ ਦਿੱਤਾ ਗਿਆ ਜਦ ਕਿ ਮੈਂ

[ਸਰਦਾਰ ਹਰਪਾਲ ਸਿੰਘ ਚੀਮਾ]

ਸਮਝਦਾ ਹਾਂ ਕਿ ਉਸ ਖੰਡ ਮਿੱਲ ਦੇ ਕਾਰਨ ਲੋਕਾਂ ਵਿੱਚ ਕੈਂਸਰ ਅਤੇ ਕਾਲਾ ਪੀਲੀਆ ਫੈਲ ਰਿਹਾ ਹੈ। ਉਹ ਸਾਡੇ ਨਿਰਮਲ ਸਿੰਘ ਜੀ ਦਾ ਸ਼ੁਤਰਾਣਾ ਇਲਾਕਾ ਹੈ। ਬਹੁਤ ਸਾਰੇ ਪਿੰਡਾਂ ਦੇ ਵਿੱਚ 50-50, 100-100 ਕੈਂਸਰ ਦਾ ਮਰੀਜ਼ ਹੋ ਰਿਹਾ ਹੈ। ਜੇ ਅਸੀਂ ਹਸਪਤਾਲ ਨਹੀਂ ਦੇ ਸਕਦੇ ਤਾਂ ਘੱਟੋ-ਘੱਟ ਜਿਹੜੀਆਂ ਇਹ ਅਲਾਮਤਾਂ ਸਾਨੂੰ ਚਿੰਬੜੀਆਂ ਹੋਈਆਂ ਹਨ, ਇਹ ਤਾਂ ਦੂਰ ਕਰ ਸਕਦੇ ਹਾਂ। ਸਪੀਕਰ ਸਾਹਿਬ, ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੇ ਆਰਡਰ ਨੂੰ ਲਾਗੂ ਕਰਵਾਉਣਾ ਚਾਹੀਦਾ ਹੈ, ਉਸ ਵਿੱਚ ਕੀ ਰੁਕਾਵਟ ਆ ਰਹੀ ਹੈ? ਦੂਜੀ ਵੱਡੀ ਗੱਲ ਅੱਜ ਰੰਧਾਵਾ ਸਾਹਿਬ ਨੇ ਕੀਤੀ ਹੈ ਕਿ ਸਾਡੀ ਸਰਕਾਰ ਨਸ਼ੇ ਦੇ ਤਸਕਰਾਂ ਖਿਲਾਫ ਕੋਈ ਐਕਸ਼ਨ ਨਹੀਂ ਲੈ ਰਹੀ। ਇਹ ਬਹੁਤ ਅਹਿਮ ਮਾਮਲਾ ਹੈ, ਬਹੁਤ ਸਾਰੇ ਮੈਂਬਰ ਇਸ ਗੱਲ ਨੂੰ ਲੈ ਕੇ ਚਿੰਤਤ ਹਨ ਕਿ ਨਸ਼ਾ ਤਸਕਰਾਂ ਦੀਆਂ ਰਿਪੋਰਟਾਂ ਚਾਹੇ ਉਹ ਹਾਈ ਕੋਰਟ ਵਿੱਚ ਪੈਂਡਿੰਗ ਪਈਆਂ ਹਨ ਜਾਂ ਐਸ.ਟੀ.ਐਫ. ਦੇ ਮੁਖੀ ਕੋਲ ਪਈਆਂ ਹਨ ਜਾਂ ਜਿਹੜੀਆਂ ਵੱਡੀਆਂ-ਵੱਡੀਆਂ ਰਿਕਵਰੀਆਂ ਹੋਈਆਂ ਹਨ ਜਾਂ ਜਿਹੜੇ ਪੁਰਾਣੇ ਨਾਮ ਬੋਲਦੇ ਹਨ, ਚੰਗਾ ਹੁੰਦਾ ਸੀ.ਐਮ. ਸਾਹਿਬ ਇੱਥੇ ਹੁੰਦੇ ਪਰ ਅੱਜ ਉਹ ਸ਼ਾਇਦ ਕਿਸੇ ਜ਼ਰੂਰੀ ਕੰਮ ਕਰਕੇ ਨਹੀਂ ਆਏ ਹੋਣੇ, ਵਿਧਾਨ ਸਭਾ ਉਨ੍ਹਾਂ ਨੂੰ ਜ਼ਰੂਰੀ ਨਹੀਂ ਲੱਗੀ। ਇਸ ਗੱਲ ਕਰਕੇ ਨਹੀਂ ਆਏ ਕਿਉਂਕਿ ਬਹੁਤ ਹੀ ਅਹਿਮ ਮਾਮਲਾ ਹੈ। ਰੰਧਾਵਾ ਸਾਹਿਬ, ਬਾਜਵਾ ਸਾਹਿਬ, ਮੈਂ ਸਮਝਦਾ ਹਾਂ ਕਿ ਪਹਿਲਾਂ ਟਰਾਂਸਪੋਰਟ ਮਾਫੀਆ ਦੀ ਗੱਲ ਹੋਈ ਹੈ, ਹੁਣ ਡਰੱਗ ਮਾਫੀਆ ਦੀ ਗੱਲ ਹੋਈ ਹੈ। ਜਿਹੜੇ ਲੋਕ ਅੱਜ ਨਾਅਰੇ ਮਾਰਦੇ ਹੋਏ ਇੱਥੋਂ ਚਲੇ ਗਏ ਹਨ ਉਨ੍ਹਾਂ ਲੋਕਾਂ ਦਾ ਜਿਹੜਾ ਮਾਫੀਆ ਰਾਜ ਹੈ, ਉਹ ਅਜੇ ਤੱਕ ਉਸੇ ਤਰ੍ਹਾਂ ਕਾਇਮ ਹੈ, ਜਿਹੜਾ 2017 ਤੱਕ ਸੀ। ਮੈਂ ਸਮਝਦਾ ਹਾਂ ਕਿ ਕਾਂਗਰਸ ਪਾਰਟੀ ਦੀ ਸਰਕਾਰ ਨੇ ਬਿਲਕੁਲ ਮਾਫੀਆ ਰਾਜ ਤੇ ਕੋਈ ਕੰਮ ਨਹੀਂ ਕੀਤਾ। ਉਸੇ ਤਰ੍ਹਾਂ ਖਜ਼ਾਨੇ ਦੀ ਲੁੱਟ ਜਾਰੀ ਹੈ। ਸਾਡੇ ਮੰਤਰੀ ਸਾਹਿਬਾਨ ਨੇ ਬਿਆਨ ਦਿੱਤਾ ਕਿ ਇਨਕੁਆਰੀ ਕਰਵਾ ਲਵਾਂਗੇ ਪਰੰਤੂ ਤਿੰਨ ਸਾਲ ਤੋਂ ਉੱਪਰ ਦਾ ਸਮਾਂ ਹੋ ਗਿਆ, ਕਿਹੜੀ ਇਨਕੁਆਰੀ ਕਰਵਾ ਲਵਾਂਗੇ? ਸੋ, ਲਗਾਤਾਰ ਇਨੁਕਆਰੀ, ਇਨਕੁਆਰੀ, ਮੈਂ ਸਮਝਦਾ ਹਾਂ ਕਿ (ਵਿਘਨ)...

**ਮਾਨਯੋਗ ਸਪੀਕਰ :** ਹਾਂ ਜੀ, ਸ਼੍ਰੀਮਤੀ ਸਤਕਾਰ ਕੌਰ, ਜੀ।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਇੱਕ ਮਿੰਟ ਜੀ। ਮੈਂ ਸਮਝਦਾ ਹਾਂ ਕਿ ਮਾਫੀਆ ਰਾਜ ਬੰਦ ਹੋਣਾ ਚਾਹੀਦਾ ਹੈ।

**ਸ਼੍ਰੀਮਤੀ ਸਤਕਾਰ ਕੌਰ :** ਧੰਨਵਾਦ, ਸਪੀਕਰ ਸਾਹਿਬ। ਮੈਂ ਤੁਹਾਡੇ ਜ਼ਰੀਏ ਮਾਨਯੋਗ ਮੰਤਰੀ ਚੰਨੀ ਜੀ ਨੂੰ ਬੇਨਤੀ ਕਰਨਾ ਚਾਹੁੰਦੀ ਹਾਂ ਕਿ ਜਿਹੜੀ ਸਾਡੇ ਢਾਈ ਸਾਲ ਪਹਿਲਾਂ ਆਈ.ਟੀ.ਆਈ. ਮਨਜ਼ੂਰ ਹੋਈ ਸੀ, ਮੈਂ ਤੁਹਾਡੇ ਰਾਹੀਂ ਗੁਜ਼ਾਰਿਸ਼ ਕਰਦੀ ਹਾਂ ਕਿ ਉਸ ਨੂੰ ਅਸੀਂ ਜਲਦੀ ਤੋਂ ਜਲਦੀ ਸ਼ੁਰੂ ਕਰ ਲਈਏ, ਬਹੁਤ ਸਮਾਂ ਹੋ ਗਿਆ ਜੀ, ਲੋਕ ਸਾਨੂੰ ਸਵਾਲ ਕਰਦੇ ਹਨ।

**ਮਾਨਯੋਗ ਸਪੀਕਰ :** ਚੰਨੀ ਸਾਹਿਬ, ਜਵਾਬ ਦੇਣਾ ਹੈ ਜੀ?

**ਸ਼੍ਰੀਮਤੀ ਸਤਕਾਰ ਕੌਰ :** ਸਰ, ਉਹ ਅਜੇ ਸ਼ੁਰੂ ਨਹੀਂ ਹੋਈ ਜੀ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ):** ਸਪੀਕਰ ਸਾਹਿਬ, ਭੈਣ ਜੀ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਮੁੱਖ ਮੰਤਰੀ ਜੀ ਨੇ ਮਨਜ਼ੂਰ ਕਰ ਲਈ ਹੈ। ਇਨ੍ਹਾਂ ਨੇ ਸਾਨੂੰ ਜ਼ਮੀਨ ਦੇ ਦਿੱਤੀ ਹੈ। ਜ਼ਮੀਨ ਡੀ.ਸੀ. ਨੇ ਸਾਡੇ ਨਾਮ ਕਰ ਦਿੱਤੀ ਹੈ। ਅਸੀਂ ਪੀ.ਡਬਲਿਊ.ਡੀ. ਨੂੰ ਲਿਖ ਕੇ ਦੇ ਦਿੱਤਾ ਹੈ ਅਤੇ ਟੈਂਡਰ ਲੱਗਣ ਲੱਗਿਆ ਹੈ। ਅਸੀਂ 19 ਆਈ.ਟੀ.ਆਈਜ਼ ਇੱਕ ਸਾਲ ਦੇ ਵਿੱਚ ਬਣਾ ਦੇਣੀਆਂ ਹਨ। ਮੈਂ ਇਹ ਸਾਰੀ ਗੱਲ ਇਨ੍ਹਾਂ ਦੀ ਜਾਣਕਾਰੀ ਵਿੱਚ ਲਿਆਉਣਾ ਚਾਹੁੰਦਾ ਹਾਂ।

**ਸ਼੍ਰੀਮਤੀ ਸਤਕਾਰ ਕੌਰ:** ਧੰਨਵਾਦ ਜੀ।

**ਸਲਾਹਕਾਰ/ਮੁੱਖ ਮੰਤਰੀ (ਸਰਦਾਰ ਕੁਸਲਦੀਪ ਸਿੰਘ ਕਿੱਕੀ ਢਿੱਲੋਂ):** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਲੋਕਲ ਬਾਡੀਜ਼ ਮਨਿਸਟਰ ਸ਼੍ਰੀ ਬ੍ਰਹਮ ਮਹਿੰਦਰਾ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜ਼ਿਲ੍ਹਾ ਫਰੀਦਕੋਟ, ਬਾਬਾ ਫਰੀਦ ਜੀ ਦੇ ਨਾਂ ਤੇ ਵਸਿਆ ਹੈ ਅਤੇ ਫਰੀਦਕੋਟ, ਕੋਟਕਪੂਰਾ ਅਤੇ ਜੈਤੋ ਵਿੱਚ ਤਕਰੀਬਨ 250 ਕਰੋੜ ਰੁਪਏ ਦਾ ਸੀਵਰੇਜ ਦਾ ਕੰਮ ਚੱਲ ਰਿਹਾ ਹੈ। ਇਹ ਟੈਂਡਰ 2016 ਵਿੱਚ ਹੋਇਆ ਸੀ। ਇਹ ਪਿਛਲੀ ਸਰਕਾਰ ਵੇਲੇ ਮੁੰਬਈ ਦੀ ਕੰਪਨੀ ਨੂੰ ਦਿੱਤਾ ਸੀ।ਕੰਪਨੀ ਨਾਲ 18 ਪਰਸੈਂਟ above ਟੈਂਡਰ ਹੋਇਆ ਸੀ ਪਰ ਤਕਰੀਬਨ ਡੇਢ ਸਾਲ ਤੋਂ ਉੱਪਰ ਦਾ ਟਾਈਮ ਲੰਘ ਗਿਆ ਹੈ ਪਰੰਤੂ ਉਨ੍ਹਾਂ ਨੇ ਕੰਮ ਕੰਪਲੀਟ ਨਹੀਂ ਕੀਤਾ। Within time ਵਿੱਚ ਕੰਪਲੀਟ ਨਾ ਕਰਨ ਕਾਰਨ ਬਹੁਤ ਸਾਰੇ ਬੰਦੇ ਉਸ ਵਿੱਚ ਡਿੱਗ ਪਏ, ਉਨ੍ਹਾਂ ਦੇ ਸੱਟਾਂ ਵੱਜੀਆਂ। ਬਹੁਤ ਬੰਦਿਆਂ ਦਾ ਨੁਕਸਾਨ ਹੋਇਆ ਹੈ। ਮੈਂ ਤਾਂ ਸਿਰਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਨੂੰ ਟਾਈਮ ਬਾਊਂਡ ਕਰਵਾ ਕੇ, ਜੋ ਵੀ ਰਿਕਵਰੀ ਬਣਦੀ ਹੈ ਜਾਂ ਜੋ ਵੀ ਨੁਕਸਾਨ ਹੋਇਆ ਹੈ, ਉਸ ਦੀ ਉਨ੍ਹਾਂ ਤੋਂ ਜ਼ਰੂਰ ਭਰਪਾਈ ਕੀਤੀ ਜਾਵੇ ਕਿਉਂਕਿ ਲੋਕਾਂ ਦਾ ਬਹੁਤ ਵੱਡਾ ਨੁਕਸਾਨ ਹੋਇਆ ਹੈ।

**ਮਾਨਯੋਗ ਸਪੀਕਰ :** ਸਰਦਾਰ ਨਿਰਮਲ ਸਿੰਘ ਜੀ। ਬੋਲੋ ਸ਼ੁਤਰਾਣਾ ਸਾਹਿਬ।

**ਸਰਦਾਰ ਨਿਰਮਲ ਸਿੰਘ :** ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ..

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਰਜੀਤ ਸਿੰਘ ਧੀਮਾਨ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮਾਂ ਮੰਗ ਰਹੇ ਸਨ।)

**ਮਾਨਯੋਗ ਸਪੀਕਰ :** ਧੀਮਾਨ ਜੀ, ਤੁਸੀਂ ਇਨ੍ਹਾਂ ਤੋਂ ਬਾਅਦ ਬੋਲਣਾ ਹੈ, ਤੁਸੀਂ ਉਦੋਂ ਆਪਣੀ ਗੱਲ ਕਰ ਲੈਣਾ।

**ਸਰਦਾਰ ਨਿਰਮਲ ਸਿੰਘ :** ਸਪੀਕਰ ਸਾਹਿਬ, ਮੈਂ ਦਿੱਲੀ ਵਿਖੇ ਮੀਟਿੰਗ ਲਈ ਗਿਆ ਸੀ। ਪਹਿਲੀ ਗੱਲ ਤਾਂ ਮੈਨੂੰ ਸਰੀਰਿਕ ਤੌਰ ਤੇ ਸਰਵਾਈਕਲ ਦੀ ਪ੍ਰਾਬਲਮ ਬਹੁਤ ਜ਼ਿਆਦਾ ਹੈ। ਮੀਟਿੰਗ ਵਿੱਚ ਜਦੋਂ ਦਿੱਲੀ ਗਿਆ ਤਾਂ ਉੱਥੇ ਕੋਈ ਕਮਰਾ ਨਹੀਂ ਸੀ। ਜਦੋਂ ਕਿਸੇ ਅਫਸਰ ਨੂੰ ਪੁੱਛਿਆ ਤਾਂ ਕਿਸੇ ਅਫਸਰ ਨੇ ਕੋਈ ਟੈਲੀਫੋਨ ਨਹੀਂ ਚੁੱਕਿਆ। ਫਿਰ ਮੁੜ ਕੇ ਕਿਹਾ ਗਿਆ ਕਿ ਚੰਡੀਗੜ੍ਹ ਫੋਨ ਕਰੋ। (ਆਮ ਆਦਮੀ ਪਾਰਟੀ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਮੈਂ ਟੈਲੀਫੋਨ ਨੰਬਰ ਲੈ ਕੇ, ਕੋਈ ਸ਼੍ਰੀ ਮੈਣੀ ਨਾਂ ਦਾ ਬੰਦਾ ਹੈ, ਮੈਂ ਉਸ ਬੰਦੇ ਦੀ ਸ਼ਕਲ ਤੱਕ ਨਹੀਂ ਜਾਣਦਾ ਹਾਂ, ਮੈਂ ਉਸ ਨੂੰ ਟੈਲੀਫੋਨ ਕਰਦਾ ਰਿਹਾ। ਮੈਂ ਉਸ ਨੂੰ 17 ਵਾਰੀ ਟੈਲੀਫੋਨ ਕੀਤਾ, ਮੈਂ ਇਹ ਦਿਖਾ ਸਕਦਾ ਹਾਂ। ਜਦੋਂ 17 ਵਾਰੀ ਟੈਲੀਫੋਨ ਕਰਨ ਤੋਂ ਬਾਅਦ ਅਚਾਨਕ ਉਸ ਨੇ ਟੈਲੀਫੋਨ ਚੁੱਕਿਆ ਤਾਂ ਮੈਂ ਉਸ ਨੂੰ ਕਿਹਾ ਕਿ ਮੈਂ ਫਲਾਣਾ ਬੰਦਾ ਬੋਲ ਰਿਹਾ ਹਾਂ, ਸਾਡੇ ਕਮਰੇ ਦਾ ਸਟੇਟਸ ਕੀ ਹੈ? ਉਹ ਕਹਿੰਦਾ ਕਿ ਤੁਹਾਡੀ ਅੱਜ ਮੀਟਿੰਗ ਤਾਂ ਕੈਂਸਲ ਹੋ ਗਈ ਹੈ, ਤੁਸੀਂ ਅੱਜ ਇੱਥੇ ਕੀ ਕਰਨ ਆਏ ਹੋ? ਮੈਂ ਕਿਹਾ ਕਿ ਚੇਅਰਮੈਨ ਤਾਂ ਇੱਥੇ ਬੈਠੇ ਹਨ, ਮੀਟਿੰਗ ਕੈਂਸਲ ਕਿਵੇਂ ਹੋ ਗਈ? ਮੈਨੂੰ ਕਾਫ਼ੀ ਜ਼ਲੀਲ ਹੋਣਾ ਪਿਆ ਕਿ ਮੈਂ ਰਾਤੋ-ਰਾਤ ਡਿੱਗਦਾ-ਢਹਿੰਦਾ ਬੜੀ ਮੁਸ਼ਕਿਲ ਨਾਲ ਪਹੁੰਚਿਆ। ਸਪੀਕਰ ਸਾਹਿਬ, ਮੇਰਾ ਇਹ ਪ੍ਰੀਵਿਲੇਜ ਮੋਸ਼ਨ ਹੈ। ਇਸ ਤੇ ਠੋਕ ਕੇ ਇਨਕੁਆਰੀ ਕਰਨੀ ਚਾਹੀਦੀ ਹੈ। (ਥੰਪਿੰਗ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਅਤੇ ਆਮ ਆਦਮੀ ਪਾਰਟੀ ਦੇ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ :** ਕਾਲ ਅਟੈਂਸ਼ਨ, ਕਾਲ ਅਟੈਂਸ਼ਨ (ਵਿਘਨ) ਗੁਰਮੀਤ ਸਿੰਘ ਜੀ, ਤੁਸੀਂ ਕਾਲ ਅਟੈਂਸ਼ਨ ਤੇ ਬੋਲੋ। (ਵਿਘਨ) ਕਾਲ ਅਟੈਂਸ਼ਨ ਤੇ ਬੋਲੋ।(ਵਿਘਨ) ਗੱਲ ਹੋ ਗਈ ਹੈ, ਸਰਕਾਰ ਦੇ ਧਿਆਨ ਵਿੱਚ ਗੱਲ ਆ ਗਈ ਹੈ। ਬੈਠ ਜਾਓ (ਵਿਘਨ) ਸਾਰੇ ਖੜ੍ਹੇ ਹਨ, ਬੈਠ ਜਾਓ। (ਵਿਘਨ) ਸ਼੍ਰੀ ਬ੍ਰਹਮ ਮਹਿੰਦਰਾ ਜੀ, ਇਨ੍ਹਾਂ ਨੂੰ ਐਸ਼ੋਰੈਂਸ ਦਿਓ।(ਵਿਘਨ) ਬ੍ਰਹਮ ਮਹਿੰਦਰਾ ਜੀ ਖੜ੍ਹੇ ਹਨ, ਬ੍ਰਹਮ ਮਹਿੰਦਰਾ ਜੀ ਨੂੰ ਬੋਲਣ ਦਿਓ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸਪੀਕਰ ਸਾਹਿਬ, ਮੈਂ ਹਾਊਸ ਨੂੰ ਐਸ਼ਿਓਰ ਕਰਦਾ ਹਾਂ ਕਿ we will look into this. (ਵਿਘਨ,ਸ਼ੋਰ)

**ਮਾਨਯੋਗ ਸਪੀਕਰ :** ਸ਼੍ਰੀ ਬ੍ਰਹਮ ਮਹਿੰਦਰਾ ਜੀ ਖੜ੍ਹੇ ਹਨ।ਬਾਕੀ ਮੈਂਬਰਜ਼ ਬੈਠ ਕੇ ਸੁਣ ਲਵੋ (ਵਿਘਨ) ਧਿਆਨ ਨਾਲ ਸੁਣ ਲਵੋ। ਸ਼੍ਰੀ ਬ੍ਰਹਮ ਮਹਿੰਦਰਾ ਜੀ ਖੜ੍ਹੇ ਹਨ।(ਵਿਘਨ)

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, ਇਹ ਬੜਾ ਹੀ ਸੀਰੀਅਸ ਇਸ਼ੂ ਹੈ। ਜਿਹੜਾ ਮੈਂਬਰਜ਼ ਨਾਲ maltreatment ਹੋ ਰਿਹਾ ਹੈ, (ਵਿਘਨ) ਇਹ ਬੜਾ ਸੀਰੀਅਸ ਇਸ਼ੂ ਹੈ। ਮੈਂਬਰਜ਼ ਦਾ ਚੀਫ ਸੈਕ੍ਰੇਟਰੀ ਤੋਂ ਉੱਪਰ ਦਾ ਸਟੇਟਸ ਹੈ।(ਵਿਘਨ)

**ਮਾਨਯੋਗ ਸਪੀਕਰ :** ਮੈਂ ਇੱਕ ਗੱਲ ਤੁਹਾਡੇ ਧਿਆਨ ਵਿੱਚ ਲਿਆ ਦੇਵਾਂ....(ਵਿਘਨ) ਇੱਕ ਮਿੰਟ ਤੁਸੀਂ ਸਾਰੇ ਸੁਣ ਤਾਂ ਲਓ। ਜੇਕਰ ਸਾਰੇ ਬੋਲੋਗੇ ਤਾਂ ਗੱਲ ਕਿਸ ਤਰ੍ਹਾਂ ਚੱਲੇਗੀ? ਬੈਠ ਜਾਓ। ਬੈਠੋ, ਹਰੇਕ ਨੂੰ ਟਾਈਮ ਦੇਣਾ ਜ਼ਰੂਰੀ ਨਹੀਂ ਹੈ। ਬੈਠੋ, 117 ਮੈਂਬਰ ਹਨ। ਮੈਂ ਸਾਰੀਆਂ ਪਾਰਟੀਆਂ ਦੀ ਰੇਸ਼ੋ ਬਣਾ ਕੇ ਰੱਖਣੀ ਹੈ। ਬੈਠੋ, ਇੱਕ ਮਿੰਟ... (ਵਿਘਨ) ਬ੍ਰਹਮ ਮਹਿੰਦਰਾ ਜੀ, ਮੈਂ ਤੁਹਾਡੇ ਧਿਆਨ ਵਿੱਚ ਲਿਆਉਂਦਾ ਹਾਂ ਕਿ ਮਾਮਲਾ ਇਸ ਕਰਕੇ ਸੀਰੀਅਸ ਹੈ ਕਿ 2007 ਦੀ ਇੱਕ ਚਿੱਠੀ ਹੈ। ਜਿਸ ਵਿੱਚ ਸਾਰੀਆਂ ਕੈਟਾਗਰੀਜ਼ ਫਿਕਸ ਕਰਕੇ, even ਜਿਹੜੇ ਪ੍ਰਿੰਸੀਪਲ ਸੈਕ੍ਰੇਟਰੀ ਹਨ, ਉਨ੍ਹਾਂ ਨੂੰ ਵੀ ਮਹਿਫੂਜ਼ ਕੀਤਾ ਗਿਆ ਹੈ ਅਤੇ ਅਖਰੀਲੇ ਨੰਬਰ ਤੇ ਲਿਖਿਆ ਹੋਇਆ ਹੈ ਕਿ ਜੇ ਕਮਰਾ ਖਾਲੀ ਹੋਵੇ ਤਾਂ ਏ-ਬਲਾਕ ਵਿੱਚ ਐਮ.ਐਲ.ਏ. ਨੂੰ ਦੇ ਦੇਣਾ।

**(ਇੱਕ ਆਵਾਜ਼ :** ਮਤਾ ਲੈ ਕੇ ਆਓ ਜੀ।)

**ਮਾਨਯੋਗ ਸਪੀਕਰ :** ਇੱਕ ਮਿੰਟ ਜੀ, ਤੁਸੀਂ ਇਵੇਂ ਨਾ ਕਰੋ, It is a serious matter. ਚਿੱਠੀ 2007 ਦੀ ਹੈ। ਮੈਂ ਐਗਜ਼ਾਮਿਨ ਕਰ ਲਈ ਹੈ ਲੇਕਿਨ ਇਹ ਹਰਗਿਜ਼ ਨਹੀਂ ਹੋ ਸਕਦਾ ਕਿ ਪ੍ਰਿੰਸੀਪਲ ਸੈਕ੍ਰੇਟਰੀ ਪਹਿਲਾਂ ਹੋਵੇ, ਅਫਸਰ ਤੁਹਾਡੇ ਪਹਿਲਾਂ ਹੋਣ ਔਰ ਜਿਹੜਾ ਐਮ.ਐਲ.ਏ. ਹੈ, ਉਹ ਸਭ ਤੋਂ ਲਾਸਟ ਵਿੱਚ ਹੋਵੇ। ਇਹ ਸਾਨੂੰ ਮਨਜ਼ੂਰ ਨਹੀਂ ਹੈ (ਥੰਪਿੰਗ) ਇਹ ਹਰਗਿਜ਼ ਨਹੀਂ ਹੋ ਸਕਦਾ। ਮੈਂ ਹਾਊਸ ਨੂੰ ਐਸ਼ਿਓਰ ਕਰਦਾ ਹਾਂ ਕਿ ਇਸ ਤੇ ਅਸੀਂ 2 ਮੀਟਿੰਗਾਂ ਤਾਂ ਕਰ ਲਈਆਂ ਹਨ। ਮੈਂ ਕੱਲ੍ਹ ਚੀਫ ਸੈਕਟਰੀ ਸਾਹਿਬ ਨੂੰ ਬੁਲਾਵਾਂਗਾ। ਉਨ੍ਹਾਂ ਦੇ ਸਾਰੇ ਅਫਸਰਾਂ ਨੂੰ ਤਲਬ ਕਰਾਂਗਾ। ਇਸ ਚਿੱਠੀ ਨੂੰ ਰੱਦ ਕਰਵਾਵਾਂਗਾ ਔਰ ਇਸ ਚਿੱਠੀ ਤੋਂ ਬਾਅਦ ਐਮ.ਐਲ.ਏਜ਼ ਦੀ ਪਹਿਲ ਨੂੰ ਐਨਸ਼ਿਓਰ ਕਰਵਾਵਾਂਗਾ। (ਵਿਘਨ,ਸ਼ੋਰ) ਮੈਂ ਤੁਹਾਨੂੰ ਕਿਹਾ ਹੈ, ਮੈਂ ਤੁਹਾਨੂੰ ਕਿਹਾ ਹੈ... (ਵਿਘਨ,ਸ਼ੋਰ) ਗੱਲ ਤਾਂ ਸੁਣ ਲਓ। ਇੱਕ ਮਿੰਟ ਬੈਠੋ ਤਾਂ ਸਹੀ। ਗੱਲ ਤਾਂ ਸੁਣ ਲਓ। ਪਹਿਲਾਂ ਗੱਲ ਸੁਣ ਲਓ। ਮੈਂ ਤੁਹਾਨੂੰ ਕਿਹਾ ਹੈ (ਵਿਘਨ,ਸ਼ੋਰ) ਸ਼੍ਰੀ ਬ੍ਰਹਮ ਮਹਿੰਦਰਾ ਜੀ, (ਵਿਘਨ,ਸ਼ੋਰ) ਸ਼੍ਰੀ ਬ੍ਰਹਮ ਮਹਿੰਦਰਾ ਜੀ ਨੂੰ ਮੌਕਾ ਦਿਓ ਬੋਲਣ ਦਾ ਮੌਕਾ ਦਿਓ। ਬ੍ਰਹਮ ਮਹਿੰਦਰਾ ਜੀ, ਤੁਸੀਂ ਬੋਲੋ। ਫਤਹਿ ਜੀ, ਹੁਣ ਤੁਸੀਂ ਬੈਠ ਜਾਓ।

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, ਇਹ ਮੇਰੀ ਐਮ.ਐਲ.ਏ. ਦੇ ਤੌਰ ਤੇ ਛੇਵੀਂ ਟਰਨ ਹੈ। 5 ਟਰਨਾਂ ਵਿੱਚ ਮੈਂ ਐਮ.ਐਲ.ਏ. ਰਿਹਾ ਹਾਂ ਅਤੇ ਛੇਵੀਂ ਟਰਨ ਵਿੱਚ ਮੈਂ ਮਨਿਸਟਰ ਬਣਿਆ ਹਾਂ। ਮੇਰੇ ਸਾਥੀ ਇਹ ਫੀਲ ਕਰ ਰਹੇ ਹਨ ਅਤੇ ਇਹ ਮੈਂ ਪੰਜ ਟਰਨਾਂ ਵਿੱਚ ਫੀਲ ਕੀਤਾ ਹੈ। ਮੈਂ ਐਸ਼ਿਓਰ ਕਰਦਾ ਹਾਂ ਜਿਹੜੀ ਤੁਸੀਂ ਚੇਅਰ ਤੋਂ ਗੱਲ ਕਹੀ ਹੈ, ਮੈਂ ਇਸ ਗੱਲ ਨੂੰ ਇੰਪਲੀਮੈਂਟ ਕਰਨ ਵਿੱਚ ਸਰਕਾਰ ਤੋਂ ਮਦਦ ਕਰਵਾਵਾਂਗਾ। (ਥੰਪਿੰਗ)

**Mr. Speaker:** Thank you, thank you. ਚੀਮਾ ਜੀ, ਬੈਠ ਜਾਓ (ਵਿਘਨ,ਸ਼ੋਰ) ਸ਼੍ਰੀ ਗੁਰਮੀਤ ਸਿੰਘ ਹੇਅਰ। ਕਾਲ ਅਟੈਂਸ਼ਨ ਤੇ ਬੋਲੋ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ:** ਸਰ, ਮੈਨੂੰ ਇਸ ਮੁੱਦੇ ਤੇ ਬੋਲਣ ਲਈ ਸਿਰਫ 20 ਸਕਿੰਟ ਦਾ ਸਮਾਂ ਦੇ ਦਿਓ।

**ਮਾਨਯੋਗ ਸਪੀਕਰ :** ਨਹੀਂ, ਮੈਂ ਸਮਾਂ ਨਹੀਂ ਦੇਣਾ। ਜੇਕਰ ਤੁਸੀਂ ਬੋਲਣਾ ਹੈ ਤਾਂ ਕਾਲ ਅਟੈਂਸ਼ਨ ਤੇ ਬੋਲੋ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ :** ਸਰ, ਮੈਂ ਸਿਰਫ ਇੰਨਾ ਹੀ ਕਹਿਣਾ ਚਾਹੁੰਦਾ ਹਾਂ ਪਿਛਲੇ ਦੋ ਸਾਲਾਂ ਤੋਂ 5 ਕਮਰੇ ਲਗਾਤਾਰ ਬੀ-ਬਲਾਕ ਵਿੱਚ ਕਿਸੇ ਦੇ ਨਾਮ ਤੇ ਹਨ, ਤੁਸੀਂ ਪਤਾ ਕਰਵਾ ਲਵੋ ਕਿ ਕਿਸ ਦੇ ਨਾਮ ਤੇ ਹਨ।

**ਮਾਨਯੋਗ ਸਪੀਕਰ :** ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ ਜੀ, ਤੁਸੀਂ ਸਿਰਫ ਕਾਲ ਅਟੈਂਸ਼ਨ ਤੇ ਹੀ ਬੋਲਣਾ ਹੈ।

---

## CALL ATTENTION NOTICES UNDER RULE 66

**(ਕ੍ਰਮ ਨੰ: 53)**

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ :** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿਅੰਤ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਕਿ ਬਰਨਾਲਾ ਦੀਆਂ ਸੀਵਰੇਜ ਸੜਕਾਂ ਅਤੇ ਪੁਲਾਂ ਦੇ ਅੱਧ ਅਧੂਰੇ ਕੰਮਾਂ ਕਰਕੇ ਸ਼ਹਿਰ ਦੇ ਨਾਲ ਆਸ-ਪਾਸ ਦੇ ਪਿੰਡਾਂ ਸ਼ਹਿਰਾਂ ਦਾ ਵਰਕ ਟੁੱਟਿਆ ਹੋਇਆ ਹੈ। ਇਹ ਸੜਕ ਹੀ ਸ਼ਹਿਰ ਦੇ ਮੁੱਖ ਬੱਸ ਅੱਡੇ ਨਾਲ ਆਲੇ-ਦੁਆਲੇ ਦੇ ਪ੍ਰਮੁੱਖ ਸ਼ਹਿਰਾਂ ਅਤੇ ਪਿੰਡਾਂ ਨਾਲ ਜੁੜਦੀ ਹੈ। ਜਿਸ ਕਰਕੇ ਲੋਕਾਂ ਅਤੇ ਸ਼ਹਿਰ ਵਾਸੀਆਂ ਨੂੰ ਭਾਰੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਤਰਕਸ਼ੀਲ ਚੌਂਕ ਤੋਂ ਸੰਘੇੜਾ ਬਾਈਪਾਸ ਅਤੇ ਸੰਘੇੜਾ ਬਾਈਪਾਸ ਤੋਂ ਸੰਧੂ ਪੱਤੀ ਚੌਂਕ (ਅੰਦਰੂਨੀ ਸੰਘੇੜਾ ਰੋਡ) ਬਣਾ ਕੇ ਬਰਨਾਲਾ ਦੀ ਦਰਪੇਸ਼ ਸਮੱਸਿਆ ਦਾ ਤੁਰੰਤ ਹੱਲ ਕੀਤਾ ਜਾਵੇ। ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਲੋਕ ਨਿਰਮਾਣ ਮੰਤਰੀ (ਸ਼੍ਰੀ ਵਿਜੈ ਇੰਦਰ ਸਿੰਗਲਾ):** ਤਰਕਸ਼ੀਲ ਚੌਂਕ ਤੋਂ ਸੰਘੇੜਾ ਬਾਈਪਾਸ ਤੱਕ ਦੀ ਲੰਬਾਈ 3.72 ਕਿਲੋਮੀਟਰ ਵਿੱਚ ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ ਵੱਲੋਂ ਸੀਵਰੇਜ ਦਾ ਕੰਮ ਪ੍ਰਗਤੀ ਅਧੀਨ ਹੈ। ਇਸ ਕੰਮ ਦੇ ਜਲਦੀ ਹੀ ਮੁਕੰਮਲ ਹੋਣ ਦੀ ਉਮੀਦ ਹੈ। ਇਸ ਸੜਕ ਦਾ ਡਿਜ਼ਾਈਨ ਤਿਆਰ ਕਰਵਾ ਲਿਆ ਗਿਆ ਹੈ। ਇਸ ਦੇ ਸਬੰਧ ਵਿੱਚ ਸੀਵਰੇਜ ਬੋਰਡ ਤੋਂ ਕਲੀਅਰੈਂਸ ਅਤੇ ਕੰਪਲੀਸ਼ਨ ਸਰਟੀਫਿਕੇਟ ਲੈ ਕੇ ਸੜਕ ਦਾ ਕੰਮ ਕਰਵਾ ਦਿੱਤਾ ਜਾਵੇਗਾ। ਸੰਘੇੜਾ ਬਾਈਪਾਸ ਤੋਂ ਸੰਧੂ ਪੱਤੀ ਚੌਂਕ ਅੰਦਰੂਨੀ ਸੰਘੇੜਾ ਰੋਡ ਦੀ ਲੰਬਾਈ 2.6 ਕਿਲੋਮੀਟਰ ਹੈ। ਇਸ ਵਿੱਚ ਦੋ ਕਿਲੋਮੀਟਰ ਲੰਬਾਈ ਲੋਕ ਨਿਰਮਾਣ ਵਿਭਾਗ ਅਤੇ ਬਕਾਇਆ

[ਲੋਕ ਨਿਰਮਾਣ ਮੰਤਰੀ]

ਲੰਬਾਈ ਮਿਊਂਸਿਪਲ ਕਮੇਟੀ ਬਰਨਾਲਾ ਕੋਲ ਹੈ। ਇਸ ਦੀ RD 0 ਤੋਂ ਲੈ ਕੇ ਡੇਢ ਕਿਲੋਮੀਟਰ ਤੱਕ ਦੀ ਸੜਕ ਦੀ ਮੁਰੰਮਤ ਲਈ 50–54 RD-10 ਅਧੀਨ ਟੈਂਡਰ ਦੀ ਪ੍ਰਕਿਰਿਆ ਆਰੰਭੀ ਹੋਈ ਹੈ। ਇਸ ਦਾ ਕੰਮ ਜਲਦੀ ਹੀ ਸ਼ੁਰੂ ਕੀਤਾ ਜਾ ਰਿਹਾ ਹੈ। RD ਡੇਢ ਕਿਲੋਮੀਟਰ ਤੋਂ ਲੈ ਕੇ 2 ਕਿਲੋਮੀਟਰ ਤੱਕ ਸੀਵਰੇਜ ਬੋਰਡ ਵੱਲੋਂ ਸੀਵਰੇਜ ਦਾ ਕੰਮ ਚੱਲ ਰਿਹਾ ਹੈ ਅਤੇ ਇਸ ਕੰਮ ਦੀ ਜਲਦ ਹੀ ਮੁਕੰਮਲ ਹੋਣ ਦੀ ਉਮੀਦ ਹੈ। ਇਸ ਦੇ ਸਬੰਧ ਵਿੱਚ ਲੋਕ ਨਿਰਮਾਣ ਵਿਭਾਗ ਵੱਲੋਂ ਸੀਵਰੇਜ ਬੋਰਡ ਤੋਂ ਕਲੀਅਰੈਂਸ ਅਤੇ ਕੰਪਲੀਸ਼ਨ ਸਰਟੀਫਿਕੇਟ ਲੈ ਕੇ ਸੜਕ ਦਾ ਕੰਮ ਕਰਵਾ ਦਿੱਤਾ ਜਾਵੇਗਾ। 0.6 ਕਿਲੋਮੀਟਰ ਲੰਬਾਈ ਨਗਰ ਕੌਂਸਲ ਅਧੀਨ ਪੈਂਦੀ ਹੈ ਅਤੇ ਇਸ ਕੰਮ ਦਾ ਅਨੁਮਾਨ ਅਤੇ ਟੈਂਡਰ ਲਗਾਉਣ ਦੀ ਪ੍ਰਕਿਰਿਆ ਉਨ੍ਹਾਂ ਵੱਲੋਂ ਪ੍ਰਗਤੀ ਅਧੀਨ ਹੈ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ :** ਧੰਨਵਾਦ ਸਪੀਕਰ ਸਾਹਿਬ। ਪਹਿਲਾਂ ਇਹ ਮੰਤਰੀ ਸਾਹਿਬ ਦਾ ਇਲਾਕਾ ਰਿਹਾ ਹੈ। ਉੱਥੋਂ ਐਮ.ਪੀ. ਵੀ ਰਹੇ ਹਨ ਅਤੇ ਇਹ ਬਰਨਾਲੇ ਆਉਂਦੇ ਰਹਿੰਦੇ ਹਨ। ਮੰਤਰੀ ਸਾਹਿਬ ਨੂੰ ਪਤਾ ਹੈ ਕਿ ਅੱਜ ਦੀ ਘੜੀ ਬਰਨਾਲੇ ਕਿਸੇ ਨੇ ਲੁਧਿਆਣੇ ਤੋਂ ਆਉਣਾ ਹੋਵੇ, ਚਾਹੇ ਸੰਗਰੂਰ ਤੋਂ ਆਉਣਾ ਹੋਵੇ, ਕਿਸੇ ਨੇ ਮੋਗੇ ਤੋਂ ਆਉਣਾ ਹੋਵੇ, ਕਿਸੇ ਨੂੰ ਵੀ ਸ਼ਹਿਰ ਵਿੱਚ ਐਂਟਰ ਕਰਨ ਲਈ ਰਾਹ ਨਹੀਂ ਥਿਆਉਂਦਾ ਕਿ ਐਂਟਰੀ ਕਿੱਥੋਂ ਦੀ ਕਰੀਏ। ਉੱਥੇ ਸੜਕਾਂ ਪੁੱਟੀਆਂ ਪਈਆਂ ਹਨ ਪਰ ਮੰਤਰੀ ਸਾਹਿਬ ਨੇ ਜਿਹੜਾ ਇਸ ਦਾ ਜਵਾਬ ਦਿੱਤਾ ਹੈ ਕਿ ਸੰਘੇੜਾ ਬਾਈਪਾਸ ਤੋਂ ਬੱਸ ਸਟੈਂਡ ਤੱਕ ਜਿਹੜੀ ਰੋਡ ਹੈ, ਇਸ ਦਾ ਸੀਵਰੇਜ ਦਾ ਕੰਮ ਰਹਿੰਦਾ ਹੈ। ਸਰ, ਮੇਰੀ ਅੱਜ ਵੀ ਸੀਵਰੇਜ ਡਿਪਾਰਟਮੈਂਟ ਨਾਲ ਗੱਲ ਹੋਈ ਹੈ। ਉਨ੍ਹਾਂ ਨੇ ਆਪਣਾ ਕੰਮ ਮੁਕੰਮਲ ਕਰ ਲਿਆ ਹੈ। ਮੰਤਰੀ ਸਾਹਿਬ ਨੂੰ ਮੇਰੀ ਇੰਨੀ ਕੁ ਬੇਨਤੀ ਹੈ ਕਿ ਇਹ ਰੋਡ ਬੜੀ ਇੰਪਾਰਟੈਂਟ ਹੈ। ਬੱਸ ਸਟੈਂਡ ਦੀਆਂ ਸਾਰੀਆਂ ਬੱਸਾਂ ਇਸ ਰੋਡ ਦੀ ਹੋ ਕੇ ਆਉਂਦੀਆਂ ਹਨ ਅਤੇ ਸ਼ਹਿਰ ਦੇ ਨਾਲ ਸਾਰੇ ਪਿੰਡਾਂ ਦਾ ਸੰਪਰਕ ਇਸ ਰੋਡ ਤੋਂ ਹੈ। ਲੋਕਾਂ ਨੇ ਹਸਪਤਾਲ ਵੀ ਇਸੇ ਰੋਡ ਤੋਂ ਆਉਣਾ ਹੈ, ਕਾਲਜ ਵੀ ਇਸੇ ਰੋਡ ਤੋਂ ਆਉਣਾ ਹੈ ਅਤੇ ਸਕੂਲ ਵੀ ਇਸੇ ਰੋਡ ਤੋਂ ਆਉਂਦੇ ਹਨ। ਮੇਰੀ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ kindly ਇਸ ਨੂੰ ਟਾਈਮ ਬਾਊਂਡ ਕਰ ਦਿਓ ਕਿਉਂਕਿ ਸੀਵਰੇਜ ਬੋਰਡ ਨੇ ਆਪਣਾ ਕੰਮ ਮੁਕੰਮਲ ਕਰ ਲਿਆ ਹੈ। ਇਹ ਦੱਸ ਦੇਣ ਕਿ ਕਿੰਨੇ ਟਾਈਮ ਦੇ ਵਿੱਚ ਇਹ ਰੋਡ ਕੰਪਲੀਟ ਹੋ ਜਾਵੇਗੀ?

**ਮਾਨਯੋਗ ਸਪੀਕਰ :** ਮੰਤਰੀ ਸਾਹਿਬ, ਇਹ ਕਹਿੰਦੇ ਹਨ ਕਿ ਸੀਵਰੇਜ ਬੋਰਡ ਦਾ ਕੰਮ ਹੋ ਗਿਆ ਹੈ। ਇਸ ਲਈ ਇਹ ਚਾਹੁੰਦੇ ਹਨ ਕਿ ਤੁਸੀਂ ਵੀ ਇਸ ਨੂੰ ਮਿਤੀ ਬੱਧ ਕਰ ਦਿਓ।

**ਮੰਤਰੀ :** ਸਪੀਕਰ ਸਾਹਿਬ, ਐਮ.ਐਲ.ਏ. ਸਾਹਿਬ ਨੂੰ ਮੈਂ ਤਾਂ ਪਹਿਲਾਂ ਹੀ ਆਪਣੇ ਜਵਾਬ ਵਿੱਚ ਇਹ ਗੱਲ ਕਹੀ ਹੈ ਕਿਉਂਕਿ ਮੈਂ ਵੀ ਉਸੇ ਇਲਾਕੇ ਤੋਂ ਆਉਂਦਾ ਹਾਂ ਅਤੇ ਮੈਨੂੰ ਪਤਾ ਹੈ ਕਿ ਇੱਥੇ ਵਾਕਿਆ ਹੀ ਕਾਫੀ ਤਕਲੀਫ਼ ਹੈ। ਇਸ ਕਰਕੇ ਸੀਵਰੇਜ ਬੋਰਡ ਵੱਲੋਂ ਇਸ ਨੂੰ ਸ਼ਹਿਰ ਦਾ ਮੇਨ ਇਲਾਕਾ ਹੋਣ ਕਰਕੇ ਸੀਵਰੇਜ ਪਾਉਣ ਦੀ ਤਜਵੀਜ਼ ਬਣਾਈ ਗਈ। ਇਸ ਲਈ ਅਸੀਂ ਆਪਣੇ ਹੈੱਡ ਦੇ ਵਿੱਚ ਇਸ ਸੜਕ ਨੂੰ ਬਣਾਉਣ ਵਾਸਤੇ ਪੈਸੇ ਦੀ ਪ੍ਰੋਵੀਜ਼ਨ ਰੱਖੀ ਹੈ ਪਰ ਜਦੋਂ ਤੱਕ ਸੀਵਰੇਜ ਦਾ ਕੰਮ ਮੁਕੰਮਲ ਹੋ ਕੇ ਉਸ ਦਾ N.O.C ਨਹੀਂ ਆਉਂਦਾ, ਉਸ ਤੋਂ ਪਹਿਲਾਂ ਸੜਕ ਬਣਾਉਣ ਦਾ ਫਾਇਦਾ ਨਹੀਂ ਹੈ, ਨਹੀਂ ਤਾਂ ਫੇਰ ਪੁੱਟ ਦੇਣਗੇ। Both departments are working in line with each other. As soon as we receive NOC we will do sir. ਜਦੋਂ ਐਨ.ਓ.ਸੀ. ਆ ਗਿਆ ਤਾਂ within 6 months ਇਹ ਸੜਕ ਬਣ ਜਾਵੇਗੀ। ਇਹ ਮੇਰਾ ਵਾਅਦਾ ਹੈ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ :** ਐਨ.ਓ.ਸੀ. ਤੋਂ ਬਾਅਦ ਛੇ ਮਹੀਨਿਆਂ ਦੇ ਵਿੱਚ ਬਣ ਜਾਵੇਗੀ ਜੀ?

**ਮਾਨਯੋਗ ਸਪੀਕਰ :** ਹਾਂ ਜੀ, ਉਹ ਕਹਿੰਦੇ ਹਨ ਕਿ with in Six months ਬਣਾ ਦੇਣਗੇ। ਅਗਲੀ ਕਾਲ ਅਟੈਂਸ਼ਨ।

----------

**(ਕ੍ਰਮ ਨੰ:56)**

**ਪ੍ਰੋਫੈਸਰ ਬਲਜਿੰਦਰ ਕੌਰ :** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦੀ ਹਾਂ, ਅਰਥਾਤ ਤਲਵੰਡੀ ਸਾਬੋ ਹਲਕੇ ਵਿੱਚ ਨਹਿਰੀ ਪਾਣੀ ਦੀ ਭਾਰੀ ਸਮੱਸਿਆ ਹੈ। ਹਲਕੇ ਦੇ 40 ਪ੍ਰਤੀਸ਼ਤ ਪਿੰਡ ਟੇਲਾਂ ਤੇ ਪੈਂਦੇ ਹਨ ਜਿੱਥੇ ਖੇਤਾਂ ਨੂੰ ਪੂਰਾ ਪਾਣੀ ਨਹੀਂ ਪਹੁੰਚ ਪਾਉਂਦਾ। ਜਿੱਥੇ ਇਹ ਸਮੱਸਿਆ ਆਉਂਦੀ ਹੈ, ਉੱਥੇ ਹੀ ਤਲਵੰਡੀ ਸਾਬੋ ਵਿਖੇ ਥਰਮਲ ਵਿੱਚੋਂ ਇੱਕ ਰਜਬਾਹਾ

ਲੰਘਦਾ ਹੈ ਜਿਸਦਾ ਪਾਣੀ ਲੋੜ ਵੇਲੇ ਬੰਦ ਕਰ ਦਿੱਤਾ ਜਾਂਦਾ ਹੈ ਅਤੇ ਬਰਸਾਤਾਂ ਦੇ ਦਿਨਾਂ ਵਿੱਚ ਖੋਲ੍ਹ ਦਿੱਤਾ ਜਾਂਦਾ ਹੈ। ਇਸ ਸਬੰਧੀ ਹਲਕੇ ਦੇ ਕਿਸਾਨਾਂ ਵਿੱਚ ਬਹੁਤ ਬੇਚੈਨੀ ਤੇ ਰੋਸ ਪਾਇਆ ਜਾ ਰਿਹਾ ਹੈ। ਇਸ ਧਿਆਨ ਦਿਵਾਊ ਨੋਟਿਸ ਰਾਹੀਂ ਮੈਂ ਸਰਕਾਰ ਨੂੰ ਬੇਨਤੀ ਕਰਦੀ ਹਾਂ ਕਿ ਹਲਕੇ ਦੇ ਕਿਸਾਨਾਂ ਦੀ ਇਸ ਗੰਭੀਰ ਸਮੱਸਿਆ ਨੂੰ ਵੇਖਦੇ ਹੋਏ ਕਿਸਾਨਾਂ ਲਈ ਸਿੰਜਾਈ ਦੇ ਪਾਣੀ ਦਾ ਕੋਈ ਪੱਕਾ ਹੱਲ ਕੀਤਾ ਜਾਵੇ। ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਜਲ ਸਰੋਤ ਮੰਤਰੀ (ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ):** ਸਪੀਕਰ ਸਾਹਿਬ, ਹਲਕਾ ਤਲਵੰਡੀ ਸਾਬੋ ਨੂੰ ਮਾਨਸਾ ਨਹਿਰੀ ਮੰਡਲ ਅਧੀਨ ਪੈਂਦੇ ਕੋਟਲਾ ਬਰਾਂਚ ਸਿਸਟਮ ਅਤੇ ਭਾਖੜਾ ਮੇਨ ਬਰਾਂਚ ਸਿਸਟਮ ਦੇ ਰਜਬਾਹਿਆਂ/ਮਾਈਨਰਾਂ ਰਾਹੀਂ ਸਿੰਚਾਈ ਅਤੇ ਪੀਣ ਵਾਲੇ ਪਾਣੀ ਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਇਹ ਹਲਕਾ ਪੰਜਾਬ ਰਾਜ ਦੀ ਹੱਦ ਤੇ ਹੈ ਅਤੇ ਹਰਿਆਣਾ ਰਾਜ ਦੇ ਨਾਲ ਲਗਦਾ ਹੈ। ਇਹ ਨਹਿਰੀ ਨੈੱਟਵਰਕ ਦੀ ਬਿਲਕੁਲ ਟੇਲ ਤੇ ਸਥਿਤ ਹੈ। ਇਸ ਦੇ ਬਾਵਜੂਦ ਵੀ ਇਸ ਹਲਕੇ ਨੂੰ ਲੋੜ ਅਨੁਸਾਰ ਪਾਣੀ ਮੁਹੱਈਆ ਕਰਵਾਇਆ ਜਾਂਦਾ ਹੈ ਅਤੇ ਲੋੜ ਪੈਣ ਤੇ ਵਿਭਾਗੀ ਨਾਰਮਜ਼ ਅਨੁਸਾਰ ਰਜਬਾਹਿਆਂ ਅਤੇ ਮਾਈਨਰਾਂ ਦੀ ਸਫਾਈ ਵੀ ਕਰਵਾਈ ਜਾਂਦੀ ਹੈ। ਹੁਣ ਵੀ ਮਹੀਨਾ ਫਰਵਰੀ, 2020 ਵਿੱਚ ਲੋੜ ਅਨੁਸਾਰ ਪੂਰਨ ਮਾਤਰਾ ਵਿੱਚ ਪਾਣੀ ਪਹੁੰਚ ਰਿਹਾ ਹੈ। ਹਲਕਾ ਤਲਵੰਡੀ ਸਾਬੋ ਦੇ ਜ਼ਿਆਦਾਤਰ ਰਜਬਾਹੇ ਅਤੇ ਮਾਈਨਰ ਜਿਵੇਂ ਕਿ ਬੰਗੀ ਰਜਬਾਹਾ, ਤਲਵੰਡੀ ਰਜਬਾਹਾ, ਜੰਗਾ ਬਰਾਂਚ, ਸਿੰਘੋਂ ਬਰਾਂਚ, ਸੰਦੋਆ ਬਰਾਂਚ, ਜੋਧਪੁਰ ਰਜਬਾਹਾ ਸਾਲ 2013 ਤੋਂ ਸਾਲ 2016 ਦੌਰਾਨ ਇਨ੍ਹਾਂ ਦੀ ਰੀ-ਲਾਈਨਿੰਗ ਵੀ ਹੋ ਚੁੱਕੀ ਹੈ। ਤਲਵੰਡੀ ਸਾਬੋ ਥਰਮਲ ਪਲਾਂਟ ਨੂੰ ਭੈਣੀ ਰਜਬਾਹੇ ਵਿੱਚੋਂ ਨਿਕਲਦੀ ਜੰਗਾ ਬਰਾਂਚ ਦੀ ਬੁਰਜੀ 84 ਹਜ਼ਾਰ 30 ਖੱਬਾਂ ਰਾਹੀਂ ਪਾਣੀ ਦਿੱਤਾ ਜਾਂਦਾ ਹੈ ਪਰ ਇਸ ਦੇ ਦੇਣ ਨਾਲ ਸਿੰਜਾਈ ਸਹੂਲਤਾਂ ਜਾਂ ਪੀਣ ਵਾਲੇ ਪਾਣੀ ਦੀ ਸਪਲਾਈ ਤੇ ਕੋਈ ਪ੍ਰਭਾਵ ਨਹੀਂ ਪੈਂਦਾ ਕਿਉਂਕਿ ਇਨ੍ਹਾਂ ਨੂੰ ਪ੍ਰਾਥਮਿਕਤਾ ਦਿੱਤੀ ਜਾਂਦੀ ਹੈ। ਇਨ੍ਹਾਂ ਨੇ ਬਰਸਾਤਾਂ ਦੇ ਵਿੱਚ ਰਜਬਾਹੇ ਖੋਲ੍ਹਣ ਦੀ ਗੱਲ ਕੀਤੀ ਹੈ। ਬਰਸਾਤਾਂ ਦੇ ਵਿੱਚ ਨਾਲੇ ਖੋਲ੍ਹੇ ਨਹੀਂ ਜਾਂਦੇ ਸਗੋਂ ਬੰਦ ਕੀਤੇ ਜਾਂਦੇ ਹਨ।

**ਪ੍ਰੋਫੈਸਰ ਬਲਜਿੰਦਰ ਕੌਰ :** ਸਪੀਕਰ ਸਾਹਿਬ, ਮੰਤਰੀ ਸਾਹਿਬ ਜੀ ਨੇ ਤਾਂ ਸਿੱਧਾ ਹੀ ਕਹਿ ਦਿੱਤਾ ਹੈ ਕਿ ਕੋਈ ਸਮੱਸਿਆ ਨਹੀਂ ਹੈ ਫਿਰ ਮੈਨੂੰ ਇੰਨਾ ਵੱਡਾ ਨੋਟਿਸ ਲੈ ਕੇ

ਆਉਣ ਦਾ ਕੀ ਮਤਲਬ ਸੀ? ਜੇ ਉਥੇ ਸਮੱਸਿਆ ਹੈ, ਜੇ ਕਿਸਾਨ ਚੀਕਾਂ ਮਾਰਦੇ ਹਨ, ਮਤਲਬ ਕਿ ਉਨ੍ਹਾਂ ਦੀ ਇਹ ਹਾਲਤ ਹੈ ਕਿ ਜਦੋਂ ਵੀ ਮੈਂ ਉਥੇ ਜਾਂਦੀ ਹਾਂ ਤਾਂ ਉਨ੍ਹਾਂ ਦੀ ਇੱਕੋ ਹੀ ਸਮੱਸਿਆ ਹੁੰਦੀ ਹੈ ਕਿ ਸਾਨੂੰ ਪੀਣ ਵਾਲਾ ਪਾਣੀ ਨਹੀਂ ਮਿਲਦਾ, ਸਾਡੇ ਖੇਤਾਂ ਨੂੰ ਪਾਣੀ ਨਹੀਂ ਪਹੁੰਚਦਾ। ਸਭ ਤੋਂ ਵੱਡੀ ਗੱਲ ਜਿਹੜੀ ਹੈ, ਜਿਹੜਾ ਰਜਬਾਹਾ ਹੈ, ਮੈਂ ਤੁਹਾਨੂੰ ਪਹਿਲਾਂ ਵੀ ਜ਼ਿਕਰ ਕੀਤਾ ਹੈ, ਥਰਮਲ ਵਿਚੋਂ ਦੀ ਲੰਘਦਾ ਹੈ, ਉਸ ਦੀ ਸਮੱਸਿਆ ਹੈ। ਮੈਂ ਸਿਰਫ ਇੰਨਾ ਪੁੱਛਣਾ ਚਾਹੁੰਦੀ ਹਾਂ ਕਿ ਸਰਕਾਰ ਕੋਲ ਉਸ ਦਾ ਐਸਟੀਮੇਟ ਹੈ? ਰਿਕੁਆਇਰਡ ਪਾਣੀ ਕਿੰਨਾ ਹੈ, ਜਿਹੜਾ ਥਰਮਲ ਨੂੰ ਚਾਹੀਦਾ ਹੈ? ਕੀ ਉਹ ਵਾਕਿਆ ਹੀ ਉਤਨਾ ਰੱਖਦੇ ਹਨ ਜਾਂ ਉਹ ਉਸ ਤੋਂ ਜ਼ਿਆਦਾ ਨੂੰ ਮਿਸਯੂਜ਼ ਕਰਦੇ ਹਨ ਜਿਸ ਨਾਲ ਉਥੇ ਕਿਸਾਨਾਂ ਦਾ ਪਾਣੀ ਮਾਰਿਆ ਜਾਂਦਾ ਹੈ?

**ਮੰਤਰੀ :** ਸਪੀਕਰ ਸਾਹਿਬ, ਜਿੰਨਾ ਪਾਣੀ ਉਨ੍ਹਾਂ ਨੂੰ ਅਲਾਟ ਕੀਤਾ ਗਿਆ ਉਤਨਾ ਹੀ ਪਾਣੀ ਮਿਲਦਾ ਹੈ। ਇਨ੍ਹਾਂ ਦੀ ਸਮੱਸਿਆ ਜਿਥੋਂ ਤੱਕ ਕਿਸਾਨਾਂ ਦੇ ਪਾਣੀ ਦੀ ਹੈ, ਉਸ ਦੇ ਨਾਲ ਹੋਰ ਵੀ ਹੈ ਜਿਹੜਾ ਕਿ ਇਨ੍ਹਾਂ ਨੇ ਆਪਣੇ ਇਸ ਧਿਆਨ ਦਿਵਾਊ ਮਤੇ ਵਿਚ ਲਿਖਿਆ ਹੈ ਕਿ ਜਦੋਂ ਬਰਸਾਤਾਂ ਆਉਂਦੀਆਂ ਹਨ ਉਦੋਂ ਟੇਲਾਂ ਉਤੇ ਪਾਣੀ ਜ਼ਿਆਦਾ ਚਲਿਆ ਜਾਂਦਾ ਹੈ, ਫਲੱਡ ਆ ਜਾਂਦਾ ਹੈ ਤੇ ਉਨ੍ਹਾਂ ਲੋਕਾਂ ਦਾ ਬਹੁਤ ਨੁਕਸਾਨ ਹੁੰਦਾ ਹੈ। ਇਹ ਠੀਕ ਗੱਲ ਹੈ ਕਿਉਂਕਿ ਜਿੱਥੇ ਵੀ ਰਜਬਾਹੇ ਜਿਹੜੇ ਟੇਲਾਂ ਤੇ ਜਾਂਦੇ ਹਨ, ਜਦੋਂ ਜ਼ਿਆਦਾ ਬਰਸਾਤ ਆ ਜਾਂਦੀ ਹੈ ਤਾਂ ਉਦੋਂ ਇਹ ਨੁਕਸਾਨ ਤਾਂ ਹੁੰਦਾ ਹੈ ਪਰ ਉਸ ਦੇ ਹੱਲ ਲਈ ਅਸੀਂ ਉਨ੍ਹਾਂ ਨੂੰ ਡਰੇਨਾਂ ਨਾਲ ਅੱਗੋਂ ਜੋੜਿਆ ਹੈ, ਮੈਂ ਇਹ ਵੀ ਪਤਾ ਕਰਵਾਇਆ ਹੈ ਕਿ ਜਿਹੜੀ ਇਨ੍ਹਾਂ ਦੀ ਸਮੱਸਿਆ ਆਉਂਦੀ ਹੈ ਕਿ ਅੱਗੇ ਇਹ ਡਰੇਨ ਨਾਲ ਜੁੜੀ ਹੈ ਜਾਂ ਨਹੀਂ ਜੁੜੀ, ਉਸ ਦਾ ਪਤਾ ਕਰਵਾ ਲੈਂਦੇ ਹਾਂ। ਸਰਵੇ ਕਰਵਾ ਕੇ ਉਸ ਦਾ ਕੋਈ ਨਾ ਕੋਈ ਇੰਤਜ਼ਾਮ ਕਰ ਦਿੱਤਾ ਜਾਵੇਗਾ।

**ਮਾਨਯੋਗ ਸਪੀਕਰ :** ਮੰਤਰੀ ਜੀ ਕਹਿੰਦੇ ਹਨ ਕਿ ਸਰਵੇ ਕਰਵਾ ਕੇ ਜੋ ਵੀ ਜ਼ਰੂਰੀ ਹੋਇਆ, ਕਰ ਦਿੱਤਾ ਜਾਵੇਗਾ।

**ਪ੍ਰੋਫੈਸਰ ਬਲਜਿੰਦਰ ਕੌਰ :** ਸਰ, ਮੈਂ ਉਹੀ ਕਹਿਣਾ ਚਾਹੁੰਦੀ ਹਾਂ ਕਿ ਥੋੜ੍ਹਾ ਜਿਹਾ ਜਲਦੀ ਸਰਵੇ ਕਰ ਲਵੋ ਜੀ। ਨਹੀਂ ਤਾਂ ਫਿਰ ਬਰਸਾਤਾਂ ਵਿੱਚ ਮੀਂਹ ਪੈ ਗਏ ਤਾਂ ਉਥੇ ਧਰਨੇ ਉਤੇ ਮੈਂ ਬੈਠਾਂਗੀ ਤੇ ਉਥੇ ਤੁਹਾਨੂੰ ਸੱਦਾਂਗੀ। ਧੰਨਵਾਦ।

**ਮਾਨਯੋਗ ਸਪੀਕਰ :** ਹਾਂ ਜੀ, ਅਗਲੀ ਕਾਲ ਅਟੈਨਸ਼ਨ। ਸਰਦਾਰ ਸਿਮਰਜੀਤ ਸਿੰਘ ਬੈਂਸ।

---------

**(ਕ੍ਰਮ ਨੰ: 58)**

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਕਿ ਦਿੱਲੀ ਏਅਰਪੋਰਟ ਦੇ ਯਾਤਰੂਆਂ ਖਾਸ ਕਰਕੇ ਪੰਜਾਬੀ ਐਨ.ਆਰ.ਆਈਜ਼ ਨੂੰ ਸਰਕਾਰੀ ਵੋਲਵੋ ਬੱਸਾਂ ਦੇ ਬੰਦ ਹੋਣ ਨਾਲ ਆ ਰਹੀ ਮੁਸ਼ਕਲ ਦੇ ਹੱਲ ਲਈ ਸਰਕਾਰ ਦਾ ਧਿਆਨ ਦਿਵਾਇਆ ਜਾਵੇ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਸਦਨ ਵਿਚ ਬਿਆਨ ਦੇਣ ਦੀ ਖੇਚਲ ਕਰਨ।

**ਟਰਾਂਸਪੋਰਟ ਮੰਤਰੀ (ਸ਼੍ਰੀਮਤੀ ਰਜ਼ੀਆ ਸੁਲਤਾਨਾ) :** ਪੰਜਾਬ ਰਾਜ ਦੇ ਵੱਖ-ਵੱਖ ਸ਼ਹਿਰਾਂ ਤੋਂ ਦਿੱਲੀ ਏਅਰਪੋਰਟ ਲਈ ਪਨਬੱਸ ਤੇ ਪੀ.ਆਰ.ਟੀ.ਸੀ. ਦੀ ਵੋਲਵੋ ਏ.ਸੀ. ਬੱਸ ਸਰਵਿਸ ਮਈ, 2010 ਤੋਂ ਨਵੰਬਰ, 2018 ਤੱਕ ਮੁਹੱਈਆ ਕਰਵਾਈ ਜਾਂਦੀ ਰਹੀ ਸੀ। ਨਵੰਬਰ, 2018 ਦੌਰਾਨ ਕੁੱਲ 15 ਵੋਲਵੋ ਏ.ਸੀ.ਬੱਸਾਂ ਪੰਜਾਬ ਤੋਂ ਦਿੱਲੀ ਏਅਰਪੋਰਟ ਤੱਕ ਚੱਲ ਰਹੀਆਂ ਸਨ । ਦਿੱਲੀ ਟਰਾਂਸਪੋਰਟ ਵਿਭਾਗ ਵੱਲੋਂ ਰਿੱਟ ਪਟੀਸ਼ਨ ਨੰ: 13229 ਆਫ 1985 ਦੇ ਤਹਿਤ ਮਾਨਯੋਗ ਸੁਪਰੀਮ ਕੋਰਟ ਵੱਲੋਂ ਮਿਤੀ 20.11.1997 ਪਾਸ ਕੀਤੇ ਗਏ ਹੁਕਮਾਂ ਦਾ ਹਵਾਲਾ ਦਿੰਦੇ ਹੋਏ ਹੁਕਮ ਮਿਤੀ 5.12.1997 ਤਹਿਤ ਪੰਜਾਬ ਤੋਂ ਆਉਂਦੀਆਂ ਬੱਸਾਂ ਦਾ ਟਰਮੀਨੇਟਿੰਗ ਪੁਆਇੰਟ ਅੰਤਰਰਾਜੀ ਬੱਸ ਅੱਡਾ, ਕਸ਼ਮੀਰੀ ਗੇਟ ਨਿਸ਼ਚਿਤ ਕੀਤਾ ਗਿਆ। ਇਨ੍ਹਾਂ ਹੁਕਮਾਂ ਦੇ ਹਵਾਲੇ ਰਾਹੀਂ ਦਿੱਲੀ ਏਅਰਪੋਰਟ ਨੂੰ ਚਲਦੀਆਂ ਇਨ੍ਹਾਂ ਬੱਸਾਂ ਨੂੰ ਚੱਲਣ ਤੋਂ ਰੋਕ ਦਿੱਤਾ ਗਿਆ। ਦਿੱਲੀ ਟਰਾਂਸਪੋਰਟ ਵਿਭਾਗ ਦੇ ਇਨ੍ਹਾਂ ਹੁਕਮਾਂ ਦੇ ਸਬੰਧ ਵਿੱਚ ਟਰਾਂਸਪੋਰਟ ਵਿਭਾਗ ਵੱਲੋਂ ਵੱਖ-ਵੱਖ ਲੈਵਲ ਉਤੇ ਇਹ ਮਾਮਲਾ ਦਿੱਲੀ ਸਰਕਾਰ ਨਾਲ ਨਿੱਜੀ ਤੌਰ ਤੇ ਵੀ ਟੇਕ-ਅੱਪ ਕੀਤਾ ਗਿਆ। ਮੇਰੇ ਪੱਧਰ ਤੇ ਦਿੱਲੀ ਸਰਕਾਰ ਦੇ ਟਰਾਂਸਪੋਰਟ ਮੰਤਰੀ ਜੀ ਨਾਲ ਇਹ ਮਾਮਲਾ ਨਿੱਜੀ ਤੌਰ ਤੇ ਟਰਾਂਸਪੋਰਟ ਮੰਤਰੀਆਂ ਦੀ ਕਾਨਫਰੰਸ ਦੌਰਾਨ ਵੀ ਉਠਾਇਆ ਗਿਆ ਅਤੇ ਉਨ੍ਹਾਂ ਵੱਲੋਂ ਇਹ ਮਾਮਲਾ ਛੇਤੀ ਹੱਲ ਕਰਨ ਦਾ ਵਾਅਦਾ ਕੀਤਾ ਗਿਆ ਸੀ। ਅ: ਸ: ਪੱ: ਮਿਤੀ 24.9.2019 ਰਾਹੀਂ ਟਰਾਂਸਪੋਰਟ ਮੰਤਰੀ, ਦਿੱਲੀ ਸਰਕਾਰ ਨੂੰ ਇਸ ਮਾਮਲੇ ਦੇ ਹੱਲ ਸਬੰਧੀ ਲਿਖਿਆ ਗਿਆ ਸੀ, ਇਸ ਤੋਂ ਇਲਾਵਾ ਮੇਰੇ ਵੱਲੋਂ ਮੁੱਖ ਮੰਤਰੀ, ਦਿੱਲੀ ਸਰਕਾਰ ਨੂੰ ਵੀ ਅ:ਸ:ਪੱ: ਮਿਤੀ

29.11.2019 ਰਾਹੀਂ ਇਸ ਮਸਲੇ ਦਾ ਹੱਲ ਕੱਢਣ ਲਈ ਮੀਟਿੰਗ ਦਾ ਸਮਾਂ ਤੈਅ ਕਰਨ ਸਬੰਧੀ ਲਿਖਿਆ ਗਿਆ ਸੀ ਪਰ ਉਨ੍ਹਾਂ ਵੱਲੋਂ ਇਸ ਸਬੰਧੀ ਕੋਈ ਹੁੰਗਾਰਾ ਨਹੀਂ ਮਿਲਿਆ। ਦਿੱਲੀ ਸਰਕਾਰ ਨਾਲ ਨਿੱਜੀ ਤੌਰ ਤੇ ਦੁਬਾਰਾ ਫਿਰ ਇਹ ਮਸਲਾ ਟੇਕ-ਅੱਪ ਕੀਤਾ ਜਾ ਰਿਹਾ ਹੈ।▯

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਰ, ਸ਼ੁਕਰੀਆ। ਸਪੀਕਰ ਸਾਹਿਬ, ਮੰਤਰੀ ਜੀ ਨੇ ਜਿਹੜੀ ਸਟੇਟਮੈਂਟ ਦਿੱਤੀ ਹੈ, ਇਨ੍ਹਾਂ ਦੀ ਇੱਕ ਸਟੇਟਮੈਂਟ 4 ਸਤੰਬਰ, 2019 ਨੂੰ ਆਈ ਸੀ ਜੋ ਇਸ ਤਰ੍ਹਾਂ ਹੈ: "मैं खुद बात करने जाऊंगी दिल्ली समस्या का हल करके ही वापस आऊंगी जल्द एयरपोर्ट तक जायेंगी वालवो बसें "। ਸਰ, ਇਸ ਵਿੱਚ ਮੇਰੀ ਸਨਿਮਰ ਬੇਨਤੀ ਇਹ ਹੈ ਕਿ ਤਿੰਨ ਸਾਲ ਦੇ ਕਰੀਬ ਸਰਕਾਰ ਬਣੀ ਨੂੰ ਹੋ ਗਏ ਹਨ ਅਤੇ ਉਹ ਲੋਕ ਜਿਨ੍ਹਾਂ ਨੇ 10 ਸਾਲ ਪੰਜਾਬ ਵਿੱਚ ਚਿੱਟਾ ਵੇਚਿਆ, ਮਾਫੀਆ ਦੇ ਜਨਮ ਦਾਤੇ ਲੋਕ, ਰੇਤਾ-ਬਜਰੀ ਚੋਰੀ ਕੀਤਾ, ਉਹ ਲੋਕ ਜਿਨ੍ਹਾਂ ਨੇ ਟ੍ਰਾਂਸਪੋਰਟ ਤੇ ਕਬਜ਼ਾ ਕੀਤਾ, ਉਹ ਲੋਕ ਜਿਨ੍ਹਾਂ ਨੇ ਕੇਬਲ ਨੈੱਟਵਰਕ ਤੇ ਕਬਜ਼ਾ ਕੀਤਾ, ਇਹ ਉਨ੍ਹਾਂ powerful ਲੋਕਾਂ ਦਾ ਮਾਫੀਆ ਬਣ ਗਿਆ। ਤੁਸੀਂ ਹੈਰਾਨ ਰਹਿ ਜਾਓਗੇ ਕਿ ਪੰਜਾਬ ਅੰਦਰ ਛੋਟਾ ਟ੍ਰਾਂਸਪੋਰਟਰ, ਪੈਸੰਜਰ ਟ੍ਰਾਂਸਪੋਰਟਰ ਬਚਿਆ ਹੀ ਨਹੀਂ। ਆਰਬਿਟ, ਡਬਵਾਲੀ, ਇੰਡੋ ਕੈਨੇਡੀਅਨ, ਤਾਜ ਟ੍ਰਾਂਸਪੋਰਟ, ਹਰਗੋਬਿੰਦ ਟ੍ਰੈਵਲਜ਼, ਸ਼ਾਨੇ ਪੰਜਾਬ ਟ੍ਰੈਵਲਜ਼, ਦੀਪ ਬਸ ਸਰਵਿਸ ਆਦਿ ਚੱਲ ਰਹੀਆਂ ਹਨ। ਸਰ, ਮੇਰੀ ਤੁਹਾਡੇ ਜ਼ਰੀਏ ਸਤਿਕਾਰਯੋਗ ਮੰਤਰੀ ਜੀ ਨੂੰ ਬੇਨਤੀ ਹੈ ਕਿ ** ਇਨ੍ਹਾਂ ਨੇ ਦਿੱਲੀ ਦੀ ਕੋਰਟ ਬਾਰੇ ਕਹਿ ਦਿੱਤਾ ਅਤੇ ਉਸ ਤੋਂ ਬਾਅਦ ਮਨਿਸਟਰ ਸਾਹਿਬ ਨਾਲ ਮੀਟਿੰਗ ਦੀ ਗੱਲ ਕੀਤੀ ਹੈ। ਸਰ, ਇਹ ਕਰਦੇ ਕੀ ਹਨ, ਮੈਂ ਤੁਹਾਡੇ ਤੋਂ ਥੋੜ੍ਹਾ ਜਿਹਾ ਇਸ ਬਾਰੇ ਟਾਈਮ ਲੈਣਾ ਹੈ। ਜਿਹੜੀ ਇੰਡੋ ਕੈਨੇਡੀਅਨ ਬਸ ਸਰਵਿਸ ਹੈ, ਉਸ ਕੋਲ ਆਲ ਇੰਡੀਆ ਟੂਰਿਸਟ ਪਰਮਿਟ ਹੈ ਪਰ ਉਹ ਸਟੇਟ ਕੈਰਿਜ ਦਾ ਅਨੰਦ ਲੈ ਰਹੀ ਹੈ। ਜਿਹੜਾ ਆਲ ਇੰਡੀਆ ਟੂਰਿਸਟ ਪਰਮਿਟ ਹੁੰਦਾ ਹੈ, ਇਸ ਦੇ ਸਰਕਲਜ਼ ਬਣੇ ਹੋਏ ਹੁੰਦੇ ਹਨ। ਮੇਰੇ ਕੋਲ ਪਾਲਿਸੀ ਹੈ ਅਤੇ ਜੇਕਰ ਤੁਸੀਂ ਹੁਕਮ ਕਰੋ ਤਾਂ ਮੈਂ ਸਤਿਕਾਰਯੋਗ ਮੰਤਰੀ ਜੀ ਲਈ ਟੇਬਲ ਤੇ ਰੱਖ ਦਿੰਦਾ ਹਾਂ। ਇੰਡੋ-ਕੈਨੇਡੀਅਨ ਵਾਲੇ ਚਲੇ ਗਏ ਹਨ, ਇਹ ਇੱਥੇ ਰੌਲਾ ਪਾਉਂਦੇ ਸਨ। ਸਰ, ਇਹ ਰੌਲਾ ਬੰਦ ਹੋ ਸਕਦਾ ਹੈ ਜੇਕਰ ਟਰੇਜ਼ਰੀ ਬੈਂਚਿਜ਼ ਵਲੋਂ ਕੀਤੇ ਹੋਏ ਵਾਅਦੇ ਸਤਿਕਾਰਯੋਗ ਸੀ.ਐਮ. ਸਾਹਿਬ ਪੂਰੇ ਕਰ ਦੇਣ। ਪੰਜਾਬੀ ਦੀ ਕਹਾਵਤ ਹੈ : ''ਨੂੰਹ ਦੀ ਆਪਣੇ ਸਹੁਰੇ ਨਾਲ ਜ਼ਿਆਦਾ ਨੇੜਤਾ, ਪਿਆਰ ਹੋਵੇ ਤਾਂ ਫੇਰ ਬਾਕੀ ਮੈਂਬਰਾਂ ਨੂੰ ਪੁੱਛਦੀ-ਗਿੱਛਦੀ ਨਹੀਂ''।

---

** **Expunged as ordered by the Chair.

**ਮਾਨਯੋਗ ਸਪੀਕਰ :** ਸਵਾਲ ਕਰੋ ਜੀ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਮੈਂ ਸਵਾਲ ਹੀ ਪੁੱਛ ਰਿਹਾ ਹਾਂ। ਜੇਕਰ ਇਨ੍ਹਾਂ ਲੋਕਾਂ ਨੂੰ (ਸ਼੍ਰੋਮਣੀ ਅਕਾਲੀ ਦਲ ਬੈਂਚਿਜ਼ ਵੱਲ ਇਸ਼ਾਰਾ) ਤਿੰਨ ਸਾਲਾਂ ਵਿੱਚ ਇਨ੍ਹਾਂ ਦੇ ਕੀਤੇ ਮਾੜੇ ਕੰਮਾਂ ਦੀ ਸਜ਼ਾ ਦਿੱਤੀ ਹੁੰਦੀ ਤਾਂ ਇਹ ਪੱਟਾਂ ਤੇ ਥਾਪੀਆਂ ਨਾ ਮਾਰਦੇ। ਇਹ ਪੱਟਾਂ ਤੇ ਥਾਪੀਆਂ ਤਾਂ ਮਾਰਦੇ ਹਨ ਕਿਉਂਕਿ ਤਿੰਨ ਸਾਲਾਂ ਦੇ ਅਰਸੇ ਵਿੱਚ ਕਿਸੇ ਨੇ ਇਨ੍ਹਾਂ ਦਾ ਵਾਲ ਵੀ ਵਿੰਗਾ ਨਹੀਂ ਕੀਤਾ। ਈ.ਡੀ. ਵਿੱਚ ਇਨ੍ਹਾਂ ਦਾ ਨਾਂ, ਐਸ.ਡੀ.ਐਮ. ਦੀ ਰਿਪੋਰਟ ਵਿੱਚ ਇਨ੍ਹਾਂ ਦਾ ਨਾਂ, ਪੰਜਾਬ ਵਿੱਚ ਇਕ ਲੋਕ ਗੀਤ ਬਣ ਗਿਆ : ** **

**ਮਾਨਯੋਗ ਸਪੀਕਰ :** ਇਹ ** ** ਐਕਸਪੰਜ ਕਰ ਦਿੱਤਾ ਜਾਵੇ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਮੈਂ ਕਹਿ ਰਿਹਾ ਹਾਂ ਕਿ ਇਹ ਪੰਜਾਬ ਵਿੱਚ ਲੋਕ ਗੀਤ ਬਣ ਗਿਆ ਹੈ। ਅਫਸੋਸ ਹੈ ਕਿ ਤਿੰਨ ਸਾਲ ਸਰਕਾਰ ਬਦਲੀ ਨੂੰ ਹੋ ਗਏ ਹਨ ਪਰ ਇਹ ਲੋਕ enjoy ਕਰ ਰਹੇ ਹਨ। ਟ੍ਰਾਂਸਪੋਰਟ ਮਾਫੀਆ ਇਨ੍ਹਾਂ ਦੇ ਕਬਜ਼ੇ ਵਿੱਚ ਹੈ, ਕੇਬਲ ਨੈੱਟਵਰਕ ਇਨ੍ਹਾਂ ਦੇ ਕਬਜ਼ੇ ਵਿੱਚ ਹੈ।

**ਮਾਨਯੋਗ ਸਪੀਕਰ** : ਤੁਸੀਂ ਇਸ ਬਾਰੇ ਬਜਟ ਤੇ ਬੋਲ ਲੈਣਾ। ਤੁਸੀਂ ਕਾਲ ਅਟੈਂਸ਼ਨ ਤੇ ਬੋਲੋ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਹਾਂ ਜੀ, ਕਾਲ ਅਟੈਂਸ਼ਨ ਤੇ ਹੀ ਆ ਰਿਹਾ ਹਾਂ। ਮੇਰੀ ਸਨਿਮਰ ਬੇਨਤੀ ਹੈ, ਆਮ ਆਦਮੀ ਪਾਰਟੀ ਦੇ ਸਤਿਕਾਰਯੋਗ ਭੈਣ ਜੀ ਬੈਠੇ ਹਨ, ਕਿਰਪਾ ਕਰਕੇ ਇਨ੍ਹਾਂ ਨੂੰ ਨਾਲ ਲੈ ਜਾਓ।

(ਆਮ ਆਦਮੀ ਪਾਰਟੀ ਬੈਂਚਿਜ਼ ਤੋਂ ਅਵਾਜ਼ਾਂ : ਅਸੀਂ ਤਿਆਰ ਹਾਂ।)

**ਸਰਦਾਰ ਸਿਮਰਜੀਤ ਸਿੰਘ ਬੈਂਸ :** ਇਹ ਸਾਰੇ ਤਿਆਰ ਹਨ। ਆਮ ਆਦਮੀ ਪਾਰਟੀ ਦੇ ਐਮ.ਪੀ. ਸਾਹਿਬ, ਇਨ੍ਹਾਂ ਦੇ ਪ੍ਰਧਾਨ ਹਨ, ਉਨ੍ਹਾਂ ਨੂੰ ਨਾਲ ਲੈ ਲਓ।

**ਮਾਨਯੋਗ ਸਪੀਕਰ :** ਸਪਲੀਮੈਂਟਰੀ ਪੁੱਛੋ ਜੀ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਦਿੱਲੀ ਵਿੱਚ ਇਕ ਟ੍ਰਾਂਸਪੋਰਟ ਸਕੱਤਰ ਮਿਸਟਰ ਦਹੀਆ ਹਨ, ਜਿਨ੍ਹਾਂ ਦੀ ਇੰਡੋ ਕੈਨੇਡੀਅਨ ਨਾਲ ਬੜੀ ਸਾਂਠ-ਗਾਂਠ ਹੈ। ਮੇਰਾ

---

** **Expunged as ordered by the Chair.

ਖਿਆਲ ਹੈ ਕਿ ਸਤਿਕਾਰਯੋਗ ਭੈਣ ਜੀ (ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ) ਵੀ ਸਾਰਾ ਕੁਝ ਸਮਝਦੇ ਹਨ। ਉਸ ਸਾਂਠ-ਗਾਂਠ ਸਦਕਾ ਸਰਕਾਰੀ ਵਾਲਵੋ ਬਸਾਂ ਨੂੰ ਦਿੱਲੀ ਏਅਰਪੋਰਟ ਨਹੀਂ ਜਾਣ ਦਿੱਤਾ ਜਾਂਦਾ। 700/- ਬਨਾਮ 3000/- ਰੁਪਿਆ...

**ਮਾਨਯੋਗ ਸਪੀਕਰ :** ਰਜ਼ੀਆ ਜੀ, ਤੁਸੀਂ ਬੋਲੋ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਪੀਕਰ ਸਾਹਿਬ, ਮੈਨੂੰ ਗੱਲ ਪੂਰੀ ਕਰ ਲੈਣ ਦਿਓ।

**ਮਾਨਯੋਗ ਸਪੀਕਰ :** ਗੱਲ ਨਿਬੇੜੋ ਜੀ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਇਸ ਤੋਂ ਅੱਗੇ ਗੱਲ ਕਰਾਂਗਾ। ਸਾਡੀ 2017 ਦੀ ਅਸੈਂਬਲੀ ਦੇ ਪਹਿਲੇ ਸਦਨ ਤੋਂ ਮੈਂ ਇਹ ਮੰਗ ਕਰਦਾ ਆ ਰਿਹਾ ਹਾਂ ਕਿ ਢਾਈ ਮਿੰਟ ਬਨਾਮ 9 ਮਿੰਟ ਵਾਲਾ ਫਰਕ ਖਤਮ ਹੋਵੇ ਸਾਡੀ ਸਰਕਾਰੀ ਬੱਸ, ਰੋਡਵੇਜ਼ ਅਤੇ ਪੀ.ਆਰ.ਟੀ.ਸੀ ਦੀ ਬੱਸ ਨੂੰ ਬੱਸ ਅੱਡੇ ਵਿੱਚ ਢਾਈ ਮਿੰਟ ਸਵਾਰੀ ਭਰਨ ਨੂੰ ਮਿਲਦੇ ਹਨ ਅਤੇ ਜਿਹੜੀਆਂ ਬੱਸਾਂ ਤੇ ਇਨ੍ਹਾਂ ਦਾ (ਸ਼੍ਰੋਮਣੀ ਅਕਾਲੀ ਦਲ ਬੈਂਚਿਜ਼ ਵੱਲ ਇਸ਼ਾਰਾ) ਕਬਜ਼ਾ ਹੈ, ਟ੍ਰਾਂਸਪੋਰਟ ਮਾਫੀਏ ਨੂੰ 9 ਮਿੰਟ ਮਿਲਦੇ ਹਨ। ਇਸ ਤੇ ਤਾਂ ਹਾਈਕੋਰਟ ਦੀ ਕੋਈ ਪਾਬੰਦੀ ਨਹੀਂ ਹੈ।

**ਮਾਨਯੋਗ ਸਪੀਕਰ :** ਰਜ਼ੀਆ ਜੀ, ਤੁਸੀਂ ਬੋਲੋ।(ਵਿਘਨ)

**ਸਰਦਾਰ ਸਿਮਰਜੀਤ ਸਿੰਘ ਬੈਂਸ :** ਜਦਕਿ ਹਾਈ ਕੋਰਟ ਨੇ 12,000 ਪਰਮਿਟ ਰੱਦ ਕੀਤੇ ਹਨ।

**ਮਾਨਯੋਗ ਸਪੀਕਰ :** ਹਾਂ ਜੀ, ਰਜ਼ੀਆ ਜੀ। (ਵਿਘਨ)

**ਸਰਦਾਰ ਸਿਮਰਜੀਤ ਸਿੰਘ ਬੈਂਸ :** ਮੇਰੇ ਕੋਲ ਉਸ ਆਰਡਰ ਦੀ ਕਾਪੀ ਵੀ ਹੈ।

**ਮਾਨਯੋਗ ਸਪੀਕਰ :** ਰਜ਼ੀਆ ਜੀ, ਤੁਸੀਂ ਬੋਲੋ। ਬੈਂਸ ਜੀ, ਬੈਠੋ ਜੀ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਰ, ਮੇਰਾ ਸਵਾਲ ਤਾਂ ਸੁਣ ਲਓ ਜੀ। ਮੇਰੇ ਦੋ ਸਵਾਲ ਹਨ। ਮੇਰਾ ਸਵਾਲ ਸੁਣ ਲਓ।

**ਮਾਨਯੋਗ ਸਪੀਕਰ :** ਇਸ ਵਿੱਚ ਸਪਲੀਮੈਂਟਰੀ ਨਹੀਂ ਹੁੰਦੀ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਰ, ਮੈਂ ਸਪਲੀਮੈਂਟਰੀ ਦਾ ਸਵਾਲ ਕਰ ਰਿਹਾ ਹਾਂ।

**ਮਾਨਯੋਗ ਸਪੀਕਰ :** ਕਾਲ ਅਟੈਂਸ਼ਨ ਵਿੱਚ ਨਹੀਂ ਹੁੰਦੀ। ਇੱਕੋ ਸਪਲੀਮੈਂਟਰੀ ਹੁੰਦੀ ਹੈ।(ਵਿਘਨ...ਸ਼ੋਰ) ਬੈਠੋ ਜੀ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਮੈਂ ਵੀ ਨਾਲ ਚੱਲਾਂਗਾ।(ਵਿਘਨ...ਸ਼ੋਰ)

**ਮਾਨਯੋਗ ਸਪੀਕਰ :** ਉਨ੍ਹਾਂ ਨੂੰ ਗੱਲ ਕੰਪਲੀਟ ਕਰ ਲੈਣ ਦਿਓ। ਜਲਦੀ ਗੱਲ ਕੰਪਲੀਟ ਕਰੋ ਜੀ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਮੈਂ ਸਮਾਪਤ ਕਰਨ ਲੱਗਿਆ ਹਾਂ। ਕੀ ਸਤਿਕਾਰਯੋਗ ਮੰਤਰੀ ਸਾਹਿਬ powerful ਰਾਜਨੀਤਿਕ ਲੋਕਾਂ ਦਾ ਜਿਨ੍ਹਾਂ ਦਾ ਟ੍ਰਾਂਸਪੋਰਟ ਤੇ ਕਬਜ਼ਾ ਹੈ, ਕੀ ਉਸ ਕਬਜ਼ੇ ਨੂੰ ਤੋੜਨਗੇ? ਦੂਜਾ, ਕੀ ਟਾਈਮ ਟੇਬਲ ਇਕਸਾਰ ਕਰਨ ਵਾਸਤੇ ਕੋਈ ਸਮਾਂ ਸੀਮਾ ਰੱਖੋਗੇ ਜਾਂ 10 ਦਿਨ ਵਿੱਚ ਤੈਅ ਕਰੋਗੇ? ਨੰਬਰ ਤਿੰਨ, ਸਰਕਾਰੀ ਵਾਲਵੋ ਬੱਸ ਦਿੱਲੀ ਏਅਰਪੋਰਟ ਤੱਕ ਜਾਣੀ ਕਦੋਂ ਤੱਕ ਚਾਲੂ ਕਰਵਾਉਗੇ? ਨੰਬਰ ਚਾਰ, ਮਾਨਯੋਗ ਹਾਈ ਕੋਰਟ ਦਾ ਉਹ ਹੁਕਮ, ਜਿਸ ਦੇ ਤਹਿਤ ਕੋਈ ਵੀ ਬੱਸ ਜਿਹੜੀ ਇਨ੍ਹਾਂ ਵਾਲੀ ਟਰਾਂਸਪੋਰਟ (ਸ਼੍ਰੋਮਣੀ ਅਕਾਲੀ ਦਲ ਬੈਂਚਿਜ਼ ਵੱਲ ਇਸ਼ਾਰਾ) ਦੀ ਹੈ, ਹਾਈ ਕੋਰਟ ਨੇ ਰੱਦ ਕੀਤਾ ਹੈ, ਚੰਡੀਗੜ੍ਹ ਤੱਕ ਬਿਨਾਂ ਪਰਮਿਟ ਤੋਂ, ਬਿਨਾਂ ਪੁੱਛਗਿਛ ਤੋਂ ਇੱਕ-ਇੱਕ ਪਰਮਿਟ ਦੇ ਉਤੇ 10-10 ਬੱਸਾਂ ਚਲਦੀਆਂ ਹਨ, ਕੀ ਮੰਤਰੀ ਜੀ ਇਹ ਸਾਰਾ ਕੁਝ ਬੰਦ ਕਰੋਗੇ? ਮੇਰੇ ਇਹ ਸਵਾਲ ਹਨ।

**ਮੰਤਰੀ:** ਸਪੀਕਰ ਸਾਹਿਬ, ਜਿਸ ਤਰ੍ਹਾਂ ਮੈਂਬਰ ਸਾਹਿਬ ਨੇ ਕਾਫ਼ੀ ਡਿਟੇਲ ਵਿਚ ਗੱਲ ਕੀਤੀ ਹੈ। ਉਨ੍ਹਾਂ ਨੇ ਕਈ ਪੁਆਇੰਟਸ ਦੇ ਤਹਿਤ ਮੇਰੇ ਤੋਂ ਜਵਾਬ ਮੰਗਿਆ ਹੈ। ਉਧਰੋਂ ਕਹਿ ਰਹੇ ਹਨ ਕਿ ਸੱਚੀ ਗੱਲ ਕੀਤੀ ਹੈ। ਮੈਂ ਆਪਣੇ ਤੌਰ ਤੇ ਦਿੱਲੀ ਸਰਕਾਰ ਨਾਲ ਮੁਲਾਕਾਤ ਕਰਨ ਵਾਸਤੇ ਬਹੁਤ ਕੋਸ਼ਿਸ਼ ਕਰ ਚੁੱਕੀ ਹਾਂ ਪਰ ਮੈਨੂੰ ਹਾਲੇ ਤੱਕ ਸਮਾਂ ਨਹੀਂ ਮਿਲਿਆ। ਮੈਂ ਆਪਣੇ ਮੈਂਬਰ ਸਾਹਿਬਾਨ ਦੀ ਸ਼ੁਕਰਗੁਜ਼ਾਰ ਹੋਵਾਂਗੀ ਜੇ ਇਹ ਸਮਾਂ ਲੈ ਲੈਣ ਅਤੇ ਫਿਰ ਮੈਂ ਇਨ੍ਹਾਂ ਦੇ ਨਾਲ ਮਿਲ ਕੇ ਦਿੱਲੀ ਸਰਕਾਰ ਨੂੰ ਮਿਲਾਂਗੀ ਤਾਂ ਕਿ ਅਸੀਂ ਆਪਣੀਆਂ ਬੱਸਾਂ ਦਾ ਹੱਲ ਕੱਢ ਸਕੀਏ। ਇਸ ਨਾਲੋਂ ਜ਼ਿਆਦਾ ਖੁਸ਼ੀ ਮੈਨੂੰ ਹੋਰ ਕੋਈ ਨਹੀਂ ਹੋਵੇਗੀ ਪਰ ਇਸ ਤੋਂ ਇਲਾਵਾ ਮੈਂ ਵੱਖ-ਵੱਖ ਤਰੀਕੇ ਅਪਣਾ ਚੁੱਕੀ ਹਾਂ ਜਿਨ੍ਹਾਂ ਦੇ ਤਹਿਤ ਮੈਂ ਕੋਸ਼ਿਸ਼ ਕਰ ਚੁੱਕੀ ਹਾਂ ਕਿ ਦਿੱਲੀ ਸਰਕਾਰ ਨਾਲ ਕਿਸੇ ਨਾ ਕਿਸੇ ਤਰੀਕੇ ਨਾਲ ਗੱਲਬਾਤ ਹੋ ਕੇ, ਜਿਹੜੀਆਂ ਸਾਡੀਆਂ

ਵਾਲਵੋ ਬੱਸਾਂ ਹਨ, ਉਹ ਦਿੱਲੀ ਏਅਰਪੋਰਟ ਤੱਕ ਜਾ ਸਕਣ ਪਰ ਹਾਲੇ ਤੱਕ ਮੈਂ ਕਿਸੇ ਨਤੀਜੇ ਤੇ ਨਹੀਂ ਪਹੁੰਚੀ। ਉਸ ਤੋਂ ਬਾਅਦ ਸਾਡੇ ਡਿਪਾਰਟਮੈਂਟ ਨੇ ਇਹ ਫੈਸਲਾ ਕੀਤਾ ਹੈ, ਅਸੀਂ ਕੋਰਟ ਦੇ ਵਿੱਚ ਰਿਵਿਊ ਪਟੀਸ਼ਨ ਪਾਵਾਂਗੇ ਤਾਂ ਕਿ ਸਾਨੂੰ ਹੋ ਸਕਦਾ ਹੈ ਕਿ ਦੁਬਾਰਾ ਰਿਲੀਫ ਮਿਲ ਸਕੇ। ਫਿਰ ਇੱਕ ਅਲਟਰਨੇਟਿਵ ਰੂਟ ਰਾਹੀਂ ਅਸੀਂ ਕੋਸ਼ਿਸ਼ ਕਰਾਂਗੇ ਕਿ ਸਾਡੀਆਂ ਬੱਸਾਂ ਦਿੱਲੀ ਏਅਰਪੋਰਟ ਤੱਕ ਜਾ ਸਕਣ। ਬਾਕੀ ਜਿਹੜੇ ਇੱਕ, ਦੋ, ਤਿੰਨ ਅਤੇ ਚਾਰ ਪੁਆਇੰਟਸ ਮੇਰੇ ਵੀਰ ਨੇ ਦਿੱਤੇ ਹਨ, ਇਹ ਕਹਿੰਦੇ ਹਨ ਕਿ ਕੀ ਤੁਸੀਂ ਸਮਾਂ ਸੀਮਾ ਲਾਗੂ ਕਰੋਗੇ। ਸਮਾਂ ਸੀਮਾ ਨੂੰ ਲੈ ਕੇ ਔਰ ਰੂਟ ਨੂੰ ਲੈ ਕੇ ਸਾਡਾ ਮਸਲਾ ਕੋਰਟ ਦੇ ਵਿੱਚ ਪਿਆ ਸੀ ਪਰ ਕੁਝ ਰੂਟ ਅਜਿਹੇ ਸੀ ਜਿਨ੍ਹਾਂ ਵਿੱਚ ਸਾਡੇ ਤੇ ਕੋਰਟ ਦੀ ਕੋਈ ਪਾਬੰਦੀ ਨਹੀਂ ਸੀ, ਉਨ੍ਹਾਂ ਨੂੰ ਲੈ ਕੇ ਸੀ.ਐਮ. ਸਾਹਿਬ ਵੀ ਤੁਹਾਨੂੰ ਕੁਝ ਦੱਸਣਗੇ। ਇਹ ਜਿਹੜਾ ਟਰਾਂਸਪੋਰਟ ਡਿਪਾਰਟਮੈਂਟ ਹੈ, ਇਹ ਕਾਫ਼ੀ ਹੱਦ ਤੱਕ ਇਹੋ ਜਿਹਾ ਉਲਝਿਆ ਹੋਇਆ ਡਿਪਾਰਟਮੈਂਟ ਹੈ, ਮੇਰੇ ਕੋਲ ਜਦੋਂ ਤੋਂ ਇਹ ਡਿਪਾਰਟਮੈਂਟ ਆਇਆ ਹੈ, ਇਸ ਵਿੱਚ ਇਹੋ ਜਿਹੀਆਂ ਉਲਝਣਾਂ ਹਨ, ਜਿਨ੍ਹਾਂ ਨੂੰ ਸੁਲਝਾਉਣ ਵਿੱਚ ਥੋੜ੍ਹਾ ਜਿਹਾ ਟਾਈਮ ਲੱਗ ਸਕਦਾ ਹੈ ਅਤੇ ਹਰ ਚੀਜ਼ ਨੂੰ ਲੈ ਕੇ ਅਸੀਂ ਲੱਗੇ ਹੋਏ ਹਾਂ। ਅਸੀਂ ਇੱਕ-ਇੱਕ ਕਰਕੇ ਪੁਆਇੰਟ ਲੈ ਰਹੇ ਹਾਂ। ਉਹ ਪੁਆਇੰਟ ਮੇਰੇ ਕੋਲ ਵੀ ਹਨ ਜਿਹੜੇ ਇਨ੍ਹਾਂ ਨੇ ਰੇਜ਼ ਕੀਤੇ ਹਨ। ਉਨ੍ਹਾਂ ਨੂੰ ਅਸੀਂ ਇੱਕ-ਇੱਕ ਪੁਆਇੰਟ ਨੂੰ ਲੈ ਕੇ ਸੁਲਝਾਵਾਂਗੇ ਔਰ ਤੁਹਾਡੇ ਸਾਹਮਣੇ ਨਤੀਜਾ ਲੈ ਕੇ ਆਵਾਂਗੇ।

**ਸ਼੍ਰੀ ਅਮਨ ਅਰੋੜਾ :** ਸਰ, ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਇਸ ਇੰਪਾਰਟੈਂਟ ਇਸ਼ੂ ਤੇ ਬੋਲਣ ਦਾ ਸਮਾਂ ਦਿੱਤਾ ਹੈ। ਇੱਥੇ ਦਿੱਲੀ ਸਰਕਾਰ ਦੀ ਗੱਲ ਹੋਈ ਹੈ, ਮੈਂ ਬੈਂਸ ਸਾਹਿਬ ਦੇ ਨਾਲ ਅਤੇ ਮੈਡਮ ਰਜ਼ੀਆ ਜੀ ਦੇ ਨਾਲ ਬਿਲਕੁਲ ਸਹਿਮਤ ਹਾਂ। ਮੈਂ ਇੰਨੀ ਹੀ ਬੇਨਤੀ ਕਰਾਂਗਾ, ਵੈਸੇ ਮੈਡਮ ਵਿਚਾਰੇ ਕਾਫ਼ੀ ਹੈਲਪਲੈੱਸ ਰਹਿੰਦੇ ਹਨ ਜਿਵੇਂ ਰਾਜਾ ਜੀ ਨੇ ਗੱਲ ਕੀਤੀ ਹੈ। ਜਿੱਥੋਂ ਤੱਕ ਦਿੱਲੀ ਸਰਕਾਰ ਦਾ ਸਵਾਲ ਹੈ, ਇਹ ਜਿੱਥੇ ਕਹਿਣਗੇ ਅਤੇ ਜਦੋਂ ਕਹਿਣਗੇ ਅਸੀਂ ਨੰਗੇ ਪੈਰ ਪੰਜਾਬ ਦੇ ਲੋਕਾਂ ਅਤੇ ਐਨ.ਆਰ.ਆਈ. ਭਰਾਵਾਂ ਜਿਨ੍ਹਾਂ ਦੀ ਲੁੱਟ ਹੁੰਦੀ ਹੈ, ਉਨ੍ਹਾਂ ਦੇ ਮਸਲੇ ਹੱਲ ਕਰਨ ਲਈ ਇਨ੍ਹਾਂ ਦੇ ਨਾਲ ਚੱਲਣ ਨੂੰ ਤਿਆਰ ਹਾਂ। ਨੰਬਰ ਦੋ, ਜਿਹੜਾ ਪੰਜਾਬ ਸਰਕਾਰ ਕਰ ਸਕਦੀ ਹੈ, ਬੈਂਸ ਸਾਹਿਬ ਨੇ ਵੀ ਉਹ ਗੱਲ ਕੀਤੀ ਹੈ। ਸਰ, ਦੋਵਾਂ ਪਰਮਿਟਾਂ ਦੇ ਵਿੱਚ, ਜਿਸ ਵਿੱਚ ਪੰਜਾਬ ਸਰਕਾਰ ਦੇ ਪਰਮਿਟ ਹਨ ਔਰ ਇੰਡੋ ਕੈਨੇਡੀਅਨ ਬੱਸਾਂ ਦੇ ਪਰਮਿਟ ਚਲਦੇ ਹਨ। ਸਰ, ਇੰਡੋ ਕੈਨੇਡੀਅਨ ਦੇ ਪਰਮਿਟ ਕੰਟਰੈਕਟ ਕੈਰਿਜ ਸੈਕਸ਼ਨ 74 ਆਫ

[ਸ਼੍ਰੀ ਅਮਨ ਅਰੋੜਾ]

ਮੋਟਰ ਵਹੀਕਲਜ਼ ਐਕਟ ਦੇ ਤਹਿਤ ਅਤੇ ਜਿਹੜੇ ਸਰਕਾਰ ਦੇ ਪਰਮਿਟ ਹਨ, ਉਹ ਸੈਕਸ਼ਨ 72 ਦੇ ਤਹਿਤ ਚਲਦੇ ਹਨ, ਜਿਹੜੇ ਇੰਡੋ ਕੈਨੇਡੀਅਨ ਦੇ ਸੈਕਸ਼ਨ 72 ਦੇ ਤਹਿਤ ਚਲਦੇ ਹਨ, ਮੈਂ ਪਿਛਲੀ ਵਾਰੀ ਵੀ ਦੱਸਿਆ ਸੀ ਕਿ ਉਨ੍ਹਾਂ ਦੇ ਤਹਿਤ ਬੱਸ ਅੱਡੇ ਦੇ ਵਿਚ ਵੜ ਨਹੀਂ ਸਕਦੀ ਅਤੇ ਨਿਕਲ ਨਹੀਂ ਸਕਦੀ, ਬੱਸ ਸਵਾਰੀ ਲਾਹ ਨਹੀਂ ਸਕਦੀ ਅਤੇ ਸਵਾਰੀ ਚੜ੍ਹਾ ਨਹੀਂ ਸਕਦੀ। ਜਿਹੜੀ ਲਿਸਟ ਸਵਾਰੀਆਂ ਦੀ ਹੁੰਦੀ ਹੈ, suppose ਜੇ ਜਲੰਧਰ ਜਾਂ ਅੰਮ੍ਰਿਤਸਰ ਤੋਂ ਬੱਸ ਚੱਲੀ ਹੈ ਤਾਂ ਦਿੱਲੀ ਏਅਰਪੋਰਟ ਤੋਂ ਲੈ ਕੇ ਵਾਪਸ ਤੱਕ ਉਹੀ ਲਿਸਟ ਉਨ੍ਹਾਂ ਕੋਲ ਹੋਣੀ ਚਾਹੀਦੀ ਹੈ। ਸਰ, ਵੈਸੇ ਤਾਂ ਉਹ ਕੰਟਰੈਕਟ ਕੈਰਿਜ ਪਰਮਿਟ ਲੈਂਦੇ ਹਨ ਪਰ ਉਹ ਫਾਇਦਾ ਸਟੇਟ ਕੈਰਿਜ ਦਾ ਲੈ ਲੈਂਦੇ ਹਨ। ਸੋ, ਮੈਡਮ ਨੂੰ ਬੇਨਤੀ ਹੈ ਕਿ ਦਿੱਲੀ ਵਾਲਾ ਤਾਂ ਇਹ ਜਦੋਂ ਕਹਿਣਗੇ, ਅਸੀਂ ਨੰਗੇ ਪੈਰੀਂ ਚੱਲਣ ਨੂੰ ਤਿਆਰ ਹਾਂ ਪਰ ਸਵਾਲ ਇਹ ਹੈ ਕਿ ਜਦੋਂ ਕੋਈ ਬੱਸ ਅੰਮ੍ਰਿਤਸਰ ਤੋਂ ਚੱਲ ਕੇ ਸ਼ੰਭੂ ਬੈਰੀਅਰ ਤੱਕ, 300 ਕਿਲੋਮੀਟਰ ਤੱਕ, ਮੋਟਰ ਵਹੀਕਲਜ਼ ਐਕਟ ਦੀ ਵਾਇਲੇਸ਼ਨ ਕਰਦੀ ਹੋਈ ਪੰਜਾਬ ਦੀ ਧਰਤੀ ਦੇ ਉਪਰ ਤੁਰੀ ਜਾਂਦੀ ਹੈ, ਇਹ ਉਸ ਨੂੰ ਕੰਟਰੋਲ ਕਰ ਲੈਣ, ਇਸ ਤਰ੍ਹਾਂ ਜਿਹੜੀ ਐਨ.ਆਰ.ਆਈਜ਼ ਦੀ ਲੁੱਟ ਹੁੰਦੀ ਹੈ, ਉਹ ਰੁਕ ਜਾਵੇਗੀ। ....(ਵਿਘਨ) ਬਾਕੀ ਸੀ.ਐਮ. ਸਾਹਿਬ ਤਾਂ ਆਦਰਸ਼ ਮੁੱਖ ਮੰਤਰੀ ਹਨ, ਉਨ੍ਹਾਂ ਨੂੰ ਤਾਂ ਜਦੋਂ ਮਰਜ਼ੀ ਮਿਲ ਲਵੋ, ਚਾਹੇ ਸ਼ਾਮ ਨੂੰ ਮਿਲ ਲਈਏ। ਧੰਨਵਾਦ ਜੀ।

**ਮਾਨਯੋਗ ਸਪੀਕਰ :** ਹੁਣ ਰਿਪੋਰਟਾਂ ਪੇਸ਼ ਹੋਣਗੀਆਂ। ਚੀਮਾ ਜੀ, ਜਦੋਂ ਤੁਹਾਡੇ ਸਾਥੀ ਬੋਲ ਲਏ ਹਨ, ਹੁਣ ਤੁਸੀਂ ਕੀ ਕਹਿਣਾ ਹੈ?

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਕੱਲ ਅਸੀਂ ਕੰਮ ਰੋਕੂ ਪ੍ਰਸਤਾਵ ਪੇਸ਼ ਕੀਤਾ ਸੀ ਕਿ ਪੰਜਾਬ ਰਾਜ ਦੇ ਅਨੁਸੂਚਿਤ ਜਾਤੀ, ਜਨ ਜਾਤੀ ਅਤੇ ਐਸ.ਟੀ. ਵਰਗਾਂ ਨੂੰ ਸੂਬਾ ਸਰਕਾਰ ਨੇ ਬੁਰੀ ਤਰ੍ਹਾਂ ਅਣਗੌਲਿਆਂ ਕੀਤਾ ਹੈ। ਚੋਣਾਂ ਤੋਂ ਪਹਿਲਾਂ ਵੱਡੇ-ਵੱਡੇ ਵਾਅਦੇ ਕੀਤੇ ਗਏ ਸੀ।

**ਮਾਨਯੋਗ ਸਪੀਕਰ :** ਚੀਮਾ ਜੀ, ਉਸ ਦਾ ਰਿਕੁਆਇਰਡ ਨੋਟਿਸ ਨਹੀਂ ਹੈ, ਇਸ ਦਾ ਜਵਾਬ ਤੁਹਾਨੂੰ ਚਲਾ ਗਿਆ ਹੈ। ਨੈਕਸਟ ਆਈਟਮ ਰਿਪੋਰਟਾਂ ਪੇਸ਼ ਕਰਨਾ।

## PRESENTATION OF REPORTS OF THE COMMITTEES

**ਮਾਨਯੋਗ ਸਪੀਕਰ :** ਹੁਣ, ਸਰਦਾਰ ਹਰਦਿਆਲ ਸਿੰਘ ਕੰਬੋਜ, ਚੇਅਰਮੈਨ, ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕਰਨਗੇ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ ਸਮੇਤ ਆਮ ਆਦਮੀ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਕੰਮ ਰੋਕੂ ਪ੍ਰਸਤਾਵ ਮਨਜ਼ੂਰ ਨਾ ਕਰਨ ਦਾ ਰੋਸ ਪ੍ਰਗਟਾਅ ਰਹੇ ਸਨ, ਜਿਸ ਕਾਰਨ ਸਦਨ ਵਿੱਚ ਕਾਫੀ ਸ਼ੋਰ ਸੀ।)

(1) **ਸਭਾਪਤੀ, ਅਨੁਮਾਨ ਕਮੇਟੀ (ਸਰਦਾਰ ਹਰਦਿਆਲ ਸਿੰਘ ਕੰਬੋਜ):** ਸ਼੍ਰੀਮਾਨ ਜੀ, ਮੈਂ ਸਾਲ 2019-20 ਲਈ ਸਕੂਲ ਸਿੱਖਿਆ, ਪੰਜਾਬ ਦੇ ਵਿਭਾਗ ਨਾਲ ਸਬੰਧਤ ਬਜਟ ਅਨੁਮਾਨਾਂ ਤੇ ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕਰਦਾ ਹਾਂ।

**ਮਾਨਯੋਗ ਸਪੀਕਰ :** ਹੁਣ ਸਰਦਾਰ ਤਰਸੇਮ ਸਿੰਘ ਡੀ.ਸੀ., ਚੇਅਰਮੈਨ, ਅਧੀਨ ਵਿਧਾਨ ਕਮੇਟੀ ਰਿਪੋਰਟ ਪੇਸ਼ ਕਰਨ ਜੀ।

(2) **ਸਭਾਪਤੀ, ਅਧੀਨ ਵਿਧਾਨ ਕਮੇਟੀ (ਸਰਦਾਰ ਤਰਸੇਮ ਸਿੰਘ ਡੀ.ਸੀ.):** ਸ਼੍ਰੀਮਾਨ ਜੀ, ਮੈਂ ਸਾਲ 2019-20 ਲਈ ਅਧੀਨ ਵਿਧਾਨ ਕਮੇ ਟੀ ਦੀ 43ਵੀਂ ਰਿਪੋਰਟ ਪੇਸ਼ ਕਰਦਾ ਹਾਂ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਕੰਮ ਰੋਕੂ ਪ੍ਰਸਤਾਵ ਮਨਜ਼ੂਰ ਨਾ ਕੀਤੇ ਜਾਣ ਦੇ ਰੋਸ ਵਜੋਂ ** ਨਾਅਰੇ ਲਗਾਉਂਦੇ ਹੋਏ ਵੈੱਲ ਆਫ ਦਿ ਹਾਊਸ ਵਿੱਚ ਆ ਗਏ।)

**ਮਾਨਯੋਗ ਸਪੀਕਰ :** ** ਨਾਅਰੇ ਰਿਕਾਰਡ ਨਾ ਕੀਤੇ ਜਾਣ, (ਆਮ ਆਦਮੀ ਪਾਰਟੀ ਦੇ ਵੈੱਲ ਆਫ ਦਿ ਹਾਊਸ ਵਿਚ ਖੜ੍ਹੇ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ।) ਆਪਣੀਆਂ ਸੀਟਾਂ ਤੇ ਜਾਓ। (ਵਿਘਨ) ਹੁਣ ਸਰਦਾਰ ਹਰਪ੍ਰਤਾਪ ਸਿੰਘ ਅਜਨਾਲਾ, ਚੇਅਰਮੈਨ, ਸਥਾਨਕ ਸੰਸਥਾਵਾਂ ਅਤੇ ਪੰਚਾਇਤੀ ਰਾਜ ਇਕਾਈਆਂ ਸਬੰਧੀ ਕਮੇਟੀ ਰਿਪੋਰਟਾਂ ਪੇਸ਼ ਕਰਨ ਜੀ।

---

**Not recorded as ordered by the Chair.

**(3) ਸਭਾਪਤੀ, ਸਥਾਨਕ ਸੰਸਥਾਵਾਂ ਅਤੇ ਪੰਚਾਇਤੀ ਰਾਜ ਇਕਾਈਆਂ ਸਬੰਧੀ ਕਮੇਟੀ (ਸਰਦਾਰ ਹਰਪ੍ਰਤਾਪ ਸਿੰਘ):** ਸ਼੍ਰੀਮਾਨ ਜੀ, ਮੈਂ ਪੰਚਾਇਤੀ ਰਾਜ ਇਕਾਈਆਂ ਨਾਲ ਸਬੰਧਤ ਸਾਲਾਨਾ ਤਕਨੀਕੀ ਨਿਰੀਖਣ ਰਿਪੋਰਟ (ਆਡਿਟ) ਸਾਲ 2015-16 ਦੇ ਵੱਖ-ਵੱਖ ਪੈਰ੍ਹਿਆਂ ਤੇ ਕਮੇਟੀ ਦੀ 20ਵੀਂ ਰਿਪੋਰਟ; ਅਤੇ ਸਥਾਨਕ ਸੰਸਥਾਵਾਂ ਅਤੇ ਪੰਚਾਇਤੀ ਰਾਜ ਇਕਾਈਆਂ ਸਬੰਧੀ ਕਮੇਟੀ ਦੀ ਸ਼ਹਿਰੀ ਸਥਾਨਕ ਸੰਸਥਾਵਾਂ ਨਾਲ ਸਬੰਧਤ ਸਲਾਨਾ ਤਕਨੀਕੀ ਨਿਰੀਖਣ ਰਿਪੋਰਟ (ਆਡਿਟ) ਸਾਲ 2015-16 ਦੇ ਵੱਖ-ਵੱਖ ਪੈਰ੍ਹਿਆਂ ਤੇ ਕਮੇਟੀ ਦੀ 21ਵੀਂ ਰਿਪੋਰਟ ਪੇਸ਼ ਕਰਦਾ ਹਾਂ।

ਸਪੀਕਰ ਸਾਹਿਬ, ਕਮੇਟੀ ਨੇ ਬਹੁਤ ਸਾਰੀਆਂ ਸਿਫਾਰਸ਼ਾਂ ਕੀਤੀਆਂ ਹਨ ਪਰ ਮੈਂ ਕੁਝ ਮੇਨ ਸਿਫਾਰਸ਼ਾਂ ਸਦਨ ਦੇ ਧਿਆਨ ਵਿੱਚ ਲਿਆਉਣੀਆਂ ਚਾਹੁੰਦਾ ਹਾਂ। ਕਮੇਟੀ ਦੇ ਧਿਆਨ ਵਿੱਚ ਆਇਆ ਹੈ ਕਿ ਪੰਚਾਇਤਾਂ ਦਾ ਰਿਕਾਰਡ ਆਨਲਾਈਨ ਨਹੀਂ ਹੈ। ਇਸ ਲਈ ਕਮੇਟੀ ਨੇ ਸਿਫਾਰਸ਼ ਕੀਤੀ ਹੈ ਕਿ ਪੂਰੇ ਪੰਜਾਬ ਦੀਆਂ 13 ਹਜ਼ਾਰ ਦੇ ਕਰੀਬ ਗ੍ਰਾਮ ਪੰਚਾਇਤਾਂ ਦਾ ਸਾਲ 2018-19 ਅਤੇ 2019-20 ਤੱਕ ਦਾ ਮੁਕੰਮਲ ਡਾਟਾ ਜੂਨ, 2020 ਤੱਕ ਆਨ ਲਾਈਨ ਕਰਕੇ ਕਮੇਟੀ ਨੂੰ ਸੂਚਿਤ ਕੀਤਾ ਜਾਵੇ। (ਵਿਘਨ,ਸ਼ੋਰ)

**ਮਾਨਯੋਗ ਸਪੀਕਰ :** (ਆਮ ਆਦਮੀ ਪਾਰਟੀ ਦੇ ਵੈਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ) ਤੁਸੀਂ ਬਜਟ ਤੇ ਬੋਲ ਲੈਣਾ, ਬਜਟ ਤੇ ਬੋਲ ਲੈਣਾ। ਸਰਦਾਰ ਹਰਪ੍ਰਤਾਪ ਸਿੰਘ ਜੀ, ਤੁਸੀਂ ਆਪਣੀ ਗੱਲ ਮੁਕਾਓ।(ਵਿਘਨ)

---------

## WALK OUT

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਕੰਮ ਰੋਕੂ ਪ੍ਰਸਤਾਵ ਮਨਜ਼ੂਰ ਨਾ ਕਰਨ ਦੇ ਰੋਸ ਵਜੋਂ ** ** ਨਾਅਰੇ ਲਗਾਉਂਦੇ ਹੋਏ ਸਦਨ ਵਿਚੋਂ ਵਾਕ ਆਊਟ ਕਰ ਗਏ।)

--------

**Not recorded as ordered by the Chair.

## PRESENTATION OF REPORTS OF THE COMMITTEES

*(Resumption)*

**ਸਰਦਾਰ ਹਰਪ੍ਰਤਾਪ ਸਿੰਘ :** ਕਮੇਟੀ ਨੇ ਇਹ ਵੀ ਸਿਫਾਰਸ਼ ਕੀਤੀ ਹੈ ਕਿ ਹਰ ਪੰਚਾਇਤ ਨੂੰ ਕੰਪਿਊਟਰ ਮੁਹੱਈਆ ਕਰਵਾਇਆ ਜਾਵੇ ਤਾਂ ਜੋ ਸਾਰਾ ਡਾਟਾ ਆਨ ਲਾਈਨ ਹੋ ਸਕੇ। ਕਮੇਟੀ ਦੇ ਇਹ ਵੀ ਧਿਆਨ ਵਿੱਚ ਆਇਆ ਹੈ ਕਿ ਇੱਕ ਪੰਚਾਇਤ ਵਿੱਚੋਂ ਜੇ ਕੋਈ ਨਵੀਂ ਪੰਚਾਇਤ ਬਣਦੀ ਹੈ ਤਾਂ ਨਵੀਂ ਪੰਚਾਇਤ ਨੂੰ ਆਪਣੇ ਬਣਦੇ ਹਿੱਸੇ ਦੀ ਜ਼ਮੀਨ ਨਹੀਂ ਦਿੱਤੀ ਜਾਂਦੀ ਅਤੇ ਇਸ ਸਬੰਧੀ ਸਾਲਾਂਬੱਧੀ ਕੇਸ ਚੱਲਦੇ ਰਹਿੰਦੇ ਹਨ। ਇਸ ਲਈ ਕਮੇਟੀ ਨੇ ਸਿਫਾਰਸ਼ ਕੀਤੀ ਹੈ ਕਿ ਜਦੋਂ ਨਵੀਂ ਪੰਚਾਇਤ ਬਣਾਈ ਜਾਂਦੀ ਹੈ ਤਾਂ ਪੰਚਾਇਤ ਬਣਾਉਣ ਸਮੇਂ ਪਾਪੂਲੇਸ਼ਨ ਵਾਈਜ਼ ਜਿੰਨਾ ਰਕਬਾ ਨਵੀਂ ਬਣਾਈ ਜਾਣ ਵਾਲੀ ਪੰਚਾਇਤ ਨੂੰ ਮਿਲਣਾ ਚਾਹੀਦਾ ਹੈ, ਉਸ ਨੂੰ ਨਵੀਂ ਪੰਚਾਇਤ ਦੀ ਨੋਟੀਫਿਕੇਸ਼ਨ ਵਿੱਚ ਮੈਨਸ਼ਨ ਕੀਤਾ ਜਾਵੇ। ਕਮੇਟੀ ਦੇ ਇਹ ਵੀ ਧਿਆਨ ਵਿੱਚ ਆਇਆ ਹੈ ਕਿ ਪੰਚਾਇਤਾਂ ਦੀ ਪ੍ਰਾਪਰਟੀ ਸਬੰਧੀ ਕੋਈ ਰਜਿਸਟਰ ਨਾ ਹੋਣ ਕਰਕੇ ਪਤਾ ਹੀ ਨਹੀਂ ਚੱਲਦਾ ਕਿ ਪੰਚਾਇਤ ਕੋਲ ਕਿੰਨੀ ਪ੍ਰਾਪਰਟੀ ਹੈ। ਇਸ ਲਈ ਕਮੇਟੀ ਨੇ ਸਿਫਾਰਸ਼ ਕੀਤੀ ਹੈ ਕਿ ਹਰ ਪੰਚਾਇਤ ਦਾ ਪ੍ਰਾਪਰਟੀ ਰਜਿਸਟਰ ਬਣਾਇਆ ਜਾਵੇ ਅਤੇ ਉਸ ਨੂੰ ਮੇਨਟੇਨ ਕੀਤਾ ਜਾਵੇ। ਵਿਭਾਗ ਵੱਲੋਂ 6 ਮਹੀਨੇ ਬਾਅਦ ਪ੍ਰਾਪਰਟੀ ਰਜਿਸਟਰ ਨੂੰ ਚੈੱਕ ਕਰਨ ਦਾ ਸ਼ਡਿਊਲ ਬਣਾ ਕੇ 31 ਮਾਰਚ, 2020 ਤੱਕ ਕਮੇਟੀ ਨੂੰ ਸੂਚਿਤ ਕੀਤਾ ਜਾਵੇ। ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਜੀ।

---------

## RESUMPTION OF GENERAL DISCUSSION ON THE BUDGET ESTIMATES FOR THE YEAR 2020-2021

**ਮਾਨਯੋਗ ਸਪੀਕਰ :** ਕੱਲ੍ਹ ਮਿਤੀ 02.03.2020 ਨੂੰ ਜਦੋਂ ਸਦਨ ਦੀ ਕਾਰਵਾਈ ਸਥਗਿਤ ਹੋਈ ਸੀ, ਉਸ ਸਮੇਂ ਸਰਦਾਰ ਸੁਰਜੀਤ ਸਿੰਘ ਧੀਮਾਨ, ਐਮ.ਐਲ.ਏ. ਬਜਟ ਅਨੁਮਾਨਾਂ ਸਬੰਧੀ ਆਮ ਬਹਿਸ ਤੇ ਬੋਲ ਰਹੇ ਸਨ। ਹੁਣ ਉਹ ਆਪਣਾ ਭਾਸ਼ਣ ਮੁੜ ਆਰੰਭ ਕਰਨਗੇ। ਧੀਮਾਨ ਜੀ, ਤੁਸੀਂ ਕੱਲ੍ਹ 10 ਮਿੰਟ ਬੋਲ ਲਏ ਸੀ, ਹੁਣ ਦੋ ਮਿੰਟ ਵਿੱਚ ਆਪਣੀ ਗੱਲ ਮੁਕਾਓ।

**ਸਰਦਾਰ ਸੁਰਜੀਤ ਸਿੰਘ ਧੀਮਾਨ (ਅਮਰਗੜ੍ਹ):** ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਸਮਾਂ ਦਿੱਤਾ ਹੈ। ਮੈਂ ਤੁਹਾਡੇ ਰਾਹੀਂ ਤਕਨੀਕੀ ਸਿੱਖਿਆ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਮਰਗੜ੍ਹ ਵਿੱਚ ਉਦਯੋਗਿਕ ਸਿਖਲਾਈ ਸੰਸਥਾ ਸਥਾਪਤ ਕਰਨ ਵਾਸਤੇ ਪਿਛਲੇ ਬਜਟ ਵਿਚ ਜ਼ਿਕਰ ਕੀਤਾ ਗਿਆ ਸੀ ਪਰ ਇਸ ਵਾਰ ਬਜਟ ਵਿੱਚ ਮੈਨੂੰ ਅਜਿਹਾ ਕੋਈ ਜ਼ਿਕਰ ਨਹੀਂ ਮਿਲਿਆ। ਸੋ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਿਰਪਾ ਕਰਕੇ ਮੈਨੂੰ ਦੱਸ ਦੇਣ ਕਿ ਕਦੋਂ ਤੱਕ ਸਾਡੇ ਹਲਕੇ ਵਿੱਚ ਉਦਯੋਗਿਕ ਸਿਖਲਾਈ ਸੰਸਥਾ ਸਥਾਪਤ ਕਰ ਦਿੱਤੀ ਜਾਵੇਗੀ।ਉਸ ਤੋਂ ਬਾਅਦ ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਨਾ ਚਾਹਾਂਗਾ ਜਿਨ੍ਹਾਂ ਨੇ ਅਹਿਮਦਗੜ੍ਹ ਸ਼ਹਿਰ ਦੇ ਲਈ 6 ਕਰੋੜ 40 ਲੱਖ ਰੁਪਿਆ ਸਾਨੂੰ ਰਿਲੀਜ਼ ਕੀਤਾ ਹੈ। ਜਿਸ ਦੇ ਨਾਲ ਅਸੀਂ ਜਿਹੜਾ ਸਾਡਾ ਟਰੀਟਮੈਂਟ ਪਲਾਂਟ ਹੈ, ਉਸ ਨੂੰ ਪੂਰਾ ਕਰ ਸਕਾਂਗੇ। ਉਸ ਤੋਂ ਬਾਅਦ ਮੈਂ ਗੱਲ ਕਹਿਣੀ ਚਾਹਾਂਗਾ ਕਿ ਜਿਹੜਾ ਟਰੀਟਮੈਂਟ ਪਲਾਂਟ ਦਾ ਟੈਂਡਰ ਹੈ,ਉਸ ਦੇ ਵਿੱਚ ਕੁਝ ਪ੍ਰਾਬਲਮਜ਼ ਆ ਰਹੀਆਂ ਹਨ। ਜਿਹੜੇ STP ਦੋ ਤੋਂ ਥੱਲੇ ਹੁੰਦੇ ਹਨ ਜਾਂ ਪੰਜ ਤੱਕ ਹੁੰਦੇ ਹਨ, ਉਨ੍ਹਾਂ ਲਈ ਕੋਈ ਵੀ ਕੰਪਨੀ ਸੰਜੀਦਗੀ ਨਹੀਂ ਦਿਖਾਉਂਦੀ। ਜਿਹੜੇ ਉਸ ਤੋਂ ਵੱਡੇ ਹੁੰਦੇ ਹਨ, ਉਨ੍ਹਾਂ ਨੂੰ ਕੰਪਨੀਆਂ ਪੈਸਾ ਦਿੰਦੀਆਂ ਹਨ।ਸੰਗਰੂਰ ਜ਼ਿਲ੍ਹੇ ਦੇ ਵਿੱਚ ਪੰਜ ਐਸ.ਟੀ.ਪੀ ਪਾਸ ਹੋਏ ਹਨ ਪਰ ਪੰਜ ਵਾਰੀ ਟੈਂਡਰ ਲੱਗਣ ਦੇ ਬਾਵਜੂਦ ਵੀ ਕਿਸੇ ਵੀ ਕੰਪਨੀ ਨੇ ਟੈਂਡਰ ਨਹੀਂ ਲਿਆ। ਉਸ ਤੋਂ ਬਾਅਦ ਇੱਕ ਕੰਪਨੀ ਨੇ ਟੈਂਡਰ ਲਿਆ ਪਰ ਉਸ ਦੇ ਵਿੱਚ ਵੀ ਟੈਂਡਰ ਕਲੀਅਰ ਨਹੀਂ ਹੋ ਸਕਿਆ। ਉਹ ਪਟਿਆਲਾ ਦਫਤਰ ਦੇ ਵਿੱਚ ਵਿਚਾਰ ਅਧੀਨ ਹੈ। ਮੈਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਸ ਦੀਆਂ ਸ਼ਰਤਾਂ ਨਰਮ ਕਰਕੇ ਟੈਂਡਰ ਕਲੀਅਰ ਕਰਵਾ ਕੇ ਅਹਿਮਦਗੜ੍ਹ ਦਾ ਟਰੀਟਮੈਂਟ ਪਲਾਂਟ ਚਲਾਇਆ ਜਾਵੇ ਤਾਂ ਕਿ ਲੋਕਾਂ ਨੂੰ ਗੰਦੇ ਪਾਣੀ ਤੋਂ ਨਿਜਾਤ ਮਿਲ ਸਕੇ। ਦੂਸਰਾ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ 25 ਲੱਖ ਰੁਪਏ ਦੇ ਆਸ ਪਾਸ ਅਹਿਮਦਗੜ੍ਹ ਨਗਰ ਕੌਂਸਲ ਦਾ ਖਰਚਾ ਹੈ, ਜਿਹੜਾ ਟੋਭਿਆਂ ਤੇ ਕਿਰਾਇਆ ਦੇਣ ਵਾਸਤੇ ਖਰਚ ਆ ਰਿਹਾ ਹੈ।25 ਲੱਖ ਰੁਪਿਆ ਸਾਲ ਦਾ ਨਗਰ ਕੌਂਸਲ ਦਾ ਬਚ ਸਕਦਾ ਹੈ। ਇਸ ਦਾ ਪੱਕਾ ਪ੍ਰਬੰਧ ਹੋ ਸਕਦਾ ਹੈ। ਮੈਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਵਿੱਚ ਦਖਲਅੰਦਾਜ਼ੀ ਕਰਕੇ ਟੈਂਡਰ ਨੂੰ ਛੇਤੀ ਪਾਸ ਕਰਵਾਇਆ ਜਾਵੇ ਤਾਂ ਜੋ ਛੇਤੀ ਕੰਮ ਚੱਲ ਸਕੇ।

ਦੂਸਰੀ ਗੱਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਇਸ ਹਾਊਸ ਦੇ ਵਿੱਚ

ਜ਼ਿਕਰ ਆਇਆ ਹੈ ਕਿ ਸੀ.ਐਲ.ਯੂ ਦੀ ਫੀਸ ਮੁਆਫ ਕਰ ਰਹੇ ਹਾਂ। ਮੈਂ ਇਹ ਜਾਣਨਾ ਚਾਹੁੰਦਾ ਹਾਂ, ਫੀਸ ਤਾਂ ਮੁਆਫ ਕਰ ਦਿੱਤੀ, ਇਸ ਦਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ ਪਰ ਇਸ ਸੀ.ਐਲ.ਯੂ ਦੀ ਸਰਲ ਪਾਲਿਸੀ ਕੀ ਹੈ, ਉਸ ਦੇ ਬਾਰੇ ਦੱਸਿਆ ਜਾਵੇ। ਮੈਂ ਸਮਝਦਾ ਹਾਂ ਕਿ ਜਿਹੜੇ ਵੀ ਕਾਰੋਬਾਰੀ ਜਾਂ ਇੰਡਸਟਰੀਲਿਸਟ ਹਨ, ਜਿਹੜਾ ਸੀ.ਐਲ.ਯੂ ਲੈਣਾ ਚਾਹੁੰਦਾ ਹੈ, ਉਸ ਨੂੰ ਫੀਸ ਭਰਨ ਦੀ ਕੋਈ ਤਕਲੀਫ ਨਹੀਂ ਹੈ, ਉਸ ਨੂੰ ਤਕਲੀਫ ਹੈ ਜਿਹੜੀ ਦਫਤਰਾਂ ਦੇ ਵਿੱਚ ਬਹੁਤ ਵੱਡੀ ਲੁੱਟ ਹੋ ਰਹੀ ਹੈ।ਹਰ ਇੱਕ ਬੰਦਾ ਕਹਿੰਦਾ ਹੈ ਕਿ ਜੇ ਸਰਕਾਰ ਇੱਕ ਲੱਖ ਰੁਪਿਆ ਫੀਸ ਦਾ ਲੈਂਦੀ ਹੈ, ਉਹ 2 ਲੱਖ ਭਰਨ ਨੂੰ ਤਿਆਰ ਹੈ ਪਰ ਦਫਤਰਾਂ ਦੇ ਵਿੱਚ ਇੱਕ ਲੱਖ ਸਰਕਾਰੀ ਖਜ਼ਾਨੇ ਵਿੱਚ ਭਰਨ ਦੇ ਪਿੱਛੇ ਤਿੰਨ-ਤਿੰਨ ਲੱਖ ਰਿਸ਼ਵਤ ਦੇਣੀ ਪੈਂਦੀ ਹੈ। ਜਿਸ ਨਾਲ ਇੰਡਸਟਰੀਲਿਸਟਾਂ ਦੀ ਬਹੁਤ ਵੱਡੀ ਲੁੱਟ ਹੋ ਰਹੀ ਹੈ। ਜਿਨ੍ਹਾਂ ਚਿਰ ਤੱਕ ਅਸੀਂ ਲੁੱਟ ਬੰਦ ਨਹੀਂ ਕਰਦੇ, ਉੱਨਾ ਚਿਰ ਤੱਕ ਕਾਰੋਬਾਰ ਵਿੱਚ ਸਾਨੂੰ ਵਾਧਾ ਨਹੀਂ ਮਿਲ ਸਕਦਾ। ਮੈਂ ਆਪ ਜੀ ਨੂੰ ਬੇਨਤੀ ਕਰਦਾ ਹਾਂ ਕਿ ਇਸ ਲੁੱਟ ਉੱਤੇ ਕਾਬੂ ਪਾਇਆ ਜਾਵੇ।

ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਤਿਕਾਰਯੋਗ ਮੁੱਖ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਸ਼ਹਿਰਾਂ ਦੇ ਅੰਦਰ ਲਾਲ ਲਕੀਰ ਅਤੇ ਪਿੰਡਾਂ ਦੇ ਅੰਦਰ ਲਾਲ ਲਕੀਰ ਦੇ ਜੋ ਮਕਾਨ ਮਾਲਕ ਹਨ, ਉਨ੍ਹਾਂ ਨੂੰ ਬਹੁਤ ਹੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਉਨ੍ਹਾਂ ਲੋਕਾਂ ਕੋਲ ਕੋਈ ਵੀ ਆਪਣਾ ਹੱਕ ਦਰਸਾਉਂਦਾ ਪ੍ਰਮਾਣ ਪੱਤਰ ਨਹੀਂ ਹੈ। ਇਸ ਲਈ ਲੋਕਾਂ ਨੂੰ ਕੋਈ ਵੀ ਕਰਜ਼ਾ ਨਹੀਂ ਮਿਲ ਸਕਦਾ ਹੈ। ਸਬੰਧਿਤ ਐਸ.ਸੀ/ਬੀ.ਸੀ. ਵਰਗ ਦੇ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ 16 ਦਸੰਬਰ, 2016 ਨੂੰ ਪੰਜਾਬ ਸਰਕਾਰ ਵੱਲੋਂ ਇੱਕ ਪਾਲਿਸੀ ਲਿਆਂਦੀ ਗਈ ਸੀ ਕਿ ਇਨ੍ਹਾਂ ਲੋਕਾਂ ਨੂੰ ਮਾਲਕੀ ਦਾ ਹੱਕ ਦਿੱਤਾ ਜਾਵੇ ਪਰ ਪਿਛਲੀ ਸਰਕਾਰ ਦੀ ਜਿਹੜੀ ਪਾਲਿਸੀ ਹੈ, ਉਹ ਇੱਕ ਚੋਣ ਸਟੰਟ ਹੋਣ ਕਾਰਨ ਹਵਾ ਦੇ ਵਿੱਚ ਰੁਲ ਗਈ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਲੋਕ ਲਾਲ ਲਕੀਰ ਤੋਂ ਅੰਦਰ ਰਹਿ ਰਹੇ ਹਨ ਜਾਂ ਬਾਹਰ ਰਹਿ ਰਹੇ ਹਨ, ਬਹੁਤ ਲੰਮੇ ਸਮੇਂ ਤੋਂ ਪੁਰਾਣੇ ਮਕਾਨ ਬਣਾ ਕੇ ਬੈਠੇ ਹਨ। ਉਨ੍ਹਾਂ ਨੂੰ ਛੇਤੀ ਤੋਂ ਛੇਤੀ ਮਾਲਕੀ ਦਾ ਹੱਕ ਦਿੱਤਾ ਜਾਵੇ ਤਾਂ ਜੋ ਬੈਂਕਾਂ ਦੇ ਵਿੱਚ ਗਾਰੰਟੀ ਦੇ ਤੌਰ ਤੇ ਆਪਣੀਆਂ ਰਜਿਸਟਰੀਆਂ ਰੱਖ ਕੇ ਕੋਈ ਛੋਟਾ-ਮੋਟਾ ਕਰਜ਼ਾ ਬੈਂਕਾਂ ਤੋਂ ਲੈ ਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਚਲਾਉਣ ਦੇ ਯੋਗ ਹੋ ਸਕਣ, ਇਹ ਆਪ ਜੀ ਨੂੰ ਮੇਰੀ ਬੇਨਤੀ ਹੈ।ਮੈਂ ਆਸ ਕਰਦਾ ਹਾਂ ਕਿ ਪੰਜਾਬ ਸਰਕਾਰ ਇਸ ਤੇ ਜ਼ਰੂਰ ਗੌਰ ਕਰੇਗੀ। ਅੰਤ ਵਿੱਚ ਮੈਂ ਇਸ ਬਜਟ ਦੀ ਪੂਰੀ ਪ੍ਰਸੰਸਾ ਕਰਦਾ ਹਾਂ। ਬਹੁਤ-ਬਹੁਤ ਧੰਨਵਾਦ।

**ਰਾਣਾ ਗੁਰਜੀਤ ਸਿੰਘ (ਕਪੂਰਥਲਾ):** ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬਜਟ 2020-21 ਤੇ ਬੋਲਣ ਦਾ ਮੌਕਾ ਦਿੱਤਾ ਹੈ। ਅਗਰ 2017 ਦਾ ਜਿਹੜਾ ਪਹਿਲਾ ਬਜਟ ਪੰਜਾਬ ਸਰਕਾਰ ਨੇ, ਮਨਪ੍ਰੀਤ ਸਿੰਘ ਬਾਦਲ ਜੀ, ਫਾਇਨਾਂਸ ਮਨਿਸਟਰ ਨੇ ਪੇਸ਼ ਕੀਤਾ ਸੀ, ਉਸ ਵੇਲੇ ਹਾਲਾਤ ਇਹੋ ਜਿਹੇ ਸਨ ਕਿ ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਨੂੰ ਪੈਸੇ ਨਹੀਂ ਸਨ, ਵਿੱਤੀ ਹਾਲਾਤ ਬਹੁਤ ਮਾੜੇ ਸਨ। ਤਿੰਨ ਸਾਲ ਲਗਾਤਾਰ ਕੈਪਟਨ ਅਮਰਿੰਦਰ ਸਿੰਘ ਜੀ, ਮੁੱਖ ਮੰਤਰੀ ਦੀ ਅਗਵਾਈ ਨੇ ਪੰਜਾਬ ਨੂੰ ਤਰੱਕੀ ਵੱਲ ਤੋਰਿਆ। ਅੱਜ ਜਿਹੜਾ ਚੌਥਾ ਬਜਟ ਪੇਸ਼ ਕੀਤਾ ਗਿਆ ਹੈ, ਮੈਂ ਕਹਾਂਗਾ ਕਿ ਇਹ ਡਿਵੈਲਪਮੈਂਟ ਓਰੀਐਂਟਿਡ ਬਜਟ ਹੈ। ਇਸ ਬਜਟ ਵਿੱਚ ਹਰ ਵਰਗ ਬਾਰੇ ਧਿਆਨ ਰੱਖਿਆ ਗਿਆ ਹੈ। ਐਜੂਕੇਸ਼ਨ, ਕਿਸਾਨ, ਹੈਲਥ, ਮੁਲਾਜ਼ਮ ਔਰ ਹਰ ਵਰਗ ਨੂੰ ਤਰਜੀਹ ਦਿੱਤੀ ਗਈ ਹੈ। ਪਿੰਡਾਂ ਅਤੇ ਸ਼ਹਿਰਾਂ ਦੀ ਡਿਵੈਲਪਮੈਂਟ ਦਾ ਧਿਆਨ ਰੱਖਿਆ ਗਿਆ ਹੈ। ਮੈਂ ਮੁੱਖ ਮੰਤਰੀ ਜੀ ਅਤੇ ਵਿੱਤ ਮੰਤਰੀ ਜੀ ਨੂੰ ਇਸ ਦੀ ਵਧਾਈ ਦੇਣੀ ਚਾਹੁੰਦਾ ਹਾਂ ਅਤੇ ਮੈਂ ਧੰਨਵਾਦ ਕਰਨਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਮੇਰਾ ਇੱਕ ਡਰੀਮ ਪ੍ਰਾਜੈਕਟ ਹੈ ਕਿ ਕਿਸਾਨ ਨੂੰ ਐਂਟਰਪ੍ਰਨਿਉਰ ਬਣਾਇਆ ਜਾਵੇ। ਸਾਲ 2012 ਵਿੱਚ ਵੀ ਮੈਂ ਸੋਚਿਆ ਸੀ ਪਰ ਸਾਡੀ ਸਰਕਾਰ ਨਹੀਂ ਆਈ। ਪਹਿਲੇ ਬਜਟ ਸੈਸ਼ਨ 2017, ਵਿੱਚ ਫੇਰ ਦੂਜੇ ਬਜਟ ਸੈਸ਼ਨ ਵਿੱਚ ਅਤੇ ਤੀਜੇ ਬਜਟ ਸੈਸ਼ਨ ਵਿੱਚ ਇਸ ਬਾਰੇ ਬੋਲਿਆ। ਪਿਛਲੀ ਵਾਰ ਮਾਨਯੋਗ ਮਨਪ੍ਰੀਤ ਸਿੰਘ ਬਾਦਲ ਜੀ, ਵਿੱਤ ਮੰਤਰੀ ਜੀ ਨੇ ਇਸ ਨੂੰ ਅਨਾਊਂਸ ਵੀ ਕੀਤਾ ਸੀ ਪਰੰਤੂ ਕਾਰਨ ਇਹੋ ਜਿਹੇ ਸਨ, ਸਾਡਾ ਕੋਈ ਗਿਲਾ ਵੀ ਨਹੀਂ ਹੈ, ਪੰਜਾਬ ਦੇ ਹਾਲਾਤ ਹੀ ਇਹੋ ਜਿਹੇ ਸਨ ਕਿ ਖਜ਼ਾਨੇ ਵਿੱਚੋਂ ਕਿਸੇ ਕੰਮ ਲਈ ਪੈਸਾ ਨਹੀਂ ਦੇ ਸਕਦੇ ਸੀ। ਇਸ ਵਾਰ ਬਜਟ ਵਿੱਚ ਇਨ੍ਹਾਂ ਨੇ ਇਨਕਲੂਡ ਕੀਤਾ ਨੱਥੂ ਚਾਹਲ (ਪੀ.ਐਸ.ਪੀ.ਸੀ.ਐਲ.) ਸਬ ਸਟੇਸ਼ਨ ਪਾਵਰ ਜਿੱਥੇ ਕਿਸਾਨ ਦੀ ਆਪਣੀ ਜ਼ਮੀਨ ਵਿੱਚ ਸੋਲਰ ਪਾਵਰ ਪੈਨਲ ਲੱਗਣਗੇ। ਉੱਥੇ ਬਿਜਲੀ ਦਾ ਉਤਪਾਦਨ ਹੋਵੇ ਗਾ। ਜਦੋਂ ਲੋੜ ਹੋਵੇਗੀ ਉਹ ਆਪਣੀ ਮੋਟਰ ਚਲਾਵੇਗਾ, ਉਸ ਤੋਂ ਬਿਜਲੀ ਨੂੰ ਗਰਿੱਡ ਵਿੱਚ ਪੰਪ ਕਰੇਗਾ ਤੇ ਉਸ ਨੂੰ ਪੈਸੇ ਆਉਣਗੇ। ਸਹੀ ਮਾਅਨਿਆਂ ਵਿੱਚ ਅਗਰ ਪਹਿਲੀ ਸਰਕਾਰ ਨੇ ਪਾਵਰ ਪਰਚੇਜ਼ ਐਗਰੀਮੈਂਟ ਨਾ ਕੀਤੇ ਹੁੰਦੇ ਤਾਂ ਅੱਜ ਪੰਜਾਬ ਦੀ ਸਥਿਤੀ ਹੋਰ ਹੋਣੀ ਸੀ। ਪੰਜਾਬ ਉਹ ਸੂਬਾ ਹੈ ਜਿਹੜਾ ਦਿਨ ਦੇ ਵੇਲੇ ਬਿਜਲੀ ਵੱਧ ਖਪਤ ਕਰਦਾ ਹੈ ਅਤੇ ਰਾਤ ਨੂੰ ਸਾਡੀ ਖਪਤ ਵਨ ਥਰਡ ਰਹਿ ਜਾਂਦੀ ਹੈ।

Solar power would have been the right thing and the farmers of the State won't have committed suicide ਲੇਕਿਨ ਜਿਹੜਾ ਹੁਣ ਪਾਸਟ ਹੈ, ਉਸ ਦੀ ਗੱਲ ਨਾ ਕਰਦਾ ਹੋਇਆ, ਇੱਕ ਵਾਰ ਫਿਰ ਮੈਂ ਮੁੱਖ ਮੰਤਰੀ ਜੀ ਦੀ ਸੋਚ ਨੂੰ, ਸਾਡੇ ਫਾਇਨਾਂਸ ਮਨਿਸਟਰ ਸਾਹਿਬ ਅਤੇ ਸਾਰੀ ਕੈਬਨਿਟ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਇੱਕ ਲਾਜਵਾਬ, ਅਗਾਂਹਵਧੂ ਸੋਚ ਵਾਲਾ ਪ੍ਰਜੈਕਟ ਪੰਜਾਬ ਵਿੱਚ ਲਗਾਉਣ ਦਾ ਫ਼ੈਸਲਾ ਕੀਤਾ ਹੈ। ਬਹੁਤ-ਬਹੁਤ ਧੰਨਵਾਦ।

ਸਾਡਾ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਇਸ ਸੂਬੇ ਨੇ ਆਪਣਾ ਪਾਣੀ, ਆਪਣੀ ਜਰਖੇਜ਼ ਧਰਤੀ ਦਾ ਪੂਰਾ ਜ਼ੋਰ ਲਗਵਾ ਦਿੱਤਾ ਜਿਸ ਨਾਲ ਸਾਡੇ ਪਾਣੀ ਦਾ ਸਤਰ ਵੀ ਥੱਲੇ ਚਲਾ ਗਿਆ ਪਰ ਇਸ ਮੁਲਕ ਨੂੰ ਅਨਾਜ ਦਿੱਤਾ। Now it is problem of plenty. ਅਗਰ ਦੇਖਿਆ ਜਾਵੇ ਤਾਂ ਜਿੰਨਾ ਅਨਾਜ ਅਸੀਂ ਦੋ ਸਾਲਾਂ ਵਿੱਚ ਪੈਦਾ ਕਰਦੇ ਹਾਂ, ਉਹ ਸਾਡੇ ਕੋਲ ਅੱਜ ਗੁਦਾਮਾਂ ਵਿੱਚ ਸੜ ਰਿਹਾ ਹੈ। ਭਾਰਤ ਸਰਕਾਰ ਦੀ ਪਾਲਿਸੀ ਆਉਣ ਵਾਲੇ ਸਮੇਂ ਵਿੱਚ ਪ੍ਰੋਕਿਉਰਮੈਂਟ ਨੂੰ ਪ੍ਰਾਈਵੇਟਾਈਜ਼ ਕਰਨ ਦੀ ਹੈ ਜਿਸ ਬਾਰੇ ਮੈਂ ਸਮਝਦਾ ਹਾਂ ਕਿ ਸਾਨੂੰ ਸਾਰਿਆਂ ਨੂੰ ਐਕਰੌਸ ਦਿ ਪਾਰਟੀ ਲਾਈਨ ਵਿਰੋਧ ਵੀ ਕਰਨਾ ਚਾਹੀਦਾ ਹੈ ਕਿ ਪ੍ਰੋਕਿਉਰਮੈਂਟ ਸਿਰਫ ਸਰਕਾਰੀ ਏਜੰਸੀਆਂ ਕਰਨ। ਕਿਸਾਨ ਨਾਲ ਇਹ ਨਾ ਹੋਵੇ ਕਿ ਅੱਜ ਅਸੀਂ ਖੁਦਕੁਸ਼ੀਆਂ ਨੂੰ ਰੋ ਰਹੇ ਹਾਂ ਅਤੇ ਕੱਲ੍ਹ ਨੂੰ ਇਹ ਦੁੱਗਣੀਆਂ-ਤਿੱਗਣੀਆਂ ਹੋ ਜਾਣ। ਮੇਰੋ ਵੀਰੋ, ਇਹ ਬੜਾ ਗੰਭੀਰ ਮਸਲਾ ਹੈ। ਮੈਂ ਆਪਣੀ ਸਰਕਾਰ ਨੂੰ ਵੀ ਕਹਾਂਗਾ ਕਿ ਇਸ ਗੱਲ ਦਾ ਵਿਰੋਧ ਦਿੱਲੀ ਵਿੱਚ ਹੋਣਾ ਚਾਹੀਦਾ ਹੈ। ਪੰਜਾਬ ਵਿੱਚ ਪ੍ਰਾਈਵੇਟ ਏਜੰਸੀਆਂ ਆਪਰੇਟ ਨਾ ਕਰਨ। ਪਿੱਛੇ ਜਿਹੇ ਮੈਂ ਪੜ੍ਹ ਰਿਹਾ ਸੀ ਕਿ ਪੀ.ਡੀ.ਐਸ. ਵਿੱਚ ਭਾਰਤ ਸਰਕਾਰ ਸਮਝਦੀ ਹੈ ਕਿ ਨਾ ਕੇਵਲ ਚਾਵਲ, ਕਣਕ ਤੇ ਦਾਲਾਂ ਹੀ ਮਿਲਣੀਆਂ ਚਾਹੀਦੀਆਂ ਹਨ ਬਲਕਿ ਨਿਊਟ੍ਰੀਸ਼ੀਅਸ ਫੂਡ ਵੀ ਆਮ ਨਾਗਰਿਕ ਨੂੰ ਮਿਲਣਾ ਚਾਹੀਦਾ ਹੈ, ਜਿਸ ਵਿੱਚ ਮੀਟ ਅਤੇ ਅੰਡੇ ਦਾ ਜ਼ਿਕਰ ਹੈ। ਮੈਂ ਕਹਾਂਗਾ ਕਿ Milk has not been added into that. Not only milk ਬੜੀਆਂ ਚੀਜ਼ਾਂ ਹਨ ਜਿਹੜੀਆਂ ਅਸੀਂ ਪੰਜਾਬ ਵਿੱਚ ਪੈਦਾ ਕਰਕੇ ਭਾਰਤ ਸਰਕਾਰ ਨੂੰ ਦੇ ਸਕਦੇ ਹਾਂ। ਕੈਪਟਨ ਅਮਰਿੰਦਰ ਸਿੰਘ ਜੀ ਦਾ ਡਾਈਵਰਸੀਫਿਕੇਸ਼ਨ ਦਾ pet ਪ੍ਰੋਜੈਕਟ ਵੀ ਹੈ। ਆਪਾਂ ਦੇਖਦੇ ਹਾਂ ਕਿ ਕਦੇ ਪਿਆਜ ਦਾ ਭਾਅ ਦੋ ਸੌ ਰੁਪਏ ਜਾਂ ਢਾਈ ਸੌ ਰੁਪਏ ਪ੍ਰਤੀ ਕਿੱਲੋ ਹੋ ਜਾਂਦਾ ਹੈ। ਪੰਜਾਬ ਵਿੱਚ ਇਹ ਫੂਡ ਪਾਰਕਸ ਲੱਗਣ ਤੇ ਝੋਨੇ ਤੇ ਕਣਕ ਦੀ ਜਗ੍ਹਾ ਤੇ ਵੈਜੀਟੇਬਲ ਪ੍ਰੋਡਕਸ਼ਨ ਕੀਤੀ ਜਾਵੇ। ਇੱਥੇ ਵੈਜੀਟੇਬਲ

[ਰਾਣਾ ਗੁਰਜੀਤ ਸਿੰਘ]

ਪ੍ਰੋਸੈਸਿੰਗ ਪਲਾਂਟਸ ਲੱਗਣ ਤੇ ਜਿਹੜੀ ਉਨ੍ਹਾਂ ਦੀ ਵੈਜੀਟੇਬਲ ਪ੍ਰੋਡਕਸ਼ਨ ਹੈ, ਉਹ ਪੀ.ਡੀ.ਐਸ. ਵਿੱਚ ਜਾਵੇ ਤਾਂ ਇਸ ਨਾਲ ਪੰਜਾਬ ਦਾ ਬੜਾ ਵੱਡਾ ਫਾਇਦਾ ਹੋ ਸਕਦਾ ਹੈ।

ਜਿੱਥੋਂ ਤੱਕ ਆਪਾਂ ਝੋਨਾ, ਕਣਕ ਦੀ ਗੱਲ ਕਰ ਰਹੇ ਸੀ, this is a problem of plenty. ਪਿਛਲੀ ਵਾਰੀ ਵੀ ਮੈਂ ਬੇਨਤੀ ਕੀਤੀ ਸੀ ਕਿ ਪੈਡੀ ਦੀ ਜਗ੍ਹਾ ਸਾਡੀ ਸਟੇਟ ਨੂੰ ਮੱਕੀ ਨੂੰ ਅਪਨਾਉਣਾ ਚਾਹੀਦਾ ਹੈ। ਅਗਰ ਸਟੇਟ ਦੇ ਫਾਈਨਾਂਸ਼ੀਅਲ ਹਾਲਾਤ ਜਾਂ ਪ੍ਰਕਿਉਰਮੈਂਟ ਦੀ ਗੱਲ ਕਰੀਏ ਤਾਂ ਮੈਂ ਨਹੀਂ ਸਮਝਦਾ ਹਾਂ ਕਿ ਸਟੇਟ ਆਪਣੇ ਲੈਵਲ ਤੇ ਕਰ ਸਕਦੀ ਹੈ। ਇਸ ਵਿੱਚ ਭਾਰਤ ਸਰਕਾਰ ਨੂੰ ਸਾਨੂੰ ਯੋਗਦਾਨ ਦੇਣਾ ਚਾਹੀਦਾ ਹੈ। We are talking about green fuel on the national level ਕਿ Ethanol ਵਧਾਓ ਤੇ ਇਸ ਨੂੰ ਪੈਟਰੋਲ ਦੀ ਜਗ੍ਹਾ ਵਰਤੋ ਕਿਉਂਕਿ ਇਹ ਅੱਛਾ ਤੇ ਕਲੀਨ ਫਿਊਲ ਹੈ। ਸੋ, ਮੈਂ ਤੁਹਾਡੇ ਰਾਹੀਂ ਵਿੱਤ ਮੰਤਰੀ ਸਾਹਿਬ ਨੂੰ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਮੱਕੀ ਦੀ ਐਮ.ਐਸ.ਪੀ. ਹੋਵੇ ਤੇ ਉਸ ਨੂੰ ਮਾਰਕੀਟ ਰੇਟ ਤੇ ਡਿਸਟਿਲਰਜ਼ ਲੈਣ। ਜਿਹੜਾ ਮਾਰਕੀਟ ਰੇਟ ਅਤੇ ਐਮ.ਐਸ.ਪੀ. ਦਾ ਗੈਪ ਹੈ that should be funded by the Indian Government. ਅਸੀਂ ਇਸ ਹਿਸਾਬ ਨਾਲ ਮੱਕੀ ਨੂੰ ਪ੍ਰਮੋਟ ਕਰ ਸਕਦੇ ਹਾਂ। ਅੱਜ ਭਾਰਤ ਸਰਕਾਰ ਸੋਚ ਰਹੀ ਹੈ ਕਿ ਖਾਲੀ ਝੋਨਾ, ਕਣਕ ਤੇ ਚੌਲ ਦੇ ਕੇ ਲੋਕਾਂ ਦਾ ਪੇਟ ਭਰਨ ਵਾਲੀ ਗੱਲ ਨਹੀਂ ਹੈ, ਅੱਜ ਨਿਊਟ੍ਰੀਸ਼ੀਅਸ ਫੂਡ ਦੀ ਲੋੜ ਹੈ। ਜੇ ਮਿਡ-ਡੇਅ-ਮੀਲ ਦੀ ਗੱਲ ਕਰੀਏ ਤਾਂ ਮਿਡ-ਡੇਅ-ਮੀਲ ਵਿੱਚ ਕੀ ਦਿੰਦੇ ਹਨ? ਆਟਾ ਤੇ ਦਾਲ, ਚੌਲ ਤੇ ਦਾਲ ਜਾਂ ਮਾੜੀ ਮੋਟੀ ਸਬਜ਼ੀ ਦਿੰਦੇ ਹਨ। ਜੇ ਅਸੀਂ ਅਗਾਂਹ ਵਧੂ ਸੋਚ ਨਾਲ ਪੰਜਾਬ ਵਿੱਚ ਸ਼ੱਕਰਕੰਦੀ, ਜਿਸ ਨੂੰ ਅਸੀਂ ਸਵੀਟ ਪੋਟੈਟੋ ਕਹਿੰਦੇ ਹਾਂ, ਜੇ ਅਸੀਂ ਉਹ ਪੈਦਾ ਕਰੀਏ ਤਾਂ ਅੱਜ ਉਹ ਵਰਲਡ ਵਿੱਚ ਸਭ ਤੋਂ ਜ਼ਿਆਦਾ ਨਿਊਟ੍ਰੀਸ਼ੀਅਸ ਫੂਡ ਮੰਨਿਆ ਗਿਆ ਹੈ। ਇਸ ਦੀਆਂ ਬੇਕਰੀ ਆਈਟਮਜ਼ ਅਤੇ ਹੋਰ ਬੜੀਆਂ ਚੀਜ਼ਾਂ ਬਣਦੀਆਂ ਹਨ ਜਿਨ੍ਹਾਂ ਦੀ ਅਸੀਂ ਕਲਪਨਾ ਵੀ ਨਹੀਂ ਕਰ ਸਕਦੇ। ਇਹ ਸਾਰਾ ਮਿਡ-ਡੇਅ-ਮੀਲ ਸ਼ੱਕਰਕੰਦੀ ਤੋਂ ਬਣਾ ਕੇ ਬੱਚਿਆਂ ਨੂੰ ਦੇਣਾ ਚਾਹੀਦਾ ਹੈ ਅਤੇ ਉਸ ਵਿੱਚ ਇਹ ਨਹੀਂ ਹੋਣਾ ਚਾਹੀਦਾ ਕਿ ਇਹ ਵੈਜੀਟੇਰੀਅਨ ਹੈ ਜਾਂ ਨਾਨ-ਵੈਜੀਟੇਰੀਅਨ ਹੈ। ਕਈ ਵਾਰੀ ਮਿਡ-ਡੇਅ-ਮੀਲ ਵਿੱਚ ਅੰਡੇ ਦੇਣ ਦੀ ਗੱਲ ਹੋਈ ਤਾਂ ਮਿਡ-ਡੇਅ-ਮੀਲ ਵਿੱਚ ਵੈਜੀਟੇਰੀਅਨ ਦਾ ਜਾਂ ਨਾਨ-ਵੈਜੀਟੇਰੀਅਨ ਦਾ ਪੰਗਾ ਪੈ ਜਾਂਦਾ ਹੈ। ਪੰਜਾਬ, ਹਿੰਦੁਸਤਾਨ ਦਾ ਮਿਡ ਡੇਅ ਮੀਲ ਪ੍ਰੋਡਕਸ਼ਨ ਦਾ ਸੈਂਟਰ ਬਣ ਸਕਦਾ ਹੈ। ਸੋ, ਮੈਂ ਕਹਾਂਗਾ ਕਿ ਸਾਨੂੰ ਇਸ ਤੇ ਜ਼ਰੂਰ ਸੋਚਣਾ ਚਾਹੀਦਾ ਹੈ।

ਅੱਜ ਖੇਤੀਬਾੜੀ ਵਾਸਤੇ ਸੋਇਲ ਟੈਸਟਿੰਗ ਦੀ ਗੱਲ ਕਰ ਲਈਏ, ਬਿਮਾਰੀਆਂ ਦੀ ਗੱਲ ਕਰ ਲਈਏ, IT has to play a big role in this. ਸੋਇਲ ਟੈਸਟਿੰਗ ਵਾਸਤੇ ਚਾਹੇ ਵਿਜ਼ੂਅਲ ਕੈਮਰਿਆਂ ਰਾਹੀਂ ਉਸ ਦੀ ਫੋਟੋ ਖਿੱਚ ਲਈਏ, ਚਾਹੇ ਹੋਰ ਸਾਧਨਾਂ ਨਾਲ ਫੋਟੋ ਲੈ ਲਈਏ ਤਾਂ ਆਪਾਂ ਹਵਾ ਵਿੱਚੋਂ ਫੋਟੋ ਲੈ ਕੇ ਉਸ ਧਰਤੀ ਬਾਰੇ ਦੱਸ ਸਕਦੇ ਹਾਂ ਕਿ ਇਸ ਵਿੱਚ ਕਿਸ-ਕਿਸ ਚੀਜ਼ ਦੀ ਘਾਟ ਹੈ। ਸੋ, ਆਈ.ਟੀ. ਨੂੰ ਐਗਰੀਕਲਚਰ ਸੈਕਟਰ ਵਿੱਚ ਪ੍ਰਮੋਟ ਕਰਨਾ ਚਾਹੀਦਾ ਹੈ ਔਰ ਬਜਟ ਵਿੱਚ ਇਸ ਦਾ ਪ੍ਰੋਵੀਜ਼ਨ ਪਾਉਣਾ ਚਾਹੀਦਾ ਹੈ ਕਿ ਅਸੀਂ ਜਿੰਨਾ ਵੱਧ ਤੋਂ ਵੱਧ ਫਾਇਦਾ ਲਈਏ ਤੇ ਛੇਤੀ ਤੋਂ ਛੇਤੀ ਸ਼ੁਰੂ ਕਰ ਸਕੀਏ। ਇਸ ਲਈ ਆਈ.ਟੀ. ਨੂੰ ਇਨਕਲੂਡ ਕਰਨਾ ਚਾਹੀਦਾ ਹੈ ਜਿਸ ਨਾਲ ਅਸੀਂ ਸੋਇਲ ਟੈਸਟ ਕਰੀਏ, ਬਿਮਾਰੀਆਂ ਦੇਖੀਏ। ਇਸ ਨਾਲ ਅਸੀਂ ਕਿਸਾਨਾਂ ਨੂੰ ਉਨ੍ਹਾਂ ਬਿਮਾਰੀਆਂ ਬਾਰੇ ਇੱਕ ਸੈਂਟਰ ਤੋਂ ਹੀ ਦੱਸ ਸਕਦੇ ਹਾਂ ਕਿ ਉਨ੍ਹਾਂ ਬਿਮਾਰੀਆਂ ਦਾ ਇਲਾਜ ਕੀ ਹੈ। ਸੋ, ਮੈਂ ਜ਼ਿਆਦਾ ਨਾ ਬੋਲਦਾ ਹੋਇਆ ਇੱਕ ਗੱਲ ਕਹਿਣਾ ਚਾਹਾਂਗਾ ਕਿ ਪੰਜਾਬ ਦਾ ਜਿਹੜਾ ਪਾਣੀ ਹੈ, ਉਹ ਅਸੀਂ ਇਸ ਧਰਤੀ ਨੂੰ ਸਿੰਜ ਕੇ ਅਨਾਜ ਪੈਦਾ ਕਰਨ ਲਈ ਯੂਜ਼ ਕੀਤਾ ਹੈ। ਵਾਟਰ ਟੇਬਲ ਥੱਲੇ ਜਾ ਰਿਹਾ ਹੈ, ਅਗਰ ਅਸੀਂ ਪੰਜਾਬ ਨੂੰ ਸਟੱਡੀ ਕਰੀਏ ਤਾਂ ਸਾਡੇ ਕੋਲ ਢਾਈ ਦਰਿਆ ਹਨ ਤੇ ਜਦੋਂ ਹੜ੍ਹ ਆਉਂਦਾ ਹੈ ਤਾਂ ਕੇਵਲ ਪੰਜਾਬ ਡੁੱਬਦਾ ਹੈ।

*12.24 ਵਜੇ ਬਾਅਦ ਦੁਪਹਿਰ) (ਇਸ *ਸਮੇਂ ਸਰਦਾਰ ਹਰਪ੍ਰਤਾਪ ਸਿੰਘ ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਤੁਸੀਂ ਪਿਛਲੇ ਸਾਲ ਵੇਖਿਆ ਹੋਣਾ ਕਿ ਪਾਣੀ ਰਾਜਸਥਾਨ ਨੂੰ ਵੀ ਚਾਹੀਦਾ ਹੈ, ਹਰਿਆਣੇ ਨੂੰ ਵੀ ਚਾਹੀਦਾ ਹੈ, ਦਿੱਲੀ ਨੂੰ ਵੀ ਚਾਹੀਦਾ ਹੈ, ਸਾਡੇ ਹਿੱਸੇਦਾਰਾਂ ਨੂੰ ਵੀ ਚਾਹੀਦਾ ਹੈ ਪਰ ਮੇਰੇ ਵੀਰੋ, ਜਦੋਂ ਕੰਪਨਸੇਸ਼ਨ ਦੇਣ ਦੀ ਗੱਲ ਆਉਂਦੀ ਹੈ, ਸਾਡਾ ਪੰਜਾਬ ਡੁੱਬਿਆ, ਫਿਰੋਜ਼ਪੁਰ ਜ਼ਿਲ੍ਹਾ, ਜਲੰਧਰ ਜ਼ਿਲ੍ਹਾ, ਪਟਿਆਲੇ ਦੇ ਕੁਝ ਹਿੱਸੇ ਡੁੱਬੇ ਤਾਂ ਸਾਨੂੰ ਭਾਰਤ ਸਰਕਾਰ ਨੇ ਐਡੀਕੁਏਟ ਕੰਪਨਸੇਸ਼ਨ ਨਹੀਂ ਦਿੱਤਾ। ਸਾਡਾ ਪਾਣੀ ਉਹ ਲੈ ਜਾਣ ਔਰ ਹੜ੍ਹਾਂ ਵਿੱਚ ਅਸੀਂ ਡੁੱਬੀਏ? ਫਿਰ ਜੇ ਹੜ੍ਹ ਆ ਜਾਵੇ ਤਾਂ ਪਾਣੀ ਪਾਕਿਸਤਾਨ ਵੱਲ ਨੂੰ ਚਲਾ ਜਾਂਦਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅਗਰ ਪੰਜਾਬ ਦੀ ਸਟੱਡੀ ਕੀਤੀ ਜਾਵੇ ਤਾਂ ਜਿੰਨੀ ਸਾਡੇ ਕੋਲ ਧਰਤੀ ਹੈ, ਅਸੀਂ ਉਹ 70-71%

[ਰਾਣਾ ਗੁਰਜੀਤ ਸਿੰਘ]

ਟਿਊਬਵੈੱਲਾਂ ਰਾਹੀਂ ਇਰੀਗੇਟ ਕਰਦੇ ਹਾਂ ਅਤੇ 29-30% ਕੈਨਾਲਜ਼ ਰਾਹੀਂ ਇਰੀਗੇਟ ਕਰਦੇ ਹਾਂ। ਇਹ ਡੈਮ ਭਰ ਲੈਂਦੇ ਹਨ, ਕਲਾਈਮੇਟ ਚੇਂਜ ਹੋਣ ਕਾਰਨ ਇਸ ਸਾਲ ਸਾਡੇ ਬਾਰਿਸ਼ ਵੱਧ ਹੋਣ ਕਰਕੇ ਡੈਮ ਨੱਕੋ-ਨੱਕ ਭਰੇ ਹੋਏ ਹਨ। ਗਰਮੀਆਂ ਵਿੱਚ snow ਨੇ ਮੈਲਟ ਕਰਨਾ ਹੈ ਅਤੇ ਇਹ ਲੈਵਲ ਡਾਊਨ ਨਹੀਂ ਜਾਣਾ। ਅਸੀਂ ਸਹੀ ਮਾਅਨਿਆਂ ਵਿੱਚ 4 ਤੋਂ 5 ਮਹੀਨੇ ਪਾਣੀ ਇਰੀਗੇਸ਼ਨ ਲਈ ਇਸਤੇਮਾਲ ਕਰਦੇ ਹਾਂ, 7 ਮਹੀਨੇ ਉਹ ਡੈਮਾਂ ਵਿੱਚ ਫਲੋਅ ਘਟਾ ਦਿੱਤਾ ਜਾਂਦਾ ਹੈ ਜਾਂ ਜਿਸ ਸਟੇਟ ਨੂੰ ਲੋੜ ਹੈ ਤਾਂ ਉਹ ਸਟੇਟ ਲੈ ਜਾਂਦੀ ਹੈ। ਇਹ ਯੂਨੀਫੌਰਮਲੀ ਸਾਰਾ ਸਾਲ ਪਾਣੀ ਫਲੋਅ ਕਰਨਾ ਚਾਹੀਦਾ ਹੈ। ਇੱਥੇ ਐਮ.ਐਲ.ਏ., ਬਠਿੰਡਾ ਨੇ ਸਾਡੇ ਮੰਤਰੀ ਸੁਖ ਸਰਕਾਰੀਆ ਸਾਹਿਬ ਨੂੰ ਸਵਾਲ ਕੀਤਾ ਸੀ ਕਿ ਜਦੋਂ ਮੀਂਹ ਪੈਂਦਾ ਹੈ ਤਾਂ ਟੇਲਾਂ ਤੇ ਹੜ੍ਹ ਆ ਜਾਂਦਾ ਹੈ। ਉਨ੍ਹਾਂ ਨੇ ਜਵਾਬ ਦਿੱਤਾ ਪਰ ਸਵਾਲ ਇਸ ਗੱਲ ਦਾ ਹੈ ਕਿ ਪੰਜਾਬ ਨੂੰ ਅੱਜ ਤੋਂ ਤਿਆਰੀ ਕਰਨੀ ਚਾਹੀਦੀ ਹੈ ਕਿਉਂਕਿ ਜਿਹੜਾ ਸਾਡਾ ਪਾਣੀ ਡੀਪਲੀਟ ਹੋ ਗਿਆ, ਉਹ ਤਾਂ ਹੋ ਗਿਆ ਪਰ ਅੱਗੇ ਤੋਂ we should spend money to harvest the water. ਜਦੋਂ ਸਾਨੂੰ ਲੋੜ ਨਹੀਂ, ਸਾਡੇ ਕੋਲ ਇਹੋ ਜਿਹੀਆਂ ਡਰੇਨਾਂ ਹਨ, ਜਿਨ੍ਹਾਂ ਦੇ ਨਾਲ ਕੈਨਾਲ ਜਾ ਰਹੀ ਹੈ। ਉਨ੍ਹਾਂ ਵਿੱਚ ਇਹੋ ਜਿਹੇ ਸਾਧਨ ਬਣਾਈਏ ਕਿ ਉਹ ਡਰੇਨਾਂ ਨੂੰ ਦੋਨੋਂ ਬੰਨੇ ਲੌਕ ਕਰਕੇ ਪਾਣੀ ਪਾਈ ਜਾਈਏ ਤੇ ਪਾਣੀ ਥੱਲੇ ਚਲਾ ਜਾਵੇ। ਹੜ੍ਹਾਂ ਦਾ ਪਾਣੀ ਜਾਂ ਜਦੋਂ ਸਾਨੂੰ ਸਾਡੇ ਹਿੱਸੇ ਦਾ ਪਾਣੀ ਮਿਲਦਾ ਹੈ ਤਾਂ ਅਸੀਂ ਦਰਿਆਵਾਂ ਦੇ ਕਿਨਾਰੇ ਚੈਨਲਜ਼ ਬਣਾ ਕੇ ਅੱਧਾ-ਅੱਧਾ ਕਿਲੋਮੀਟਰ ਦੂਰ ਲੈ ਜਾ ਕੇ ਵੱਡੇ-ਵੱਡੇ ਵੈੱਲਜ਼ ਬਣਾ ਕੇ ਉਸ ਪਾਣੀ ਨੂੰ ਹਾਰਵੈਸਟ ਕਰੀਏ। ਫਾਈਨਾਂਸ ਮਨਿਸਟਰ ਸਾਹਿਬ, ਇਸ ਦੀ ਸਟੱਡੀ ਲਈ ਤੁਹਾਨੂੰ ਪੈਸੇ ਰੱਖਣੇ ਚਾਹੀਦੇ ਹਨ, ਸਟੱਡੀ ਕਰਵਾਓ ਕਿ how do we assure ਕਿ ਜਿਹੜਾ ਸਾਡਾ ਵਾਟਰ ਲੈਵਲ ਹੈ, ਜਿੰਨਾ ਹੁਣ ਤੱਕ ਥੱਲੇ ਚਲਿਆ ਗਿਆ, ਇਸ ਤੋਂ ਵੱਧ ਥੱਲੇ ਨਾ ਜਾਵੇ। ਅਗਰ ਅਸੀਂ ਇਸ ਦੀ ਸਟੱਡੀ ਕਰਕੇ ਇੰਪਲੀਮੈਂਟ ਕਰਵਾਵਾਂਗੇ, ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਪੰਜਾਬ ਦਾ ਵਾਟਰ ਲੈਵਲ ਅੱਪ ਹੋਵੇਗਾ। ਇਹ ਸਾਡੇ ਪੰਜਾਬ ਦੀ ਲੋੜ ਹੈ।

ਪੰਜਾਬ ਦੀ ਅਗਰ ਗੱਲ ਕਰੀਏ ਤਾਂ ਪਿੱਛੇ ਜਦੋਂ ਫਲੱਡਜ਼ ਆਏ ਸਨ ਤਾਂ ਮੈਂ ਮੁੱਖ ਮੰਤਰੀ ਸਾਹਿਬ ਜੀ ਨਾਲ ਸ਼ਾਹਕੋਟ, ਕਪੂਰਥਲਾ, ਸੁਲਤਾਨਪੁਰ ਗਿਆ। ਮਾਨਯੋਗ ਮੁੱਖ ਮੰਤਰੀ ਸਾਹਿਬ ਜੀ ਦੀ ਇੱਕ ਅੱਛੀ ਸੋਚ, ਉਨ੍ਹਾਂ ਨੇ ਕਿਹਾ ਕਿ ਮੈਂ ਇਨ੍ਹਾਂ ਦਰਿਆਵਾਂ ਨੂੰ ਰੀਲਾਈਨ ਕਰਨਾ ਚਾਹੁੰਦਾ ਹਾਂ। ਬਹੁਤ ਚੰਗੀ ਗੱਲ ਹੈ, ਇਹ ਦਰਿਆ ਰੀਲਾਈਨ ਹੋਣੇ ਚਾਹੀਦੇ ਹਨ।

*12.27 ਵਜੇ ਬਾਅਦ ਦੁਪਹਿਰ) (ਇਸ *ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਪਾਣੀ ਕੰਟਰੋਲਡ ਇੱਕ ਏਰੀਏ ਰਾਹੀਂ ਪਾਸ ਹੋਵੇ। ਉਸ ਦੀਆਂ ਸਾਈਡਾਂ ਤੇ ਬੰਨ੍ਹ ਅਤੇ 4-5, 8-8 ਲੇਨ ਸੜਕਾਂ ਹੋਣ। ਮੈਂ ਅੱਜ ਦੀ ਗੱਲ ਨਹੀਂ ਕਰ ਰਿਹਾ ਹਾਂ। ਇਹ ਆਉਣ ਵਾਲੇ 20 ਸਾਲ, 50 ਸਾਲ ਦੀ ਤਸਵੀਰ ਹੈ। ਅੱਜ ਪੰਜਾਬ ਵਿੱਚ traffic ਕੰਜੈਸ਼ਨ ਹੈ। ਕਿਸੇ ਸ਼ਹਿਰ ਵਿੱਚ ਚਲੇ ਜਾਓ ਤਾਂ ਸੜਕਾਂ ਨਹੀਂ ਹਨ, ਕਿਤੇ ਚਲੇ ਜਾਓ ਤਾਂ ਪੀਣ ਵਾਲਾ ਸਾਫ ਪਾਣੀ ਉਪਲਬਧ ਨਹੀਂ ਹੈ। ਸਾਡੇ ਦਰਿਆ ਸਾਫ ਹੋਣ ਔਰ ਆਉਣ ਵਾਲੇ ਸਮੇਂ ਵਿੱਚ ਵਸੋਂ ਇਨ੍ਹਾਂ ਦਰਿਆਵਾਂ ਦੇ ਉੱਤੇ ਹੋਵੇ। ਜਦੋਂ ਸੜਕਾਂ ਪਠਾਨਕੋਟ, ਰੋਪੜ ਤੋਂ ਲੈ ਕੇ ਹਰੀਕੇ ਤੱਕ ਸਿੱਧੀਆਂ ਜਾਣਗੀਆਂ ਤਾਂ ਕਿੰਨਾ ਟਰੈਵਲਿੰਗ ਟਾਈਮ ਘਟੇਗਾ ਔਰ ਵੈਸੇ ਵੀ ਸਾਡੀ ਅਰਬੇਨਾਈਜ਼ੇਸ਼ਨ ਦਰਿਆਵਾਂ ਦੇ ਕਿਨਾਰੇ ਹੋਣੀ ਚਾਹੀਦੀ ਹੈ। ਐਫ.ਐਮ. ਸਾਹਿਬ, ਇਸ ਦੀ ਸਟੱਡੀ ਵਾਸਤੇ ਮੈਂ ਦੇਖਿਆ ਹੈ ਕਿ ਬਜਟ ਵਿੱਚ ਇੱਕ ਵੀ ਰੁਪਿਆ ਨਹੀਂ ਰੱਖਿਆ ਗਿਆ। ਇਸ ਦੀ ਸਟੱਡੀ ਕਰਵਾਉਣ ਲਈ ਭਾਵੇਂ 100 ਕਰੋੜ ਰੁਪਿਆ ਖਰਚਣਾ ਪਵੇ, ਇਹ ਪੰਜਾਬ ਸਰਕਾਰ ਨੂੰ ਖਰਚਣਾ ਚਾਹੀਦਾ ਹੈ। ਆਪਣਾ ਭਵਿੱਖ, ਆਪਣੇ ਬੱਚਿਆਂ ਦਾ ਭਵਿੱਖ ਔਰ ਜਿਹੜੇ ਲੋਕ ਦਰਿਆਵਾਂ ਦੇ ਕਿਨਾਰੇ ਬੈਠੇ ਹਨ, ਜਿਹੜੇ ਕੱਲ੍ਹ ਦੇ ਸੁੰਦਰ ਪੰਜਾਬ ਬਾਰੇ ਮੈਂ ਕਲਪਨਾ ਕਰ ਰਿਹਾ ਹਾਂ, ਉਹ ਤੁਸੀਂ ਵੀ ਕਰ ਰਹੇ ਹੋਵੋਗੇ। ਮੰਤਰੀ ਜੀ, ਉਸ ਸੋਚ ਨੂੰ ਅੱਗੇ ਵਧਾਉਂਦੇ ਹੋਏ ਇਹ ਵਰਲਡ ਬੈਂਕ ਤੋਂ ਫਾਈਨਾਂਸ ਕਰਵਾਓ, ਕਿਸੇ ਹੋਰ ਜਗ੍ਹਾ ਤੋਂ ਫਾਈਨਾਂਸ ਕਰਵਾਓ। ਮੈਂ ਸਮਝਦਾ ਹਾਂ ਕਿ ਫਾਈਨਾਂਸ ਲਈ water harvesting and realignment of the rivers ਅਤਿਅੰਤ ਜ਼ਰੂਰੀ ਚੀਜ਼ ਹੈ। ਮੈਂ ਇੱਕ ਗੱਲ ਜ਼ਰੂਰ ਕਰਨੀ ਚਾਹੁੰਦਾ ਹਾਂ ਇਹ ਬੜੀ ਕੰਮ ਦੀ ਗੱਲ ਹੈ। ਗੱਲ ਇਹ ਹੈ ਕਿ ਮੈਂ ਪੜ੍ਹ ਰਿਹਾ ਸੀ ਕਿ ਸਰਕਾਰ ਕੋਆਪਰੇਟਿਵ ਮਿੱਲਾਂ ਦੀ ਐਕਸਪੈਨਸ਼ਨ ਕਰਨ ਜਾ ਰਹੀ ਹੈ। ਤੁਹਾਡਾ ਮੈਂਬਰ ਹੁੰਦੇ ਹੋਏ, ਮੈਨੂੰ ਦੁੱਖ ਹੈ ਕਿ ਮੈਂ ਇਹ ਸਵਾਲ ਤੁਹਾਡੇ ਥਰੂ ਕਰ ਰਿਹਾ ਹਾਂ ਕਿ ਹਰ ਸਾਲ ਕਿੰਨੀਆਂ ਮਿੱਲਾਂ ਘਟਾਉਣੀਆਂ ਹਨ? ਇਹ ਸ਼ੂਗਰ ਮਿੱਲਾਂ 300 ਕਰੋੜ ਰੁਪਿਆ ਹਰ ਸਾਲ ਸਰਕਾਰ ਤੋਂ ਮੰਗਦੀਆਂ ਹਨ। ਇਹ ਕੋਆਪਰੇਟਿਵ ਮਿੱਲਾਂ ਨਹੀਂ ਹਨ, ਇਹ ਸਹਿਕਾਰੀ ਮਿੱਲਾਂ ਨਹੀਂ ਹਨ ਬਲਕਿ ਇਹ ਸਰਕਾਰੀ ਮਿੱਲਾਂ ਹਨ। ਸਹਿਕਾਰੀ ਅਤੇ ਸਰਕਾਰੀ ਦਾ ਬੜਾ ਅੰਤਰ ਹੈ। ਸਾਡੀਆਂ ਸਹਿਕਾਰੀ ਮਿੱਲਾਂ ਤੇ ਟੈਕਸ ਪੇਅਰਜ਼ ਦਾ ਪੈਸਾ ਅਸੀਂ ਖਰਾਬ ਨਹੀਂ ਕਰ ਸਕਦੇ। ਜੇ ਐਕਸਪੈਂਡ ਕਰਾਂਗੇ ਤਾਂ ਨੁਕਸਾਨ ਦੁੱਗਣੇ ਹੋਣਗੇ। ਕੀ ਅੱਜ ਪੰਜਾਬ ਵਿੱਚ, ਜਿੰਨੇ ਤੁਸੀਂ ਸਾਰੇ ਮੈਂਬਰਜ਼ ਇੱਥੇ ਬੈਠੇ ਹੋ, ਸਾਡੀ ਇਹ ਗੱਲ ਕਹਿਣ ਦੀ ਜ਼ਿੰਮੇਵਾਰੀ ਨਹੀਂ ਬਣਦੀ, ਭਾਵੇਂ ਮੈਨੂੰ ਕੋਈ ਚੰਗਾ ਕਹੇ,

[ਰਾਣਾ ਗੁਰਜੀਤ ਸਿੰਘ]

ਭਾਵੇਂ ਮੈਨੂੰ ਕੋਈ ਮਾੜਾ ਕਹੇ, ਮੈਂ ਪੰਜਾਬ ਦੇ ਇਸ ਪਵਿੱਤਰ ਸਦਨ ਦਾ ਮੈਂਬਰ ਹਾਂ। ਮੈਂ ਅਪੋਜ਼ ਕਰਦਾ ਹਾਂ ਕਿ ਕੋਈ ਪੈਸਾ ਇਨ੍ਹਾਂ ਮਿੱਲਾਂ ਵਿੱਚ ਖਰਚ ਨਹੀਂ ਹੋਣਾ ਚਾਹੀਦਾ।

ਮੈਂ ਇਸ ਤੋਂ ਅੱਗੇ ਚੱਲਣਾ ਚਾਹਾਂਗਾ, ਇਹ ਮਸਲਾ ਪੰਜਾਬ ਦਾ ਹੈ। ਪੰਜਾਬ ਦਾ ਪੈਸਾ ਹਰ ਸਾਲ ਟੈਕਸ ਪੇਅਰਜ਼ ਮਨੀ ਵਿੱਚ ਜਾ ਰਿਹਾ ਹੈ। ਅਸੀਂ ਦਲਿਤਾਂ ਨੂੰ ਤਾਂ ਵਜ਼ੀਫੇ ਨਹੀਂ ਦੇ ਪਾ ਰਹੇ ਹਾਂ। ਮੈਨੂੰ ਰਿੰਕੂ ਜੀ (ਸ਼੍ਰੀ ਸੁਸ਼ੀਲ ਕੁਮਾਰ ਰਿੰਕੂ) ਲਿਖਾ ਕੇ ਗਏ ਹਨ ਕਿ ਤੁਸੀਂ ਪੋਸਟ ਮੈਟਰਿਕ ਸਕਾਲਰਸ਼ਿਪ ਤੇ ਬੋਲਣਾ। ਜਿਹੜੀ ਸਾਡੀ ਪੋਸਟ ਮੈਟਰਿਕ ਸਕਾਲਰਸ਼ਿਪ ਹੈ, ਪਹਿਲੇ ਸਮੇਂ ਵਿੱਚ 10 ਪਰਸੈਂਟ ਸਟੇਟ ਦਾ ਤੇ 90 ਪਰਸੈਂਟ ਕੇਂਦਰ ਦਾ ਹਿੱਸਾ ਸੀ। ਭਾਰਤ ਸਰਕਾਰ ਨੇ ਪਿੱਛਾ ਛੁਡਾ ਲਿਆ, ਕਹਿੰਦੇ 50:50 ਹੈ, 40:60 ਕਰ ਲਓ। ਇਸ ਤਰ੍ਹਾਂ ਨਹੀਂ ਹੁੰਦਾ। ਇਨ੍ਹਾਂ ਨੂੰ ਵੀ (ਭਾਰਤੀ ਜਨਤਾ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ ਕਰਦੇ ਹੋਏ) ਸੋਚਣਾ ਚਾਹੀਦਾ ਹੈ। ਇੱਥੇ ਮੇਰੇ ਸਤਿਕਾਰਯੋਗ ਬੀ.ਜੇ.ਪੀ. ਦੇ ਮੈਂਬਰ ਬੈਠੇ ਹਨ, ਤੁਸੀਂ ਉੱਪਰ ਜਾ ਕੇ ਕਹੋ ਕਿ ਦਲਿਤਾਂ ਦਾ ਹੱਕ ਨਾ ਮਾਰੋ, ਇਨ੍ਹਾਂ ਦਾ ਹੱਕ ਬਣਦਾ ਹੈ ਅਤੇ ਇਨ੍ਹਾਂ ਦਾ ਬਣਦਾ ਹੱਕ ਜ਼ਰੂਰ ਮਿਲਣਾ ਚਾਹੀਦਾ ਹੈ। ਦੂਜੇ ਬੰਨੇ, 300 ਕਰੋੜ ਰੁਪਿਆ ਸਰਕਾਰ ਕਢਾਵੇ, ਮਿੱਲਾਂ ਦੀ ਐਕਸਪੈਨਸ਼ਨ ਨੂੰ 600 ਕਰੋੜ ਕਰੋ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਸਾਲਾਂ ਦੇ ਵਿੱਚ Molasses ਦਾ ਰੇਟ ਪੰਜ ਰੁਪਏ ਕੁਇੰਟਲ ਸੀ, ਭਾਵ ਜ਼ੀਰੋ ਕਹਿ ਲਓ, ਮੈਂ ਸ਼ੂਗਰ ਮਿੱਲ ਚਲਾਉਂਦਾ ਹਾਂ। ਮੈਂ ਈਥਾਨੋਲ ਬਣਾਉਂਦਾ ਹਾਂ। ਅਸੀਂ 50 ਤੋਂ 70 ਕਰੋੜ ਰੁਪਿਆ ਡਿਸਟਿਲਰੀ ਤੋਂ ਕਮਾਇਆ ਹੈ। ਇਹ Molasses ਤੋਂ ਕਨਵਰਟ ਕਰਕੇ, ਈਥਾਨੋਲ ਤੋਂ ਕਮਾਇਆ ਹੈ। ਅਫਸੋਸ ਹੈ ਕਿ ਅੱਜ ਕੋਆਪਰੇਟਿਵ ਸ਼ੂਗਰ ਮਿੱਲਾਂ ਦੀ ਐਕਸਪੈਨਸ਼ਨ ਦੀ ਗੱਲ ਕਰ ਰਹੇ ਹਨ। ਤੁਹਾਡੀਆਂ ਤਿੰਨ ਡਿਸਟਿਲਰੀਆਂ ਜੋ ਲਗਾਈਆਂ ਗਈਆਂ ਸਨ, ਜਿਨ੍ਹਾਂ ਨੂੰ ਕੋਈ ਤਵੱਜੋ ਨਹੀਂ ਦਿੱਤੀ ਗਈ, ਉਨ੍ਹਾਂ ਨੂੰ ਚਾਲੂ ਕਰ ਲਓ। ਇਸ ਤਰ੍ਹਾਂ ਪੰਜਾਬ ਦੀਆਂ ਸ਼ੂਗਰ ਮਿੱਲਜ਼ ਬਚ ਜਾਣਗੀਆਂ। ਇਸ ਤੇ ਗੌਰ ਕਰੋ।ਮੈਂ ਸਿਰਫ ਇਸ ਇੱਕ ਆਈਟਮ ਨੂੰ ਅਪੋਜ਼ ਕਰਦਾ ਹੋਇਆ ਸਾਰੇ ਬਜਟ ਨੂੰ ਸਪੋਰਟ ਕਰਦਾ ਹਾਂ। ਵਿੱਤ ਮੰਤਰੀ ਸਾਹਿਬ, ਕੈਪਟਨ ਅਮਰਿੰਦਰ ਸਿੰਘ ਜੀ ਦੀ ਯੋਗ ਅਗਵਾਈ ਵਿੱਚ you deserve a salute, ਮੇਜ਼ ਥਪ-ਥਪਾਉਣੇ ਚਾਹੀਦੇ ਹਨ।(ਥੰਪਿੰਗ) ਸਰਵਪੱਖੀ ਵਿਕਾਸ ਨੂੰ, ਸਾਰੇ ਲੋਕਾਂ ਨੂੰ ਇੱਕ ਨਜ਼ਰ ਵਿੱਚ ਰੱਖਦੇ ਹੋਏ ਤੁਸੀਂ ਇਹ ਬਜਟ ਪੇਸ਼ ਕੀਤਾ ਹੈ। ਧੰਨਵਾਦ ਜੀ।

**ਸ਼੍ਰੀਮਤੀ ਰੁਪਿੰਦਰ ਕੌਰ ਰੂਬੀ (ਬਠਿੰਡਾ ਦਿਹਾਤੀ, ਐਸ.ਸੀ.):** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਵਿੱਤ ਮੰਤਰੀ ਜੀ ਦਾ ਧਿਆਨ ਪੈਰ੍ਹਾ ਨੰ. 120 ਵੱਲ ਦਿਵਾਉਣਾ ਚਾਹੁੰਦੀ ਹਾਂ, ਜਿਸ ਵਿੱਚ ਲਿਖਿਆ ਗਿਆ ਹੈ ਕਿ ਸਰਕਾਰ ਨੇ ਸਮਾਰਟ ਰਾਸ਼ਨ ਕਾਰਡ ਸਕੀਮ ਰਾਹੀਂ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਦੇ ਕੁੱਲ 35,55,040 ਪਰਿਵਾਰਾਂ ਵਿੱਚੋਂ 31,63,640 ਪਰਿਵਾਰਾਂ ਨੂੰ ਸਮਾਰਟ ਕਾਰਡ ਰਾਹੀਂ ਰਾਸ਼ਨ ਦੀ ਵੰਡ ਕਰ ਦਿੱਤੀ ਹੈ। ਡਿਪਟੀ ਸਪੀਕਰ ਸਾਹਿਬ, ਜੇਕਰ ਅਸੀਂ ਇਕੱਲੇ ਬਠਿੰਡੇ ਜ਼ਿਲ੍ਹੇ ਦੀ ਗੱਲ ਕਰੀਏ ਤਾਂ ਬਠਿੰਡਾ ਜ਼ਿਲ੍ਹੇ ਵਿੱਚ ਟੋਟਲ 1,52,158 ਪਰਿਵਾਰ ਹਨ, ਜਿਨ੍ਹਾਂ ਦੇ ਕਾਰਡ ਬਣੇ ਹੋਏ ਸਨ ਅਤੇ ਉਨ੍ਹਾਂ ਵਿੱਚੋਂ 12,040 ਲੋਕਾਂ ਦੇ ਕਾਰਡ ਕੱਟ ਦਿੱਤੇ ਗਏ ਹਨ। ਸਰ, ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਬਠਿੰਡਾ ਜ਼ਿਲ੍ਹੇ ਵਿੱਚੋਂ ਕਾਂਗਰਸ ਦੇ ਤਿੰਨ ਐਮ.ਐਲ.ਏ. ਹਨ। ਜਿਨ੍ਹਾਂ 72,350 ਪਰਿਵਾਰਾਂ ਦੇ ਕਾਰਡ ਬਣੇ ਹੋਏ ਸਨ, ਉਨ੍ਹਾਂ ਵਿੱਚੋਂ 2253 ਭਾਵ 3 ਪਰਸੈਂਟ ਕਾਰਡ ਕੱਟੇ ਗਏ। ਬਠਿੰਡਾ ਜ਼ਿਲ੍ਹੇ ਵਿੱਚੋਂ ਹੀ ਆਮ ਆਦਮੀ ਪਾਰਟੀ ਦੇ ਤਿੰਨ ਐਮ.ਐਲ.ਏਜ਼ ਵੀ ਹਨ, ਉਨ੍ਹਾਂ ਦੇ 79,808 ਪਰਿਵਾਰਾਂ ਦੇ ਕਾਰਡ ਬਣੇ ਹੋਏ ਸਨ, ਜਿਨ੍ਹਾਂ ਵਿੱਚੋਂ 9786 ਭਾਵ 12.26 ਪਰਸੈਂਟ ਕਾਰਡ ਕੱਟ ਦਿੱਤੇ ਗਏ ਹਨ। ਸਰ, ਕਾਂਗਰਸ ਵਾਲਿਆਂ ਦੇ ਤਿੰਨ ਪਰਸੈਂਟ ਕਾਰਡ ਕੱਟੇ ਗਏ ਅਤੇ ਸਾਡੇ 12 ਪਰਸੈਂਟ ਕਾਰਡ ਕੱਟੇ ਗਏ ਹਨ।ਇਸ ਤੋਂ ਵੀ ਹੈਰਾਨੀ ਦੀ ਗੱਲ ਇਹ ਹੈ ਕਿ ਵਿੱਤ ਮੰਤਰੀ, ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਦੇ ਬਠਿੰਡਾ ਸ਼ਹਿਰੀ ਹਲਕੇ ਵਿੱਚੋਂ ਇੱਕ ਵੀ ਰਾਸ਼ਨ ਕਾਰਡ ਨਹੀਂ ਕੱਟਿਆ ਗਿਆ। ਇਸ ਤੋਂ ਵੱਡੀ ਪਾਰਸ਼ੈਲਟੀ ਹੋਰ ਕੀ ਹੋ ਸਕਦੀ ਹੈ? ਇਸ ਤੋਂ ਇਲਾਵਾ ਆਟਾ-ਦਾਲ ਸਕੀਮ ਤਹਿਤ ਜਿਹੜੇ ਫਾਰਮ ਮਿਲਦੇ ਹਨ, ਇਸ ਵਿੱਚ ਵੀ ਬਹੁਤ ਪਾਰਸ਼ੈਲਟੀ ਹੁੰਦੀ ਹੈ। ਜਦੋਂ ਅਸੀਂ ਇਸ ਮੁੱਦੇ ਤੇ ਸਵਾਲ ਲਗਾਉਂਦੇ ਹਾਂ ਤਾਂ ਸਪੀਕਰ ਸਾਹਿਬ ਵੱਲੋਂ ਰਿਜੈਕਟ ਹੋ ਕੇ ਆ ਜਾਂਦਾ ਹੈ ਕਿ ਇਹ ਸਵਾਲ ਤਾਂ ਸਰਕਾਰੀ ਨੀਤੀ ਨਾਲ ਸਬੰਧਿਤ ਹੀ ਨਹੀਂ ਹੈ। ਜੇਕਰ ਇਹ ਸਰਕਾਰੀ ਨੀਤੀ ਨਾਲ ਸਬੰਧਿਤ ਹੀ ਨਹੀਂ ਤਾਂ ਫਿਰ ਜਿਹੜੇ ਇਹ ਫਾਰਮ ਹਨ, ਉਹ ਵਿੱਤ ਮੰਤਰੀ ਸਾਹਿਬ ਦੇ ਦਫਤਰ ਵਿੱਚੋਂ ਕਿਉਂ ਮਿਲਦੇ ਹਨ? ਜੇਕਰ ਅਸੀਂ ਡੀ.ਐਸ.ਐਫ.ਓ. ਦੇ ਦਫਤਰ ਵਿੱਚ ਫਾਰਮ ਲੈਣ ਲਈ ਜਾਂਦੇ ਹਾਂ ਤਾਂ ਉਥੋਂ ਦੇ ਜਿਹੜੇ ਸਰਕਾਰੀ ਬਾਬੂ, ਪ੍ਰਸ਼ਾਸਨਿਕ ਅਧਿਕਾਰੀ ਹਨ, ਉਹ ਆਪਣੇ-ਆਪ ਨੂੰ ਅਸਮਰੱਥ ਦੱਸਦੇ ਹਨ।ਇਸ ਤੋਂ ਵੱਡੀ ਸਰਕਾਰ ਦੀ ਪਾਰਸ਼ੈਲਟੀ ਹੋਰ ਕੀ ਹੋ ਸਕਦੀ ਹੈ?

[ਸ਼੍ਰੀਮਤੀ ਰੁਪਿੰਦਰ ਕੌਰ ਰੂਬੀ]

ਦੂਸਰੀ ਗੱਲ, ਵਿੱਤ ਮੰਤਰੀ ਸਾਹਿਬ ਨੇ ਆਪਣੇ ਮੈਨੀਫੈਸਟੋ ਵਿੱਚ ਕਿਹਾ ਸੀ ਕਿ ਗਰੀਬਾਂ ਨੂੰ ਅਸੀਂ ਚਾਹ-ਪੱਤੀ ਅਤੇ ਖੰਡ ਵੀ ਦੇਵਾਂਗੇ ਪਰ ਇਨ੍ਹਾਂ ਨੇ ਚਾਹ-ਪੱਤੀ ਅਤੇ ਖੰਡ ਤਾਂ ਕੀ ਦੇਣੀ ਹੈ, ਇਨ੍ਹਾਂ ਨੇ ਗਰੀਬਾਂ ਨੂੰ ਮਿਲਣ ਵਾਲੀ ਦਾਲ ਵੀ ਖੋਹ ਲਈ। ਇਹ ਹੈਡਿੰਗ ਦੇਖੋ,(ਅਖਬਾਰ ਦਿਖਾਉਂਦੇ ਹੋਏ) "ਬਜਟ ਦੇਣ ਤੋਂ ਮਨਪ੍ਰੀਤ ਦਾ ਇਨਕਾਰ" ਇਸ ਤੋਂ ਵੱਡਾ ਧੱਕਾ ਦਲਿਤਾਂ ਨਾਲ ਹੋਰ ਕੀ ਹੋ ਸਕਦਾ ਹੈ?

ਮੈਂ ਤੁਹਾਡਾ ਧਿਆਨ ਬਜਟ ਦੇ ਪੈਰ੍ਹਾ ਨੰ: 98 ਵੱਲ ਦਿਵਾਉਣਾ ਚਾਹੁੰਦੀ ਹਾਂ। ਜਿਸ ਵਿੱਚ ਇੱਕ ਪਾਸੇ ਤਾਂ ਲਿਖਿਆ ਗਿਆ ਹੈ ਕਿ "ਸਾਲ 2020-21 ਦੇ ਦੌਰਾਨ ਸਾਡੇ ਦਲਿਤ ਭਰਾਵਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਵਿਦਿਅਕ ਸਮਾਜਿਕ ਅਤੇ ਹੋਰ ਵਿਕਾਸ ਪ੍ਰੋਗਰਾਮਾਂ ਲਈ ਅਤੇ ਵੱਖ ਵੱਖ ਸਕੀਮਾਂ ਲਈ 901 ਕਰੋੜ ਰੁਪਏ ਦੇ ਰਾਖਵੇਂਕਰਨ ਦੀ ਤਜਵੀਜ਼ ਹੈ।"ਇੱਕ ਪਾਸੇ ਤਾਂ ਅਸੀਂ ਰਾਖਵੇਂਕਰਨ ਦੀ ਤਜਵੀਜ਼ ਕਰ ਰਹੇ ਹਾਂ, ਦੂਜੇ ਪਾਸੇ ਵਿੱਤ ਮੰਤਰੀ ਸਾਹਿਬ ਨੇ ਦਲਿਤ ਭਾਈਚਾਰੇ ਦੇ ਵਿਦਿਆਰਥੀਆਂ ਨੂੰ ਮਿਲਣ ਵਾਲੇ ਪੋਸਟ ਮੈਟ੍ਰਿਕ ਵਜ਼ੀਫੇ ਦੀ ਗੱਲ ਤੱਕ ਵੀ ਨਹੀਂ ਲਿਖੀ।

**ਮਾਨਯੋਗ ਡਿਪਟੀ ਸਪੀਕਰ :** ਰੂਬੀ ਜੀ, ਹੁਣ ਖਤਮ ਕਰੋ।

**ਸ਼੍ਰੀਮਤੀ ਰੁਪਿੰਦਰ ਕੌਰ ਰੂਬੀ:** ਸਰ, ਪਲੀਜ਼ ਮੈਨੂੰ ਦੋ ਮਿੰਟ ਦੇ ਦੇਵੋ, ਮੈਂ finish ਕਰ ਦੇਵਾਂਗੀ। ਮੈਨੂੰ ਬਸ ਦੋ ਮਿੰਟ ਹੀ ਚਾਹੀਦੇ ਹਨ। ਸਰ, ਪੋਸਟ ਮੈਟ੍ਰਿਕ ਸਕੀਮ ਵਿੱਚ ਸਰਕਾਰ ਕਹਿੰਦੀ ਹੈ ਕਿ ਇਹ ਸੈਂਟਰ ਨੇ ਦੇਣਾ ਹੁੰਦਾ ਹੈ ਪਰ ਮੈਂ ਦੱਸਣਾ ਚਾਹੁੰਦੀ ਹਾਂ ਕਿ ਸਾਲ 2017-18 ਵਿੱਚ ਕੇਂਦਰ ਸਰਕਾਰ ਨੇ ਇਸ ਯੋਜਨਾ ਨੂੰ ਰਾਜ ਦੀ ਜ਼ਿੰਮੇਵਾਰੀ ਐਲਾਨ ਦਿੱਤਾ ਹੈ। ਉਸ ਅਨੁਸਾਰ ਸਾਲ 2017-18 ਵਿੱਚ 567 ਕਰੋੜ ਰੁਪਏ, ਸਾਲ 2018-19 ਵਿੱਚ 437 ਕਰੋੜ ਰੁਪਏ, ਸਾਲ 2019-20 ਵਿੱਚ ਵੀ 437 ਕਰੋੜ ਰੁਪਏ ਰਾਜ ਸਰਕਾਰ ਦਾ ਬਕਾਇਆ ਰਾਜ ਸਰਕਾਰ ਨੇ ਹੀ ਦੇਣਾ ਹੈ ਨਾ ਕਿ ਸੈਂਟਰ ਸਰਕਾਰ ਨੇ ਦੇਣਾ ਹੈ।

**ਮਾਨਯੋਗ ਡਿਪਟੀ ਸਪੀਕਰ :** ਰੂਬੀ ਜੀ, ਪਲੀਜ਼ ਕਨਕਲੂਡ ਕਰੋ।

**ਸ਼੍ਰੀਮਤੀ ਰੁਪਿੰਦਰ ਕੌਰ ਰੂਬੀ :** ਸਰ, ਮੈਨੂੰ ਬੋਲ ਲੈਣ ਦਿਓ। ਤੁਸੀਂ ਸਾਰਿਆਂ ਨੂੰ ਇੰਨਾ ਟਾਈਮ ਦਿੰਦੇ ਹੋ। ਮੈਨੂੰ ਵੀ ਟਾਈਮ ਦਿਆ ਕਰੋ। ਮੈਂ ਆਪਣੇ ਭਾਈਚਾਰੇ ਦੀ ਗੱਲ ਕਰਨੀ ਹੈ। ਦੂਜੇ ਪਾਸੇ ਜਿਹੜੇ ਗੁਆਂਢੀ ਰਾਜ ਹਰਿਆਣਾ ਅਤੇ ਮੱਧ ਪ੍ਰਦੇਸ਼ ਹਨ ਉਨ੍ਹਾਂ ਨੇ ਯੋਜਨਾ ਵੀ ਲਾਗੂ ਕਰ ਦਿੱਤੀ ਹੈ ਅਤੇ ਕਾਲਜਾਂ ਦਾ ਬਣਦਾ ਬਕਾਇਆ ਵੀ ਦੇ

ਦਿੱਤਾ ਹੈ। ਇਸ ਦੇ ਨਾਲ ਕਿੰਨੇ ਹੀ ਦਲਿਤ ਭਾਈਚਾਰੇ ਦੇ ਵਿਦਿਆਰਥੀ ਇਫੈਕਟ ਹੋ ਰਹੇ ਹਨ। ਵਿੱਤ ਮੰਤਰੀ ਸਾਹਿਬ ਮਹਿਲਾਂ ਵਿੱਚ ਰਹਿੰਦੇ ਹਨ। ਇਨ੍ਹਾਂ ਨੂੰ ਨਹੀਂ ਪਤਾ ਕਿ ਇਹ ਸਕੀਮ ਗਰੀਬਾਂ ਲਈ ਕਿੰਨੀ ਸਹਾਈ ਹੋ ਸਕਦੀ ਹੈ। ਇਨ੍ਹਾਂ ਨੇ ਬਜਟ ਵਿੱਚ ਸਕਾਲਰਸ਼ਿਪ ਨਾ ਐਡ ਕਰਕੇ ਧੱਕਾ ਕੀਤਾ ਹੈ। ਇਹ ਇਸ ਮੁੱਦੇ ਤੇ ਟੋਟਲ ਫੇਲੀਅਰ ਹਨ।

ਅਖੀਰ ਦੇ ਵਿੱਚ ਮੈਂ ਸਰਕਾਰ ਦਾ ਧਿਆਨ ਪੈਰ੍ਹਾ ਨੰ: 53 ਵਿੱਚ ਲਿਖੇ ਸਿਰਲੇਖ ਵੱਲ ਦਿਵਾਉਣਾ ਚਾਹੁੰਦੀ ਹਾਂ ਜਿਸ ਵਿੱਚ ਲਿਖਿਆ ਹੈ ਕਿ ਰਾਜ ਸਰਕਾਰ ਦੇ ਫਸਲੀ ਕਰਜ਼ਿਆਂ ਦੀ ਮਾਫੀ ਸਕੀਮ ਦੇ ਫਲੈਗਸ਼ਿਪ ਪ੍ਰੋਗਰਾਮ ਤਹਿਤ ਸਾਰੇ ਛੋਟੇ ਅਤੇ ਹਾਸ਼ੀਆ ਗ੍ਰਸਤ ਕਿਸਾਨਾਂ ਦੇ 2 ਲੱਖ ਰੁਪਏ ਦੇ ਸਾਰੇ ਫਸਲੀ ਕਰਜ਼ਿਆਂ ਨੂੰ ਮਾਫ ਕਰ ਦਿੱਤਾ ਹੈ। ਮੈਂ ਦੱਸਣਾ ਚਾਹੁੰਦੀ ਹਾਂ ਕਿ ਸਾਰੇ ਕਿਸਾਨਾਂ ਦਾ ਕਰਜ਼ਾ ਮਾਫ ਨਹੀਂ ਹੋਇਆ ਕਿਉਂਕਿ ਜਦੋਂ ਸਾਲ 2018 ਵਿੱਚ ਢਾਈ ਏਕੜ ਅਤੇ ਪੰਜ ਏਕੜ ਤੋਂ ਘੱਟ ਜ਼ਮੀਨ ਵਾਲੇ ਕਿਸਾਨਾਂ ਦੀ ਕਰਜ਼ਾ ਮਾਫੀ ਦੀ ਲਿਸਟ ਜਾਰੀ ਕੀਤੀ ਗਈ ਸੀ, ਉਸ ਵਿੱਚ ਘੱਟੋ-ਘੱਟ 40% ਅਜਿਹੇ ਕਿਸਾਨ ਸਨ ਜਿਹੜੇ ਇਸ ਸਕੀਮ ਦੇ ਅੰਡਰ ਆਉਂਦੇ ਸਨ ਪਰ ਉਨ੍ਹਾਂ ਦਾ ਨਾਮ ਲਿਸਟ ਵਿੱਚ ਨਹੀਂ ਸੀ। ਪੰਜਾਬ ਸਰਕਾਰ ਨੇ ਇਸ ਦੇ ਹੱਲ ਲਈ ਇੱਕ ਹਦਾਇਤ ਜਾਰੀ ਕੀਤੀ ਸੀ ਕਿ ਸਾਰੇ ਜ਼ਿਲ੍ਹਿਆਂ ਦੇ ਐਸ.ਡੀ.ਐਮ. ਦੀ ਅਗਵਾਈ ਵਿੱਚ ਕਮੇਟੀਆਂ ਬਣਾਈਆਂ ਜਾਣਗੀਆਂ, ਜਿਸ ਦੇ ਲਈ ਪੰਜਾਬ ਸਰਕਾਰ ਵੱਲੋਂ ਮਿਤੀ 16-2-2008 ਨੂੰ ਨੋਟੀਫਿਕੇਸ਼ਨ ਜਾਰੀ ਹੋਇਆ ਸੀ। ਇਸ ਤਹਿਤ ਕਰਜ਼ਾ ਮਾਫੀ ਤੋਂ ਵਾਂਝੇ ਰਹਿ ਗਏ ਛੋਟੇ ਕਿਸਾਨਾਂ ਨੇ ਐਸ.ਡੀ.ਐਮ. ਸਾਹਿਬ ਤੋਂ ਇੱਕ ਅਰਜ਼ੀ ਮਾਰਕ ਕਰਵਾ ਕੇ ਸਹਿਕਾਰੀ ਸਭਾਵਾਂ ਦੇ ਸੈਕਟਰੀ ਤੋਂ ਆਪਣੇ ਫਸਲੀ ਕਰਜ਼ਿਆਂ ਦੀ ਰਕਮ, ਖਾਤਾ ਨੰਬਰ, ਆਧਾਰ ਕਾਰਡ ਤਸਦੀਕ ਕਰਵਾ ਕੇ ਪਟਵਾਰੀ ਤੋਂ ਆਪਣੀ ਜ਼ਮੀਨ ਦੀ ਰਿਪੋਰਟ ਕਰਵਾ ਕੇ SDM ਦਫਤਰਾਂ ਵਿੱਚ ਜਮ੍ਹਾਂ ਕਰਵਾ ਦਿੱਤੀਆਂ ਸਨ। ਬਠਿੰਡੇ ਜ਼ਿਲ੍ਹੇ ਦੇ ਟੋਟਲ 4,000 ਅਜਿਹੇ ਕਿਸਾਨ ਹਨ ਜਿਹੜੇ ਇਸ ਲਿਸਟ ਦੇ ਅਧੀਨ ਆਉਂਦੇ ਹਨ। ਕੁਝ ਕਿਸਾਨਾਂ ਦਾ ਪੈਸਾ ਸਰਕਾਰ ਵੱਲੋਂ ਜਾਰੀ ਕੀਤਾ ਗਿਆ ਸੀ ਪਰ 3700-3800 ਕਿਸਾਨ ਅਜਿਹੇ ਹਨ ਜਿਨ੍ਹਾਂ ਦਾ ਪੈਸਾ ਪੰਜਾਬ ਸਰਕਾਰ ਵੱਲੋਂ ਇੱਕ ਸਾਲ ਵਿੱਚ ਜਾਰੀ ਨਹੀਂ ਹੋਇਆ। ਇਸ ਬਜਟ ਦੇ ਵਿੱਚ ਕਿਸਾਨਾਂ ਲਈ 2,000 ਕਰੋੜ ਰੁਪਿਆ ਰੱਖਿਆ ਹੋਇਆ ਹੈ, ਉਹ ਬਹੁਤ ਹੀ ਘੱਟ ਹੈ। ਇਸ ਨੂੰ ਵਧਾ ਕੇ ਛੋਟੇ ਕਿਸਾਨਾਂ ਦਾ ਕਰਜ਼ਾ ਵੀ ਮਾਫ ਕੀਤਾ ਜਾਵੇ। ਜਿਹੜੇ ਕਿਸਾਨ ਖੁਦਕੁਸ਼ੀ ਕਰ ਗਏ ਹਨ, ਉਨ੍ਹਾਂ ਦਾ ਕਰਜ਼ਾ ਵੀ ਮਾਫ ਕੀਤਾ ਜਾਵੇ। ਧੰਨਵਾਦ ਜੀ।

**ਮਾਨਯੋਗ ਡਿਪਟੀ ਸਪੀਕਰ :** ਰੂਬੀ ਜੀ, thank you. Next ਅਵਤਾਰ ਸਿੰਘ ਜੂਨੀਅਰ ਜੀ।ਤੁਹਾਡਾ ਪੰਜ ਮਿੰਟ ਦਾ ਟਾਈਮ ਹੈ। ਪੰਜ ਮਿੰਟ ਵਿੱਚ ਕਨਕਲੂਡ ਕਰਨ ਦੀ ਕੋਸ਼ਿਸ਼ ਕਰਿਓ।

**ਸ਼੍ਰੀ ਅਵਤਾਰ ਸਿੰਘ ਜੂਨੀਅਰ (ਜਲੰਧਰ ਉੱਤਰੀ) :** ਡਿਪਟੀ ਸਪੀਕਰ ਸਾਹਿਬ, ਧੰਨਵਾਦ ਜੀ। I think ਤੁਸੀਂ ਤਾਂ ਬਹੁਤ ਵਧੀਆ ਵਿਦਿਆਰਥੀ ਰਹੇ ਹੋ। PCS ਅਫਸਰ ਵੀ ਰਹੇ ਹੋ। ਸਾਡੇ ਵਰਗੇ ਜਿਹੜੇ back benchers ਸਕੂਲ ਵਿੱਚ ਵੀ ਲਿਤਾੜੇ ਗਏ ਅਤੇ ਅਸੈਂਬਲੀ ਵਿੱਚ ਵੀ ਲਿਤਾੜੇ ਗਏ ਹਾਂ। ਘੱਟੋ-ਘੱਟ 15 ਮਿੰਟ ਤਾਂ ਦੇ ਦਿਓ। ਜਿਹੜੇ ਸਾਡੇ ਸੀਨੀਅਰ ਸੀ, ਉਨ੍ਹਾਂ ਨੂੰ ਤੁਸੀਂ ਟਾਈਮ ਦੇ ਦਿੰਦੇ ਹੋ। ਸਾਨੂੰ ਤੁਸੀਂ ਪਹਿਲਾਂ ਹੀ ਡਰਾ ਦਿੰਦੇ ਹੋ। ਇਹ ਸਾਡੀ humble request ਹੈ।

**ਮਾਨਯੋਗ ਡਿਪਟੀ ਸਪੀਕਰ :** ਐਮ.ਐਲ.ਏ. ਸਾਹਿਬ, ਪਾਰਟੀ ਦਾ ਟਾਈਮ strength wise ਆਲਰੇਡੀ ਮੇਰੇ ਮੂਹਰੇ ਪਿਆ ਹੈ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਰ, ਪੰਜ ਮਿੰਟ ਵਿੱਚ ਮੁਕੰਮਲ ਥੋੜ੍ਹਾ ਹੋ ਜਾਣਾ ਹੈ? ਸਰ, ਤੁਹਾਡਾ ਧੰਨਵਾਦ, ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਸਮਾਂ ਦਿੱਤਾ ਹੈ। ਸਰ, ਮੈਂ ਜਲਦੀ ਹੀ ਕਨਕਲੂਡ ਕਰਾਂਗਾ। ਸਭ ਤੋਂ ਪਹਿਲਾਂ ਮੈਂ ਪੈਰ੍ਹਾ ਨੰ: 53 ਵੱਲ ਤੁਹਾਡਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿਉਂਕਿ ਸਾਡਾ ਰਾਜ ਕ੍ਰਿਸ਼ੀ ਵਾਲਾ ਰਾਜ ਹੈ। ਇਸ ਸਮੇਂ ਇੱਥੇ ਬਹੁਤ ਹੀ ਸੰਵੇਦਨਸ਼ੀਲ ਸਮੱਸਿਆਵਾਂ ਬਣੀਆਂ ਹੋਈਆਂ ਹਨ। ਮੈਂ ਐਫ.ਐਮ ਸਾਹਿਬ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਇਸ ਬਜਟ ਤਜਵੀਜ਼ ਵਿੱਚ 12526 ਕਰੋੜ ਰੁਪਿਆ ਫਾਰਮਿੰਗ ਸੈਕਟਰ ਵਾਸਤੇ ਰੱਖਿਆ ਹੈ। ਮੈਂ ਮੁਆਫੀ ਚਾਹੁੰਦਾ ਹਾਂ, ਕੱਲ੍ਹ ਸਾਡੇ ਸਤਿਕਾਰਯੋਗ ਮੈਂਬਰ ਸਾਹਿਬ ਨੇ ਇਹ ਆਖਿਆ ਸੀ ਕਿ ਜਿਹੜੇ ਕਿਸਾਨਾਂ ਦੀ ਡੈੱਥ ਹੋ ਰਹੀ ਹੈ, ਅਸੀਂ ਉਸ ਚੀਜ਼ ਨੂੰ ਖਤਮ ਕਰਾਂਗੇ।ਇਸ ਵਿੱਚ 4600 ਕਰੋੜ ਰੁਪਿਆ ਆਲਰੇਡੀ ਸਰਕਾਰ ਨੇ ਫਾਰਮਰਜ਼ ਵਿੱਚ ਡਿਸਟਰੀਬਿਊਟ ਕਰ ਦਿੱਤਾ ਹੈ। ਕਹਿੰਦੇ ਸੀ ਕਿ ਇਸ ਸਾਲ ਇੱਕ ਰੁਪਿਆ ਵੀ ਗੌਰਮਿੰਟ ਨੇ ਨਹੀਂ ਦਿੱਤਾ। ਸਰ, ਮੈਂ humble request ਕਰਦਾ ਹਾਂ ਕਿ ਸਾਡੇ ਬਹੁਤ ਹੀ ਸਤਿਕਾਰਯੋਗ ਬੁੱਧ ਰਾਮ ਜੀ ਨੇ ਕੱਲ੍ਹ ਮੁੱਦਾ ਚੁੱਕਿਆ ਸੀ। ਸੀ.ਐਮ. ਸਾਹਿਬ, 26 ਮਾਰਚ ਨੂੰ ਇੱਕ ਸੰਮੇਲਨ ਕਰਨ ਜਾ ਰਹੇ ਹਨ ਜਿਸ ਵਿੱਚ 1500 ਕਰੋੜ ਰੁਪਏ ਦਾ debt waive ਕਰਨ ਜਾ ਰਹੇ ਹਨ ਅਤੇ ਇਸ ਵਿੱਚ ਉਹ ਜ਼ਰੂਰ ਸ਼ਮੂਲੀਅਤ ਕਰਨ। ਇਸ ਸਾਲ ਵਾਸਤੇ

2 ਹਜ਼ਾਰ ਕਰੋੜ ਰੁਪਏ ਅਤੇ ਲੈਂਡਲੈੱਸ ਫਾਰਮਰਜ਼ ਅਤੇ ਲੇਬਰਰਜ਼ ਲਈ 520 ਕਰੋੜ ਰੁਪਏ ਦੀ ਇਹ ਤਜਵੀਜ਼ ਰੱਖੀ ਗਈ ਹੈ। ਮੈਂ ਐਫ.ਐਮ. ਸਾਹਿਬ ਦਾ ਧੰਨਵਾਦ ਕਰਦਾ ਹਾਂ ਲੇਕਿਨ ਜਿਹੜੀ ਅੱਜ ਦੀ ਹਕੀਕਤ ਹੈ, ਮੇਰੇ ਤੋਂ ਪਹਿਲਾਂ ਬਹੁਤ ਹੀ ਸਤਿਕਾਰਯੋਗ ਮੈਂਬਰ ਰਾਣਾ ਜੀ ਵੀ ਬੋਲ ਕੇ ਗਏ ਹਨ ਕਿ ਜਿਹੜਾ ਪਾਣੀ ਦਾ ਸਤਰ ਹੈ, ਸਾਡੇ ਟੋਟਲ 138 ਬਲਾਕਾਂ ਵਿੱਚੋਂ 109 ਬਲਾਕ over-exploited ਹਨ। ਸਰ, ਅੱਜ ਸਭ ਤੋਂ ਵੱਡੀ ਲੋੜ ਡਾਇਵਰਸੀਫਿਕੇਸ਼ਨ ਦੀ ਹੈ। ਮੈਂ again ਐਫ.ਐਮ. ਸਾਹਿਬ ਦਾ ਬਹੁਤ ਧੰਨਵਾਦੀ ਹਾਂ, ਜਿਨ੍ਹਾਂ ਨੇ ਹਾਰਟੀਕਲਚਰ ਨੂੰ ਪ੍ਰਮੋਟ ਕਰਨ ਵਾਸਤੇ ਪੀ.ਏ. ਯੂ. ਵਿੱਚ ਵੱਖ-ਵੱਖ ਸੈਂਟਰ ਬਣਾਏ ਹਨ ਜਿਸ ਵਿੱਚ pear, lichi and guava ਵਾਸਤੇ ਕੰਮ ਹੋਵੇਗਾ।

ਸਰ, ਸਾਡੇ ਬਹੁਤ ਹੀ ਸਤਿਕਾਰਯੋਗ ਦੁਆਬੇ ਤੋਂ ਵਜ਼ੀਰ ਸਾਹਿਬ ਜੀ ਅਗਾਂਹਵਧੂ ਸੋਚ ਰੱਖ ਕੇ Food Cluster ਹੁਸ਼ਿਆਰਪੁਰ ਵਿੱਚ ਲੈ ਕੇ ਆਏ ਹਨ। ਸਰ, ਮੈਂ ਤੁਹਾਡੇ ਦੁਆਰਾ ਐਫ.ਐਮ. ਸਾਹਿਬ ਨੂੰ ਇੱਕ ਗੁਜਾਰਿਸ਼ ਕਰਨਾ ਚਾਹੁੰਦਾ ਹਾਂ ਕਿ ਜਿਹੜੇ ਕਿਸਾਨ ਨੇ ਪਿਛਲੇ ਸਾਲ ਝੋਨੇ ਅਤੇ ਕਣਕ ਦੀ ਬਿਜਾਈ ਕੀਤੀ ਸੀ, ਉਹ ਇਸ ਝੋਨੇ ਦੀ ਲਗਾਈ ਤੋਂ ਪਹਿਲਾਂ ਆਪਣੀ ਲੈਂਡ ਨੂੰ ਡਾਇਵਰਸੀਫਾਈ ਕਰਨ। ਭਾਵੇਂ ਉਹ ਫਾਰੈਸਟਰੀ ਦੇ ਵਿੱਚ ਹੋਵੇ, ਭਾਵੇਂ ਹਾਰਟੀਕਲਚਰ ਦੇ ਵਿੱਚ ਹੋਵੇ। ਸਾਡਾ ਜਿੰਨਾ ਵੀ ਪੈਸਾ ਕਣਕ ਅਤੇ ਝੋਨੇ ਦੀ ਪ੍ਰੋਕਿਓਰਮੈਂਟ ਕਰਨ ਤੇ, ਟਰਾਂਸਪੋਰਟੇਸ਼ਨ ਵਾਸਤੇ ਅਤੇ ਸਟੋਰੇਜ ਵਾਸਤੇ ਲਗਦਾ ਹੈ ਅਤੇ ਜਿਹੜਾ ਸੀ.ਸੀ.ਐਲ. ਲਿਮਟ ਦਾ ਇੰਟਰੈਸਟ ਹੈ, ਉਸਦਾ ਹਿਸਾਬ ਲਗਾਇਆ ਜਾਵੇ। ਜੇਕਰ ਕਿਸਾਨ ਵੱਲੋਂ ਸਫੈਦਾ ਲਗਾਇਆ ਜਾਵੇ ਤਾਂ ਉਸਨੂੰ 6 ਸਾਲ ਵੱਡਾ ਹੋਣ ਨੂੰ ਲਗਦੇ ਹਨ ਜੇਕਰ ਪਾਪੂਲਰ ਲਗਾਇਆ ਜਾਵੇ ਤਾਂ ਉਸ ਵਾਸਤੇ ਵੀ 6 ਸਾਲ ਲਗਦੇ ਹਨ। ਅਗਰ fruit giving trees ਹੋਣ ਤਾਂ ਉਹ ਤਿੰਨ ਸਾਲ ਫਰੂਟ ਨਹੀਂ ਦਿੰਦੀਆਂ। ਮੇਰੀ ਮੰਗ ਹੈ ਕਿ ਉਨੇ ਸਮੇਂ ਵਾਸਤੇ ਉਸ ਫਾਰਮਰ ਦੇ ਖਾਤੇ ਵਿੱਚ ਡਾਇਰੈਕਟਲੀ ਪੈਸਾ ਟਰਾਂਸਫਰ ਕੀਤਾ ਜਾਵੇ ਤਾਂ ਕਿ ਡਾਇਵਰਸੀਫਿਕੇਸ਼ਨ ਨੂੰ ਪ੍ਰੋਤਸਾਹਿਤ ਕੀਤਾ ਜਾ ਸਕੇ।

ਸਰ, ਅੱਜ ਸਾਡੇ ਵਜ਼ੀਰ ਚੰਨੀ ਜੀ ਬੈਠੇ ਨਹੀਂ ਹਨ। ਮੈਂ ਪੈਰ੍ਹਾ ਨੰ: 92 ਤੇ ਤੁਹਾਡਾ ਧਿਆਨ ਲੈ ਕੇ ਜਾਣਾ ਚਾਹੁੰਦਾ ਹਾਂ। ਇੱਕ ਬਹੁਤ ਹੀ ਇੰਪਾਟੈਂਟ ਡਿਪਾਰਟਮੈਂਟ, ਜਿਸ ਵਿੱਚ ਐਫ.ਐਮ. ਸਾਹਿਬ ਨੇ ਟੂਰਿਜ਼ਮ ਅਤੇ ਕਲਚਰਲ ਅਫੇਅਰ ਵਾਸਤੇ 447 ਕਰੋੜ ਰੁਪਿਆ ਦਿੱਤਾ ਹੈ। ਪੰਜਾਬ ਗੁਰੂਆਂ ਪੀਰਾਂ ਦੀ ਧਰਤੀ ਹੈ। ਸਾਡਾ ਰਿਲੀਜੀਅਸ ਟੂਰਿਜ਼ਮ ਬਹੁਤ ਵਧੀਆ ਹੈ ਪਰ ਕਲਚਰ ਟੂਰਿਜ਼ਮ ਅਤੇ ਹੈਰੀਟੇਜ ਟੂਰਿਜ਼ਮ ਦੇ ਵਿੱਚ ਅਸੀਂ ਆਪਣੇ ਬਿਲਕੁਲ ਨੇੜੇ ਵਾਲੇ ਪ੍ਰਦੇਸ਼ ਰਾਜਸਥਾਨ ਤੋਂ ਬਹੁਤ ਪਿੱਛੇ ਹਾਂ । ਅਗਰ ਯੂਰਪ ਦੇ ਵਿੱਚ ਦੇਖਿਆ ਜਾਵੇ ਤਾਂ ਉਨ੍ਹਾਂ ਤੋਂ ਤਾਂ ਅਸੀਂ 100 ਸਾਲ ਪਿੱਛੇ ਹਾਂ।

[ਸ਼੍ਰੀ ਅਵਤਾਰ ਸਿੰਘ ਜੂਨੀਅਰ]

ਸਰ, ਮੇਰੀ humble request ਐਫ.ਐਮ. ਸਾਹਿਬ ਨੂੰ ਹੈ, ਸਾਡੇ ਮੁੱਖ ਮੰਤਰੀ ਸਾਹਿਬ ਵੀ ਬਹੁਤ ਵਧੀਆ ਇਤਿਹਾਸਕਾਰ ਹਨ ਤੇ ਐਫ.ਐਮ. ਸਾਹਿਬ ਵੀ ਇਤਿਹਾਸ ਦੇ ਬਹੁਤ ਵੱਡੇ ਗਿਆਨੀ ਹਨ, ਮੇਰੀ ਰਿਕੁਐਸਟ ਹੈ ਕਿ ਸਾਡੇ ਬਹੁਤ ਵੱਡੇ-ਵੱਡੇ ਮਿਨਾਰ ਹਨ, ਕਿਲ੍ਹੇ ਹਨ, ਸਰਾਵਾਂ ਹਨ, ਜਿਨ੍ਹਾਂ ਨੂੰ ਟੂਰਿਜ਼ਮ ਵਿੱਚ ਪ੍ਰਮੋਟ ਕਰ ਸਕਦੇ ਹਾਂ। ਇਹ ਇੱਕ ਇਹੋ ਜਿਹਾ ਡਿਪਾਰਟਮੈਂਟ ਹੈ, ਜਿਸ ਵਿੱਚ ਅਸੀਂ ਰੈਵੇਨਿਊ ਜੈਨਰੇਟ ਕਰ ਸਕਦੇ ਹਾਂ। ਮੇਰੀ humble request ਹੈ ਕਿ ਅਗਰ ਇਸ ਦੀ ਸਟੱਡੀ ਵਾਸਤੇ ਇਸ ਬਜਟ ਵਿੱਚ ਕੁਝ ਨਾ ਕੁਝ ਤਜਵੀਜ਼ ਰੱਖੀ ਜਾਵੇ ਤਾਂ ਮੈਂ ਬਹੁਤ ਧੰਨਵਾਦੀ ਹੋਵਾਂਗਾ। ਇਹ ਉਹ ਧਰਤੀ ਹੈ, ਜਿਸ ਤੇ ਬਲਵਾਨਾਂ ਦਾ ਖ਼ੂਨ ਡੁੱਲ੍ਹਿਆ ਹੈ। ਸਾਡੇ ਇੱਥੇ ਦੋ ਐਂਗਲੋ-ਸਿੱਖ ਵਾਰਜ਼ ਹੋਈਆਂ ਹਨ। ਇਹ ਰਾਮਨਗਰ ਵਿੱਚ ਅਤੇ ਮੁਦਕੀ ਵਿੱਚ ਹੋਈਆਂ। ਐਫ.ਐਮ. ਸਾਹਿਬ ਵੀ ਜਾਣਦੇ ਹੋਣਗੇ ਕਿ ਅਮਰੀਕਾ ਦੀ ਜਿਹੜੀ ਇੰਡੀਪੀਡੈਂਸ ਵਾਰ ਹੋਈ ਸੀ, ਉਸ ਦੀ re-enactment ਹੁੰਦੀ ਹੈ ਅਤੇ ਦੁਨੀਆ ਦੇ ਹਰ ਕੋਨੇ ਵਿਚੋਂ ਲੋਕੀਂ ਉਸ ਨੂੰ ਵੇਖਣ ਜਾਂਦੇ ਹਨ। ਉਸੀ ਤਰਜ਼ ਦੇ ਉੱਤੇ ਅਗਰ ਕੋਈ re-enactment ਧੂਰੀ ਵਿੱਚ ਆਪਾਂ ਕਰਵਾ ਸਕੀਏ ਤੇ ਉਸ ਵਾਸਤੇ ਇਸ ਬਜਟ ਵਿਚ ਕੋਈ ਤਜਵੀਜ਼ ਰੱਖੀ ਜਾ ਸਕੇ ਤਾਂ ਮੈਂ ਬਹੁਤ ਧੰਨਵਾਦੀ ਹੋਵਾਂਗਾ।

ਸਰ, ਮੈਂ ਬਹੁਤ ਸ਼ੁਕਰਗੁਜ਼ਾਰ ਹਾਂ ਕਿ ਹਰੀਕੇ ਵੈੱਟਲੈਂਡ ਵਾਸਤੇ 15 ਕਰੋੜ ਰੁਪਏ ਦੀ ਤਜਵੀਜ਼ ਇਸ ਬਜਟ ਵਿਚ ਕੀਤੀ ਗਈ ਹੈ, ਇਹ ਬਹੁਤ ਹੀ ਸ਼ਲਾਘਾਯੋਗ ਕਦਮ ਹੈ। ਸਾਈਬੇਰੀਆ ਤੋਂ ਅਤੇ ਵੱਖ ਵੱਖ ਪ੍ਰਦੇਸ਼ਾਂ ਤੋਂ ਉਥੇ ਬਰਡਜ਼ ਆਉਂਦੀਆਂ ਹਨ ਅਤੇ ਬਰਡ ਸੈਂਕਚੂਰੀਜ਼ ਬਹੁਤ ਵਧੀਆ ਹਨ। ਸਰ, ਮੈਨੂੰ ਪਿਛਲੇ ਸਾਲ ਇੰਗਲੈਂਡ ਜਾਣ ਦਾ ਮੌਕਾ ਮਿਲਿਆ ਅਤੇ ਉਥੇ lake district ਬਣੀ ਹੋਈ ਹੈ ਉਥੇ ਸਾਡੇ ਜਿਵੇਂ ਡੈਮਜ਼ ਹਨ, ਬਹੁਤ ਵੱਡੇ ਵੱਡੇ ਡੈਮਜ਼ ਹਨ, ਉਥੇ ਅਗਰ cruise ਦੀ, ਸ਼ਿਕਾਰਾ ਦੀ boat paddling ਕੀਤੀ ਜਾਵੇ।

**ਮਾਨਯੋਗ ਡਿਪਟੀ ਸਪੀਕਰ :** ਸਰਦਾਰ ਅਵਤਾਰ ਸਿੰਘ ਜੀ, ਕਨਕਲੂਡ ਕਰੋ।

**ਸ਼੍ਰੀ ਅਵਤਾਰ ਸਿੰਘ ਜੂਨੀਅਰ** : ਸਰ, ਹਾਲੇ ਤਾਂ ਬਜਟ ਉਤੇ ਬੋਲਣਾ ਹੈ, ਸਰ, ਮੈਨੂੰ ਜਲੰਧਰ ਵਾਸਤੇ ਤੇ ਦੁਆਬੇ ਵਾਸਤੇ ਪੰਜ ਕੁ ਮਿੰਟ ਦੇ ਦਿਉ।

**ਮਾਨਯੋਗ ਡਿਪਟੀ ਸਪੀਕਰ :** ਪਲੀਜ਼, ਆਲਰੇਡੀ ਟਾਈਮ ਘੱਟ ਹੈ ਕਿਉਂਕਿ ਆਪਣੇ ਕਾਫੀ ਬੁਲਾਰੇ ਹਨ।

**ਸ਼੍ਰੀ ਅਵਤਾਰ ਸਿੰਘ ਜੂਨੀਅਰ :** ਸਰ, ਗੋਲਡੀ ਜੀ ਦਾ ਟਾਈਮ ਮੈਨੂੰ ਦੇ ਦਿਉ, ਇਹ ਮੇਰੇ ਵੱਡੇ ਵੀਰ ਹਨ। ਸਰ, ਬੜੇ ਵੀਰ ਲਾਡੀ ਵੀਰ ਜੀ ਨੇ ਵੀ ਆਪਣਾ ਸਮਾਂ ਮੈਨੂੰ ਦੇ ਦਿੱਤਾ ਹੈ, ਇਨ੍ਹਾਂ ਦਾ ਧੰਨਵਾਦ ਜੀ।

(**ਇੱਕ ਅਵਾਜ਼ :** ਇੰਨਾ ਵਧੀਆ ਬੋਲ ਰਿਹਾ ਹੈ ਤਾਂ ਸੁਣਨਾ ਚਾਹੀਦਾ ਹੈ।)

**ਸ਼੍ਰੀ ਅਵਤਾਰ ਸਿੰਘ ਜੂਨੀਅਰ :** ਸਰ, ਮੇਰੀ ਹੰਬਲ ਰਿਕੁਐਸਟ ਹੈ ਕਿ ਅਗਰ ਟੂਰਿਜ਼ਮ ਨੂੰ ਹੱਲਾਸ਼ੇਰੀ ਦਿੱਤੀ ਜਾਵੇਗੀ ਤਾਂ ਸਾਡੇ ਰੈਵੇਨਿਊ ਦੇ ਵਿੱਚ ਬਹੁਤ ਜ਼ਿਆਦਾ ਬੜੋਤਰੀ ਹੋ ਸਕਦੀ ਹੈ । ਸਾਡੇ ਕੋਲ ਵਾਟਰ ਬਾਡੀਜ਼ ਬਹੁਤ ਹਨ ਪਰ ਅਸੀਂ ਉਨ੍ਹਾਂ ਦੇ ਵਿਚੋਂ ਰੈਵੇਨਿਊ ਨਹੀਂ ਕੱਢ ਰਹੇ। ਸਰ, ਮੇਰੀ ਹੰਬਲ ਰਿਕੁਐਸਟ ਹੈ ਕਿ ਇਸ ਦੀ ਸਟੱਡੀ ਵਾਸਤੇ ਵੀ ਕੁਝ ਨਾ ਕੁਝ ਅਮਾਊਂਟ ਜ਼ਰੂਰ ਰੱਖੀ ਜਾਵੇ।

ਸਰ, ਪਿੱਛੇ ਜਿਹੇ ਬਹੁਤ ਹੀ ਵਧੀਆ ਮਤਾ ਇੱਥੇ ਆਇਆ ਸੀ ਜਿਹੜਾ ਸ਼੍ਰੀ ਅਮਨ ਅਰੋੜਾ ਜੀ ਲੈ ਕੇ ਆਏ ਸਨ, ਮੈਂ ਸ਼੍ਰੀ ਅਮਨ ਅਰੋੜਾ ਜੀ ਦਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਸਟਰੇਅ ਕੈਟਲਜ਼ ਬਾਰੇ ਮਤਾ ਲਿਆਂਦਾ ਸੀ, ਉਨ੍ਹਾਂ ਦੀ ਸਪਿਰਿਟ ਬਹੁਤ ਵਧੀਆ ਸੀ ਲੇਕਿਨ ਸ਼ਰਮਾ ਜੀ ਨੇ ਜਿਹੜੀ ਗੱਲ ਕੀਤੀ ਸੀ ਕਿ ਸਾਡੇ ਰਿਲੀਜੀਅਸ ਸੈਂਟੀਮੈਂਟਸ ਹਨ, ਅਸੀਂ ਗਊ ਦੀ ਹੱਤਿਆ ਨਹੀਂ ਕਰ ਸਕਦੇ। ਸਰ, ਪਹਿਲਾਂ ਹਰੀ ਕ੍ਰਾਂਤੀ ਆਈ ਉਸ ਤੋਂ ਬਾਅਦ ਜਦੋਂ ਮਿਲਕ ਪ੍ਰੋਡੱਕਸ਼ਨ ਦੀ ਕ੍ਰਾਂਤੀ ਪੰਜਾਬ ਵਿੱਚ ਆਈ, ਅਨਫਾਰਚੂਨੇਟਲੀ ਜਿਸ ਹਿਸਾਬ ਦੇ ਨਾਲ ਇਨਫਲੇਸ਼ਨ ਵਧੀ, ਉਸ ਹਿਸਾਬ ਦੇ ਨਾਲ ਮਿਲਕ ਦੇ ਪੈਸੇ ਨਹੀਂ ਵਧੇ। ਸਰ, ਮੇਰੀ humble request ਹੈ ਕਿ ਜਿਹੜਾ 25 ਕਰੋੜ ਰੁਪਿਆ ਵਜ਼ੀਰ ਸਾਹਿਬ ਨੇ ਸਟਰੇਅ ਕੈਟਲ ਮੈਨੇਜਮੈਂਟ ਵਾਸਤੇ ਰੱਖਿਆ ਹੈ, ਇਸ ਨੂੰ ਵਧਾ ਦਿੱਤਾ ਜਾਵੇ । ਦੂਜਾ ਸਰ, ਇਸ ਦੇ ਨਾਲ ਹੀ ਇਸ ਵਿੱਚ ਜਿਹੜੀ ਵੀ ਗਾਂ ਜਾਂ ਕੋਈ ਵੀ ਡੰਗਰ ਜਾਂ ਕੋਈ ਵੀ ਪਸ਼ੂ, ਜਿਸ ਦੀ ਪੰਜਾਬ ਵਿਚ ਖਰੀਦੋ-ਫਰੋਖਤ ਹੁੰਦੀ ਹੈ, ਉਸ ਦੀ ਜੀ.ਈ.ਓ. ਟੈਗਿੰਗ ਅਤੇ ਬਾਇਓ ਟੈਗਿੰਗ ਮੈਨਡੇਟਰੀ ਹੋਣੀ ਚਾਹੀਦੀ ਹੈ। ਉਸ ਤੋਂ ਬਾਅਦ ਜਦੋਂ ਉਹ ਗਾਂ ਜਾਂ ਮੱਝ ਜਾਂ ਡੰਗਰ ਦੁੱਧ ਦੇਣ ਤੋਂ ਵਾਂਝਾ ਹੋ ਜਾਵੇ, ਜਦੋਂ ਆਪਣੇ ਵੈਟਰਨਰੀ ਡਾਕਟਰਜ਼ ਉਸ ਦੀ ਤਸਦੀਕ ਕਰ ਦੇਣ ਤਾਂ ਇਹ ਪੈਸਾ ਗਊਸ਼ਾਲਾ ਨੂੰ ਜਾਣ ਦੀ ਬਜਾਏ ਇੱਕ ਫੰਡ ਬਣਾਇਆ ਜਾਵੇ ਅਤੇ ਪੈਸੇ ਉਨ੍ਹਾਂ ਫਾਰਮਰਜ਼ ਨੂੰ ਦਿੱਤੇ ਜਾਣ ਤਾਂ ਕਿ ਉਹ ਫਾਰਮਰਜ਼ ਉਸ ਪਸ਼ੂ ਨੂੰ ਸਟਰੇਅ ਨਾ ਕਰਨ। ਸਰ, ਅਖੀਰ ਵਿੱਚ ਮੈਂ ਜ਼ਿਆਦਾ ਨਾ ਕਹਿੰਦਾ ਹੋਇਆ, ਸਿਰਫ ਆਪਣੇ ਸ਼ਹਿਰ ਵਾਸਤੇ, ਖਾਸ ਕਰਕੇ ਦੁਆਬੇ ਵਾਸਤੇ ਇੱਕ ਮਿੰਟ ਦਾ ਸਮਾਂ ਲਵਾਂਗਾ, ਜ਼ਿਆਦਾ ਨਹੀਂ ਲਵਾਂਗਾ।

ਸਰ, ਤੁਸੀਂ ਮੇਰੇ ਤੋਂ ਬਹੁਤ ਵੱਡੇ ਹੋ। ਅੱਜ ਤੋਂ 50-60 ਸਾਲ ਪਹਿਲਾਂ ਅਗਰ ਕਿਸੇ ਨੇ ਇੰਗਲੈਂਡ ਜਾਣਾ ਹੁੰਦਾ ਸੀ ਤਾਂ ships ਰਾਹੀਂ ਜਾਂਦਾ ਸੀ ਅਤੇ ਉਹ ਅਲੱਗ ਅਲੱਗ ਪੋਰਟਸ ਦੇ ਉੱਤੇ ਲੱਗ ਕੇ ਜਾਂਦਾ ਸੀ ਲੇਕਿਨ ਸਰ ਅੱਜ ਇੰਡਸਟਰੀ ਨੇ ਬਹੁਤ ਹੀ ਡਿਵੈਲਪਮੈਂਟ ਕਰ ਲਈ ਹੈ, ਅੱਜ ਹਵਾਈ ਜਹਾਜ਼ ਉੱਡਣ ਲੱਗ ਪਏ ਹਨ । ਅੱਜ ਸਰ, ਦੁਆਬੇ ਦਾ ਵੀ ਇਹੀ ਹਾਲ ਹੈ। ਸਰ, ਮਾਲਵੇ ਤੋਂ ਸਰਕਾਰ ਉਡਦੀ ਹੈ, ਮਾਝੇ ਵਿੱਚ ਚਲੀ ਜਾਂਦੀ ਹੈ, ਮਾਝੇ ਤੋਂ ਸਰਕਾਰ ਉਡਦੀ ਹੈ ਤਾਂ ਮਾਲਵੇ ਵਿਚ ਚਲੀ ਜਾਂਦੀ ਹੈ, ਦੁਆਬੇ ਦੇ ਵਿਕਾਸ ਵਾਸਤੇ ਸਭ ਕੁਝ ਭੁੱਲ ਗਏ ਹਨ।

(**ਇੱਕ ਅਵਾਜ਼:** ਤੁਹਾਨੂੰ ਫਿਲਿੰਗ ਸਟੇਸ਼ਨ ਚਾਹੀਦਾ ਹੋਣਾ।)

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਨਹੀਂ ਸਰ, ਸਾਨੂੰ ਫਿਲਿੰਗ ਸਟੇਸ਼ਨ ਨਹੀਂ ਚਾਹੀਦਾ । ਸਰ, ਸਾਨੂੰ ਤਾਂ ਸਟਾਪਓਵਰ ਚਾਹੀਦਾ ਹੈ । ਮੇਰੀ ਹੰਬਲ ਰਿਕੁਐਸਟ ਹੈ ਕਿ ਦੁਆਬੇ ਵਾਸਤੇ, ਮੈਂ ਆਪਣੇ ਹਲਕੇ ਵਾਸਤੇ ਨਹੀਂ ਮੰਗ ਰਿਹਾ, ਦੁਆਬੇ ਦੇ ਵਿੱਚ ਇੱਕ ਇਨਫਰਮੇਸ਼ਨ ਟੈਕਨਾਲੋਜੀ ਪਾਰਕ ਦੀ ਜ਼ਰੂਰ ਸਥਾਪਨਾ ਕੀਤੀ ਜਾਵੇ । ਸਰ, ਅਗਰ ਅੱਜ ਸਾਡੇ ਬੱਚੇ ਪੰਜਾਬ ਤੋਂ ਬਾਹਰ ਜਾ ਰਹੇ ਹਨ, ਉਹ ਪੀੜਾ, ਉਨ੍ਹਾਂ ਦੇ ਮਾਂ-ਪਿਉ ਇਸ ਕਰਕੇ ਸਹਿ ਰਹੇ ਹਨ ਕਿ ਉਹ ਉਨ੍ਹਾਂ ਦੀ ਉੱਨਤੀ ਚਾਹੁੰਦੇ ਹਨ। ਸੋ, ਇਨਫਰਮੇਸ਼ਨ ਟੈਕਨਾਲੋਜੀ ਪਾਰਕ ਪੰਜਾਬ ਵਿੱਚ, ਖਾਸ ਕਰਕੇ ਦੁਆਬੇ ਦੇ ਵਿੱਚ ਇਸ ਦੀ ਜ਼ਰੂਰ ਤਜਵੀਜ਼ ਕੀਤੀ ਜਾਵੇ । ਸਰ, ਹਰ ਸ਼ਹਿਰ ਦੇ ਵਿੱਚ ਖਾਸ ਕਰਕੇ ਸਿਟੀ ਬੱਸ ਸਰਵਿਸ ਹੈ, ਅੱਜ ਅੰਮ੍ਰਿਤਸਰ ਚੱਲ ਰਹੀ ਹੈ, ਲੁਧਿਆਣੇ ਚੱਲ ਰਹੀ ਹੈ ਲੇਕਿਨ ਉਹ ਵੀ ਪਲਿਊਟਿੰਗ ਵਹੀਕਲਜ਼ ਹਨ। ਸਰ, ਜਲੰਧਰ ਵਿੱਚ ਖਾਸ ਕਰਕੇ ਤੇ ਬਾਕੀ ਤਿੰਨੋਂ ਮੇਨ ਮੈਟਰੋਪੋਲੀਟਨ ਸ਼ਹਿਰਾਂ ਵਾਸਤੇ ਇਲੈਕਟਰਾਨਿਕ ਵਹੀਕਲਜ਼ ਨਾਲ ਸਿਟੀ ਬੱਸ ਤਜਵੀਜ਼ ਹੋਵੇ, ਇਸ ਦੇ ਉੱਤੇ ਕੋਈ ਸਟੱਡੀ ਕਰਵਾ ਲਈ ਜਾਵੇ।

ਸਰ, ਖਾਸ ਕਰਕੇ ਮੈਂ ਆਪਣੇ ਹਲਕੇ ਵਾਸਤੇ ਸਿਰਫ ਦੋ ਚੀਜ਼ਾਂ ਬਾਰੇ ਐਫ.ਐਮ.ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਨ੍ਹਾਂ ਨੇ ਆਪਣੇ ਪਹਿਲੇ ਬਜਟ ਵਿੱਚ ਵੀ ਉਲੀਕਿਆ ਸੀ ਕਿ ਜਲੰਧਰ ਵਿੱਚ ਫੋਕਲ ਪੁਆਇੰਟ ਦੇਣਗੇ ਲੇਕਿਨ ਅੱਜ ਜਦੋਂ ਚੌਥਾ ਬਜਟ ਪੇਸ਼ ਹੋ ਰਿਹਾ ਹੈ, ਜ਼ਮੀਨੀ ਹਕੀਕਤ ਇਹ ਹੈ ਕਿ ਲੁਧਿਆਣਾ ਤੋਂ ਬਾਅਦ ਜੇਕਰ ਸਭ ਤੋਂ ਜ਼ਿਆਦਾ ਇੰਡਸਟਰੀ ਕਿਤੇ ਹੈ ਤਾਂ ਉਹ ਜਲੰਧਰ ਵਿੱਚ ਹੈ ਲੇਕਿਨ ਹਾਲੇ ਵੀ ਜਲੰਧਰ ਨੂੰ ਨਵਾਂ ਫੋਕਲ ਪੁਆਇੰਟ ਨਹੀਂ ਮਿਲਿਆ। ਮੇਰੀ ਤੁਹਾਡੇ ਰਾਹੀਂ ਹੱਥ ਜੋੜ ਕੇ ਉਦਯੋਗ ਮੰਤਰੀ ਸਾਹਿਬ ਅਤੇ ਐਫ.ਐਮ. ਸਾਹਿਬ ਨੂੰ ਬੇਨਤੀ ਹੈ ਕਿ ਇਸ ਸਾਲ ਇਸ ਦਾ ਨੀਂਹ ਪੱਥਰ ਜ਼ਰੂਰ ਰੱਖ ਦੇਣ।

ਮੇਰੇ ਹਲਕੇ ਵਾਸਤੇ ਟਾਂਡਾ ਫਾਟਕ ਤੇ ਓਵਰ ਬ੍ਰਿਜ ਬਣਾਇਆ ਜਾਵੇ। ਇਨ੍ਹਾਂ ਦੀ ਬਹੁਤ ਮਿਹਰਬਾਨੀ ਹੋਵੇਗੀ। ਇਸ ਵਾਸਤੇ ਮੈਨੂੰ ਥੋੜ੍ਹਾ ਜਿਹਾ ਫੰਡ ਦੇ ਦੇਣ ਤਾਂ ਘੱਟੋ ਘੱਟ ਅਸੀਂ ਉਸ ਦੀ ਡੀ.ਪੀ.ਆਰ. ਤਿਆਰ ਕਰਵਾ ਲਵਾਂਗੇ। ਸਾਰੇ ਹਾਊਸ ਦਾ ਅਤੇ ਖਾਸ ਕਰਕੇ ਤੁਹਾਡਾ, ਜਿਹੜੀ ਤੁਸੀਂ ਫਰਾਖਦਿਲੀ ਦਿਖਾ ਕੇ ਸਮਾਂ ਦਿੱਤਾ ਹੈ, ਬਹੁਤ ਬਹੁਤ ਧੰਨਵਾਦ। ਮੈਂ ਐਫ.ਐਮ. ਸਾਹਿਬ ਦੇ ਬਜਟ ਦੀ ਪੁਰਜ਼ੋਰ ਸ਼ਬਦਾਂ ਨਾਲ ਪ੍ਰੋੜ੍ਹਤਾ ਕਰਦਾ ਹਾਂ।

**Mr. Deputy Speaker :** Thank you, thank you. Sardar Gurkirat Singh Kotli ji.

**ਸਰਦਾਰ ਗੁਰਕੀਰਤ ਸਿੰਘ ਕੋਟਲੀ (ਖੰਨਾ) :** ਮਾਨਯੋਗ ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ। ਆਪ ਜੀ ਨੇ ਮੈਨੂੰ ਮਾਨਯੋਗ ਵਿੱਤ ਮੰਤਰੀ ਜੀ ਸਰਦਾਰ ਮਨਪ੍ਰੀਤ ਸਿੰਘ ਬਾਦਲ ਸਾਹਿਬ ਵਲੋਂ ਪੇਸ਼ ਕੀਤੇ ਬਜਟ ਸਾਲ 2020-21 ਤੇ ਬੋਲਣ ਦਾ ਸਮਾਂ ਦਿੱਤਾ ਹੈ। ਇਹ ਬਜਟ, ਜਿਸ ਨੇ ਪੰਜਾਬ ਦੇ ਲੋਕਾਂ ਨੂੰ ਅਤੇ ਨੌਜਵਾਨਾਂ ਨੂੰ, ਕਿਸਾਨਾਂ ਨੂੰ ਬਹੁਤ ਹੀ ਉਤਸ਼ਾਹਿਤ ਕੀਤਾ ਹੈ। ਡਿਪਟੀ ਸਪੀਕਰ ਸਾਹਿਬ, ਇਹ ਇੱਕ ਇਤਿਹਾਸਕ ਬਜਟ ਹੈ, ਜਿਸ ਵਾਸਤੇ ਸਾਡੇ ਦੂਰਅੰਦੇਸ਼ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਸਾਹਿਬ ਅਤੇ ਦਾਨਿਸ਼ਮੰਦ ਵਿੱਤ ਮੰਤਰੀ ਜੀ ਵਧਾਈ ਦੇ ਪਾਤਰ ਹਨ। ਡਿਪਟੀ ਸਪੀਕਰ ਸਾਹਿਬ, ਜਿਸ ਦਿਨ ਵਿੱਤ ਮੰਤਰੀ ਜੀ ਬਜਟ ਪੇਸ਼ ਕਰ ਰਹੇ ਸਨ, ਇੱਧਰ ਵਾਲੇ (ਸ਼੍ਰੋਮਣੀ ਅਕਾਲੀ ਦਲ ਬੈਂਚਿਜ਼ ਵੱਲ ਇਸ਼ਾਰਾ) ਸਾਥੀ ਸੱਚ ਸੁਣਨ ਦੇ ਆਦੀ ਨਹੀਂ, ਇਹ ਹਾਊਸ ਵਿੱਚ ਹੀ ਨਹੀਂ ਪਹੁੰਚੇ ਅਤੇ ਜਿਹੜੇ ਸਾਡੇ ਦੂਜੇ ਸਾਥੀ ਹਨ (ਆਮ ਆਦਮੀ ਪਾਰਟੀ ਬੈਂਚਿਜ਼ ਵੱਲ ਇਸ਼ਾਰਾ) ਇਹ ਅੰਦਰੋਂ-ਅੰਦਰੀਂ ਬੜੇ ਖੁਸ਼ ਹੋ ਰਹੇ ਸੀ ਕਿਉਂਕਿ ਇਨ੍ਹਾਂ ਦੀ ਸਿਆਸੀ ਮਜਬੂਰੀ ਸੀ, ਇਸ ਲਈ ਬਾਹਰੋਂ ਤਾਰੀਫ ਨਹੀਂ ਕਰ ਸਕਦੇ ਸੀ।

ਡਿਪਟੀ ਸਪੀਕਰ ਸਾਹਿਬ, ਵਾਕਿਆ ਹੀ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਤਿੰਨ ਸਾਲਾਂ ਤੋਂ ਬਾਅਦ ਇਹ ਪਹਿਲੀ ਵਾਰ ਹੋਇਆ ਹੈ ਕਿ ਵਿੱਤ ਮੰਤਰੀ ਜੀ ਨੇ ਬੜਾ ਹੀ ਬਿਹਤਰੀਨ ਅਤੇ ਪੰਜਾਬ ਨੂੰ ਅੱਗੇ ਲਿਜਾਉਣ ਵਾਲਾ ਬਜਟ ਪੇਸ਼ ਕੀਤਾ ਹੈ। ਸਾਲ 2017 ਵਿੱਚ ਜਦੋਂ ਕੈਪਟਨ ਅਮਰਿੰਦਰ ਸਿੰਘ ਸਾਹਿਬ ਨੇ ਕਾਂਗਰਸ ਸਰਕਾਰ ਦਾ ਕਾਰਜ ਭਾਰ ਸੰਭਾਲਿਆ ਤਾਂ ਪੰਜਾਬ ਦੀ ਇਕਾਨਮੀ ਪਿਛਲੇ 10 ਸਾਲਾਂ ਦੀ ਸਰਕਾਰ ਦੀ ਮਾੜੀ ਬਦਇੰਤਜ਼ਾਮੀ ਬਦੌਲਤ ਨਿਹਾਇਤ ਹੀ ਖਸਤਾ ਹਾਲਤ ਵਿੱਚ ਸੀ। ਇੱਕ

[ਸਰਦਾਰ ਗੁਰਕੀਰਤ ਸਿੰਘ ਕੋਟਲੀ]

ਪਾਸੇ ਪੰਜਾਬ ਨੂੰ ਮੁਲਕ ਦੀ ਤਕਸੀਮ ਤੋਂ ਬਾਅਦ ਜੰਗਾਂ, ਮਿਲੀਟੈਂਸੀ, ਡਰੱਗਜ਼ ਅਤੇ ਗਵਾਂਢੀ ਮੁਲਕ ਵੱਲੋਂ ਸਾਨੂੰ ਡੀਸਟੈਬਲਾਈਜ਼ ਕਰਨ ਦੀਆਂ ਕੋਸ਼ਿਸ਼ਾਂ ਨਾਲ ਸਿੱਝਣਾ ਪਿਆ ਅਤੇ ਦੂਜਾ ਦਿੱਲੀ ਤੋਂ ਬਣਦੇ ਹਿੱਸੇ ਦੀ ਮਾਲੀ ਮਦਦ ਨਾ ਮਿਲਣਾ ਵੀ ਸਾਡੀ ਬਦਕਿਸਮਤੀ ਰਹੀ ਹੈ। ਸਾਡੀਆਂ ਕੁਰਬਾਨੀਆਂ ਨੂੰ ਅਣਗਾਲਿਆ ਕੀਤਾ ਗਿਆ ਪਰ ਡਿਪਟੀ ਸਪੀਕਰ ਸਾਹਿਬ, ਅੱਜ ਮੈਂ ਬਹੁਤ ਹੀ ਖੁਸ਼ੀ ਨਾਲ ਇਹ ਕਹਿ ਰਿਹਾ ਹਾਂ ਕਿ ਦੇਸ਼ ਵਿੱਚ ਆਰਥਿਕ ਮੰਦੀ ਦੇ ਮਾਹੌਲ ਦੇ ਬਾਵਜੂਦ ਵੀ ਪੰਜਾਬ ਦੀ ਇਕਾਨਮੀ ਮਜ਼ਬੂਤ ਬੁਨਿਆਦ ਤੇ ਕਾਇਮ ਹੈ, ਜਿਸ ਦਾ ਰੋਡਮੈਪ ਵਿੱਤ ਮੰਤਰੀ ਜੀ ਨੇ ਤਿਆਰ ਕੀਤਾ ਹੈ। ਕਾਂਗਰਸ ਸਰਕਾਰ ਦੀਆਂ ਅਗਾਂਹਵਧੂ ਨੀਤੀਆਂ ਦੇ ਨਤੀਜੇ ਸਦਕਾ ਲੰਬੇ ਸਮੇਂ ਤੋਂ ਬਾਅਦ ਇਕਾਨਮੀ ਵਿੱਚ turn around ਹੋਇਆ ਹੈ। ਸਾਲ 2020-21 ਦੇ ਬਜਟ ਨਾਲ ਪੰਜਾਬ ਦੀ ਵਿੱਤੀ ਮਜ਼ਬੂਤੀ ਦੀ ਝਲਕ ਸਾਫ ਨਜ਼ਰ ਆਉਂਦੀ ਹੈ, ਜਿਸ ਵਾਸਤੇ ਸਾਡੇ ਮਾਨਯੋਗ ਮੁੱਖ ਮੰਤਰੀ ਜੀ, ਮਾਨਯੋਗ ਵਿੱਤ ਮੰਤਰੀ ਜੀ ਭਰਪੂਰ ਪ੍ਰਸੰਸਾ ਦੇ ਹੱਕਦਾਰ ਹਨ। ਸਾਢੇ ਤਿੰਨ ਸਾਲਾਂ ਵਿੱਚ ਇੱਕ ਵਾਰ ਵੀ ਖਜ਼ਾਨਾ ਓਵਰ ਡਰਾਫਟ ਦੀ ਸਥਿਤੀ ਵਿੱਚ ਨਹੀਂ ਰਿਹਾ। ਇਹ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਹੈ, ਜਦੋਂ ਸਰਕਾਰ ਨੇ ਪੰਜਾਬ ਨੂੰ ਪ੍ਰਾਇਮਰੀ ਰੈਵੇਨਿਊ ਸਰਪਲੱਸ ਸਟੇਟ ਐਲਾਨਿਆ ਹੈ। ਸਰ, ਰਾਜ ਨੂੰ ਕਰਜ਼ ਜਾਲ ਵਿਚੋਂ ਬਾਹਰ ਕੱਢਣ ਵਾਸਤੇ ਬੜੀ ਹੀ ਹਿੰਮਤ ਅਤੇ ਦਲੇਰੀ ਨਾਲ ਉਪਰਾਲਾ ਕੀਤਾ ਗਿਆ ਹੈ ਜਿਸ ਦੇ positive ਨਤੀਜੇ ਆਉਣੇ ਸ਼ੁਰੂ ਹੋਏ ਹਨ। ਇਸ ਦੇ ਲਈ ਮੈਂ ਸਰਕਾਰ ਨੂੰ ਵਧਾਈ ਦਿੰਦਾ ਹਾਂ। ਇਹ ਬਜਟ ਆਮ ਲੋਕਾਂ, ਘੱਟ ਗਿਣਤੀਆਂ, ਐਸ.ਸੀਜ਼/ਬੀ.ਸੀਜ਼, ਖਾਸ ਕਰਕੇ ਨੌਜਵਾਨ ਅਤੇ ਕਿਸਾਨੀ ਪੱਖੀ ਹੈ। ਸਰ, ਇਸ ਦੇ ਵਿੱਚ ਕੋਈ ਵੀ ਟੈਕਸ ਨਹੀਂ ਲਗਾਇਆ ਗਿਆ। ਮੈਂ ਸਮਝਦਾ ਹਾਂ ਕਿ ਵਿੱਤ ਮੰਤਰੀ ਸਾਹਿਬ ਦੀ ਜੋ ਕਾਰਗੁਜ਼ਾਰੀ ਹੈ, ਉਹ ਬਹੁਤ ਬਿਹਤਰੀਨ ਹੈ। ਜੋ ਇਨ੍ਹਾਂ ਨੇ ਸਭ ਤੋਂ ਵੱਡੀ ਗੱਲ ਕਹੀ ਹੈ ਕਿ ਸਰਕਾਰੀ ਮੁਲਾਜ਼ਮਾਂ ਦੀ ਰਿਟਾਇਰਮੈਂਟ ਏਜ ਵਿੱਚ 60 ਸਾਲ ਤੱਕ ਦੀ ਉਮਰ ਤੱਕ ਐਕਸਟੈਨਸ਼ਨ ਦਾ ਕੀਤਾ ਹੋਇਆ ਵਾਧਾ ਵਾਪਸ ਲੈ ਕੇ ਇਹ ਰਿਟਾਇਰਮੈਂਟ ਏਜ 58 ਸਾਲ ਦੀ ਕੀਤੀ ਗਈ ਹੈ ਜਿਸ ਨਾਲ ਲੱਖਾਂ ਨੌਜਵਾਨਾਂ ਨੂੰ ਰੁਜ਼ਗਾਰ ਦਾ ਰਸਤਾ ਖੁੱਲ੍ਹ ਗਿਆ ਹੈ। (ਥੰਪਿੰਗ) Induction of fresh talent and youth to serve Punjab is the need of the hour.

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਸਕੂਲੀ ਸਿੱਖਿਆ ਦੀ ਗੱਲ ਕਰਨੀ ਚਾਹੁੰਦਾ ਹਾਂ। ਪੰਜਾਬ ਸਰਕਾਰ ਨੇ ਸਕੂਲੀ ਸਿੱਖਿਆ ਬਾਰੇ ਬੜੇ ਹੀ ਹਾਂ-ਪੱਖੀ ਅਤੇ

ਕ੍ਰਾਂਤੀਕਾਰੀ ਕਦਮ ਚੁੱਕੇ ਹਨ ਜਿਸ ਨਾਲ ਵਿਦਿਆਰਥੀਆਂ ਨੂੰ 12ਵੀਂ ਕਲਾਸ ਤੱਕ ਮੁਕੰਮਲ ਫਰੀ ਐਜੂਕੇਸ਼ਨ ਦੇਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਇਸ ਦੇ ਨਾਲ 12488 ਕਰੋੜ ਰੁਪਏ, ਜਿਹੜਾ ਕਿ ਬਹੁਤ ਹੀ ਸ਼ਲਾਘਾਯੋਗ ਕਦਮ ਹੈ, ਇਹ ਉਪਬੰਧ ਕੀਤਾ ਗਿਆ ਹੈ, ਇਹ ਕੁੱਲ ਖਰਚ ਦਾ 8% ਬਣਦਾ ਹੈ। ਇੱਥੇ ਮਾਨਯੋਗ ਐਫ.ਐਮ. ਸਾਹਿਬ ਵੀ ਬੈਠੇ ਹਨ, ਸਰ, ਮੇਰਾ ਇਹ ਸੁਝਾਅ ਹੈ ਕਿ ਅਗਲੇ ਸਾਲ ਤੋਂ ਸਿੱਖਿਆ ਵਾਸਤੇ ਜਿਹੜੀ ਐਲੋਕੇਸ਼ਨ ਹੈ, ਉਹ ਕੁੱਲ ਬਜਟ ਦੀ 20% ਹੋਣੀ ਚਾਹੀਦੀ ਹੈ ਤਾਂ ਕਿ ਪੰਜਾਬ ਦੇ ਜੋ ਸਕੂਲ ਹਨ, ਉਨ੍ਹਾਂ ਦਾ ਮਜ਼ਬੂਤ ਢਾਂਚਾ ਤਿਆਰ ਕੀਤਾ ਜਾ ਸਕੇ। ਬੱਚਿਆਂ ਦੀ ਸਕੂਲਾਂ ਵਿਚ 100% ਹਾਜ਼ਰੀ, ਸਕੂਲਾਂ ਵਿੱਚ ਲਾਜ਼ਮੀ ਦਾਖ਼ਲਾ ਕਰਨਾ, ਵਿਦਿਆਰਥੀਆਂ ਨੂੰ ਚੰਗੀ ਕੁਆਲਿਟੀ ਐਜੂਕੇਸ਼ਨ ਦੇਣੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਜਿਹੜੇ ਸਾਡੇ ਸਰਕਾਰੀ ਅਧਿਆਪਕ ਹਨ, ਉਹ ਪ੍ਰਾਈਵੇਟ ਅਧਿਆਪਕਾਂ ਨਾਲੋਂ ਕਿਤੇ ਵੱਧ ਕੰਪੀਟੈਂਟ ਹਨ। ਉਨ੍ਹਾਂ ਦੇ ਮਿਹਨਤ ਸਦਕਾ, ਜੇ ਆਪਾਂ ਪਿਛਲੇ ਸਾਲ ਦਾ ਦਸਵੀਂ ਤੇ ਬਾਰ੍ਹਵੀਂ ਕਲਾਸ ਦਾ ਰਿਜ਼ਲਟ ਦੇਖ ਲਈਏ ਤਾਂ ਪ੍ਰਾਈਵੇਟ ਸੈਕਟਰ ਨਾਲੋਂ ਸਰਕਾਰੀ ਸਕੂਲਾਂ ਦੇ ਬਹੁਤ ਹੀ ਵਧੀਆ ਚੰਗੇ ਨਤੀਜੇ ਵੇਖਣ ਨੂੰ ਮਿਲੇ ਹਨ। (ਥੰਪਿੰਗ) ਇਹ ਵੀ ਮੈਂ ਸਮਝਦਾ ਹਾਂ ਕਿ ਸਰਕਾਰ ਦੀ ਜੋ ਹਾਂ-ਪੱਖੀ ਨੀਤੀ ਹੈ, ਉਸ ਦਾ ਨਤੀਜਾ ਹੈ ਕਿਉਂਕਿ ਪ੍ਰਾਈਵੇਟ ਸਕੂਲਾਂ ਵਿਚ ਉਹੀ ਅਧਿਆਪਕ ਨਿਯੁਕਤ ਹੁੰਦੇ ਹਨ ਜਿਹੜੇ ਕਿ ਸਰਕਾਰੀ ਨਿਯੁਕਤੀ ਲੈਣ ਤੋਂ ਪਿੱਛੜ ਜਾਂਦੇ ਹਨ। ਉਸ ਦੇ ਨਾਲ ਨਾਲ ਜਿਹੜੇ ਸਰਕਾਰੀ ਅਧਿਆਪਕ ਹਨ, ਉਹ ਬੜੀ ਘੱਟ ਤਨਖਾਹ ਤੇ ਕੰਮ ਕਰਨ ਲਈ ਮਜ਼ਬੂਰ ਹੁੰਦੇ ਹਨ। ਡਿਪਟੀ ਸਪੀਕਰ ਸਾਹਿਬ, ਸਰਕਾਰੀ ਸਕੂਲਾਂ ਦਾ ਜਿਹੜਾ ਬੁਨਿਆਦੀ ਢਾਂਚਾ ਹੈ, ਸੁਵਿਧਾਵਾਂ ਹਨ, ਅਧਿਆਪਕਾਂ ਦੀ ਮੈਰਿਟ ਅਤੇ ਸਮੇਂ ਸਿਰ ਭਰਤੀ ਦੇ ਨਾਲ ਨਾਲ ਕੁਆਲਿਟੀ ਐਜੂਕੇਸ਼ਨ ਪ੍ਰੋਵਾਈਡ ਕਰਨਾ, ਇਨ੍ਹਾਂ ਚੀਜ਼ਾਂ ਤੇ ਸਾਨੂੰ ਪੂਰਾ ਜ਼ੋਰ ਦੇਣਾ ਚਾਹੀਦਾ ਹੈ। ਪੰਜਾਬ ਦੇ ਜਿਹੜੇ ਸਕੂਲੀ ਬੱਚੇ ਹਨ, ਅਸੀਂ ਉਨ੍ਹਾਂ ਨੂੰ ਸਿਵਲ ਅਤੇ ਡਿਫੈਂਸ ਸਰਵਿਸਿਜ਼ ਦੇ ਆਲ ਇੰਡੀਆ ਕੰਪੀਟੀਸ਼ਨ ਲਈ ਵੀ ਤਿਆਰ ਤਾਂ ਹੀ ਕਰ ਸਕਾਂਗੇ ਜੇ ਸਾਡਾ ਸਕੂਲੀ ਢਾਂਚਾ ਮਜ਼ਬੂਤ ਹੋਵੇਗਾ। ਇਸ ਦੇ ਨਾਲ ਨਾਲ ਸਕੂਲੀ ਸਿੱਖਿਆ ਸਬੰਧੀ ਸਰਕਾਰ ਦਾ ਜੋ ਕਨਸਰਨ ਹੈ, ਉਹ ਆਉਣ ਵਾਲੇ ਭਵਿੱਖ ਲਈ ਚੰਗਾ ਸੰਕੇਤ ਹੈ। ਸਰਕਾਰ ਵੱਲੋਂ ਸਮਾਰਟ ਸਕੂਲਜ਼, ਡਿਜੀਟਲ ਐਜੂਕੇਸ਼ਨ, ਵਿਦਿਆਰਥੀਆਂ ਨੂੰ ਮੁਫ਼ਤ ਟਰਾਂਸਪੋਰਟ ਸੁਵਿਧਾ ਪ੍ਰਦਾਨ ਕਰਨ ਦੀ ਗੱਲ ਕੀਤੀ ਗਈ ਹੈ।

**ਮਾਨਯੋਗ ਡਿਪਟੀ ਸਪੀਕਰ:** ਕਨਕਲੂਡ ਕਰੋ ਜੀ।

**ਸਰਦਾਰ ਗੁਰਕੀਰਤ ਸਿੰਘ ਕੋਟਲੀ:** ਡਿਪਟੀ ਸਪੀਕਰ ਸਾਹਿਬ, ਇਸ ਦੇ ਨਾਲ ਹੀ ਵਾਟਰ ਹਾਰਵੈਸਟਿੰਗ ਸਿਸਟਮ ਦੀ ਸਥਾਪਨਾ ਕਰਨ ਦੇ ਇਨੀਸ਼ੀਏਟਿਵ ਦੀ ਵੀ ਮੈਂ ਭਰਪੂਰ ਸ਼ਲਾਘਾ ਕਰਦਾ ਹਾਂ। ਉਚੇਰੀ ਸਿੱਖਿਆ ਅਤੇ ਤਕਨੀਕੀ ਸਿੱਖਿਆ ਬਾਰੇ ਜੋ ਬਜਟ ਵਿੱਚ ਉਪਬੰਧ ਕੀਤੇ ਹਨ, ਉਹ ਵੀ ਸ਼ਲਾਘਾਯੋਗ ਹਨ। ਡਿਪਟੀ ਸਪੀਕਰ ਸਾਹਿਬ, ਮੈਨੂੰ ਇੱਕ-ਅੱਧਾ ਮਿੰਟ ਹੋਰ ਬੋਲਣ ਲਈ ਦੇ ਦਿਉ। ਤੁਹਾਡੀ ਬੜੀ ਕਿਰਪਾ ਹੋਵੇਗੀ।

ਡਿਪਟੀ ਸਪੀਕਰ ਸਾਹਿਬ, ਸਿਹਤ ਸੇਵਾਵਾਂ ਤੇ ਵੀ ਬਹੁਤ ਵੱਡਾ ਹੰਭਲਾ ਮਾਰਿਆ ਗਿਆ ਹੈ। ਜਿਵੇਂ ਵਿੱਤ ਮੰਤਰੀ ਜੀ ਨੇ ਆਪਣੀ ਤਕਰੀਰ ਵਿੱਚ ਕਿਹਾ ਹੈ ਕਿ ਇੱਕ ਤੰਦਰੁਸਤ ਸਰੀਰ ਵਿੱਚ ਹੀ ਤੰਦਰੁਸਤ ਮਨ ਨਿਵਾਸ ਕਰਦਾ ਹੈ। ਸਾਡੀ ਜੋ ਇਹ ਸਰਕਾਰ ਹੈ, ਉਹ ਜਨਤਾ ਨੂੰ ਕਿਫ਼ਾਇਤੀ ਅਤੇ ਮਿਆਰੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਜੋ ਸੋਧੇ ਅਨੁਮਾਨਾਂ ਦੇ ਮੁਕਾਬਲੇ ਇਸ ਵਿੱਤੀ ਸਾਲ 2020-21 ਵਿੱਚ ਸਿਹਤ ਅਤੇ ਪਰਿਵਾਰ ਭਲਾਈ ਵਾਸਤੇ ਜੋ 15% ਰਾਸ਼ੀ, ਘੱਟੋ-ਘੱਟ 3,778 ਕਰੋੜ ਰੁਪਏ ਰਾਖਵੇਂ ਕਰਨ ਦੀ ਤਜਵੀਜ਼ ਰੱਖੀ ਗਈ ਹੈ, ਇਹ ਵੀ ਬਹੁਤ ਸ਼ਲਾਘਾਯੋਗ ਹੈ। ਡਿਪਟੀ ਸਪੀਕਰ ਸਾਹਿਬ, ਸਾਲ 1947 ਤੋਂ ਬਾਅਦ ਪੰਜਾਬ ਵਿੱਚ ਸਿਰਫ ਤਿੰਨ ਮੈਡੀਕਲ ਕਾਲਜ, ਜੋ ਕਿ ਪਟਿਆਲਾ, ਅੰਮ੍ਰਿਤਸਰ ਅਤੇ ਫਰੀਦਕੋਟ ਵਿੱਚ ਹੀ ਚਲਦੇ ਸੀ ਪਰ ਮੈਂ ਵਿੱਤ ਮੰਤਰੀ ਜੀ ਔਰ ਮੁੱਖ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ ਇਸ ਇੱਕੋ ਹੀ ਸਾਲ ਦੇ ਵਿੱਚ ਤਿੰਨ ਹੋਰ ਮੈਡੀਕਲ ਕਾਲਜ, ਜਿਨ੍ਹਾਂ ਵਿਚੋਂ ਇੱਕ ਡਾ. ਬੀ.ਆਰ.ਅੰਬੇਦਕਰ ਕਾਲਜ, ਮੁਹਾਲੀ ਵਿੱਚ ਅਤੇ ਉਸ ਦੇ ਨਾਲ ਨਾਲ ਕਪੂਰਥਲਾ ਅਤੇ ਹੁਸ਼ਿਆਰਪੁਰ ਲਈ ਦਿੱਤੇ ਹਨ, ਜਿਨ੍ਹਾਂ ਵਿੱਚ ਜਲਦੀ ਹੀ ਟੀਚਿੰਗ ਸੈਸ਼ਨ ਸ਼ੁਰੂ ਹੋਣ ਜਾ ਰਿਹਾ ਹੈ। (ਥੰਪਿੰਗ)

ਡਿਪਟੀ ਸਪੀਕਰ ਸਾਹਿਬ, ਮੈਂ ਖਾਸ ਕਰਕੇ ਵਿੱਤ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਮੈਡੀਕਲ ਸੇਵਾਵਾਂ ਨੂੰ ਹੋਰ ਅੱਗੇ ਵਧਾਉਂਦੇ ਹੋਏ ਤਿੰਨ ਮੈਡੀਕਲ ਕਾਲਜਾਂ ਨੂੰ ਵੀ ਅੱਪਗ੍ਰੇਡ ਕਰਨ ਦੀ ਤਜਵੀਜ਼ ਰੱਖੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਇੱਕ ਮਿੰਟ ਦੇ ਵਿੱਚ-ਵਿੱਚ ਉਨ੍ਹਾਂ ਲੋਕਾਂ ਦੀ ਗੱਲ ਕਰਨੀ ਚਾਹੁੰਦਾ ਹਾਂ ਜਿਨ੍ਹਾਂ ਲੋਕਾਂ ਦੀ ਬਹਾਦਰੀ ਦੇ ਗੀਤ ਕਦੇ ਕਿਸੇ ਨੇ ਨਹੀਂ ਗਾਏ। ਪੰਜਾਬ ਦੇ ਵਿਚ ਦੋ-ਢਾਈ ਦਹਾਕੇ

ਇੱਕ ਐਸਾ ਮਾਹੌਲ ਬਣਿਆ ਰਿਹਾ ਸੀ, ਜਿਸ ਨਾਲ ਪੰਜਾਬ ਬਹੁਤ ਪਿੱਛੇ ਚਲਿਆ ਗਿਆ। ਉਹ ਨਿਹੱਥੇ ਲੋਕ ਸੀ, ਜਿਨ੍ਹਾਂ ਨੇ ਕੁਰਬਾਨੀਆਂ ਦਿੱਤੀਆਂ ਹਨ। ਮੁੱਖ ਮੰਤਰੀ ਜੀ ਵੀ ਇੱਥੇ ਸਦਨ ਵਿੱਚ ਬਿਆਨ ਕਰ ਰਹੇ ਸੀ ਕਿ ਕਰੀਬ-ਕਰੀਬ 35 ਹਜ਼ਾਰ ਲੋਕਾਂ ਨੇ ਪੰਜਾਬ ਦੀ ਅਮਨ ਸ਼ਾਂਤੀ ਲਈ ਆਪਣੀਆਂ ਜਾਨਾਂ ਗੁਆਈਆਂ ਹਨ। ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਤੋਂ ਇਲਾਵਾ ਬਹੁਤ ਸਾਰੇ ਪੁਲਿਸ ਕਰਮੀ, ਬਹੁਤ ਸਾਰੇ ਅਫਸਰ, ਬਹੁਤ ਸਾਰੇ ਨਾਮੀ ਲੀਡਰ ਮਾਰੇ ਗਏ। ਮੈਂ ਇਸ ਗੱਲੋਂ ਪੰਜਾਬ ਪੁਲਿਸ ਦੀ ਭਰਪੂਰ ਸ਼ਲਾਘਾ ਕਰਦਾ ਹਾਂ ਕਿ ਜਿਹੜਾ ਸੈਕਟਰ 9 ਵਿੱਚ ਪੁਲਿਸ ਹੈੱਡ ਕੁਆਰਟਰ ਹੈ, ਉੱਥੇ ਉਨ੍ਹਾਂ ਲੋਕਾਂ ਦੇ ਨਾਮ ਤੇ ਮਸ਼ਾਲ ਜਗਦੀ ਹੈ, ਜਿਨ੍ਹਾਂ ਲੋਕਾਂ ਨੇ ਪੰਜਾਬ ਦੀ ਅਮਨ-ਸ਼ਾਂਤੀ ਲਈ ਆਪਣੀ ਕੁਰਬਾਨੀ ਦਿੱਤੀ ਹੈ ਅਤੇ ਉਨ੍ਹਾਂ ਲੋਕਾਂ ਦੇ ਨਾਮ ਵੀ ਉੱਥੇ ਦਰਜ ਹਨ। ਮੈਂ ਵਿੱਤ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਉਹ 35 ਹਜ਼ਾਰ ਲੋਕ, ਜਿਨ੍ਹਾਂ ਦਾ ਕੋਈ ਕਸੂਰ ਨਹੀਂ ਸੀ, ਜਿਹੜੇ ਬੱਸਾਂ ਵਿਚੋਂ ਲਾਹ-ਲਾਹ ਕੇ ਮਾਰੇ ਗਏ, ਉਨ੍ਹਾਂ ਦੀ ਵੀ ਯਾਦਗਾਰ ਬਣਨੀ ਚਾਹੀਦੀ ਹੈ। ਕਿਤੇ ਉਹ ਧੁੱਪ, ਧੂੜ, ਧੱਕਿਆਂ ਵਿੱਚ ਰੁਲ ਕੇ ਨਾ ਰਹਿ ਜਾਣ, ਉਨ੍ਹਾਂ ਦੀ ਵੀ ਕੁਰਬਾਨੀ ਘੱਟ ਨਹੀਂ ਹੈ। ਜੇਕਰ ਅੱਜ ਪੰਜਾਬ ਘੁੱਗ ਵੱਸਦਾ ਹੈ, ਪੰਜਾਬ ਵਿਚ ਅਮਨ- ਸ਼ਾਂਤੀ ਹੈ ਤਾਂ ਇਸ ਵਿੱਚ ਉਨ੍ਹਾਂ ਲੋਕਾਂ ਦਾ ਵੀ ਬਹੁਤ ਵੱਡਾ ਯੋਗਦਾਨ ਹੈ। ਸੋ, ਉਨ੍ਹਾਂ ਦੀ ਯਾਦਗਾਰ ਗੈਲਰੀ ਉਸਾਰਨ ਲਈ ਵਿੱਤ ਮੰਤਰੀ ਜੀ ਕੋਈ ਪ੍ਰਾਵਧਾਨ ਜ਼ਰੂਰ ਕਰਨ ਤਾਂ ਜੋ ਅਸੀਂ ਉਨ੍ਹਾਂ ਲੋਕਾਂ ਨੂੰ ਸੱਚੀ ਤੇ ਸੁੱਚੀ ਸ਼ਰਧਾਂਜਲੀ ਦੇ ਸਕੀਏ।

**Mr. Deputy Speaker :** Thank you, thank you.

**ਸਰਦਾਰ ਗੁਰਕੀਰਤ ਸਿੰਘ ਕੋਟਲੀ :** ਡਿਪਟੀ ਸਪੀਕਰ ਸਾਹਿਬ, ਤੁਸੀਂ ਕਹਿ ਰਹੇ ਹੋ, ਮੈਂ ਕਨਕਲੂਡ ਕਰ ਦਿੰਦਾ ਹਾਂ ਪਰ ਮੈਂ ਇੱਕ ਮਿੰਟ ਵਾਸਤੇ ਆਪਣੇ ਹਲਕੇ ਦੀ ਗੱਲ ਕਰ ਲਵਾਂ ਜੀ। ਮੇਰੇ ਹਲਕੇ ਵਿੱਚ ਦੋ ਪਿੰਡ ਹਨ, ਇੱਕ ਰਾਜੇਵਾਲ ਹੈ ਜੋ ਕਿ ਭਗਤ ਪੂਰਨ ਸਿੰਘ ਜੀ ਦਾ ਪਿੰਡ ਹੈ ਅਤੇ ਪਿੰਗਲਵਾੜੇ ਵਾਲੇ ਦੇ ਨਾਮ ਨਾਲ ਮਸ਼ਹੂਰ ਹਨ। ਜਿਵੇਂ ਵਿੱਤ ਮੰਤਰੀ ਜੀ ਨੇ ਆਪਣੀ ਬਜਟ ਸਪੀਚ ਵਿਚ ਪਿੰਡ ਬੱਲਾਂ ਦਾ ਜ਼ਿਕਰ ਕੀਤਾ ਹੈ ਕਿਉਂਕਿ ਉਸ ਨਾਲ ਲੋਕਾਂ ਦੀ ਧਾਰਮਿਕ ਆਸਥਾ ਜੁੜੀ ਹੋਈ ਹੈ। ਇਸ ਗੱਲ ਲਈ ਮੈਂ ਇਨ੍ਹਾਂ ਦੀ ਤਾਈਦ ਕਰਦਾ ਹਾਂ ਅਤੇ ਸ਼ਲਾਘਾ ਵੀ ਕਰਦਾ ਹਾਂ ਕਿ ਪਿੰਡ ਬੱਲਾਂ ਦੇ ਵਿਕਾਸ ਲਈ 5 ਕਰੋੜ ਰੁਪਏ ਦੀ ਰਾਸ਼ੀ ਰੱਖੀ ਗਈ ਹੈ। ਭਗਤ ਪੂਰਨ ਸਿੰਘ ਜੀ ਦੀ ਵੀ ਬਹੁਤ ਵੱਡੀ ਦੇਣ ਹੈ, ਉਨ੍ਹਾਂ ਨੇ ਰੋਗੀਆਂ ਦਾ

[ਸਰਦਾਰ ਗੁਰਕੀਰਤ ਸਿੰਘ ਕੋਟਲੀ]

ਇਲਾਜ ਕੀਤਾ, ਰੋਗੀਆਂ ਦਾ ਰੱਖ-ਰਖਾਅ ਕੀਤਾ ਹੈ। ਸਾਨੂੰ ਉਨ੍ਹਾਂ ਦੇ ਪਿੰਡ ਰਾਜੇਵਾਲ ਨੂੰ ਵੀ ਵਧੀਆ ਨਮੂਨੇ ਦਾ ਪਿੰਡ ਬਣਾਉਣਾ ਚਾਹੀਦਾ ਹੈ। ਮੇਰੀ ਸਰਕਾਰ ਤੋਂ ਮੰਗ ਹੈ ਕਿ ਉਸ ਪਿੰਡ ਦੇ ਵਿਕਾਸ ਲਈ ਵੱਧ ਤੋਂ ਵੱਧ ਰਾਸ਼ੀ ਦਿੱਤੀ ਜਾਵੇ। ਇੱਕ ਪਿੰਡ ਈਸੜੂ ਹੈ, ਜੋ ਕਿ ਮਾਸਟਰ ਕਰਨੈਲ ਸਿੰਘ ਈਸੜੂ ਦਾ ਪਿੰਡ ਹੈ। ਗੋਆ ਦੀ ਮਹਾਨ ਲੜਾਈ ਦੇ ਵਿਚ, ਉਸ ਨੂੰ ਅਜ਼ਾਦ ਕਰਵਾਉਣ ਲਈ ਉਨ੍ਹਾਂ ਨੇ ਆਪਣੀ ਛਾਤੀ ਤੇ ਗੋਲੀ ਖਾਧੀ ਸੀ। ਉੱਥੇ ਹਰ ਸਾਲ ਵੱਡਾ ਸਮਾਗਮ ਹੁੰਦਾ ਹੈ। ਸਰਕਾਰਾਂ ਬਹੁਤ ਰਹੀਆਂ ਤੇ ਉੱਥੇ ਐਲਾਨ ਬਹੁਤ ਵੱਡੇ ਵੱਡੇ ਹੁੰਦੇ ਰਹੇ ਪਰ ਹਾਲੇ ਤੱਕ ਪਿੰਡ ਈਸੜੂ ਨੂੰ ਅਸੀਂ ਬੁਨਿਆਦੀ ਸਹੂਲਤਾਂ ਤੱਕ ਨਹੀਂ ਦੇ ਸਕੇ। ਸੋ, ਮੇਰੀ ਵਿੱਤ ਮੰਤਰੀ ਜੀ ਨੂੰ ਬੇਨਤੀ ਹੈ ਕਿ ਪਿੰਡ ਈਸੜੂ ਵਾਸਤੇ ਵੀ ਵਿੱਤੀ ਮਦਦ ਦਿੱਤੀ ਜਾਵੇ ਤਾਂ ਜੋ ਉਸ ਪਿੰਡ ਨੂੰ ਮਹਾਨ ਸ਼ਹੀਦ ਦੇ ਨਾਮ ਤੇ ਯਾਦ ਕੀਤਾ ਜਾਵੇ।

**Mr. Deputy Speaker :** Thank you, thank you.

**ਸਰਦਾਰ ਗੁਰਕੀਰਤ ਸਿੰਘ ਕੋਟਲੀ:** ਡਿਪਟੀ ਸਪੀਕਰ ਸਾਹਿਬ, ਮੈਂ ਕਨਕਲੂਡ ਕਰਦਾ ਹੋਇਆ ਕਹਿੰਦਾ ਹਾਂ ਕਿ ਸਾਡਾ ਦੋਰਾਹਾ ਹਸਪਤਾਲ ਵੀ ਬੜਾ ਜ਼ਰੂਰੀ ਹੈ, ਉਸ ਲਈ ਵੀ ਵਿੱਤ ਮੰਤਰੀ ਜੀ ਨੇ ਤਜਵੀਜ਼ ਰੱਖੀ ਹੈ, ਉਹ ਜ਼ਰੂਰ ਕੀਤੀ ਜਾਵੇ।

**Mr. Deputy Speaker :** Thank you, thank you.

**ਸਰਦਾਰ ਗੁਰਕੀਰਤ ਸਿੰਘ ਕੋਟਲੀ:** ਡਿਪਟੀ ਸਪੀਕਰ ਸਾਹਿਬ, ਇਕ ਮਿੰਟ ਜੀ। ਮੈਂ ਮਾਨਯੋਗ ਮੁੱਖ ਮੰਤਰੀ ਜੀ ਦੀਆਂ ਅਗਾਂਹਵਧੂ ਨੀਤੀਆਂ ਅਤੇ ਜੋ ਇਨ੍ਹਾਂ ਨੇ ਵਿੱਤੀ ਰੋਡਮੈਪ ਦਿੱਤਾ ਹੈ, ਉਸ ਦੀ ਭਰਪੂਰ ਸ਼ਲਾਘਾ ਕਰਦਾ ਹਾਂ ਔਰ ਵਿੱਤ ਮੰਤਰੀ ਜੀ ਵੱਲੋਂ ਪੇਸ਼ ਕੀਤੇ ਗਏ 2020-21 ਦੇ ਬਜਟ ਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਤੁਹਾਡਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ। (ਥੰਪਿੰਗ)।

**ਸ਼੍ਰੀ ਪਵਨ ਕੁਮਾਰ ਟੀਨੂ (ਆਦਮਪੁਰ ਐਸ.ਸੀ.):** ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ।

**ਮਾਨਯੋਗ ਡਿਪਟੀ ਸਪੀਕਰ :** ਟੀਨੂ ਜੀ, ਟਾਈਮ ਦੇ ਵਿਚ ਆਪਣੀ ਗੱਲ ਮੁਕਾਓ। ਟਾਈਮ ਥੋੜ੍ਹਾ ਹੈ।

**ਸ਼੍ਰੀ ਪਵਨ ਕੁਮਾਰ ਟੀਨੂ :** ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਗਰੀਬ ਗੁਰਬਿਆਂ ਦੀ ਗੱਲ ਕਰਨੀ ਹੈ ਕਿ, ਇਨ੍ਹਾਂ ਨੂੰ ਪਿਛਲੇ ਤਿੰਨ ਸਾਲ ਵਿੱਚ ਸਰਕਾਰ ਨੇ ਕੀ ਦਿੱਤਾ ਤੇ ਕੀ ਨਹੀਂ ਦਿੱਤਾ, ਇਹੀ ਗੱਲ ਕਰਨੀ ਹੈ। ਜਦੋਂ ਤੁਸੀਂ ਹੁਕਮ ਕਰੋਗੇ ਤਾਂ ਮੈਂ ਬੈਠ ਜਾਵਾਂਗਾ। ਡਿਪਟੀ ਸਪੀਕਰ ਸਾਹਿਬ, ਮੈਂ ਸਭ ਤੋਂ ਪਹਿਲਾਂ ਸਰਕਾਰ ਨੂੰ ਕਾਂਗਰਸ ਪਾਰਟੀ ਦੇ ਮੈਨੀਫੈਸਟੋ ਦੀ ਯਾਦ ਦਿਵਾਉਣਾ ਚਾਹੁੰਦਾ ਹਾਂ ਜਿਸ ਵਿੱਚ ਬਹੁਤ ਸਾਰੇ ਪੁਆਇੰਟ ਹਨ, ਬਹੁਤ ਸਾਰੇ ਵਾਅਦੇ ਹਨ, ਬਹੁਤ ਸਾਰੇ ਲਾਰੇ ਹਨ, ਬਹੁਤ ਸਾਰੇ ਨਾਅਰੇ ਹਨ। ਜਿਸ ਵਿਚ ਕਹਿੰਦੇ ਸੀ ਕਿ "ਕੈਪਟਨ ਦੇ ਨੌ ਨੁਕਤੇ"। ਜਿਸ ਦੇ ਵਿੱਚ ਪਾਣੀ, ਡਰੱਗ, ਘਰ-ਘਰ ਨੌਕਰੀ, ਡਰੱਗਜ਼ ਬਾਰੇ ਤਾਂ ਸਾਰੇ ਪੰਜਾਬ ਨੂੰ ਹੁਣ ਪਤਾ ਲੱਗ ਗਿਆ, ਮੈਨੂੰ ਕਹਿਣ ਦੀ ਲੋੜ ਨਹੀ ਹੈ। ਡਿਪਟੀ ਸਪੀਕਰ ਸਾਹਿਬ, "ਘਰ-ਘਰ ਨੌਕਰੀ" ਦੇ ਮਾਮਲੇ ਵਿੱਚ ਹਾਊਸ ਵਿੱਚ ਵੀ ਤੇ ਬਾਹਰ ਵੀ ਮਾਨਯੋਗ ਮੁੱਖ ਮੰਤਰੀ ਜੀ ਕਹਿੰਦੇ ਹਨ ਕਿ ਅਸੀਂ 11 ਲੱਖ ਨੌਕਰੀ ਦੇ ਦਿੱਤੀ ਹੈ ਪਰ ਮੇਰਾ ਇਸ ਪੰਜਾਬ ਦੀ ਵਿਧਾਨ ਸਭਾ ਵਿੱਚ ਇੱਕ ਸਵਾਲ ਸੀ ਤੇ ਉਸ ਸਵਾਲ ਦੇ ਜਵਾਬ ਵਿੱਚ ਸਰਕਾਰ ਨੇ ਕਿਹਾ ਸੀ ਕਿ ਅਸੀਂ 1.4.2017 ਤੋਂ ਲੈ ਕੇ ਹੁਣ ਤੱਕ ਸਰਕਾਰ ਦੇ ਵੱਖ-ਵੱਖ ਵਿਭਾਗਾਂ, ਬੋਰਡਾਂ, ਕਾਰਪੋਰੇਸ਼ਨਾਂ ਤੇ ਸੁਸਾਇਟੀਆਂ ਵਿੱਚ 57,905 ਵਿਅਕਤੀਆਂ ਨੂੰ ਰੁਜ਼ਗਾਰ ਪ੍ਰਾਪਤ ਕਰਨ ਵਿੱਚ ਮਦਦ ਕੀਤੀ ਹੈ। ਇਨ੍ਹਾਂ ਵਿੱਚੋਂ 33,666 ਵਿਅਕਤੀ ਰੈਗੂਲਰ ਹਨ ਅਤੇ ਬਾਕੀ ਠੇਕੇ ਤੇ ਜਾਂ ਆਊਟਸੋਰਸ ਵਰਗੀਆਂ ਪਲੇਸਮੈਂਟਸ ਤੇ ਰੱਖੇ ਗਏ ਹਨ। ਇਸ ਦਾ ਮਤਲਬ 24,234 ਠੇਕੇ ਤੇ ਆਊਟਸੋਰਸ ਵਾਲੇ ਹੋ ਗਏ। ਉਸ ਤੋਂ ਬਾਅਦ ਫਿਰ ਇਨ੍ਹਾਂ ਨੇ ਕਿਹਾ ਕਿ ਅਸੀਂ 3,96,775 ਵਿਅਕਤੀ ਸਰਕਾਰ ਦੇ ਉਪਰਾਲਿਆਂ ਸਦਕਾ ਜਿਹੜੇ ਪ੍ਰਾਈਵੇਟ ਕਾਲਜ, ਯੂਨੀਵਰਸਿਟੀਆਂ ਮੇਲੇ ਲਗਾਉਂਦੀਆਂ ਹਨ, ਪਲੇਸਮੈਂਟ ਕੈਂਪ ਲਗਾਉਂਦੀਆਂ ਹਨ, ਉਸ ਦੇ ਥਰੂ ਨੌਜਵਾਨਾਂ ਨੂੰ ਕੰਮ ਦਿਵਾਇਆ ਹੈ। ਮੈਂ ਫਿਰ ਪੁੱਛਿਆ ਕਿ ਜਿਨ੍ਹਾਂ ਨੂੰ ਤੁਸੀਂ ਨੌਕਰੀ ਦਿਵਾਈ, ਰੁਜ਼ਗਾਰ ਦਿਵਾਇਆ, ਕੀ ਉਨ੍ਹਾਂ ਦੀ ਕੋਈ ਸੈਲਰੀ ਡਿਟੇਲ ਹੈ ਕਿ ਉਨ੍ਹਾਂ ਨੂੰ ਕਿੰਨੀ ਐਵਰੇਜ ਸੈਲਰੀ ਮਿਲਦੀ ਹੈ? ਕੋਈ ਜਵਾਬ ਨਹੀਂ ਆਇਆ। ਮੈਂ ਵਿੱਤ ਮੰਤਰੀ ਜੀ ਤੋਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਕੋਈ ਪਿੰਡ-ਵਾਈਜ਼, ਡਿਸਟ੍ਰਿਕਟ-ਵਾਈਜ਼ ਡਾਟਾ 11 ਲੱਖ ਦਿੱਤੀਆਂ ਗਈਆਂ ਨੌਕਰੀਆਂ ਦਾ ਪੇਸ਼ ਕਰ ਸਕਦੀ ਹੈ? ਕੀ EPFO or ESI, Employees Provident Fund Orgarnisation and Employees State Insurance Corporation ਦੇ ਤਹਿਤ ਇਹ ਇੰਪਲਾਈਜ਼ ਰਜਿਸਟਰਡ ਹਨ? ਜੇ ਇਹ

[ਸ਼੍ਰੀ ਪਵਨ ਕੁਮਾਰ ਟੀਨੂ]

ਰਜਿਸਟਰਡ ਹੋਣ ਮਤਲਬ ਬੰਦੇ ਦੀ ਨੌਕਰੀ secure ਹੈ। Petrol Pump ਤੇ ਕੰਮ ਕਰਨ ਵਾਲਾ ਬੰਦਾ ਵੀ EPFO and ESI ਵਿੱਚ ਕਵਰ ਹੁੰਦਾ ਹੈ। ਇਨ੍ਹਾਂ ਦਾ ਜਵਾਬ ਸੀ ਕਿ 'ਨਹੀਂ, ਇਨ੍ਹਾਂ ਵਿੱਚ ਕਵਰ ਨਹੀਂ ਹੁੰਦਾ ਹੈ'। ਇਸ ਦਾ ਮਤਲਬ ਜੋ ਮੇਰੇ ਕੋਲ ਮੇਰੇ ਜ਼ਿਲ੍ਹੇ ਦੀ ਇਨਫਰਮੇਸ਼ਨ ਹੈ, ਮੈਨੂੰ ਉਥੋਂ ਦੇ ਅਧਿਕਾਰੀਆਂ ਨੇ ਦੱਸਿਆ ਕਿ ਸਿਰਫ ਫੈਕਟਰੀਆਂ ਵਾਸਤੇ, ਚਾਹੇ ਉਹ ਚਾਰ ਜਮਾਤਾਂ ਪੜ੍ਹਿਆ ਹੈ, ਚਾਹੇ ਉਹ ਪੰਜ ਜਮਾਤਾਂ ਪੜ੍ਹਿਆ ਹੈ ਅਤੇ ਚਾਹੇ 8 ਜਮਾਤਾਂ ਪੜ੍ਹਿਆ ਹੈ, ਉਨ੍ਹਾਂ ਦੀ ਡਿਟੇਲ ਪ੍ਰਾਪਤ ਕਰ ਲਈ ਗਈ ਹੈ ਅਤੇ ਮੁੱਖ ਮੰਤਰੀ ਜੀ ਨੂੰ ਦੇ ਦਿੱਤੀ ਗਈ ਹੈ ਤੇ ਇਸ ਤਰ੍ਹਾਂ ਉਨ੍ਹਾਂ ਨੇ 11 ਲੱਖ ਜੋੜ ਕੇ ਦੱਸ ਦਿੱਤਾ ਹੈ। ਇਹ 'ਘਰ-ਘਰ ਨੌਕਰੀ' ਦੇ ਫਰਜ਼ੀ ਅੰਕੜੇ ਬਾਰੇ ਲੋਕਾਂ ਨੂੰ ਸਾਰਾ ਪਤਾ ਲੱਗ ਗਿਆ ਹੈ।

ਡਿਪਟੀ ਸਪੀਕਰ ਸਾਹਿਬ, ਇੱਕ ਹੋਰ ਪੁਆਇੰਟ, ਸਾਡੇ ਬੱਚੇ ਹੁਣ ਬਾਹਰ ਜਾ ਰਹੇ ਹਨ। ਹੁਣੇ ਹੀ ਪਿੱਛੇ ਜਿਹੇ 19 ਤਰੀਕ ਨੂੰ ਜਲੰਧਰ ਵਿੱਚ ਕੈਨੇਡਾ ਦਾ Mr. Christopher Kerr, Senior Officer of Foreign Affairs and Employment ਆਇਆ ਸੀ। ਉਸ ਨੇ ਸੈਮੀਨਾਰ ਕਰਕੇ ਬੱਚਿਆਂ ਨੂੰ ਕਿਹਾ ਕਿ ਲੀਗਲ ਤਰੀਕੇ ਨਾਲ ਆਓ, ਚੰਗੇ ਤਰੀਕੇ ਨਾਲ ਆਓ, ਏਜੰਟਾਂ ਦੇ ਸ਼ਿਕਾਰ ਨਾ ਬਣੋ। ਡਿਪਟੀ ਸਪੀਕਰ ਸਾਹਿਬ, ਉਸ ਨੇ ਇਹ ਵੀ ਕਿਹਾ ਕਿ ਪੰਜਾਬ ਵਿੱਚ ਪਿਛਲੇ 2 ਸਾਲਾਂ ਵਿੱਚ 400% ਐਪਲੀਕੇਸ਼ਨਾਂ, ਵੀਜ਼ਿਆਂ ਦੀ ਗਿਣਤੀ ਵਧੀ ਹੈ। ਪਿਛਲੇ ਦੋ ਸਾਲਾਂ ਵਿੱਚ 400% ਇਹ ਐਪਲੀਕੇਸ਼ਨਾਂ ਵਧੀਆਂ ਹਨ। ਹੋਰ interesting ਗੱਲ ਦੱਸਦਾ ਹਾਂ, ਟ੍ਰਿਬਿਊਨ ਦੀ ਖਬਰ ਹੈ ਕਿ 70% study visa aspirants are from farming families. 79% are from rural background. A majority of these families are falling in either marginal or smaller categories. A large number of study visa aspirants belonging to these families, despite having with limited resources in order, they do either sell some land or some property to borrow money to fund their education. ਇੱਕ ਹੋਰ ਬੜੀ ਗੰਭੀਰ ਗੱਲ ਉਨ੍ਹਾਂ ਨੇ ਕੀਤੀ ਹੈ ਕਿ just 2% were Scheduled Castes and 8% belonged to OBC Classes. ਇਸ ਤੋਂ ਬਾਅਦ ਐਸ.ਸੀ. ਸਟੂਡੈਂਟਸ, ਜਿਨ੍ਹਾਂ ਨੇ ਸਾਲ 2017, ਸਾਲ 2018 ਅਤੇ ਸਾਲ 2019 ਵਿੱਚ ਪ੍ਰਾਈਵੇਟ ਤੇ ਗੌਰਮਿੰਟ ਕਾਲਜਾਂ ਵਿੱਚੋਂ, ਯਾਨੀ ਪੰਜਾਬੀ ਯੂਨੀਵਰਸਿਟੀ ਅਤੇ ਜੀ.ਐਨ.ਡੀ.ਯੂ ਵਿੱਚੋਂ ਡਿਗਰੀਆਂ ਕਰ ਲਈਆਂ, ਉਨ੍ਹਾਂ ਨੂੰ ਹਾਲੇ ਤੱਕ ਡਿਗਰੀਆਂ

ਨਹੀਂ ਦਿੱਤੀਆਂ ਕਿਉਂਕਿ ਉਨ੍ਹਾਂ ਦੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਨਹੀਂ ਆਈ ਹੈ। ਇਹ ਹਜ਼ਾਰਾਂ ਦੀ ਗਿਣਤੀ ਹੈ। ਜੇ ਡਿਗਰੀਆਂ ਨਹੀਂ ਮਿਲੀਆਂ ਤਾਂ ਉਨ੍ਹਾਂ ਨੂੰ ਨੌਕਰੀਆਂ ਕਿੱਥੋਂ ਮਿਲ ਜਾਣਗੀਆਂ? ਸਰਟੀਫਿਕੇਟ ਤੋਂ ਬਗੈਰ ਤਾਂ ਕੋਈ ਵੜਨ ਹੀ ਨਹੀਂ ਦਿੰਦਾ। ਇਹ ਵੀ ਇੱਕ ਬਹੁਤ ਵੱਡਾ ਧੋਖਾ ਹੈ। ਉਸ ਤੋਂ ਬਾਅਦ ਡਿਪਟੀ ਸਪੀਕਰ ਸਾਹਿਬ, ਪੈਰ੍ਹਾ ਨੰਬਰ 101 ਹੈ।

**ਮਾਨਯੋਗ ਡਿਪਟੀ ਸਪੀਕਰ :** ਟੀਨੂ ਜੀ, ਕਨਕਲੂਡ ਕਰੋ।

**ਸ਼੍ਰੀ ਪਵਨ ਕੁਮਾਰ ਟੀਨੂ :** ਇਹ ਕਹਿੰਦੇ ਹਨ ਕਿ ਜਿਹੜੇ ਪਿੰਡ ਵਿੱਚ ਐਸ.ਸੀ. ਪਾਪੂਲੇਸ਼ਨ 50% ਹੋਵੇਗੀ, ਉੱਥੇ ਵਾਸਤੇ ਬਹੁਤ ਵੱਡੀ ਰਕਮ ਰੱਖੀ ਹੈ। ਮੈਂ ਵਿੱਤ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ। 13000 ਪਿੰਡ ਹਨ, ਜਿੱਥੇ ਆਬਾਦੀ 50% ਪ੍ਰਤੀਸ਼ਤ ਤੋਂ ਵੱਧ ਹੈ। ਡਿਪਟੀ ਸਪੀਕਰ ਸਾਹਿਬ, ਪੂਰੇ ਬਜਟ ਵਿੱਚ ਮਾਨਯੋਗ ਵਿੱਤ ਮੰਤਰੀ ਜੀ ਨੇ 10 ਕਰੋੜ ਰੁਪਿਆ ਰੱਖ ਦਿੱਤਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ 13 ਹਜ਼ਾਰ ਪਿੰਡਾਂ ਵਿੱਚੋਂ ਜੇਕਰ 3,000 ਪਿੰਡ ਵੀ 50% ਆਬਾਦੀ ਵਾਲੇ ਹੋਏ ਤਾਂ ਉਨ੍ਹਾਂ ਨੂੰ ਬਹੁਤ ਪੈਸੇ ਆ ਜਾਣੇ ਹਨ, ਉਨ੍ਹਾਂ ਨੂੰ ਹੋਰ ਕੋਈ ਲੋੜ ਨਹੀਂ ਪੈਣੀ। 33,000-33,000 ਰੁਪਏ ਆ ਜਾਣੇ ਹਨ। ਉਸ ਵਿੱਚ ਸਕੂਲ ਵੀ ਬਣ ਜਾਣੇ ਹਨ, ਗਲੀਆਂ-ਨਾਲੀਆਂ, ਪਾਣੀ ਦੀਆਂ ਟੈਂਕੀਆਂ, ਸਭ ਕੁਝ ਹੋ ਜਾਣਾ ਹੈ।

**ਮਾਨਯੋਗ ਡਿਪਟੀ ਸਪੀਕਰ :** ਟੀਨੂ ਜੀ, ਧੰਨਵਾਦ।

**ਸ਼੍ਰੀ ਪਵਨ ਕੁਮਾਰ ਟੀਨੂ:** ਨਹੀਂ ਜੀ, ਡਿਪਟੀ ਸਪੀਕਰ ਸਾਹਿਬ। ਮੇਰਾ ਹਾਲੇ ਟਾਈਮ ਹੈ। ਮੈਂ ਹੋਰ ਬੋਲਣਾ ਹੈ।

**ਮਾਨਯੋਗ ਡਿਪਟੀ ਸਪੀਕਰ:** ਤੁਹਾਡੇ 9 ਮਿੰਟ ਹੋ ਗਏ ਹਨ।

**ਸ਼੍ਰੀ ਪਵਨ ਕੁਮਾਰ ਟੀਨੂ:** ਸਾਡੇ 24 ਮਿੰਟ ਹਨ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ:** ਸਾਡੇ 24 ਮਿੰਟ ਹਨ।

**ਮਾਨਯੋਗ ਡਿਪਟੀ ਸਪੀਕਰ :** ਪਲੀਜ਼ ਸੁਣੋ। ਸੁਣ ਲਉ। ਮੇਰੀ ਰਿਕੁਐਸਟ ਸੁਣ ਲਉ। ਤੁਹਾਡੇ ਟਾਈਮ ਵਿੱਚੋਂ ਕੱਲ੍ਹ ਮਜੀਠੀਆ ਜੀ ਨੂੰ ਤੁਸੀਂ ਟਾਈਮ ਦੁਆਇਆ ਹੈ।

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** ਉਹ ਕੱਲ੍ਹ ਦਾ ਟਾਈਮ ਸੀ। ਇਸ ਤਰ੍ਹਾਂ ਨਾ ਕਰੋ। ਇਹ ਅੱਜ ਦਾ ਟਾਈਮ ਹੈ।

**ਸ਼੍ਰੀ ਪਵਨ ਕੁਮਾਰ ਟੀਨੂ** : ਸਾਨੂੰ ਬਾਹਰ ਕਰ ਦਿਆ ਕਰੋ, ਜੇ ਤੁਸੀਂ ਇਸ ਤਰ੍ਹਾਂ ਹੀ ਕਰਨਾ ਹੈ।

**ਮਾਨਯੋਗ ਡਿਪਟੀ ਸਪੀਕਰ :** ਤੁਹਾਡੇ ਦੋ ਮਿੰਟ ਹਨ। ਕਨਕਲੂਡ ਕਰੋ।

**ਸ਼੍ਰੀ ਪਵਨ ਕੁਮਾਰ ਟੀਨੂ :** ਧੰਨਵਾਦ, ਡਿਪਟੀ ਸਪੀਕਰ ਸਾਹਿਬ। ਉਸ ਤੋਂ ਬਾਅਦ ਬਿਜਲੀ ਦੀ ਗੱਲ ਆ ਗਈ। ਮੈਨੀਫੈਸਟੋ ਵਿੱਚ ਇਨ੍ਹਾਂ ਨੇ ਕਿਹਾ ਸੀ ਕਿ ਬਾਦਲ ਤਾਂ 200 ਯੂਨਿਟ ਬਿਜਲੀ ਦਿੰਦਾ ਹੈ, ਅਸੀਂ 300 ਯੂਨਿਟ ਦਿਆਂਗੇ ਪਰ ਉਹ 300 ਯੂਨਿਟ ਨਹੀਂ ਮਿਲੇ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ, ਇਹ ਦੇਖੋ, (ਅਖਬਾਰ ਦੀ ਕਟਿੰਗ ਲਹਿਰਾਉਂਦੇ ਹੋਏ।) ਗਰੀਬ ਪਰਿਵਾਰਾਂ ਦੇ ਲੋਕਾਂ ਨੂੰ 50-50 ਹਜ਼ਾਰ ਰੁਪਏ ਦੇ ਬਿੱਲ ਆ ਰਹੇ ਹਨ। ਇਹ ਅਜੀਤ ਅਖਬਾਰ ਦੀ ਖਬਰ ਹੈ। ਵਿੱਤ ਮੰਤਰੀ ਜੀ, ਸ਼ਾਹਕੋਟ ਦੀ ਇੱਕ ਵਿਚਾਰੀ ਬੀਬੀ ਪਿਆਰੋ ਹੈ, ਉਸ ਨੂੰ ਬਿੱਲ ਦੇਖ ਕੇ ਹਾਰਟ ਅਟੈਕ ਹੋ ਗਿਆ, ਉਹ ਸ਼ਡਿਊਲਡ ਕਾਸਟ ਹੈ।

ਉਸ ਤੋਂ ਬਾਅਦ ਆਟਾ-ਦਾਲ ਦੀ ਗੱਲ ਆਉਂਦੀ ਹੈ। ਆਟਾ-ਦਾਲ ਪਹਿਲੀ ਸਰਕਾਰ ਦੀ ਸਕੀਮ ਚੱਲ ਰਹੀ ਹੈ। ਹੁਣ ਇੰਨਾ ਕੁ ਫਰਕ ਪੈ ਗਿਆ ਹੈ ਕਿ ਜਿਨ੍ਹਾਂ ਬੈਨੇਫਿਸ਼ਰੀਜ਼ ਨੂੰ ਆਟਾ-ਦਾਲ ਮਿਲਦਾ ਹੈ, ਉਨ੍ਹਾਂ ਨੂੰ ਕਿਹਾ ਜਾ ਰਿਹਾ ਹੈ ਕਿ ਐਮ.ਐਲ.ਏਜ਼ ਕੋਲ ਆਉ,ਹਲਕਾ ਇੰਚਾਰਜਾਂ ਕੋਲ ਆਉ, ਹਾਜ਼ਰੀ ਲਗਵਾਉ। ਐਕਸਪਲਾਇਟੇਸ਼ਨ ਹੋ ਰਹੀ ਹੈ, ਇਹ ਨਹੀਂ ਹੋਣੀ ਚਾਹੀਦੀ। ਖੰਡ ਤੇ ਪੱਤੀ ਕਿੱਥੇ ਗਈ? ਪਿਛਲੇ ਬਜਟ ਵਿੱਚ ਇਨ੍ਹਾਂ ਨੇ ਕਿਹਾ ਸੀ ਕਿ ਅਸੀਂ ਖੰਡ ਤੇ ਪੱਤੀ ਦਿਆਂਗੇ, ਉਹ ਵੀ ਨਹੀਂ ਆਈ।

ਫਿਰ ਇਨ੍ਹਾਂ ਨੇ ਪੈਰ੍ਹਾ ਨੰਬਰ 53 ਵਿੱਚ ਕਿਹਾ ਹੈ ਕਿ ਬੇਜ਼ਮੀਨੇ ਮਜ਼ਦੂਰਾਂ ਨੂੰ 520 ਕਰੋੜ ਰੁਪਏ ਕਰਜ਼ਾ ਮੁਆਫੀ ਲਈ ਰੱਖਿਆ ਹੈ। ਜਿਹੜੇ ਲੈਂਡਲੈਸ ਲੇਬਰਰ ਹਨ, ਇਸ ਸਬੰਧੀ ਇੱਕ ਸਵਾਲ ਦੇ ਜਵਾਬ ਵਿੱਚ ਸਾਡੇ ਰੂਰਲ ਡਿਵੈਲਪਮੈਂਟ ਮੰਤਰੀ ਜੀ ਕਹਿੰਦੇ ਹਨ ਕਿ ਸਾਡੇ ਕੋਲ ਬੇਜ਼ਮੀਨੇ ਮਜ਼ਦੂਰਾਂ ਦਾ ਕੋਈ ਡਾਟਾ ਹੀ ਨਹੀਂ ਹੈ। ਇਸ ਕਰਕੇ ਇਹ ਵੀ ਭੋਗ ਪੈ ਗਿਆ। ਇਹ ਜਿਹੜਾ 520 ਕਰੋੜ ਰੁਪਿਆ ਹੈ, ਇਹ ਵੀ ਸਾਲ ਬਾਅਦ ਖਤਮ ਹੋ ਜਾਣਾ ਹੈ।

ਹੁਣ ਮੈਂ ਵਜ਼ੀਫੇ ਤੇ ਆ ਜਾਂਦਾ ਹਾਂ। ਮੈਂ ਕਿਸੇ ਵੀ ਮੈਂਬਰ ਨੂੰ ਟੋਕਿਆ ਨਹੀਂ।

ਡਿਪਟੀ ਸਪੀਕਰ ਸਾਹਿਬ, ਹੁਣ ਜਿਹੜੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਹੈ, ਮੈਂ ਇਨ੍ਹਾਂ ਦੇ ਵੈਲਫੇਅਰ ਵਿਭਾਗ ਬਾਰੇ 2011-12 ਦਾ ਅੰਕੜਾ ਪੜ੍ਹਨ ਲੱਗਿਆ ਹਾਂ।

| | |
|---|---|
| *1.12 ਵਜੇ ਬਾਅਦ ਦੁਪਹਿਰ) | (ਇਸ *ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।) |

ਇਹ ਕਹਿੰਦੇ ਹਨ ਕਿ 2011-12 ਅਤੇ 2016-17 ਵਿੱਚ ਵਿਦਿਆਰਥੀਆਂ ਦੀ ਗਿਣਤੀ 3 ਲੱਖ 70 ਹਜ਼ਾਰ ਸੀ। ਜਿਨ੍ਹਾਂ ਦੀ ਗਿਣਤੀ ਹੁਣ ਘਟ ਕੇ ਸਿਰਫ ਸਵਾ ਦੋ ਲੱਖ ਰਹਿ ਗਈ ਹੈ। ਇਸ ਦਾ ਕਾਰਨ ਕੀ ਹੈ, ਤੁਸੀਂ ਜਾਣਦੇ ਹੋ? ਇਨ੍ਹਾਂ ਦੇ ਮਹਿਕਮੇ ਵੈਲਫੇਅਰ ਡਿਪਾਰਟਮੈਂਟ ਵਿੱਚ ਬੜੀ ਨਾਨ-ਸੀਰੀਅਸਨੈੱਸ ਹੈ। ਗੜਬੜ-ਘੁਟਾਲੇ ਹੋ ਰਹੇ ਹਨ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਕੋਲ ਇਹ ਇੱਕ ਚਿੱਠੀ ਮਾਨਯੋਗ ਪ੍ਰਿੰਸੀਪਲ ਸੈਕਟਰੀ ਸਾਹਿਬ ਦੀ ਹੈ।ਇਨ੍ਹਾਂ ਦੇ ਮਹਿਕਮੇ ਵਿੱਚ ਪੋਸਟ ਮੈਟ੍ਰਿਕ ਸਕਾਲਰਸ਼ਿਪ ਦੀ ਵੰਡ ਸਹੀ ਨਹੀਂ ਹੋ ਰਹੀ ਸੀ ਅਤੇ ਦਾਗੀ ਇੰਸਟੀਚਿਊਸ਼ਨਜ਼ ਨੂੰ ਪੈਸਾ ਜਾਰੀ ਕੀਤਾ ਜਾ ਰਿਹਾ ਸੀ, ਜਿਹੜੇ erring ਕਾਲਜ/ਇੰਸਟੀਚਿਊਸ਼ਨਜ਼ ਹਨ।ਪ੍ਰਿੰਸੀਪਲ ਸੈਕਟਰੀ ਇਸ ਵਿੱਚ ਲਿਖਦੇ ਹਨ ਕਿ 72.72 ਕਰੋੜ ਰੁਪਏ ਦੀ ਰਾਸ਼ੀ ਨੂੰ ਰਹਿੰਦੇ ਸੰਸਥਾਵਾਂ/ਵਿਦਿਆਰਥੀਆਂ ਨੂੰ ਨਾ ਵੰਡਣ ਕਰਕੇ, ਵਿੱਤ ਮਹਿਕਮੇ ਵੱਲੋਂ ਕੀਤੇ ਜਾ ਰਹੇ ਆਡਿਟ ਦੀ ਪ੍ਰਾਪਰ ਮਾਨੀਟਰਿੰਗ ਨਾ ਕਰਨ ਕਰਕੇ, ਮੰਤਰੀ ਮੰਡਲ ਦੇ ਫੈਸਲੇ ਵਿਰੁੱਧ ਪਿੱਕ ਐਂਡ ਚੂਜ਼ ਨਾਲ ਹੁੰਦੀ ਰਾਸ਼ੀ ਦੀਆਂ ਅਦਾਇਗੀਆਂ ਕਰਨ ਕਰਕੇ ਮੁੱਖ ਮਿਸਲ ਦੀ ਬਜਾਏ ਸਪਲਿਟ ਫਾਇਲ ਬਣਾਉਣ ਕਰਕੇ ਆਪਣੇ ਪੱਧਰ ਤੇ ਸਕਾਲਰਸ਼ਿਪ ਦੀਆਂ ਅਦਾਇਗੀਆਂ ਕਰਨ ਕਰਕੇ, ਸਪੀਕਰ ਸਾਹਿਬ, ਇਹ ਬੜੀ ਗੰਭੀਰ ਗੱਲ ਹੈ।

**ਮਾਨਯੋਗ ਸਪੀਕਰ :** ਵਾਈਂਡ ਅੱਪ ਕਰੋ, ਵਾਈਂਡ ਅੱਪ ਕਰੋ।

**ਸ਼੍ਰੀ ਪਵਨ ਕੁਮਾਰ ਟੀਨੂ :** ਸਪੀਕਰ ਸਾਹਿਬ, ਸਕੀਮਾਂ ਨੂੰ ਸਮੇਂ ਸਿਰ ਲਾਗੂ ਨਾ ਕਰਨ ਕਰਕੇ ਪੰਜਾਬ ਸਰਕਾਰ ਦਾ ਅਕਸ ਖਰਾਬ ਹੋਇਆ ਹੈ।

**ਮਾਨਯੋਗ ਸਪੀਕਰ :** ਵਾਈਂਡ ਅੱਪ ਕਰ ਦਿਉ।

**ਸ਼੍ਰੀ ਪਵਨ ਕੁਮਾਰ ਟੀਨੂ :** ਇਸ ਲਈ ਡਿਪਟੀ ਡਾਇਰੈਕਟਰ ਨੂੰ ਪ੍ਰਿੰਸੀਪਲ ਸੈਕਟਰੀ ਵੱਲੋਂ ਸਸਪੈਂਡ ਕੀਤਾ ਗਿਆ ਹੈ।ਉਸ ਨੂੰ ਪ੍ਰਿੰਸੀਪਲ ਸੈਕਟਰੀ ਨੇ ਕਿਹਾ ਹੈ ਕਿ ਤੂੰ ਪਿੱਕ ਐਂਡ ਚੂਜ਼ ਕੀਤਾ ਹੈ, ਤੂੰ ਗਲਤ ਇੰਸਟੀਚਿਊਸ਼ਨਜ਼ ਨੂੰ 72.72 ਕਰੋੜ ਰੁਪਏ ਗਲਤ ਜਾਰੀ ਕਰ ਦਿੱਤੇ। ਇਸ ਨੂੰ 20 ਦਸੰਬਰ ਨੂੰ ਸਸਪੈਂਡ ਕੀਤਾ ਹੈ।

**ਮਾਨਯੋਗ ਸਪੀਕਰ :** ਧੰਨਵਾਦ।

**ਸ਼੍ਰੀ ਪਵਨ ਕੁਮਾਰ ਟੀਨੂ :** ਸਪੀਕਰ ਸਾਹਿਬ, ਇਹ ਘਪਲਾ ਹੈ।

**ਮਾਨਯੋਗ ਸਪੀਕਰ :** ਤੁਹਾਡੀ ਪਾਰਟੀ ਨੇ ਤਿੰਨ ਮਿੰਟ ਤੁਹਾਨੂੰ ਦਿੱਤੇ ਹਨ। ਤੁਹਾਨੂੰ ਬੋਲਦੇ ਹੋਏ 9 ਮਿੰਟ ਹੋ ਗਏ ਹਨ। ਤੁਹਾਡੀ ਪਾਰਟੀ ਦੀ ਚਿੱਟ ਮੇਰੇ ਕੋਲ ਪਈ ਹੈ। 9 ਮਿੰਟ ਹੋ ਗਏ ਹਨ। ਆਪਣੀ ਪਾਰਟੀ ਵਿੱਚ ਸਲਾਹ ਕਰ ਲਿਆ ਕਰੋ। ਹੋਣ ਵਾਈਂਡ ਅੱਪ ਕਰ ਦਿਉ।

**ਸ਼੍ਰੀ ਪਵਨ ਕੁਮਾਰ ਟੀਨੂ:** ਉਸ ਤੋਂ ਬਾਅਦ ਪ੍ਰਿੰਸੀਪਲ ਸੈਕਟਰੀ ਨੇ ਉਸ ਨੂੰ ਬੜੇ ਸੀਰੀਅਸ ਮਸਲੇ ਕਾਰਨ ਸਸਪੈਂਡ ਕਰ ਦਿੱਤਾ। ਇਹ ਮੈਂ ਸਰਕਾਰੀ ਚਿੱਠੀ ਕਢਵਾਈ ਹੈ। ਮੈਂ ਦੱਸ ਦਿੰਦਾ ਹਾਂ। (ਵਿਘਨ)

**ਮਾਨਯੋਗ ਸਪੀਕਰ :** ਬੋਲ ਲੈਣ ਦਿਓ, ਬੋਲ ਲੈਣ ਦਿਓ। ਹਾਂ ਜੀ, ਟੀਨੂ ਜੀ।

**ਸ਼੍ਰੀ ਪਵਨ ਕੁਮਾਰ ਟੀਨੂ:** ਸਪੀਕਰ ਸਾਹਿਬ, ਫਿਰ ਅਗਲੇ ਦੋ ਦਿਨ ਬਾਅਦ ਮੰਤਰੀ ਜੀ ਪੰਜਾਬ ਸਰਕਾਰ ਦਾ ਅਕਸ ਖਰਾਬ ਕਰਨ ਵਾਲੇ ਉਸ ਕੁਰੱਪਟ ਡਿਪਟੀ ਡਾਇਰੈਕਟਰ ਨੂੰ ਬਹਾਲ ਕਰ ਦਿੰਦੇ ਹਨ ਕਿ ਇਸ ਦਾ ਕੋਈ ਦੋਸ਼ ਨਹੀਂ ਹੈ। ਸਪੀਕਰ ਸਾਹਿਬ, ਇਹ ਮਾਮਲਾ ਕੋਈ ਛੋਟਾ ਨਹੀਂ ਹੈ, ਇਹ ਮਾਮਲਾ ਬੜਾ ਸੀਰੀਅਸ ਹੈ। ਸਪੀਕਰ ਸਾਹਿਬ, ਹੁਣ ਮੈਂ ਬਜਟ ਤੇ ਆਉਂਦਾ ਹਾਂ।

**ਮਾਨਯੋਗ ਸਪੀਕਰ :** ਨਹੀਂ, ਤੁਸੀਂ ਹੁਣ ਨਹੀਂ ਬੋਲ ਸਕਦੇ। ਸਿਮਰਜੀਤ ਸਿੰਘ ਬੈਂਸ।

**ਸ਼੍ਰੀ ਪਵਨ ਕੁਮਾਰ ਟੀਨੂ :** ਨਹੀਂ, ਨਹੀਂ, ਸਪੀਕਰ ਸਾਹਿਬ, ਮੈਨੂੰ ਦੋ ਮਿੰਟ ਕਨਕਲੂਡ ਤਾਂ ਕਰ ਲੈਣ ਦਿਓ। ਕਨਕਲੂਡ ਕਰ ਲੈਣ ਦਿਓ, ਇੰਨੀ ਬੇਇਨਸਾਫੀ ਨਾ ਕਰੋ। ਸਪੀਕਰ ਸਾਹਿਬ, ਇਨ੍ਹਾਂ ਨੇ ਸਾਲ 2018-19 ਦੇ ਬਜਟ ਵਿੱਚ ਐਸ.ਸੀ. ਵਿਦਿਆਰਥੀਆਂ ਲਈ 860 ਕਰੋੜ ਰੁਪਏ ਰੱਖੇ ਸਨ ਅਤੇ ਸਾਲ 2019-20 ਵਿੱਚ ਐਸ.ਸੀ. ਵਿਦਿਆਰਥੀਆਂ ਦੇ ਵਜ਼ੀਫੇ ਲਈ 938.71 ਕਰੋੜ ਰੁਪਏ ਰੱਖੇ। ਉਹ ਪਤਾ ਨਹੀਂ ਕਿੱਥੇ ਗਏ? ਉਹ ਵਿਦਿਆਰਥੀਆਂ ਨੂੰ ਨਹੀਂ

ਦਿੱਤੇ ਗਏ। ਵਿੱਤ ਮੰਤਰੀ ਜੀ ਬੈਠੇ ਹਨ, ਇਹ ਹਿਸਾਬ ਦੇਣ। ਹੁਣ ਇਨ੍ਹਾਂ ਨੇ ਸਾਲ 2020 ਵਿੱਚ 901 ਕਰੋੜ ਰੁਪਏ ਰੱਖੇ ਹਨ ਔਰ ਉਹ ਵੀ ਸਾਰਾ ** ** ਕਰ ਦਿੱਤਾ, ਇਹ ਸਾਰਾ ** ** ਹੈ। ਜਿੰਨੇ ਪੈਸੇ ਸਾਡੇ ਬੱਚਿਆਂ ਲਈ ਪਿਛਲੇ ਤਿੰਨ ਬਜਟ ਵਿੱਚ ਰੱਖੇ ਗਏ ਹਨ, ਉਨ੍ਹਾਂ ਵਿੱਚੋਂ ਪੰਜਾਬ ਸਰਕਾਰ ਨੇ ਇੱਕ ਵੀ ਰੁਪਿਆ ਸਾਡੇ ਸਮਾਜ ਵਾਸਤੇ, ਐਸ.ਸੀ. ਬੱਚਿਆਂ ਵਾਸਤੇ ਖਰਚ ਨਹੀਂ ਕੀਤਾ ਹੈ।

**ਮਾਨਯੋਗ ਸਪੀਕਰ:** ਸਿਮਰਜੀਤ ਸਿੰਘ ਬੈਂਸ ਜੀ।

**ਸ਼੍ਰੀ ਪਵਨ ਕੁਮਾਰ ਟੀਨੂ:** ਸਰ, ਮੈਨੂੰ ਕਨਕਲੂਡ ਤਾਂ ਕਰ ਲੈਣ ਦਿਓ।

**ਮਾਨਯੋਗ ਸਪੀਕਰ :** ਬੱਸ, ਬੈਠ ਜਾਓ, ਬੈਠ ਜਾਓ। ਤੁਸੀਂ ਕਨਕਲੂਡ ਕਰਨਾ ਹੀ ਨਹੀਂ ਹੈ, ਤੁਸੀਂ ਕਨਕਲੂਡ ਕਰਨਾ ਹੀ ਨਹੀਂ ਹੈ। ਟਾਈਮ ਹੋ ਗਿਆ ਹੈ, ਟਾਈਮ ਹੋ ਗਿਆ ਹੈ। ਬੈਂਸ ਸਾਹਿਬ, ਬੋਲੋ ਜੀ। ਬੈਂਸ ਸਾਹਿਬ, ਬੋਲੋ।

**ਸ਼੍ਰੀ ਪਵਨ ਕੁਮਾਰ ਟੀਨੂ:** ਸਪੀਕਰ ਸਾਹਿਬ, ਇਹ ਗਲਤ ਗੱਲ ਹੈ।

**ਮਾਨਯੋਗ ਸਪੀਕਰ:** ਤੁਹਾਡੀ ਪਾਰਟੀ ਵੱਲੋਂ ਦਿੱਤੇ ਗਏ ਤਿੰਨ ਮਿੰਟਾਂ ਦੀ ਬਜਾਏ ਦਸ ਮਿੰਟ ਹੋ ਗਏ ਹਨ ਤੇ ਮੈਂ ਤੁਹਾਡੀ ਪਾਰਟੀ ਨੂੰ ਤਿੰਨ ਮਿੰਟਾਂ ਦੇ ਦਸ ਮਿੰਟ ਨਹੀਂ ਦੇ ਸਕਦਾ ਹਾਂ। ਹਾਂ ਜੀ, ਸਿਮਰਜੀਤ ਬੈਂਸ ਜੀ, ਤੁਸੀਂ ਬੋਲੋ।

**ਸਰਦਾਰ ਸਿਮਰਜੀਤ ਸਿੰਘ ਬੈਂਸ (ਆਤਮ ਨਗਰ):** ਸਪੀਕਰ ਸਾਹਿਬ, ਇਨ੍ਹਾਂ ਨੂੰ ਬਿਠਾ ਦਿਓ ਜੀ। ਇਨ੍ਹਾਂ ਦੇ ਲੀਡਰ ਸਾਹਿਬ ਵੀ ਖੜ੍ਹੇ ਹੋ ਗਏ ਹਨ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਸ਼ਰਨਜੀਤ ਸਿੰਘ ਢਿੱਲੋਂ ਅਤੇ ਸ਼੍ਰੀ ਪਵਨ ਕੁਮਾਰ ਟੀਨੂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਬੋਲ ਰਹੇ ਸਨ।)

**ਮਾਨਯੋਗ ਸਪੀਕਰ :** ਟੀਨੂ ਜੀ, ਤੁਸੀਂ ਕਨਕਲੂਡ ਕਰਨਾ ਹੀ ਨਹੀਂ ਹੈ?

**ਸ਼੍ਰੀ ਪਵਨ ਕੁਮਾਰ ਟੀਨੂ :** ਮੈਂ ਕਨਕਲੂਡ ਕਰਨ ਲੱਗਿਆ ਹਾਂ ਜੀ।

**ਮਾਨਯੋਗ ਸਪੀਕਰ :** ਕਰ ਦਿਓ।

---

** **Expunged as ordered by the Chair.

**ਸ਼੍ਰੀ ਪਵਨ ਕੁਮਾਰ ਟੀਨੂ:** ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪਿਛਲੇ ਤਿੰਨ ਬਜਟ ਵਿੱਚ ਪੰਜਾਬ ਸਰਕਾਰ ਨੇ ਜਿੰਨੇ ਪੈਸੇ ਰੱਖੇ ਸੀ, ਉਸ ਵਿੱਚੋਂ ਇੱਕ ਵੀ ਪੈਸਾ ਨਹੀਂ ਖਰਚਿਆ ਗਿਆ ਹੈ। ਹੁਣ ਜਿਹੜੀ ਮੈਂ 72.72 ਕਰੋੜ ਰੁਪਏ ਦੀ ਗੱਲ ਕੀਤੀ ਹੈ, ਇਹ ਸੀਰੀਅਸ ਮਾਮਲਾ ਹੈ। ਮੁੱਖ ਮੰਤਰੀ ਜੀ ਵੀ ਆ ਗਏ ਹਨ। ਸਾਡੇ ਬੱਚਿਆਂ ਨੂੰ ਡਿਗਰੀਆਂ ਨਹੀਂ ਮਿਲੀਆਂ, ਐਡਮਿਸ਼ਨ ਨਹੀਂ ਮਿਲ ਰਹੀ, ਰੋਲ ਨੰਬਰ ਨਹੀਂ ਮਿਲ ਰਹੇ। ਕੀ ਵਿੱਤ ਮੰਤਰੀ ਜੀ ਪਿਛਲੇ ਤਿੰਨ ਬਜਟ ਵਿੱਚ ਰੱਖੇ ਕਰੋੜਾਂ ਰੁਪਿਆਂ ਦਾ ਹਿਸਾਬ ਦੇਣਗੇ? ਇਹ ਬਜਟ ** ** ਹੈ, ਇਹ ਅੰਕੜਿਆਂ ਦੀ ** ** ਹੈ, ਜਾਦੂਗਰੀ ਕੀਤੀ ਹੈ, ਇਸ ਵਿੱਚ ਗਰੀਬਾਂ ਲਈ ਕੁਝ ਨਹੀਂ ਹੈ ਤੇ ਮੈਂ ਇਸ ਬਜਟ ਨੂੰ ** ** ਕਹਾਂਗਾ। ਵਿੱਤ ਮੰਤਰੀ ਜੀ ਕਹਿੰਦੇ ਕੁਝ ਹੋਰ ਹਨ ਤੇ ਕਰਦੇ ਕੁਝ ਹੋਰ ਹਨ।

**ਮਾਨਯੋਗ ਸਪੀਕਰ :** ਇਹ ** ** ਐਕਸਪੰਜ ਕਰ ਦਿਓ। ਧੰਨਵਾਦ ਤੁਹਾਡਾ, ਧੰਨਵਾਦ।

**ਸ਼੍ਰੀ ਪਵਨ ਕੁਮਾਰ ਟੀਨੂ:** ਸਪੀਕਰ ਸਾਹਿਬ, ਜਿਵੇਂ ਗੁਰਬਾਣੀ ਵਿੱਚ ਕਿਹਾ ਗਿਆ ਹੈ:

ਗਲੀਂ ਅਸੀ ਚੰਗੀਆ ਆਚਾਰੀ ਬੁਰੀਆਹ

ਇਹ ਤੁਹਾਡੇ ਵਿੱਤ ਮੰਤਰੀ ਜੀ ਨੇ ਕੀਤਾ ਹੈ। ਇਹ ਧੋਖਾ ਕੀਤਾ ਹੈ, ਵਿੱਤ ਮੰਤਰੀ ਜੀ ਨੇ ਜ਼ਿਆਦਤੀ ਕੀਤੀ ਹੈ।

**ਮਾਨਯੋਗ ਸਪੀਕਰ :** ਧੰਨਵਾਦ, ਧੰਨਵਾਦ। ਹਾਂ ਜੀ, ਬੈਂਸ ਸਾਹਿਬ।

**ਸਰਦਾਰ ਸਿਮਰਜੀਤ ਸਿੰਘ ਬੈਂਸ (ਆਤਮ ਨਗਰ):** ਬਹੁਤ ਸ਼ੁਕਰੀਆ, ਸਪੀਕਰ ਸਾਹਿਬ, ਮਿਹਰਬਾਨੀ ਜੀ। ਅਸਲ ਵਿੱਚ ਇਹ ਸਤਿਕਾਰਯੋਗ ਮੈਂਬਰ ਸਾਹਿਬ ਆਪਣੇ ਦਸ ਸਾਲ ਭੁੱਲ ਜਾਂਦੇ ਹਨ, ਇੱਧਰ ਵਾਲਿਆਂ ਦੇ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਤਿੰਨ ਸਾਲ ਤਾਂ ਕੁਝ ਵੀ ਨਹੀਂ ਹਨ। (ਸ਼੍ਰੀ ਪਵਨ ਕੁਮਾਰ ਟੀਨੂ ਵੱਲੋਂ ਵਿਘਨ) ਮੈਨੂੰ ਕਿਤੇ ਬੈਠਣ ਦੀ ਲੋੜ ਨਹੀਂ, ਮੈਂ ਜਿੱਥੇ ਹਾਂ, ਠੀਕ ਹਾਂ। (ਥੰਪਿੰਗ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸ਼੍ਰੀ ਪਵਨ ਕੁਮਾਰ ਟੀਨੂ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਮਾਨਯੋਗ ਸਪੀਕਰ :** ਟੀਨੂ ਜੀ, ਹੁਣ ਬੈਠ ਜਾਓ।

---

** **Expunged as ordered by the Chair.

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਰ, ਮੈਂ ਕਹਿੰਦਾ ਹਾਂ ਕਿ ਅਨੁਸੂਚਿਤ ਜਾਤੀਆਂ ਦੇ ਪੈਸੇ ਸਮੇਂ-ਸਿਰ ਮਿਲਣੇ ਚਾਹੀਦੇ ਹਨ ਪਰ ਇਨ੍ਹਾਂ ਦੇ ਦਸ ਸਾਲਾਂ ਦਾ ਲੇਖਾ-ਜੋਖਾ ਕਿੱਥੇ ਹੈ? (ਵਿਘਨ) ਤੁਸੀਂ ਗੁੱਸੇ ਵਿੱਚ ਕਿਉਂ ਆਉਂਦੇ ਹੋ? ਤੁਸੀਂ ਸੰਜੀਦਗੀ ਦੇ ਨਾਲ ਗੱਲ ਤਾਂ ਸੁਣ ਲਓ।

**ਮਾਨਯੋਗ ਸਪੀਕਰ:** ਸਿਮਰਜੀਤ ਜੀ, ਚੇਅਰ ਨੂੰ ਐਡਰੈੱਸ ਕਰੋ। ਬੈਂਸ ਸਾਹਿਬ, ਬੈਂਸ ਸਾਹਿਬ, ਚੇਅਰ ਨੂੰ ਐਡਰੈਸ ਕਰੋ। (ਸ਼੍ਰੀ ਪਵਨ ਕੁਮਾਰ ਟੀਨੂ ਵੱਲੋਂ ਵਿਘਨ)

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਰ, ਇਹ ਕਿਤੇ ਗੱਲ ਸੁਣਨ ਨੂੰ ਤਿਆਰ ਹੈ ਜੀ? ਸਾਡਾ ਇਹ ਮੈਂਬਰ ਸਾਹਿਬ ਮਿੰਟ ਵਿੱਚ ਹੀ ਆਪੇ ਤੋਂ ਬਾਹਰ ਹੋ ਜਾਂਦਾ ਹੈ, ਇਹ ਗੱਲ ਸੁਣਨ ਨੂੰ ਤਿਆਰ ਨਹੀਂ ਹੈ। ਸੱਚਾਈ ਕੜਵੀ ਹੁੰਦੀ ਹੈ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸ਼੍ਰੀ ਪਵਨ ਕੁਮਾਰ ਟੀਨੂ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਸਰਦਾਰ ਸਿਮਰਜੀਤ ਸਿੰਘ ਬੈਂਸ :** ਬੈਠ ਜਾ ਹੁਣ, ਮੇਰਾ ਵੀਰ, ਬੈਠ ਜਾ।

**ਮਾਨਯੋਗ ਸਪੀਕਰ:** ਬੋਲੋ, ਬੋਲੋ, ਬੋਲੋ। (ਵਿਘਨ, ਸ਼ੋਰ) ਟੀਨੂ ਜੀ, ਹੁਣ ਬੋਲ ਲੈਣ ਦਿਓ। ਬੈਂਸ ਸਾਹਿਬ, ਤੁਸੀਂ ਚੇਅਰ ਨੂੰ ਐਡਰੈਸ ਕਰੋ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਪੀਕਰ ਸਾਹਿਬ, ਸਾਰੇ ਹਾਊਸ ਨੂੰ ਪਤਾ ਹੈ ਕਿ ਜੇ ਕਿਸੇ ਨੇ ਦਸ ਸਾਲ ਇਨ੍ਹਾਂ ਦੀਆਂ ਨਾਕਾਮੀਆਂ ਨੂੰ ਚੌਰਾਹੇ ਰੱਖ ਕੇ ਭੰਨਿਆ ਹੈ ਤਾਂ ਉਹ ਸਿਮਰਜੀਤ ਬੈਂਸ ਹੈ। ਜਿਸ ਨੂੰ ਜੇਲ੍ਹ ਵਿੱਚ ਜਾਣਾ ਪਿਆ, ਜਿਸ ਨੇ ਚਾਰ-ਚਾਰ ਮਹੀਨੇ, ਛੇ-ਛੇ ਮਹੀਨੇ ਡਿਕਟੇਟਰ ਬਣੇ ਹੋਏ ਲੋਕਾਂ ਦੇ ਝੂਠੇ ਮੁਕੱਦਮੇ ਝੱਲੇ ਅਤੇ ਮੈਂ ਉਹ ਵੀ ਸਿਰ ਨੀਵਾਂ ਕਰ ਕੇ ਮੰਨ ਲਏ ਕਿ ਕੋਈ ਗੱਲ ਨਹੀਂ, ਜੇ ਸੱਚ ਦੇ ਰਾਹ ਤੁਰਨਾ ਹੈ ਤਾਂ ਬੜੀਆਂ ਔਕੜਾਂ, ਦਿੱਕਤਾਂ, ਪਰੇਸ਼ਾਨੀਆਂ ਆਉਣਗੀਆਂ। ਸੋ, ਮੇਰਾ ਦੋਸਤ (ਸ਼੍ਰੀ ਪਵਨ ਕੁਮਾਰ ਟੀਨੂ ਵੱਲ ਇਸ਼ਾਰਾ) ਬਹੁਤ ਗੁੱਸੇ ਵਿੱਚ ਆ ਜਾਂਦਾ ਹੈ।

ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਸਤਿਕਾਰਯੋਗ ਵਿੱਤ ਮੰਤਰੀ ਸਾਹਿਬ ਵੱਲੋਂ ਪੇਸ਼ ਕੀਤੇ ਗਏ ਬਜਟ ਤੇ ਬਹਿਸ ਲਈ ਟਾਈਮ ਦਿੱਤਾ ਹੈ। ਮੈਂ ਉਸ ਸ਼ਹਿਰ ਤੋਂ ਆਉਂਦਾ ਹਾਂ ਜਿਸ ਨੂੰ ਮਾਨਚੈਸਟਰ ਆਫ ਇੰਡੀਆ ਦਾ ਮਾਣ ਹਾਸਲ ਹੈ। ਸਾਡੇ ਦੇਸ਼ ਦਾ ਮਾਨਚੈਸਟਰ ਲੁਧਿਆਣਾ ਇੰਡਸਟਰੀ ਦੀ ਹੱਬ ਹੈ। ਸਰ, ਲੁਧਿਆਣਾ ਪੰਜਾਬ

ਦੀ ਆਰਥਿਕ ਰਾਜਧਾਨੀ ਹੈ। ਸਭ ਤੋਂ ਵੱਧ ਰੈਵਿਨਿਊ ਲੁਧਿਆਣਾ ਦੇ ਸਨਅਤਕਾਰ, ਵਪਾਰੀ, ਇੰਡਸਟਰੀਲਿਸਟ ਭਰਾ ਦਿੰਦੇ ਹਨ। ਸਰ, ਅਫਸੋਸ ਹੈ ਕਿ ਉਹ ਇੰਡਸਟਰੀ ਦਾ ਹੱਬ ਹੋਵੇ ਪਰ ਉਥੇ ਐਗਜ਼ੀਬੀਸ਼ਨ ਹਾਲ ਨਾ ਹੋਵੇ। ਇੱਥੇ ਜਿਹੜੀ ਵੀ ਸਰਕਾਰ ਆਈ, ਉਸ ਸਰਕਾਰ ਨੇ ਇੰਡਸਟਰੀਲਿਸਟਾਂ ਨਾਲ ਵਾਅਦਾ ਕੀਤਾ ਕਿ ਅਸੀਂ ਤੁਹਾਨੂੰ ਐਗਜ਼ੀਬੀਸ਼ਨ ਹਾਲ ਬਣਾ ਕੇ ਦੇਵਾਂਗੇ। ਸਰ, ਉੱਥੇ 2-3 ਮਹੀਨੇ ਬਾਅਦ, 4 ਮਹੀਨੇ ਬਾਅਦ ਕੋਈ ਨਾ ਕੋਈ ਇੰਡਸਟਰੀਅਲ ਫੇਅਰ ਲੱਗਦਾ ਹੀ ਲੱਗਦਾ ਹੈ, ਐਗਜ਼ੀਬੀਸ਼ਨ ਲੱਗਦੀ ਹੈ ਜਿਸ ਦੇ ਟੈਂਪਰੇਰੀ ਅਰੇਂਜਮੈਂਟਸ ਲਈ ਐਗਜ਼ੀਬਿਟਰ ਤੇ ਇੰਡਸਟਰੀਲਿਸਟਾਂ ਦਾ ਕਰੋੜਾਂ ਰੁਪਿਆ ਖਰਚ ਆਉਂਦਾ ਹੈ। ਇਸ ਬਜਟ ਵਿੱਚ ਲੁਧਿਆਣਾ ਦੀ ਇੰਡਸਟਰੀ ਲਈ ਐਗਜ਼ੀਬੀਸ਼ਨ ਹਾਲ, ਜਿਹੜਾ ਕਿ ਸਤਿਕਾਰਯੋਗ ਮਨਿਸਟਰ ਸਾਹਿਬ ਅਨਾਊਂਸ ਵੀ ਕਰਕੇ ਆਏ ਸੀ, ਉਸ ਲਈ ਫੰਡਜ਼ ਦਾ ਕੋਈ ਇੰਤਜ਼ਾਮ ਨਹੀਂ ਹੈ, ਉਹ ਪ੍ਰਬੰਧ ਕਰ ਦਿਉ। ਜੇਕਰ ਤੁਸੀਂ ਲੁਧਿਆਣਾ ਫੋਕਲ ਪੁਆਇੰਟ/ਇੰਡਸਟਰੀਅਲ ਏਰੀਏ ਦੀ ਗੱਲ ਕਰੋ ਤਾਂ ਮੇਰਾ ਖਿਆਲ ਹੈ ਕਿ ਉੱਥੇ ਸੜਕਾਂ ਦੀ ਬਹੁਤ ਮਾੜੀ ਹਾਲਤ ਹੈ। ਪਿਛਲੇ ਦਿਨੀਂ ਉੱਥੇ ਇੱਕ ਰੇਲ ਹਾਦਸਾ ਹੋਇਆ ਹੈ। ਗਿਆਸਪੁਰਾ, ਡਾਬਾ, ਢੰਡਾਰੀ, ਵਿਖੇ ਲੇਬਰ ਕਲਾਸ ਏਰੀਆ ਹੈ ਜਿੱਥੇ ਰੇਲਵੇ ਫਾਟਕ ਥੱਲਿਉਂ ਵੱਡੀ ਗਿਣਤੀ ਵਿੱਚ ਲੇਬਰ ਰਹਿੰਦੀ ਹੈ, ਸਵੇਰੇ ਡਿਊਟੀ ਤੇ ਲੇਟ ਹੋਣ ਕਾਰਨ ਅਕਸਰ ਲੇਬਰ ਸਾਈਕਲ ਟੇਢੇ ਕਰਕੇ,ਮੋਟਰਸਾਈਕਲ ਟੇਢੇ ਕਰਕੇ ਉਥੋਂ ਲੰਘਦੀ ਹੈ। ਸੋ, ਅਸੀਂ ਡਿਮਾਂਡ ਕੀਤੀ ਸੀ ਕਿ ਉੱਥੇ ਇੱਕ ਰੇਲਵੇ ਅੰਡਰ ਬ੍ਰਿਜ (ਆਰ.ਯੂ.ਬੀ.) ਬਣਾ ਦਿਉ ਪਰ ਉਸ ਦਾ ਕੋਈ ਪ੍ਰਬੰਧ ਨਹੀਂ ਹੈ।ਸਪੀਕਰ ਸਾਹਿਬ, ਜੀ.ਐਸ.ਟੀ. ਰਿਫੰਡ ਲਈ ਲੁਧਿਆਣਾ ਦੇ ਇੰਡਸਟਰੀਲਿਸਟ ਲੇਰਾਂ ਮਾਰਦੇ ਹਨ, ਉਸ ਲਈ ਬਜਟ ਵਿੱਚ ਕੁਝ ਨਹੀਂ ਹੈ।

ਸਰ, ਉਸ ਤੋਂ ਅੱਗੇ ਰੇਤਾ, ਬਜਰੀ ਸਬੰਧੀ ਵੀ ਗੱਲ ਕਰਾਂਗਾ। ਸਤਿਕਾਰਯੋਗ ਮੰਤਰੀ ਸਾਹਿਬ ਨੇ ਸਟੇਟਮੈਂਟ ਦਿੱਤੀ ਕਿ ਅਸੀਂ ਇਨ੍ਹਾਂ ਸਾਧਨਾਂ ਤੋਂ ਚੰਗੀ ਵੱਡੀ ਆਮਦਨ ਕਮਾ ਸਕਦੇ ਹਾਂ। ਮੈਂ ਇਨ੍ਹਾਂ ਦਾ ਰਿਣੀ ਹਾਂ ਕਿ ਆਮਦਨ ਤੇ ਆ ਗਏ ਪਰ ਜਿਹੜੀ ਕਮੇਟੀ ਬਣੀ ਸੀ, ਜਿਸ ਵਿੱਚ ਸਤਿਕਾਰਯੋਗ ਮਨਿਸਟਰ ਵੀ ਸਨ, ਉਸ ਕਮੇਟੀ ਦੀਆਂ ਰਿਪੋਰਟਾਂ, ਰਿਕੁਮੈਂਡੇਸ਼ਨਾਂ, ਸਿਫਾਰਸ਼ਾਂ ਤਾਂ ਘੱਟੋ-ਘੱਟ ਹਾਊਸ ਦੇ ਵਿੱਚ ਲੇਅ ਹੋਣੀਆਂ ਚਾਹੀਦੀਆਂ ਸਨ ਤਾਂ ਜੋ ਉਸ ਤੇ ਵਿਚਾਰ-ਵਟਾਂਦਰਾ ਹੁੰਦਾ ਅਤੇ ਸਟੇਟ ਨੂੰ ਚਾਰ ਪੈਸੇ ਵੱਧ ਮਿਲ ਜਾਂਦੇ ਪਰ ਉਸ ਦਾ ਕਿਤੇ ਕੋਈ ਜ਼ਿਕਰ ਨਹੀਂ ਹੈ। ਕਿਸਾਨ ਕਰਜ਼ਾ ਮੁਆਫੀ ਸਿਰਫ ਤੇ ਸਿਰਫ ਹਾਥੀ ਦੇ ਮੂੰਹ ਵਿੱਚ ਜ਼ੀਰਾ, ਵਾਲੀ ਗੱਲ ਹੈ। 2000 ਕਰੋੜ ਰੁਪਿਆ ਕਿਸਾਨ ਕਰਜ਼ਾ ਮੁਆਫੀ ਲਈ ਹੈ। ਇੱਕ ਲੱਖ ਕਰੋੜ ਰੁਪਏ ਦਾ ਕਰਜ਼ਾ ਦਲਿਤ ਖੇਤ ਮਜ਼ਦੂਰ ਅਤੇ

ਕਿਸਾਨ ਦੇ ਉੱਤੇ ਹੈ, ਜੇ ਤੁਸੀਂ ਤਿੰਨ ਸਾਲ ਦਾ ਲੇਖਾ-ਜੋਖਾ ਕਰ ਲਓ, ਤੀਸਰਾ ਸਾਲ ਆ ਗਿਆ ਜੀ ਪਰ 2000 ਕਰੋੜ ਰੁਪਿਆ ਹੀ ਰੱਖਿਆ ਹੈ। ਤਿੰਨ ਸਾਲ ਦਾ ਲੇਖਾ-ਜੋਖਾ ਕਰਕੇ ਐਵਰੇਜ ਕੱਢ ਲਓ ਕਿ 3 ਸਾਲਾਂ ਦੇ ਵਿੱਚ ਇੱਕ ਲੱਖ ਕਰੋੜ ਰੁਪਏ ਦਾ ਕਿਸਾਨ ਤੇ ਖੇਤ ਮਜ਼ਦੂਰ ਕਰਜ਼ਈ ਹੈ, ਉਸ ਦਾ ਕਰਜ਼ਾ ਲਾਹੁਣ ਵਿੱਚ ਅੱਜ ਅਸੀਂ ਕਿਤੇ ਨੇੜੇ-ਤੇੜੇ ਵੀ ਨਹੀਂ।ਸਤਿਕਾਰਯੋਗ ਕੈਪਟਨ ਅਮਰਿੰਦਰ ਸਿੰਘ ਜੀ ਨੇ ਖੁਦ ਸਟੇਟਮੈਂਟ ਦਿੱਤੀ ਸੀ ਕਿ ਕਰਜ਼ੇ 'ਤੇ ਲਕੀਰ ਮਾਰ ਦੇਵਾਂਗੇ, ਚਾਹੇ ਕੋਆਪਰੇਟਿਵ ਦਾ ਹੋਵੇ, ਚਾਹੇ ਉਹ ਸਰਕਾਰੀ ਬੈਂਕ ਦਾ ਹੋਵੇ, ਆੜ੍ਹਤੀਆਂ ਦਾ ਹੋਵੇ ਪਰ ਬਜਟ ਵਿੱਚ ਉਸ ਦਾ ਕੋਈ ਜ਼ਿਕਰ ਨਹੀਂ ਹੈ। ਸਰ, ਦੂਸਰੀਆਂ ਸਟੇਟਾਂ ਦੇ ਐਮ.ਐਲ.ਏ. ਸਾਹਿਬਾਨ ਆਪਣੀ ਵਿਧਾਨ ਸਭਾ ਵਿੱਚ ਅਕਸਰ ਦੌਰੇ ਤੇ ਆਉਂਦੇ ਹਨ। ਅਸੀਂ ਪਿੱਛੇ ਜਿਹੇ ਉੜੀਸਾ ਗਏ, ਮੰਗੂ ਮੱਠ ਸਾਹਿਬ ਦਾ ਜਦੋਂ ਦੁਖਾਂਤ ਵਾਪਰਿਆ ਸੀ। ਅਸੀਂ ਉੱਥੋਂ ਦੇ ਐਮ.ਐਲ.ਏ. ਸਾਹਿਬਾਨ ਨੂੰ ਐਮ.ਐਲ.ਏ. ਲੈਡ ਫੰਡ ਬਾਰੇ ਪੁੱਛਿਆ। ਸਰ, ਉੜੀਸਾ ਆਪਣੇ ਨਾਲੋਂ ਬੜੀ ਪੂਅਰ ਸਟੇਟ ਸੀ, ਪ੍ਰੰਤੂ ਫਿਰ ਵੀ ਉਨ੍ਹਾਂ ਨੇ 6 ਕਰੋੜ ਰੁਪਿਆ ਐਮ.ਐਲ.ਏ. ਵਾਸਤੇ ਲੈਡ ਫੰਡ ਵਜੋਂ ਰਖਿਆ ਹੈ। ਜਿਵੇਂ ਐਮ.ਪੀ. ਲੈਡ ਫੰਡ ਹੈ, ਉਨ੍ਹਾਂ ਦਾ ਐਮ.ਐਲ.ਏ. ਲੈਡ ਫੰਡ 6 ਕਰੋੜ ਰੁਪਿਆ ਹੈ। ਬਿਹਾਰ ਦੀ ਟੀਮ ਪਿਛਲੇ ਦਿਨੀਂ ਆਪਣੀ ਵਿਧਾਨ ਸਭਾ ਵਿੱਚ ਆਈ, ਉਨ੍ਹਾਂ ਦਾ 5 ਕਰੋੜ ਰੁਪਿਆ ਹੈ। ਅੱਜ ਠੀਕ ਹੈ, ਲੋਕ ਸੱਤਾ ਦੇ ਵਿੱਚ ਹਨ, ਇਹ ਅਲਟਾ-ਪਲਟਾ ਹੁੰਦਾ ਰਹਿੰਦਾ ਹੈ ਜੀ। ਅੱਜ ਹਾਊਸ ਵਿੱਚ ਗੱਲ ਹੋਈ ਕਿ ਜਿਹੜਾ ਐਮ.ਐਲ.ਏ. ਹੈ, ਉਸਦਾ ਰੁਤਬਾ ਪ੍ਰੋਟੋਕੋਲ ਮੁਤਾਬਕ ਚੀਫ ਸੈਕਟਰੀ ਤੋਂ ਉੱਤੇ ਹੈ। ਸੋ, ਜੇ ਐਮ.ਐਲ.ਏ. ਨੂੰ ਲੈਡ ਫੰਡ ਮਿਲਦੇ ਹੋਣ, ਲੈਡ ਫੰਡ ਨਾਲ ਕੋਈ ਘਰ ਦਾ ਚੁਬਾਰਾ ਤਾਂ ਪਾਉਣਾ ਨਹੀਂ, ਉਹ ਏਰੀਆ ਅਤੇ ਸਟੇਟ ਦੀ ਬਿਹਤਰੀ ਲਈ ਹੋਵੇਗਾ। ਸਰ, ਮੈਂ in-time ਸਮਾਪਤ ਕਰ ਦਿੰਦਾ ਹਾਂ, ਤੁਹਾਨੂੰ ਕਹਿਣ ਦੀ ਜ਼ਰੂਰਤ ਨਹੀਂ। ਮੈਂ ਤੁਹਾਡਾ ਇਸ਼ਾਰਾ ਸਮਝ ਗਿਆ,** **। ਮੈਂ ਇੱਕ ਮਿੰਟ ਵਿੱਚ ਆਪਣੀ ਸੀਟ ਤੇ ਬੈਠ ਜਾਣਾ ਹੈ। ਸਰ, ਇਸ ਬਜਟ ਦੇ ਵਿੱਚ ਸਤਿਕਾਰਯੋਗ ਵਿੱਤ ਮੰਤਰੀ ਸਾਹਿਬ ਨੇ ਢਾਈ ਲੱਖ ਕਰੋੜ ਰੁਪਏ ਦਾ ਕਰਜ਼ਾ ਦੱਸਿਆ ਹੈ ਅਤੇ 20 ਹਜ਼ਾਰ ਕਰੋੜ ਰੁਪਿਆ ਪ੍ਰਤੀ ਸਾਲ ਵਿਆਜ ਦੇ ਰੂਪ ਵਿੱਚ ਜਾਂਦਾ ਹੈ। ਮੇਰੇ ਖਿਆਲ ਮੁਤਾਬਿਕ, ਆਪਾਂ ਸੋਚ ਹੀ ਨਹੀਂ ਸਕਦੇ ਕਿ ਕਰਜ਼ੇ ਦਾ ਢਾਈ ਲੱਖ ਕਰੋੜ ਰੁਪਿਆ ਅਤੇ 20 ਹਜ਼ਾਰ ਕਰੋੜ ਰੁਪਿਆ ਪ੍ਰਤੀ ਸਾਲ ਵਿਆਜ ਦਾ ਕਿੱਥੋਂ ਉਤਾਰਾਂਗੇ? ਰਾਣਾ ਜੀ ਬੋਲ ਕੇ ਗਏ ਹਨ, ਉਹ ਗੱਲ ਖੋਲ੍ਹ ਕੇ ਨਹੀਂ ਗਏ, ਉਹ ਇਸ਼ਾਰਾ ਕਰਕੇ ਗਏ ਹਨ। ਇੱਕ ਦਿਨ ਸਤਿਕਾਰਯੋਗ ਲੁਧਿਆਣਾ ਦੇ ਐਮ.ਪੀ. ਸਾਹਿਬ ਓਪਨਲੀ ਬੋਲੇ, ਇੱਕ ਦਿਨ ਰਾਜਾ ਵੜਿੰਗ ਜੀ ਓਪਨਲੀ ਬੋਲੇ, ਮੈਂ ਉਨ੍ਹਾਂ ਦਾ ਧੰਨਵਾਦ ਕੀਤਾ।

---

**Expunged as ordered by the Chair.

[ਸਰਦਾਰ ਸਿਮਰਜੀਤ ਸਿੰਘ ਬੈਂਸ]

ਫਗਵਾੜਾ ਤੋਂ ਬਾਇ ਇਲੈਕਸ਼ਨ ਜਿੱਤ ਕੇ ਆਏ ਐਮ.ਐਲ.ਏ. ਸਾਹਿਬ ਨੇ ਪਾਣੀ ਦੀ ਕੀਮਤ ਵਸੂਲੀ ਵਾਸਤੇ ਇੱਕ ਪਟੀਸ਼ਨ ਤੇ ਸਾਈਨ ਕੀਤੇ ਸਨ। ਇਸੇ ਸਦਨ ਵਿੱਚ ਸਬੰਧਤ ਮਤਾ ਪਾਸ ਹੋ ਗਿਆ। ਇਹ ਸਾਡਾ ਕਾਨੂੰਨਨ ਅਧਿਕਾਰ ਹੈ। ਫੈਡਰਲ ਸਿਸਟਮ ਦੇ ਅੰਦਰ ਸਟੇਟ ਤੇ ਕੇਂਦਰ ਦੀਆਂ ਸ਼ਕਤੀਆਂ ਦੀ ਕੰਨਕਰੰਟ ਲਿਸਟ ਬਣੀ ਹੋਈ ਹੈ। ਸਾਡਾ ਕਾਨੂੰਨਨ ਅਧਿਕਾਰ, 7ਵਾਂ ਸ਼ਡਿਊਲ, 17ਵੀਂ ਐਂਟਰੀ, ਪਾਣੀ, ਜਲ-ਭੰਡਾਰਣ, ਬਿਜਲੀ, ਡੈਮ ਇਹ ਸਟੇਟ ਸਬਜੈਕਟ ਹੈ ਅਤੇ ਸਟੇਟ ਦੀ ਅਸੈਂਬਲੀ empowered ਹੈ। ਇਸੇ ਅਸੈਂਬਲੀ ਦੇ ਅੰਦਰ ਪਾਸ ਹੋ ਗਿਆ ਕਿ ਅਸੀਂ ਪਾਣੀ ਦੀ ਕੀਮਤ ਰਾਜਸਥਾਨ, ਦਿੱਲੀ ਅਤੇ ਹਰਿਆਣਾ ਤੋਂ ਵਸੂਲਾਂਗੇ। ਸਪੀਕਰ ਸਾਹਿਬ, ਦਿੱਲੀ ਨੇ ਪਿਛਲੇ ਮਹੀਨੇ 21 ਕਰੋੜ ਰੁਪਿਆ ਦੇ ਕੇ ਯਮੁਨਾ ਦੇ ਜ਼ਰੀਏ ਚਾਰ ਬੰਬੀਆਂ ਜਿੰਨਾ ਪਾਣੀ ਲਿਆਂਦਾ, ਜੋ ਕਿ ਬਹੁਤ ਥੋੜ੍ਹਾ ਜਿਹਾ ਹੈ। 21 ਕਰੋੜ ਰੁਪਿਆ ਸਾਲਾਨਾ ਦਾ ਐਗਰੀਮੈਂਟ ਕੀਤਾ ਅਤੇ ਹਰਿਆਣੇ ਵਾਲੇ ਦਿੱਲੀ ਤੋਂ ਪਾਣੀ ਦੀ ਕੀਮਤ ਲੈ ਰਹੇ ਹਨ। ਸਪੀਕਰ ਸਾਹਿਬ, ਸਾਡੇ ਪੰਜਾਬ ਦੇ ਪਾਣੀ ਦੀ ਇਕੱਲੇ ਰਾਜਸਥਾਨ ਵੱਲ 16 ਲੱਖ ਕਰੋੜ ਰੁਪਏ ਤੋਂ ਜ਼ਿਆਦਾ ਦੀ ਰਾਸ਼ੀ ਹੈ। ਦਿੱਲੀ ਅਤੇ ਹਰਿਆਣਾ ਸਟੇਟ ਅਲੱਗ ਹਨ। ਸਾਡਾ ਸਾਲਾਨਾ ਤਕਰੀਬਨ 25 ਹਜ਼ਾਰ ਕਰੋੜ ਰੁਪਏ ਦਾ ਪਾਣੀ ਦੂਜੀਆਂ ਸਟੇਟਾਂ ਨੂੰ ਜਾ ਰਿਹਾ ਹੈ। ਜਦੋਂ ਹੜ੍ਹ ਆਉਂਦੇ ਹਨ ਤਾਂ ਨੁਕਸਾਨ ਪੰਜਾਬ ਦਾ ਹੁੰਦਾ ਹੈ। ਜਿਹੜੇ ਨਹਿਰਾਂ ਰਾਹੀਂ ਪਾਣੀ ਲੈ ਕੇ ਜਾ ਰਹੇ ਹਨ, ਉਨ੍ਹਾਂ ਨੂੰ free of cost ਜਾ ਰਿਹਾ ਹੈ। ਸਪੀਕਰ ਸਾਹਿਬ, ਮੇਰੀ ਇਹ ਸਨਿਮਰ ਬੇਨਤੀ ਹੈ ਕਿ ਇਹ ਢਾਈ ਲੱਖ ਕਰੋੜ ਦਾ ਕਰਜ਼ਾ ਲਹਿਣਾ ਨਹੀਂ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਸੀ.ਐਮ. ਸਾਹਿਬ ਅਤੇ ਵਿੱਤ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਪਾਣੀ ਦੀ ਕੀਮਤ ਲੈਣ ਵਾਸਤੇ ਬਿੱਲ ਬਣਾ ਕੇ ਭੇਜ ਦਿਓ, ਜਿਸ ਨਾਲ ਸਾਰੇ ਹੀ ਮਸਲੇ ਹੱਲ ਹੋ ਜਾਣੇ ਹਨ। ਸਾਡਾ ਸਲਾਨਾ 25 ਹਜ਼ਾਰ ਕਰੋੜ ਰੁਪਏ ਦਾ ਪਾਣੀ ਦੂਜੀਆਂ ਸਟੇਟਾਂ ਫਰੀ ਵਿੱਚ ਲੈ ਕੇ ਜਾ ਰਹੀਆਂ ਹਨ। ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਸ਼ੁਕਰੀਆ ਅਦਾ ਕਰਦਾ ਹਾਂ। ਮੈਂ ਤੁਹਾਨੂੰ ਇਹ ਬੋਲਣ ਨਹੀਂ ਦੇਣਾ ਕਿ ਤੁਸੀਂ ਬੈਠ ਜਾਓ। (ਹਾਸਾ) ਬੜਾ ਸ਼ੁਕਰੀਆ, ਤੁਹਾਡੀ ਮਿਹਰਬਾਨੀ ਜੀ, ਇਹ ਬਜਟ ਪੰਜਾਬ ਦੇ ਅਨੁਕੂਲ ਨਹੀਂ ਹੈ।ਬਜਟ ਦੇ ਵਿੱਚ ਢਾਈ ਲੱਖ ਕਰੋੜ ਰੁਪਏ ਦੇ ਕਰਜ਼ੇ ਨੂੰ ਉਤਾਰਨ ਦਾ ਕੋਈ ਬੰਦੋਬਸਤ ਨਹੀਂ ਕੀਤਾ ਗਿਆ। ਮੈਂ ਇਸ ਬਜਟ ਦੇ ਨਾਲ ਸਹਿਮਤ ਨਹੀਂ ਹਾਂ। ਮੈਂ ਇਸ ਦਾ ਵਿਰੋਧ ਕਰਦਾ ਹਾਂ। ਬਹੁਤ-ਬਹੁਤ ਧੰਨਵਾਦ ਜੀ।

**ਸਰਦਾਰ ਰਾਜਿੰਦਰ ਸਿੰਘ (ਸਮਾਣਾ):** ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਜੀ। ਸਾਡੇ ਬਹੁਤ ਹੀ ਸਤਿਕਾਰਯੋਗ ਮੁੱਖ ਮੰਤਰੀ ਸਾਹਿਬ ਅਤੇ ਸਾਡੇ ਬਹੁਤ ਹੀ ਕਾਬਲ ਵਿੱਤ ਮੰਤਰੀ, ਜਿਨ੍ਹਾਂ ਨੇ ਇੱਕ ਵਾਰ ਫਿਰ ਬਜਟ ਦਿੱਤਾ ਹੈ, ਜੋ ਪੰਜਾਬ ਨੂੰ ਆਉਣ ਵਾਲੇ ਸਮੇਂ ਵਿੱਚ ਖੁਸ਼ਹਾਲੀ ਅਤੇ ਤਰੱਕੀ ਦੀ ਰਾਹ ਉੱਤੇ ਪਾਏਗਾ। ਇਹ ਬਜਟ 2002 ਤੋਂ 2007 ਤੱਕ ਦੀ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਦੀ ਯਾਦ ਕਰਵਾ ਦਿੰਦਾ ਹੈ ਕਿਉਂਕਿ ਸਾਲ 2006 ਵਿੱਚ ਪਹਿਲੀ ਵਾਰ ਹੋਇਆ ਸੀ ਅਤੇ ਉਸ ਤੋਂ ਬਾਅਦ ਪੰਜਾਬ ਇੱਕ ਵਾਰੀ ਫਿਰ ਪ੍ਰਾਇਮਰੀ ਰੈਵੇਨਿਯੂ ਸਰਪਲੱਸ ਸਟੇਟ ਬਣਿਆ ਹੈ।ਜੇਕਰ 2002 ਤੋਂ 2007 ਤੱਕ ਦੇ ਪੰਜ ਸਾਲ ਦੇ ਰਾਜ ਨੂੰ ਯਾਦ ਕਰੀਏ ਤਾਂ ਮੈਂ ਸਮਝਦਾ ਹਾਂ ਕਿ ਪੰਜਾਬ ਦੇ ਇਤਿਹਾਸ ਵਿੱਚ ਉਹ ਇੱਕ ਬਹੁਤ ਹੀ ਸੁਨਹਿਰੀ ਯੁੱਗ ਸੀ ਕਿਉਂਕਿ ਉਸ ਸਮੇਂ ਇੱਕ ਲੱਖ ਕਰੋੜ ਰੁਪਏ ਦਾ ਨਿਵੇਸ਼ ਸਿਰਫ ਰੀਅਲ ਅਸਟੇਟ ਦੇ ਵਿੱਚ ਹੋਇਆ ਸੀ। ਉਦੋਂ ਰੀਅਲ ਅਸਟੇਟ ਦੇ ਬਹੁਤ ਵੱਡੇ-ਵੱਡੇ ਪਲੇਅਰ ਐਮ.ਜੀ.ਐਫ., ਡੀ.ਐਲ.ਐਫ., ਕੁਆਰਕ ਸਿਟੀ ਅਤੇ ਓਮੈਕਸ, ਆਦਿ ਨੇ ਪੰਜਾਬ ਵਿੱਚ ਆ ਕੇ ਨਿਵੇਸ਼ ਕੀਤਾ ਅਤੇ ਬਹੁਤ ਵੱਡਾ ਵਪਾਰੀ ਅਤੇ ਕਿਸਾਨ ਦੀ ਖੁਸ਼ਹਾਲੀ ਦਾ ਦੌਰ ਚੱਲਿਆ। ਅਸੀਂ ਯਾਦ ਕਰਦੇ ਹਾਂ ਕਿ ਜਦੋਂ ਕਿਸਾਨ ਆਪਣੀ ਜ਼ਮੀਨ ਦੀ ਗੱਲ ਕਰਦਾ ਹੁੰਦਾ ਸੀ, ਜਦੋਂ ਕਿਸਾਨ ਆਪਣੀ ਜ਼ਮੀਨ ਦਾ ਭਾਅ ਬਣਾਉਂਦਾ ਸੀ ਤਾਂ ਉਹ ਇਹ ਗੱਲ ਜ਼ਰੂਰ ਕਰਦਾ ਸੀ ਕਿ ਜਿਹੜਾ ਇਹ ਰੇਟ ਹੈ, ਇਹ ਅੱਜ ਦਾ ਹੈ, ਕੱਲ੍ਹ ਨੂੰ ਮੇਰਾ ਰੇਟ ਹੋਰ ਹੋਵੇਗਾ ਕਿਉਂਕਿ ਇਹ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਹੈ। ਸੋ, ਜਦੋਂ ਕੈਪਟਨ ਸਾਹਿਬ ਦੀ ਸਰਕਾਰ ਸਾਲ 2007 ਵਿੱਚ ਗਈ ਤਾਂ ਪੰਜਾਬ ਦਾ ਕਰਜ਼ਾ 51155 ਕਰੋੜ ਸੀ। ਉਸ ਤੋਂ ਬਾਅਦ 2007 ਤੋਂ ਲੈ ਕੇ 2017 ਤੱਕ ਅਕਾਲੀ ਦਲ ਦੀ ਸਰਕਾਰ ਆਈ, ਇਹ ਜਿਹੜਾ ਕਰਜ਼ਾ ਸੀ, ਉਹ ਵੱਧ ਕੇ 2 ਲੱਖ 8 ਹਜ਼ਾਰ ਕਰੋੜ ਹੋ ਗਿਆ। ਜਿਹੜਾ 51155 ਕਰੋੜ ਦਾ ਕਰਜ਼ਾ ਸੀ, ਇਹ ਕਰਜ਼ਾ ਉਦੋਂ ਸੀ, ਜਦੋਂ ਪੰਜਾਬ ਹੋਂਦ ਦੇ ਵਿੱਚ ਆਇਆ ਸੀ, ਜੇਕਰ ਇਸ ਕਰਜ਼ੇ ਨੂੰ 2 ਲੱਖ 8 ਹਜ਼ਾਰ ਕਰੋੜ ਵਿੱਚੋਂ ਮਾਈਨਸ ਕਰਦੇ ਹਾਂ ਤਾਂ ਉਸ ਦਸ ਸਾਲ ਦੇ ਵਿੱਚ 1,56,845 ਕਰੋੜ ਦਾ ਕਰਜ਼ਾ ਸਾਡੇ ਪੰਜਾਬ ਦੇ ਸਿਰ ਚੜ੍ਹਿਆ।

ਸਪੀਕਰ ਸਾਹਿਬ, ਇਸ ਤੋਂ ਵੀ ਬਹੁਤ ਵੱਡਾ ਧੋਖਾ ਜਿਹੜਾ ਪੰਜਾਬ ਦੇ ਨਾਲ ਹੋਇਆ, ਸਾਡੀਆਂ ਪੰਜ ਕਾਰਪੋਰੇਸ਼ਨਾਂ ਸਨ। ਪਨਸਪ, ਮਾਰਕਫੈਡ, ਵੇਅਰ ਹਾਊਸਿੰਗ, ਪੰਜਾਬ ਐਗਰੋ ਅਤੇ ਪਨਗ੍ਰੇਨ। ਜਿਹੜਾ ਇਨ੍ਹਾਂ ਦੀ CC limit ਦਾ ਪੈਸਾ ਸੀ, ਉਹ 25

[ਸਰਦਾਰ ਰਾਜਿੰਦਰ ਸਿੰਘ]

ਹਜ਼ਾਰ ਕਰੋੜ ਰੁਪਿਆ ਸੀ ਜਿਹੜਾ ਬਾਅਦ ਵਿੱਚ ਵਧ ਕੇ 31 ਹਜ਼ਾਰ ਕਰੋੜ ਰੁਪਿਆ ਹੋ ਗਿਆ। ਇਹੀ ਅਸੈਂਬਲੀ ਸੀ, ਅਕਾਲੀ ਦਲ ਦੇ ਭਾਈਵਾਲ ਇੱਥੇ ਬੈਠੇ ਹਨ। ਜਦੋਂ ਇਨ੍ਹਾਂ ਨੂੰ ਪੁੱਛਿਆ ਜਾਂਦਾ ਸੀ ਕਿ ਇਨ੍ਹਾਂ ਦਾ ਹਿਸਾਬ-ਕਿਤਾਬ ਤੁਸੀਂ ਕਿਵੇਂ ਕਰਨਾ ਹੈ? ਇਹ ਜਵਾਬ ਦਿੰਦੇ ਹੁੰਦੇ ਸੀ ਕਿ ਸਾਡੇ ਕੋਲ ਜਿਣਸ ਪਈ ਹੈ, ਸਾਡੇ ਕੋਲ ਸਟਾਕ ਪਿਆ ਹੈ। ਉਸ ਦੇ ਨਾਲ ਅਸੀਂ ਇਸ ਦਾ ਹਿਸਾਬ-ਕਿਤਾਬ ਕਰਾਂਗੇ। ਪੰਜਾਬ ਦੀ ਇਹ ਬਹੁਤ ਹੀ ਬਦਕਿਸਮਤੀ ਹੈ ਕਿ ਇਲੈਕਸ਼ਨਾਂ ਤੋਂ ਕੁਝ ਦਿਨ ਪਹਿਲਾਂ CC limit ਦਾ ਜਿਹੜਾ 31 ਹਜ਼ਾਰ ਕਰੋੜ ਰੁਪਿਆ ਸੀ, ਉਹ ਕਰਜ਼ੇ ਵਿੱਚ ਤਬਦੀਲ ਕਰ ਦਿੱਤਾ ਗਿਆ। ਇਨ੍ਹਾਂ ਦੀ ਜਿਹੜੀ ਭਾਈਵਾਲ ਸਰਕਾਰ ਸੈਂਟਰ ਦੇ ਵਿੱਚ ਸੀ, ਜੇਤਲੀ ਸਾਹਿਬ ਫਾਇਨਾਂਸ ਮਨਿਸਟਰ ਸੀ, ਉਦੋਂ ਪੰਜਾਬ ਦੀ ਆਰਥਿਕਤਾ ਦੀ ਤਬਾਹੀ ਹੋਈ ਹੈ। 10 ਸਾਲ ਦੇ ਵਿੱਚ ਇਨ੍ਹਾਂ ਨੇ 1 ਲੱਖ 56 ਹਜਾਰ 845 ਕਰੋੜ ਦਾ ਕਰਜ਼ਾ ਸਾਡੇ ਸੂਬੇ ਤੇ ਚੜ੍ਹਾਇਆ ਹੈ। ਮੈਂ ਇਨ੍ਹਾਂ ਦੀਆਂ ਕਮੀਆਂ ਤੇ ਸਾਡੀਆਂ ਪ੍ਰਾਪਤੀਆਂ ਦੱਸਣਾ ਚਾਹੁੰਦਾ ਹਾਂ। ਇਨ੍ਹਾਂ ਨੇ ਇੱਕ ਵੀ ਕਿਸਾਨ ਦਾ ਕਰਜ਼ਾ ਮਾਫ ਨਹੀਂ ਕੀਤਾ। ਅੱਜ ਇਸ ਪਾਸੇ ਬਹੁਤ ਹੀ ਰੌਲਾ ਸੁਣਦੇ ਹਾਂ ਜਦੋਂ ਕਰਜ਼ਿਆਂ ਦੀ ਗੱਲ ਚੱਲਦੀ ਹੈ ਤਾਂ ਬਹੁਤ ਰੌਲਾ ਪੈਂਦਾ ਹੈ। ਸਾਨੂੰ ਇਸ ਗੱਲ ਦਾ ਮਾਣ ਹੈ ਕਿ ਪੰਜਾਬ ਦੀ ਕਿਸਾਨੀ ਦਾ ਬਹੁਤ ਵੱਡਾ ਕਰਜ਼ਾ ਅਸੀਂ ਮੋੜਿਆ ਹੈ। ਇਨ੍ਹਾਂ ਨੇ ਕਿਸਾਨਾਂ ਨੂੰ ਖੁਦਕੁਸ਼ੀਆਂ ਦੇ ਰਸਤੇ ਤੇ ਪਾਇਆ ਹੈ। ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਦੇ ਹੜ੍ਹ ਵਿੱਚ ਰੋਲ ਦਿੱਤਾ ਔਰ ਜਾਂਦੇ ਜਾਂਦੇ ਪੰਥ ਦੀ ਪਿੱਠ ਵਿੱਚ ਵੀ ਛੁਰਾ ਮਾਰ ਗਏ। ਇਹ ਹਮੇਸ਼ਾ ਪੰਥ ਦੀਆਂ ਅਤੇ ਕਿਸਾਨੀ ਦੀਆਂ ਗੱਲਾਂ ਕਰਕੇ ਇਲੈਕਸ਼ਨਾਂ ਲੜਦੇ ਰਹੇ ਹਨ। ਅੱਜ ਮੈਨੂੰ ਇਸ ਗੱਲ ਦੀ ਬਹੁਤ ਖੁਸ਼ੀ ਹੈ ਕਿ ਤਿੰਨ ਸਾਲ ਬਾਅਦ ਸਾਡੇ ਸਾਹਮਣੇ ਜਿਹੜਾ ਬਜਟ ਆਇਆ ਹੈ, ਅਸੀਂ ਤਿੰਨ ਸਾਲ ਵਿੱਚ ਸਿਰਫ 21 ਹਜਾਰ ਕਰੋੜ ਦਾ ਕਰਜ਼ਾ ਲਿਆ ਹੈ।ਸਾਡੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਇਨ੍ਹਾਂ ਨੇ ਜਿਹੜਾ ਤਕਰੀਬਨ 1 ਲੱਖ 56 ਹਜਾਰ ਕਰੋੜ ਦਾ ਕਰਜ਼ਾ ਚੜ੍ਹਾਇਆ ਸੀ, ਉਸ ਕਰਜ਼ੇ ਦੀ ਅਸੀਂ ਕਿਸ਼ਤ ਦੇ ਰਹੇ ਹਾਂ। ਇਨ੍ਹਾਂ ਦੇ ਚੜ੍ਹਾਏ ਹੋਏ ਕਰਜ਼ੇ ਦਾ ਅਸੀਂ ਵਿਆਜ ਦੇ ਰਹੇ ਹਾਂ। 5 ਹਜਾਰ ਕਰੋੜ ਦਾ ਕਿਸਾਨੀ ਕਰਜ਼ਾ ਅਸੀਂ ਮਾਫ ਕਰ ਚੁੱਕੇ ਹਾਂ। ਅਗਲਾ ਪ੍ਰੋਗਰਾਮ ਬਜਟ ਦੇ ਵਿੱਚ ਆ ਚੁੱਕਿਆ ਹੈ। 3 ਹਜਾਰ ਕਰੋੜ ਰੁਪਏ ਨਾਲ 31 ਹਜ਼ਾਰ ਕਿਲੋਮੀਟਰ ਸੜਕਾਂ ਦਾ ਨਵੀਨੀਕਰਨ ਕਰ ਰਹੇ ਹਾਂ। 750 ਕਰੋੜ ਰੁਪਏ ਨਾਲ ਮੰਡੀਆਂ ਦਾ ਨਵੀਨੀਕਰਨ ਕਰ ਰਹੇ ਹਾਂ। ਸਾਡੇ ਖੇਤੀ ਮਜ਼ਦੂਰਾਂ ਵਾਸਤੇ 520 ਕਰੋੜ ਰੁਪਿਆ ਬਜਟ ਵਿੱਚ ਆਇਆ ਹੈ, ਉਸ ਦਾ ਵੀ ਪ੍ਰਬੰਧ ਹੋ ਚੁੱਕਿਆ ਹੈ। ਸਕੂਲੀ ਸਿੱਖਿਆ ਦਾ ਮਿਆਰ

ਉੱਚਾ ਚੁੱਕਣ ਵਾਸਤੇ 12 ਹਜਾਰ 488 ਕਰੋੜ ਰੁਪਿਆ ਲਗਾਇਆ ਹੈ। ਸਾਡੀ ਸਰਕਾਰ ਦੀਆਂ ਇਹ ਤਿੰਨ ਸਾਲ ਵਿੱਚ ਬਹੁਤ ਵੱਡੀਆਂ ਪ੍ਰਾਪਤੀਆਂ ਹਨ। ਸਪੀਕਰ ਸਾਹਿਬ, ਕਿਸਾਨੀ ਬਹੁਤ ਵੱਡਾ ਮੁੱਦਾ ਹੈ। ਸਾਡਾ ਪੰਜਾਬ ਕਿਸਾਨੀ ਪ੍ਰਧਾਨ ਸੂਬਾ ਹੈ। ਇਸ ਬਜਟ ਵਿੱਚ ਪੜ੍ਹ ਕੇ ਬਹੁਤ ਖੁਸ਼ੀ ਹੋਈ ਹੈ ਕਿ ਸਾਲ 2000 ਤੋਂ ਬਾਅਦ ਸਾਡੀ ਆਮਦਨ ਵਿੱਚ 44 ਹਜਾਰ ਕਰੋੜ ਰੁਪਏ ਦਾ ਵਾਧਾ ਹੋਇਆ ਹੈ। ਜੇਕਰ ਆਪਾਂ ਦੇਖੀਏ ਤਾਂ ਇਹ 2007 ਨਾਲੋਂ 35% ਜ਼ਿਆਦਾ ਹੈ। ਇਸ ਗੱਲ ਦੀ ਬਹੁਤ ਖੁਸ਼ੀ ਹੈ ਕਿ ਗੁਰਦਾਸਪੁਰ ਅਤੇ ਬਟਾਲਾ ਦੀਆਂ ਖੰਡ ਮਿੱਲਾਂ ਵਾਸਤੇ 50 ਕਰੋੜ ਰੁਪਿਆ ਬਜਟ ਵਿੱਚ ਆਇਆ ਹੈ। ਮੈਂ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿੱਚ ਰੱਖੜਾ ਖੰਡ ਮਿੱਲ ਹੈ। ਜਦੋਂ ਮੁੱਖ ਮੰਤਰੀ ਸਾਹਿਬ, ਮੈਂਬਰ ਪਾਰਲੀਮੈਂਟ ਸੀ ਤਾਂ ਇਨ੍ਹਾਂ ਦੇ ਯਤਨਾਂ ਸਦਕਾ ਮਿੱਲ ਰੱਖੜਾ ਵਿਖੇ ਆਈ ਸੀ। ਮੈਂ ਵਿੱਤ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜਿਹੜੀ ਇਹ ਮਿੱਲ ਹੈ, ਇਹ ਪਿਛਲੇ 18 ਸਾਲ ਤੋਂ ਬੰਦ ਹੈ। ਇਹ ਮਿੱਲ 60 ਏਕੜ ਦੇ ਵਿੱਚ ਬਣੀ ਹੋਈ ਹੈ। ਆਉਣ ਵਾਲੇ ਬਜਟ ਵਿੱਚ ਇਸ ਦਾ ਵੀ ਧਿਆਨ ਜ਼ਰੂਰ ਰੱਖਿਆ ਜਾਵੇ । ਸਿੱਖਿਆ ਦੇ ਖੇਤਰ ਵਿੱਚ ਵੀ ਬਹੁਤ ਵੱਡੀਆਂ ਪ੍ਰਾਪਤੀਆਂ ਹਨ। ਸਾਰੇ ਬੱਚਿਆਂ ਵਾਸਤੇ ਅਸੀਂ 12 ਵੀਂ ਕਲਾਸ ਤੱਕ ਸਿੱਖਿਆ ਫਰੀ ਕੀਤੀ ਹੈ। ਇਸ ਦੀ ਬਹੁਤ ਖੁਸ਼ੀ ਹੈ ਕਿ ਤਰਨਤਾਰਨ ਵਿਖੇ ਗੁਰੂ ਤੇਗ ਬਹਾਦਰ ਲਾਅ ਯੂਨੀਵਰਸਿਟੀ ਬਣ ਗਈ ਹੈ।

**ਮਾਨਯੋਗ ਸਪੀਕਰ :** ਸਰਦਾਰ ਰਾਜਿੰਦਰ ਸਿੰਘ ਜੀ, ਹੁਣ ਵਾਈਂਡ ਅੱਪ ਕਰ ਲਵੋ।

**ਸਰਦਾਰ ਰਾਜਿੰਦਰ ਸਿੰਘ :** ਮੈਂ ਵਿੱਤ ਮੰਤਰੀ ਸਾਹਿਬ ਦਾ ਬਹੁਤ ਧੰਨਵਾਦ ਕਰਦਾ ਹਾਂ ਕਿ ਮੇਰੇ ਹਲਕੇ ਸਮਾਣੇ ਦੇ ਪਿੰਡ ਭਾਨਰੀ ਵਿਖੇ 10 ਏਕੜ ਦਾ ਮਤਾ ਪਾ ਕੇ ਦਿੱਤਾ ਜਾ ਚੁੱਕਿਆ ਹੈ, ਇੱਥੇ ਜਗਤ ਗੁਰੂ ਨਾਨਕ ਦੇਵ ਜੀ ਓਪਨ ਯੂਨੀਵਰਸਿਟੀ ਆ ਰਹੀ ਹੈ। ਮੈਂ ਮੁੱਖ ਮੰਤਰੀ ਸਾਹਿਬ ਦਾ ਅਤੇ ਵਿੱਤ ਮੰਤਰੀ ਸਾਹਿਬ ਦਾ ਬਹੁਤ ਧੰਨਵਾਦ ਕਰਦਾ ਹਾਂ। ਮੈਂ ਦੇਖ ਰਿਹਾ ਸੀ, ਮੈਂ ਇੱਕ ਪ੍ਰਸ਼ਨ ਪੁੱਛਿਆ ਸੀ ਉਸ ਵਿੱਚ ਸਿਰਫ ਦੋ ਕਰੋੜ ਰੁਪਏ ਇਸ ਸਾਲ ਅਤੇ 5 ਕਰੋੜ ਰੁਪਏ ਅਗਲੇ ਸਾਲ ਪ੍ਰਾਵਧਾਨ ਕੀਤਾ ਹੈ, ਮੈਂ ਸਮਝਦਾ ਹਾਂ ਕਿ ਇਹ ਬਹੁਤ ਘੱਟ ਹੈ...

**Mr. Speaker :** Thank you, thank you.

**ਸਰਦਾਰ ਰਾਜਿੰਦਰ ਸਿੰਘ :** ਮੈਂ ਵਿੱਤ ਮੰਤਰੀ ਸਾਹਿਬ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਕਿ ਬਹੁਤ ਮਾੜੀ ਆਰਥਿਕਤਾ ਹੋਣ ਦੇ ਬਾਵਜੂਦ ਵੀ ਪੰਜਾਬ ਨੂੰ ਇੱਕ ਵਾਰ ਫਿਰ ਤਰੱਕੀ ਅਤੇ ਖੁਸ਼ਹਾਲੀ ਦੀ ਰਾਹ ਤੇ ਪਾਇਆ ਹੈ।

**Mr. Speaker :** Thank you, thank you. ਬਹੁਤ ਵਧੀਆ ਜੀ। ਹਾਂ ਜੀ, ਸ਼੍ਰੀ ਰਜਿੰਦਰ ਬੇਰੀ ਜੀ।

**ਸ਼੍ਰੀ ਰਜਿੰਦਰ ਬੇਰੀ (ਜਲੰਧਰ ਕੇਂਦਰੀ) :** ਮਾਨਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਸਾਲ 2020-21 ਦੇ ਬਜਟ ਤੇ ਬੋਲਣ ਅਤੇ ਆਪਣੀ ਰਾਏ ਦੇਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਸਾਡੇ ਵਿੱਤ ਮੰਤਰੀ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ ਅਤੇ ਸਮੂਹ ਪੰਜਾਬ ਸਰਕਾਰ ਇਸ ਦੇ ਲਈ ਵਧਾਈ ਦੀ ਪਾਤਰ ਹੈ ਕਿ ਜਿਹੜਾ ਇਸ ਵਾਰ ਵਾਲਾ ਸਾਡਾ ਬਜਟ ਸੀ, ਉਹ ਪ੍ਰਾਇਮਰੀ ਸਰਪਲੱਸ ਬਜਟ ਸੀ। ਇਹ ਸਰਕਾਰ ਦੀ ਇਮਾਨਦਾਰੀ ਦੀ ਗਵਾਹੀ ਭਰਦਾ ਹੈ। ਸਾਡੇ ਵਿੱਤ ਮੰਤਰੀ ਸਾਹਿਬ ਜੀ ਨੇ ਸਾਲ 2017 ਦੇ ਵਿੱਚ ਜਦੋਂ ਆਪਣਾ ਪਹਿਲਾ ਬਜਟ ਪੇਸ਼ ਕੀਤਾ ਸੀ ਔਰ ਉਸ ਵੇਲੇ ਉਨ੍ਹਾਂ ਨੇ ਕਿਹਾ ਸੀ ਕਿ ਲਗਭਗ 3 ਸਾਲ ਸਾਡੀ ਸਰਕਾਰ ਨੂੰ ਲੱਗ ਜਾਣਗੇ, ਇਸ ਬਜਟ ਨੂੰ ਠੀਕ ਕਰ ਦਿਆਂਗੇ। ਵਾਕਿਆ ਹੀ ਉਹ ਗੱਲ ਸੱਚ ਹੋਣ ਜਾ ਰਹੀ ਹੈ ਕਿ ਇਸ ਵਾਰ ਵਾਲਾ ਬਜਟ ਜਿਹੜਾ ਹੈ, ਉਹ ਪ੍ਰਾਇਮਰੀ ਸਰਪਲੱਸ ਬਜਟ ਪੇਸ਼ ਕੀਤਾ ਗਿਆ ਹੈ। ਇਸ ਤੋਂ ਬਾਅਦ ਮੈਂ ਸਰਕਾਰ ਦੇ ਉਸ ਕਦਮ ਦਾ ਭਰਪੂਰ ਸਮਰਥਨ ਕਰਦਾ ਹਾਂ ਕਿ ਸਰਕਾਰ ਨੇ ਮੁਲਾਜ਼ਮਾਂ ਦੀ ਰਿਟਾਇਰਮੈਂਟ 60 ਤੋਂ ਘਟਾ ਕੇ 58 ਸਾਲ ਕਰ ਦਿੱਤੀ ਹੈ। ਇਸ ਕਦਮ ਦੇ ਨਾਲ ਸਾਡੇ ਨੌਜਵਾਨਾਂ ਨੂੰ ਰੁਜ਼ਗਾਰ ਮਿਲੇਗਾ ਔਰ ਜਿਹੜੇ ਸਾਡੇ ਨੌਜਵਾਨ ਪਿਛਲੇ ਦਸਾਂ ਸਾਲਾਂ ਦੇ ਅੰਦਰ ਨਸ਼ਿਆਂ ਵਾਲੇ ਪਾਸੇ ਲੱਗ ਗਏ ਸੀ ਔਰ ਸਾਡੇ ਨੌਜਵਾਨਾਂ ਦੇ ਮਾਂ-ਬਾਪ ਇਹ ਸੋਚਣ ਲੱਗ ਗਏ ਸੀ ਕਿ ਸਾਡਾ ਬੱਚਾ ਜੇਕਰ ਪੰਜਾਬ ਦੇ ਵਿੱਚ ਰਹੇਗਾ ਤਾਂ ਇਹ ਨਸ਼ਿਆਂ ਵਾਲੇ ਪਾਸੇ ਲੱਗ ਜਾਵੇਗਾ। ਸਾਡੇ ਨੌਜਵਾਨਾਂ ਦੇ ਮਾਂ-ਬਾਪ ਨੇ ਆਪਣੇ ਬੱਚਿਆਂ ਨੂੰ ਬਾਹਰ ਭੇਜਣ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ ਸੀ। ਪਿਛਲੇ ਦਸਾਂ ਸਾਲਾਂ ਦੇ ਵਿੱਚ ਖਾਸ ਤੌਰ ਤੇ ਦੁਆਬੇ ਦੇ ਬੱਚੇ ਕੋਈ ਨਿਊਜ਼ੀਲੈਂਡ, ਕੋਈ ਆਸਟ੍ਰੇਲੀਆ ਤੇ ਕੋਈ ਕੈਨੇਡਾ ਵਾਲੇ ਪਾਸੇ ਜਾਣ ਲੱਗ ਗਿਆ ਸੀ। ਬੱਚਿਆਂ ਦੇ ਜਾਣ ਦੇ ਨਾਲ-ਨਾਲ 25-25 ਲੱਖ ਰੁਪਿਆ ਫੀਸਾਂ ਦੇ ਰੂਪ ਵਿੱਚ ਬਾਹਰ ਜਾਣ ਨਾਲ ਸਾਡੀ ਇਕਾਨਮੀ ਨੂੰ ਬਹੁਤ ਫਰਕ ਪਿਆ ਸੀ। ਜਿਹੜਾ ਤੁਸੀਂ 58 ਸਾਲ ਦੀ ਰਿਟਾਇਰਮੈਂਟ ਫੈਸਲਾ ਲਿਆ ਹੈ, ਇਸ ਨਾਲ ਸਾਡੀ ਇਕਾਨਮੀ ਨੂੰ ਫਰਕ ਪਵੇਗਾ ਤੇ ਬੱਚਿਆਂ ਨੂੰ ਵੀ ਰੁਜ਼ਗਾਰ ਮਿਲੇਗਾ। ਇਸ ਦੇ ਨਾਲ-ਨਾਲ ਸਰਕਾਰੀ ਮੁਲਾਜ਼ਮਾਂ ਨੂੰ 6% ਡੀ.ਏ. ਦੀ ਕਿਸ਼ਤ, ਪੇਅ ਕਮਿਸ਼ਨ ਦੀ ਰਿਪੋਰਟ ਲਾਗੂ ਕਰਨਾ, ਇਹ ਵੀ ਸਰਕਾਰੀ ਕਰਮਚਾਰੀਆਂ ਦੇ ਲਈ

ਬਹੁਤ ਵੱਡੀ ਗੱਲ ਮਨਪ੍ਰੀਤ ਸਿੰਘ ਬਾਦਲ ਜੀ ਨੇ ਇਸ ਬਜਟ ਦੇ ਵਿੱਚ ਰੱਖੀ ਹੈ। ਮੈਂ ਇਸ ਦੀ ਵੀ ਭਰਪੂਰ ਸ਼ਲਾਘਾ ਕਰਦਾ ਹਾਂ। ਸਭ ਨੂੰ ਪਤਾ ਹੈ ਕਿ ਮੌਜੂਦਾ ਸਰਕਾਰ ਨੂੰ ਖਜ਼ਾਨਾ ਖਾਲੀ ਮਿਲਿਆ ਸੀ ਪਰ ਪਿਛਲੇ ਤਿੰਨ ਸਾਲਾਂ ਵਿੱਚ ਇੱਕ ਵਾਰ ਵੀ ਓਵਰ ਡਰਾਫਟ ਦੀ ਸਥਿਤੀ ਵਿੱਚ ਸਾਡੀ ਸਰਕਾਰ ਨਹੀਂ ਆਈ, ਨਹੀਂ ਤਾਂ ਪਿਛਲੀ ਸਰਕਾਰ ਹਰ ਵਾਰ ਓਵਰ ਡਰਾਫਟ ਕਰਦੀ ਰਹੀ ਹੈ। ਇਹ ਵੀ ਸ਼ਲਾਘਾਯੋਗ ਗੱਲ ਹੈ ਕਿ ਤਿੰਨ ਸਾਲਾਂ ਵਿੱਚ ਸਾਡੇ ਮਨਪ੍ਰੀਤ ਸਿੰਘ ਬਾਦਲ ਜੀ ਨੇ ਇੱਕ ਵਾਰ ਵੀ ਓਵਰ ਡਰਾਫਟ ਨਹੀਂ ਕੀਤਾ। (ਥੰਪਿੰਗ) ਜੇਕਰ ਪਿਛਲੀ ਸਰਕਾਰ ਕੁਝ ਚੰਗੇ ਕੰਮ ਕਰਕੇ ਜਾਂਦੀ, ਬੱਚਿਆਂ ਨੂੰ ਸਰਕਾਰੀ ਨੌਕਰੀਆਂ ਮੁਹੱਈਆ ਕਰਵਾ ਕੇ ਜਾਂਦੀ, ਨਸ਼ਾਬੰਦੀ ਵਾਸਤੇ ਜ਼ੋਰ ਲਾ ਕੇ ਜਾਂਦੀ ਤੇ ਨਸ਼ਾ ਖਤਮ ਕਰਕੇ ਜਾਂਦੀ ਤਾਂ ਅੱਜ ਸਾਡੀ ਸਰਕਾਰ ਕੋਲ ਘੱਟੋ-ਘੱਟ 10 ਹਜ਼ਾਰ ਕਰੋੜ ਰੁਪਏ ਤੋਂ ਉਪਰ ਵਿਕਾਸ ਲਈ ਪੈਸਾ ਹੋਣਾ ਸੀ।

ਸਪੀਕਰ ਸਾਹਿਬ, ਕਿਸੇ ਵੀ ਸੂਬੇ ਦੀ ਅਸਲ ਵਿਕਾਸ ਦਰ ਵਿੱਚ ਸਿੱਖਿਆ ਅਤੇ ਸਿਹਤ ਦਾ ਬਹੁਤ ਵੱਡਾ ਯੋਗਦਾਨ ਹੈ। ਇਸ ਲਈ ਸਿੱਖਿਆ ਦੇ ਖੇਤਰ ਲਈ 4,675 ਕਰੋੜ ਰੁਪਏ ਦਾ ਪ੍ਰਾਵਧਾਨ ਰੱਖਿਆ ਗਿਆ ਹੈ, ਇਹ ਵੀ ਬੜੀ ਵੱਡੀ ਸ਼ਲਾਘਾਯੋਗ ਗੱਲ ਹੈ। ਇਸ ਤੋਂ ਇਲਾਵਾ ਖੇਤੀਬਾੜੀ ਲਈ 12,526 ਕਰੋੜ ਰੁਪਏ, ਸਮਾਜਿਕ ਸੁਰੱਖਿਆ ਲਈ 3,495 ਕਰੋੜ, ਖੇਡਾਂ ਲਈ 270 ਕਰੋੜ ਰੁਪਏ ਰੱਖਣੇ, ਇਹ ਬਜਟ ਦੀ ਇੱਕ ਅਹਿਮ ਗੱਲ ਹੈ। ਮੇਰੀ ਬੇਨਤੀ ਹੈ ਕਿ ਮੈਂ ਜਲੰਧਰ ਕੇਂਦਰੀ ਵਿਧਾਨ ਸਭਾ ਤੋਂ ਪ੍ਰਤੀਨਿਧਤਵ ਕਰਦਾ ਹਾਂ। ਮੇਰਾ ਜਿਹੜਾ ਹਲਕਾ ਹੈ, ਉਹ ਪੂਰਾ ਸ਼ਹਿਰੀ ਖੇਤਰ ਹੈ, ਇਸ ਖੇਤਰ ਵਿਚ ਰੋਜ਼ਗਾਰ, ਉਦਯੋਗ, ਵਪਾਰ, ਖੇਡਾਂ ਅਤੇ ਸਮਾਜਿਕ ਸੁਰੱਖਿਆ ਦੇ ਮਾਮਲੇ ਬੜੇ ਵੱਡੇ ਸਰੋਕਾਰ ਵਾਲੇ ਹਨ। ਮੇਰੀ ਬੇਨਤੀ ਇਹ ਹੈ ਕਿ ਕਾਂਗਰਸ ਪਾਰਟੀ ਨੇ ਆਪਣੇ ਮੈਨੀਫੈਸਟੋ ਦੇ ਵਿੱਚ ਵੀ ਲਿਖਿਆ ਸੀ ਕਿ ਅਸੀਂ ਬਜ਼ੁਰਗਾਂ ਤੇ ਮਹਿਲਾਵਾਂ ਦੀਆਂ ਪੈਨਸ਼ਨਾਂ ਵਧਾਵਾਂਗੇ। ਸਪੀਕਰ ਸਾਹਿਬ, ਅਸੀਂ ਆਉਂਦਿਆਂ ਹੀ ਪਹਿਲੇ ਸਾਲ ਦੇ ਵਿੱਚ ਬਜ਼ੁਰਗਾਂ ਦੀਆਂ, ਵਿਡੋਜ਼ ਦੀਆਂ ਪੈਨਸ਼ਨਾਂ ਵਧਾਈਆਂ ਵੀ ਹਨ। ਮੈਂ ਐਫ.ਐਮ.ਸਾਹਿਬ ਦੇ ਅੱਗੇ ਇਹ ਰਿਕੁਐਸਟ ਕਰਦਾ ਹਾਂ ਕਿ ਅਸੀਂ ਬਜ਼ੁਰਗਾਂ ਦੀਆਂ, ਵਿਧਵਾਵਾਂ ਦੀਆਂ ਅਤੇ ਅਪੰਗਹੀਣਾਂ ਦੀਆਂ ਪੈਨਸ਼ਨਾਂ ਹੋਰ ਵਧਾਈਏ ਤਾਂ ਜੋ ਅਸੀਂ ਆਪਣੇ ਮੈਨੀਫੈਸਟੋ ਵਿਚ ਵਾਅਦਾ ਕੀਤਾ ਸੀ, ਉਹ ਅਸੀਂ ਜ਼ਰੂਰ ਪੂਰਾ ਕਰੀਏ (ਥੰਪਿੰਗ)

**ਮਾਨਯੋਗ ਸਪੀਕਰ :** ਧੰਨਵਾਦ, ਧੰਨਵਾਦ ।

**ਸ਼੍ਰੀ ਰਜਿੰਦਰ ਬੇਰੀ :** ਸਪੀਕਰ ਸਾਹਿਬ, ਨਸ਼ਾ ਮੁਕਤੀ ਪ੍ਰੋਗਰਾਮ ਦੇ ਤਹਿਤ ਜੋ ਬੱਡੀ (buddy) ਪ੍ਰੋਗਰਾਮ ਸ਼ੁਰੂ ਕੀਤੇ ਗਏ ਹਨ, ਮੈਂ ਉਸ ਲਈ ਵੀ ਵਧਾਈ ਦੇਣਾ ਚਾਹੁੰਦਾ ਹਾਂ, ਨਸ਼ਿਆਂ ਤੋਂ ਦੂਰ ਰੱਖਣ ਲਈ ਰੋਜ਼ਗਾਰ ਮੁਹੱਈਆ ਕਰਵਾਉਣਾ, ਖੇਡਾਂ ਨੂੰ ਉਤਸ਼ਾਹ ਦੇਣਾ ਸਭ ਤੋਂ ਵੱਡੇ ਕਦਮ ਹਨ। ਸੋ, ਸਰਕਾਰ ਵੱਲੋਂ 270 ਕਰੋੜ ਰੁਪਿਆ ਖੇਡਾਂ ਦੇ ਵਿਕਾਸ ਦੇ ਲਈ ਰੱਖਿਆ ਗਿਆ ਹੈ, ਇਹ ਵੀ ਬਹੁਤ ਵੱਡੀ ਸ਼ਲਾਘਾਯੋਗ ਗੱਲ ਹੈ ਕਿਉਕਿ ਅੱਜ ਦੇ ਯੁੱਗ ਵਿਚ ਜਦੋਂ ਅਸੀਂ ਆਪਣੇ ਬੱਚਿਆਂ ਵੱਲ ਵੇਖਦੇ ਹਾਂ ਤਾਂ ਬੱਚਿਆਂ ਦੇ ਕੋਲ ਕੋਈ ਇਹੋ ਜਿਹੀ ਗਰਾਊਂਡ ਨਹੀਂ ਹੁੰਦੀ ਜਿਥੇ ਬੱਚੇ ਬਾਹਰ ਜਾ ਕੇ ਖੇਡ ਸਕਣ ਔਰ ਬੱਚੇ ਘਰ ਦੇ ਵਿੱਚ ਬੈਠੇ ਹੀ, ਕੋਈ ਬੱਚਾ ਕੰਪਿਊਟਰ ਉੱਤੇ ਖੇਡੀ ਜਾਂਦਾ ਹੈ, ਕੋਈ ਬੱਚਾ ਮੋਬਾਈਲ ਦੇ ਉੱਪਰ ਹੀ ਗੇਮਾਂ ਖੇਡੀ ਜਾਂਦਾ ਹੈ, ਇਹ ਆਦਤਾਂ ਉਨ੍ਹਾਂ ਦੀ ਆਪਣੀ ਸਿਹਤ ਲਈ ਵੀ ਹਾਨੀਕਾਰਕ ਹਨ। ਇਸ ਵਾਸਤੇ ਮੇਰੀ ਇਹ ਰਿਕੁਐਸਟ ਹੈ ਕਿ ਸਾਡੇ ਜਲੰਧਰ ਦੇ ਵਿੱਚ ਖਾਸ ਤੌਰ ਉਤੇ ਜਿਹੜਾ ਸਪੋਰਟਸ ਕਾਲਜ ਬਣਿਆ ਹੈ, ਉਸ ਦੇ ਇੰਫਰਾਸਟ੍ਰਕਚਰ ਦੇ ਲਈ ਵੀ ਐਫ.ਐਮ.ਸਾਹਿਬ ਸਾਨੂੰ ਜ਼ਰੂਰ ਪੈਸੇ ਦਿਉ ਤਾਂ ਕਿ ਬੱਚੇ ਘਰਾਂ ਤੋਂ ਬਾਹਰ ਨਿਕਲ ਕੇ ਗਰਾਊਂਡਾਂ ਵਿਚ ਖੇਡਣ, ਤੰਦਰੁਸਤ ਵੀ ਰਹਿਣ ਅਤੇ ਖੇਡਾਂ ਦੇ ਵਿੱਚ ਵੀ ਉਹ ਅੱਗੇ ਜਾਣ।

ਰੋਜ਼ਗਾਰ ਦੇ ਅਵਸਰ ਪੈਦਾ ਕਰਨ ਲਈ ਜੋ ਤੁਸੀਂ 22 ਆਧੁਨਿਕ ਕੇਂਦਰ ਸਥਾਪਿਤ ਕੀਤੇ ਹਨ, 2020-2021 ਵਿਚ 800 ਤੋਂ ਵੱਧ ਪਲੇਸਮੈਂਟ ਸ਼ਿਵਰ ਲਗਾਉਣ ਦਾ ਜੋ ਪ੍ਰਸਤਾਵ ਤੁਸੀਂ ਭੇਜਿਆ ਹੈ, ਇਸ ਨਾਲ ਡੇਢ ਲੱਖ ਤੋਂ ਵੱਧ ਰੋਜ਼ਗਾਰ ਮਿਲਣ ਦੀ ਸਾਨੂੰ ਸੰਭਾਵਨਾ ਹੈ। ਰੋਜ਼ਗਾਰ ਸਿਰਜਣ ਲਈ 324 ਕਰੋੜ ਰੁਪਿਆ ਤੁਸੀਂ ਸੁਰੱਖਿਅਤ ਰੱਖਿਆ ਹੈ, ਇਸ ਲਈ ਵੀ ਮੈਂ ਤੁਹਾਨੂੰ ਬਹੁਤ ਬਹੁਤ ਵਧਾਈ ਦਿੰਦਾ ਹਾਂ। ਪੰਜਾਬ ਕੌਂਸਲ ਵਿਕਾਸ ਮਿਸ਼ਨ ਤਹਿਤ 2500 ਨੌਜਵਾਨਾਂ ਨੂੰ ਟਰੇਨਿੰਗ ਦੇਣਾ, ਫੌਜ ਅਤੇ ਸੈਨਾ ਵਿੱਚ ਭਰਤੀ ਲਈ ਹੁਸ਼ਿਆਰਪੁਰ ਵਿੱਚ ਜੋ ਆਰਮਡ ਫੋਰਸਿਜ਼ ਪ੍ਰੋਪਰੇਟਰੀ ਇੰਸਟੀਚਿਊਟ ਖੋਲ੍ਹਿਆ ਗਿਆ ਹੈ, ਇਹ ਵੀ ਬੜਾ ਵੱਡਾ ਸ਼ਲਾਘਾਯੋਗ ਕੰਮ ਹੈ। ਸਪੀਕਰ ਸਾਹਿਬ, ਸਭ ਤੋਂ ਵੱਡੀ ਗੱਲ ਫਾਈਨਾਂਸ ਮਨਿਸਟਰ ਸਾਹਿਬ ਨੇ ਜੋ ਇਸ ਬਜਟ ਦੇ ਵਿੱਚ ਰੱਖੀ ਹੈ, ਸਾਡੇ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400ਵੇਂ ਪ੍ਰਕਾਸ਼ ਪੁਰਬ ਦੀਆਂ ਤਿਆਰੀਆਂ ਲਈ ਤੁਸੀਂ ਅਲੱਗ ਬਜਟ ਰੱਖਿਆ ਹੈ, ਮੈਂ ਇਸ ਲਈ ਵੀ ਤੁਹਾਡਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ । ਸਪੀਕਰ ਸਾਹਿਬ,

ਪਿਛਲੇ ਦਿਨੀਂ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਮਨਾਇਆ ਹੈ, ਜਿਸ ਢੰਗ ਦੇ ਨਾਲ ਸਾਡੀ ਪੰਜਾਬ ਸਰਕਾਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਉਤਸਵ ਮਨਾਇਆ ਹੈ, ਉਹ ਵਾਕਿਆ ਹੀ ਕਾਬਿਲੇ-ਤਾਰੀਫ ਹੈ। ਸਾਰੇ ਵਰਲਡ ਵਿੱਚੋਂ, ਸਾਰੀ ਦੁਨੀਆ ਦੇ ਵਿੱਚੋਂ ਸੁਲਤਾਨਪੁਰ ਵਿਖੇ ਸੰਗਤ ਆਈ ਔਰ ਕਿਸ ਤਰੀਕੇ ਨਾਲ ਪੰਜਾਬ ਸਰਕਾਰ ਨੇ ਉਸ ਸੰਗਤ ਨੂੰ ਰੱਖਿਆ..

**ਮਾਨਯੋਗ ਸਪੀਕਰ :** ਹੁਣ ਤੁਸੀਂ ਵਾਈਂਡ ਅੱਪ ਕਰ ਦਿਉ ਜੀ। Thank you, thank you.

**ਸ਼੍ਰੀ ਰਜਿੰਦਰ ਬੇਰੀ :** ਇਹ ਵੀ ਸ਼ਲਾਘਾਯੋਗ ਕਦਮ ਹੈ। ਸੋ, ਮੈਂ ਫਿਰ ਇੱਕ ਵਾਰ ਸਾਡੇ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਜੀ ਦਾ, ਖਾਸ ਤੌਰ ਤੇ ਫਾਈਨਾਂਸ ਮਨਿਸਟਰ, ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਨੇ ਸਾਲ 2020-21 ਦਾ ਬਜਟ ਪੇਸ਼ ਕੀਤਾ ਹੈ। ਇਹ ਬਹੁਤ ਹੀ ਵਧੀਆ ਬਜਟ ਪੇਸ਼ ਕੀਤਾ ਹੈ। ਸਪੀਕਰ ਸਾਹਿਬ, ਮੈਂ ਅੰਤ ਵਿਚ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਸਾਡੇ ਜਲੰਧਰ ਦੇ ਵਿੱਚ ਇੱਕ ਤੱਲਹਣ ਸਾਹਿਬ ਗੁਰਦੁਆਰਾ ਸਾਹਿਬ ਹੈ, ਜਿਸ ਦੀ ਸੜਕ ਦੀ ਬੜੀ ਖਸਤਾ ਹਾਲਾਤ ਹੈ, ਉਸ ਸੜਕ ਨੂੰ ਡਬਲ ਕਰਨ ਵਾਸਤੇ ਮਾਨਯੋਗ ਵਿੱਤ ਮੰਤਰੀ ਸਾਹਿਬ ਬਜਟ ਦੇ ਵਿਚ ਕੁਝ ਨਾ ਕੁਝ ਪ੍ਰਾਵਧਾਨ ਕਰਨ। ਧੰਨਵਾਦ । ਜੈ ਹਿੰਦ।

**ਮਾਨਯੋਗ ਸਪੀਕਰ :** ਧੰਨਵਾਦ। ਹਾਂ ਜੀ, ਸਰਦਾਰ ਸੁਖਵਿੰਦਰ ਸਿੰਘ ਡੈਨੀ ਬੰਡਾਲਾ।

**ਸਰਦਾਰ ਸੁਖਵਿੰਦਰ ਸਿੰਘ ਡੈਨੀ ਬੰਡਾਲਾ (ਜੰਡਿਆਲਾ, ਐਸ.ਸੀ.):** ਸਪੀਕਰ ਸਾਹਿਬ, ਆਪ ਜੀ ਦਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਅੱਜ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਅੱਜ ਸਾਡੇ ਬਹੁਤ ਹੀ ਕਾਬਲ ਤੇ ਹੋਣਹਾਰ ਵਜ਼ੀਰ, ਸਰਦਾਰ ਮਨਪ੍ਰੀਤ ਸਿੰਘ ਬਾਦਲ ਸਾਹਿਬ, ਜਿਨ੍ਹਾਂ ਦੀ ਲਿਆਕਤ ਤੇ ਕਾਬਲੀਅਤ ਉਪਰ ਬਹੁਤ ਵੱਡਾ ਮਾਣ ਔਰ ਫਖਰ ਹੈ, ਸਾਡੇ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਜੀ ਨੂੰ, ਜਿਨ੍ਹਾਂ ਦੀ ਲਿਆਕਤ ਔਰ ਕਾਬਲੀਅਤ ਉਪਰ ਕਾਂਗਰਸ ਪਾਰਟੀ ਨੂੰ ਬਹੁਤ ਵੱਡਾ ਮਾਣ ਤੇ ਫਖਰ ਹੈ, ਅੱਜ ਜੋ ਉਨ੍ਹਾਂ ਵੱਲੋਂ ਇਸ ਸਾਲ ਮੁਨਾਫੇ ਵਾਲਾ ਬਜਟ ਪੇਸ਼ ਕੀਤਾ ਗਿਆ ਹੈ, ਮੈਂ ਉਸ ਦੀ ਪ੍ਰਸੰਸਾ ਕਰਨ ਦੇ ਸਬੰਧ ਵਿੱਚ ਖੜ੍ਹਾ ਹੋਇਆ ਹਾਂ। ਸਪੀਕਰ ਸਾਹਿਬ, ਇਹ ਬਜਟ ਜਿੱਥੇ ਵਿਕਾਸ ਮੁਖੀ ਹੈ, ਉਸ ਦੇ ਨਾਲ ਨਾਲ ਹੀ

[ਸਰਦਾਰ ਸੁਖਵਿੰਦਰ ਸਿੰਘ ਡੈਨੀ ਬੰਡਾਲਾ]

ਪ੍ਰਗਤੀਸ਼ੀਲ ਅਤੇ ਭਰੋਸੇਮੰਦ ਬਜਟ ਵੀ ਹੈ। ਸਪੀਕਰ ਸਾਹਿਬ, ਪਿਛਲੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੀ ਸਰਕਾਰ ਦਾ ਕਾਰਜ-ਕਾਲ ਮੈਨੂੰ ਯਾਦ ਆਉਂਦਾ ਹੈ, ਜਦੋਂ ਪੰਜਾਬ ਪੂਰੀ ਤਰ੍ਹਾਂ ਦਿਸ਼ਾਹੀਣ ਹੋ ਚੁੱਕਾ ਸੀ। ਪਿਆਰੇ ਪੰਜਾਬ ਦੀ ਅਰਥ ਵਿਵਸਥਾ ਬੁਰੇ ਤਰੀਕੇ ਨਾਲ ਡਗਮਗਾ ਚੁੱਕੀ ਸੀ ਅਤੇ ਉਸ ਦਿਸ਼ਾਹੀਣ ਹੋਏ ਪੰਜਾਬ ਨੂੰ ਮਾਨਯੋਗ ਕੈਪਟਨ ਅਮਰਿੰਦਰ ਸਿੰਘ ਜੀ ਨੇ ਆਪਣੀ ਲਿਆਕਤ ਅਤੇ ਸੂਝ-ਬੂਝ ਨਾਲ ਜਿੱਥੇ ਇੱਕ ਨਵੀਂ ਦਿਸ਼ਾ ਅਤੇ ਦਸ਼ਾ ਪ੍ਰਦਾਨ ਕੀਤੀ ਹੈ, ਉਥੇ ਅੱਜ ਇਸ ਸੂਬੇ ਨੂੰ ਮੁੜ ਤਰੱਕੀ, ਵਿਕਾਸ ਅਤੇ ਖੁਸ਼ਹਾਲੀ ਦੀਆਂ ਲੀਹਾਂ ਤੇ ਪਾਇਆ ਹੈ। ਮਾਨਯੋਗ ਸਪੀਕਰ ਸਾਹਿਬ, ਅੱਜ ਜਿੱਥੇ ਮੈਂ ਸਮਝਦਾ ਹਾਂ ਇਸ ਬਜਟ ਨੇ ਸਾਰੇ ਪੰਜਾਬ ਵਾਸੀਆਂ ਨੂੰ ਖੁਸ਼ ਕੀਤਾ ਹੈ, ਉੱਥੇ ਉਚੇਚੇ ਤੌਰ ਤੇ ਮੈਂ ਮਾਨਯੋਗ ਕੈਪਟਨ ਅਮਰਿੰਦਰ ਸਿੰਘ ਜੀ, ਸਰਦਾਰ ਮਨਪ੍ਰੀਤ ਸਿੰਘ ਬਾਦਲ ਅਤੇ ਸਿੱਖਿਆ ਮੰਤਰੀ ਵਿਜੈ ਇੰਦਰ ਸਿੰਗਲਾ ਜੀ ਅਤੇ ਸਾਡੇ ਪਹਿਲੇ ਸਿੱਖਿਆ ਮੰਤਰੀ ਓ.ਪੀ. ਸੋਨੀ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿਉਂਕਿ ਮੇਰੇ ਪਿਆਰੇ ਹਲਕੇ ਜੰਡਿਆਲਾ ਗੁਰੂ ਵਿੱਚ ਇਕ ਬਹੁਤ ਇਤਿਹਾਸਕ ਸਕੂਲ, ਜਿੱਥੋਂ ਕਈ ਨਾਮਵਰ ਸ਼ਖਸੀਅਤਾਂ ਪੈਦਾ ਹੋਈਆਂ ਹਨ, ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ (ਬੁਆਏਜ਼) ਦੀ ਇਮਾਰਤ ਬਹੁਤ ਖਸਤਾ ਹਾਲਤ ਵਿੱਚ ਸੀ। ਪੀ.ਡਬਲਿਊ.ਡੀ ਵਲੋਂ ਉਸ ਦੇ ਕਈ ਕਮਰੇ ਅਨਸੇਫ ਐਲਾਨੇ ਗਏ ਸਨ। ਮੈਂ ਮਾਨਯੋਗ ਮੁੱਖ ਮੰਤਰੀ ਜੀ, ਸਾਡੇ ਸਿੱਖਿਆ ਮੰਤਰੀ ਜੀ ਅਤੇ ਵਿੱਤ ਮੰਤਰੀ ਜੀ ਕੋਲ ਬੇਨਤੀ ਕੀਤੀ ਸੀ, ਇਨ੍ਹਾਂ ਨੇ ਦਾਸ ਦੀ ਬੇਨਤੀ ਨੂੰ ਪ੍ਰਵਾਨ ਕੀਤਾ ਅਤੇ 18 ਲੱਖ ਰੁਪਿਆ ਉਸ ਸਕੂਲ ਵਾਸਤੇ ਜਾਰੀ ਕੀਤਾ। ਮੈਂ ਦਿਲ ਦੀਆਂ ਗਹਿਰਾਈਆਂ ਤੋਂ ਮਾਨਯੋਗ ਮੁੱਖ ਮੰਤਰੀ ਸਾਹਿਬ, ਮਨਪ੍ਰੀਤ ਜੀ ਅਤੇ ਸਿੰਗਲਾ ਸਾਹਿਬ ਦਾ ਕੋਟਾਨਿ-ਕੋਟਿ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਉਸ ਪਾਸੇ ਧਿਆਨ ਦਿੱਤਾ। ਮੈਂ ਇਕ ਹੋਰ ਕੰਮ ਵਾਸਤੇ ਸਾਡੇ ਮੁੱਖ ਮੰਤਰੀ ਸਾਹਿਬ ਅਤੇ ਵਿੱਤ ਮੰਤਰੀ ਸਾਹਿਬ ਦਾ ਧੰਨਵਾਦ ਇਸ ਪਵਿੱਤਰ ਅਤੇ ਅਜ਼ੀਮ ਸਦਨ ਵਿੱਚ ਕਰਨਾ ਚਾਹੁੰਦਾ ਹਾਂ। ਜੰਡਿਆਲਾ ਗੁਰੂ ਵਿਧਾਨ ਸਭਾ ਹਲਕੇ ਵਿੱਚ ਟ੍ਰੈਫਿਕ ਦੀ ਸਮੱਸਿਆ ਬਹੁਤ ਉੱਭਰ ਕੇ ਸਾਮ੍ਹਣੇ ਆ ਰਹੀ ਸੀ। ਸ਼ਹਿਰ ਵਾਸੀਆਂ ਨੂੰ ਬਹੁਤ ਜ਼ਿਆਦਾ ਟ੍ਰੈਫਿਕ ਸਮੱਸਿਆ ਦਾ ਸਾਮ੍ਹਣਾ ਕਰਨਾ ਪੈਂਦਾ ਸੀ। ਪਿਛਲੇ ਕਈ ਸਾਲਾਂ ਤੋਂ ਇਹ ਮੰਗ ਲਟਕਦੀ ਆ ਰਹੀ ਸੀ ਕਿ ਟ੍ਰੈਫਿਕ ਦੀ ਸਮੱਸਿਆ ਤੋਂ ਨਿਜਾਤ ਦਿਵਾਈ ਜਾਵੇ। ਮੈਂ ਇਹ ਮੰਗ ਮਾਨਯੋਗ ਮੁੱਖ ਮੰਤਰੀ ਸਾਹਿਬ ਅਤੇ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਅੱਗੇ ਰੱਖੀ ਸੀ ਅਤੇ ਦਾਸ ਦੀ ਉਸ ਮੰਗ ਨੂੰ ਵੀ ਪ੍ਰਵਾਨ

ਕੀਤਾ ਗਿਆ ਹੈ। ਇਸ ਵਾਸਤੇ ਵੀ ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਅਤੇ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਦਾ ਧੰਨਵਾਦ ਕਰਦਾ ਹਾਂ।

**Mr. Speaker :** Thank you, thank you.

**ਸਰਦਾਰ ਸੁਖਵਿੰਦਰ ਸਿੰਘ ਡੈਨੀ ਬੰਡਾਲਾ :** ਸਪੀਕਰ ਸਾਹਿਬ, ਸਮਾਂ ਘੱਟ ਹੈ। ਬਾਕੀ ਮੈਂਬਰ ਸਾਹਿਬਾਨਾਂ ਨੇ ਵੀ ਬੋਲਣਾ ਹੈ ਪਰ ਮੈਂ ਥੋੜ੍ਹਾ ਜਿਹਾ ਹੋਰ ਜ਼ਿਕਰ ਕਰਨਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ :** ਕਨਕਲੂਡ ਕਰ ਦਿਓ।

**ਸਰਦਾਰ ਸੁਖਵਿੰਦਰ ਸਿੰਘ ਡੈਨੀ ਬੰਡਾਲਾ :** ਸਪੀਕਰ ਸਾਹਿਬ, ਬੇਰੁਜ਼ਗਾਰੀ ਬਹੁਤ ਵੱਡੀ ਸਮੱਸਿਆ ਹੈ, ਜਿਹੜੀ ਕਿ ਪੰਜਾਬ ਵਿੱਚ ਉੱਭਰ ਕੇ ਸਾਮ੍ਹਣੇ ਆ ਰਹੀ ਸੀ। ਅੱਜ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਵਲੋਂ ਬੇਰੁਜ਼ਗਾਰੀ ਦੀ ਸਮੱਸਿਆ ਨੂੰ ਠੱਲ ਪਾਉਣ ਵਾਸਤੇ ਇਕ ਬਹੁਤ ਵੱਡਾ ਕਦਮ ਉਲੀਕਿਆ ਗਿਆ ਹੈ। ਸੇਵਾਮੁਕਤੀ ਦੀ ਉਮਰ 60 ਸਾਲ ਤੋਂ ਘਟਾ ਕੇ 58 ਸਾਲ ਕਰ ਦਿੱਤੀ ਗਈ ਹੈ ਅਤੇ ਮੈਨੂੰ ਇੰਝ ਲਗਦਾ ਹੈ ਕਿ ਜਿਹੜੇ ਸਾਡੇ ਬੇਰੁਜ਼ਗਾਰ ਨੌਜਵਾਨ ਹਨ, ਉਨ੍ਹਾਂ ਨੂੰ ਰੁਜ਼ਗਾਰ ਪ੍ਰਾਪਤ ਕਰਨ ਵਾਸਤੇ ਮੌਕੇ ਮਿਲਣਗੇ। ਪਿਛਲੇ 10 ਸਾਲ ਅਸੀਂ ਦੇਖਦੇ ਰਹੇ ਹਾਂ ਕਿ ਪੁਰਾਣੀ ਸਰਕਾਰ ਨੌਜਵਾਨ ਬੱਚਿਆਂ ਨੂੰ ਕਹਿੰਦੀ ਸੀ ਕਿ ਰੁਜ਼ਗਾਰ ਦੇਵਾਂਗੇ ਪਰ ਸਪੀਕਰ ਸਾਹਿਬ, ਅਫਸੋਸ ਹੈ ਕਿ ਉਸ ਸਰਕਾਰ ਨੇ ਬੱਚਿਆਂ ਨੂੰ ਰੁਜ਼ਗਾਰ ਦੇਣ ਦੀ ਬਜਾਏ ਸਾਡੇ ਪੰਜਾਬ ਦੀਆਂ ਸਤਿਕਾਰਯੋਗ ਮਾਤਾਵਾਂ ਦੇ ਨੌਜਵਾਨ ਨਗੀਨਿਆਂ ਵਰਗੇ ਪੁੱਤ ਨਸ਼ਈ ਬਣਾ ਕੇ ਗਲੀਆਂ ਵਿੱਚ ਘੁੰਮਣ ਲਗਾ ਦਿੱਤੇ।

**Mr. Speaker :** Thank you, thank you.

**ਸਰਦਾਰ ਸੁਖਵਿੰਦਰ ਸਿੰਘ ਡੈਨੀ ਬੰਡਾਲਾ :** ਸਪੀਕਰ ਸਾਹਿਬ, ਅੱਜ ਕੈਪਟਨ ਅਮਰਿੰਦਰ ਸਿੰਘ ਜੀ ਇਸ ਵਾਸਤੇ ਵਧਾਈ ਦੇ ਪਾਤਰ ਹਨ, ਜਿਨ੍ਹਾਂ ਨੇ ਫੈਸਲਾ ਕੀਤਾ ਹੈ ਕਿ job placement ਦੇ 800 ਕੈਂਪ ਪੂਰੇ ਪੰਜਾਬ ਵਿੱਚ ਲਗਾਏ ਜਾਣਗੇ, ਜਿਨ੍ਹਾਂ ਵਿੱਚ ਲਗਭਗ ਡੇਢ ਲੱਖ ਬੇਰੁਜ਼ਗਾਰ ਨੌਜਵਾਨ ਬੱਚਿਆਂ ਨੂੰ ਰੁਜ਼ਗਾਰ ਪ੍ਰਾਪਤ ਕਰਨ ਦਾ ਮੌਕਾ ਮਿਲੇਗਾ। (ਥੰਪਿੰਗ)

**Mr. Speaker :** Thank you, thank you.

**ਸਰਦਾਰ ਸੁਖਵਿੰਦਰ ਸਿੰਘ ਡੈਨੀ ਬੰਡਾਲਾ** : ਸਪੀਕਰ ਸਾਹਿਬ, ਦੋ ਮਿੰਟ ਸਿਰਫ ਹੋਰ ਦੇ ਦਿਓ। ਸਿਰਫ ਦੋ ਗੱਲਾਂ ਦੇ ਸਬੰਧ ਵਿੱਚ ਹੋਰ ਬੋਲਣਾ ਹੈ।

**ਮਾਨਯੋਗ ਸਪੀਕਰ :** ਨਹੀਂ ਜੀ। ਅੱਜ ਲੰਬੀ ਲਿਸਟ ਹੈ।

**ਸਰਦਾਰ ਸੁਖਵਿੰਦਰ ਸਿੰਘ ਡੈਨੀ ਬੰਡਾਲਾ :** ਸਪੀਕਰ ਸਾਹਿਬ, ਸਿੱਖਿਆ ਦੇ ਖੇਤਰ ਬਾਰੇ ਅੱਜ ਬੋਲਣਾ ਬਹੁਤ ਜ਼ਰੂਰੀ ਹੈ। ਮਾਨਯੋਗ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਨੇ ਸਕੂਲ ਐਜੂਕੇਸ਼ਨ ਵਾਸਤੇ 8% ਬਜਟ 12,448 ਕਰੋੜ ਰੁਪਿਆ ਇਸ ਪਾਸੇ ਰੱਖਿਆ ਹੈ। 12ਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਵਾਸਤੇ ਐਜੂਕੇਸ਼ਨ ਫਰੀ ਕਰ ਦਿੱਤੀ ਹੈ। ਤਰਨਤਾਰਨ ਵਿੱਚ ਇਕ ਲਾਅ ਯੂਨੀਵਰਸਿਟੀ ਸਥਾਪਤ ਕਰਨ ਦੀ ਤਜਵੀਜ਼ ਰੱਖੀ ਹੈ। ਤਿੰਨ ਟੈਕਨੀਕਲ ਯੂਨੀਵਰਸਿਟੀਜ਼ ਅਤੇ 9 ਨਵੀਂਆਂ ਆਈ.ਟੀ.ਆਈਜ਼ ਬਣਾਈਆਂ ਜਾਣਗੀਆਂ। 100 ਕਰੋੜ ਰੁਪਿਆ ਡਿਜ਼ੀਟਲ ਐਜੂਕੇਸ਼ਨ ਵਾਸਤੇ ਰੱਖਿਆ ਗਿਆ ਹੈ। ਇਸੇ ਪ੍ਰਕਾਰ ਫਾਜ਼ਿਲਕਾ ਅੰਦਰ 10 ਕਰੋੜ ਦੀ ਲਾਗਤ ਨਾਲ ਨਵਾਂ ਵੈਟਰਨਰੀ ਕਾਲਜ ਅਤੇ ਸਰਕਾਰੀ/ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਵਾਸਤੇ ਸਕੂਲ ਜਾਣ ਲਈ 10 ਕਰੋੜ ਰੁਪਏ ਦੀ ਫਰੀ ਟ੍ਰਾਂਸਪੋਰਟੇਸ਼ਨ ਦੀ ਵਿਵਸਥਾ ਕੀਤੀ ਗਈ ਹੈ। ਮੈਂ ਸਮਝਦਾ ਹਾਂ ਕਿ ਇਸ ਨਾਲ ਸਿੱਖਿਆ ਦੇ ਖੇਤਰ ਵਿੱਚ ਨਵੀਂ ਦਿਸ਼ਾ ਅਤੇ ਦਸ਼ਾ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਪ੍ਰਦਾਨ ਕਰੇਗੀ।

**Mr. Speaker :** Thank you, thank you, ਹਾਂ ਜੀ, ਆਵਲਾ ਜੀ।

**ਸਰਦਾਰ ਸੁਖਵਿੰਦਰ ਸਿੰਘ ਡੈਨੀ ਬੰਡਾਲਾ :** ਸਪੀਕਰ ਸਾਹਿਬ, ਕਨਕਲੂਡ ਕਰਨ ਵਾਸਤੇ ਇੱਕ-ਅੱਧਾ ਮਿੰਟ ਤਾਂ ਹੋਰ ਦੇ ਦਿਓ।

**ਮਾਨਯੋਗ ਸਪੀਕਰ :** ਨਹੀਂ ਜੀ। ਡੈਨੀ ਜੀ, ਹੁਣ ਬਹਿ ਜਾਓ। ਆਵਲਾ ਜੀ, ਤੁਸੀਂ ਬੋਲੋ।

**ਸਰਦਾਰ ਸੁਖਵਿੰਦਰ ਸਿੰਘ ਡੈਨੀ ਬੰਡਾਲਾ :** ਸਪੀਕਰ ਸਾਹਿਬ, ਮੈਂ ਜਿੱਥੇ ਇਸ ਬਜਟ ਦੀ ਪ੍ਰਸੰਸਾ ਕਰਦਾ ਹਾਂ ਉਸ ਦੇ ਨਾਲ ਨਾਲ ਮੈਂ ਮਾਨਯੋਗ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਦੀ ਪੁਰਜ਼ੋਰ ਸ਼ਬਦਾਂ ਵਿੱਚ ਪ੍ਰਸ਼ੰਸਾ ਕਰਦਾ ਹਾਂ ਜਿਨ੍ਹਾਂ ਨੇ ਮੁੜ ਪੰਜਾਬ ਨੂੰ ਵਿਕਾਸ, ਤਰੱਕੀ ਅਤੇ ਖੁਸ਼ਹਾਲੀ ਦੇ ਰਾਹ ਪਾਇਆ ਹੈ। ਧੰਨਵਾਦ।

**ਸਰਦਾਰ ਰਮਿੰਦਰ ਸਿੰਘ ਆਵਲਾ (ਜਲਾਲਾਬਾਦ) :** ਮਾਨਯੋਗ ਸਪੀਕਰ ਸਾਹਿਬ, ਤੁਹਾਡੇ ਹੁਕਮਾਂ ਨਾਲ ਅੱਜ ਮੈਂ ਪਹਿਲੀ ਵਾਰੀ ਵਿਧਾਨ ਸਭਾ ਵਿੱਚ ਬੋਲ ਰਿਹਾ ਹਾਂ। (ਥੰਪਿੰਗ) ਮੈਂ ਸਭ ਤੋਂ ਪਹਿਲਾਂ ਤੁਹਾਡਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ। (ਥੰਪਿੰਗ) ਸਪੀਕਰ ਸਾਹਿਬ, ਬਹੁਤ ਸਮੇਂ ਤੋਂ ਟੀ.ਵੀ. ਉੱਤੇ ਅਤੇ ਅਖ਼ਬਾਰਾਂ ਵਿੱਚ ਬਜਟ ਪੜ੍ਹਨ ਦਾ ਮੌਕਾ ਮਿਲਿਆ ਪਰ ਮੈਂ ਅੱਜ ਜਲਾਲਾਬਾਦ ਦੀ ਜਨਤਾ ਦਾ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ ਦਾ ਅਤੇ ਸਾਡੇ ਪ੍ਰਧਾਨ ਸ਼੍ਰੀ ਸੁਨੀਲ ਕੁਮਾਰ ਜਾਖੜ ਜੀ ਦਾ ਰਿਣੀ ਹਾਂ ਅਤੇ ਅਹਿਸਾਨਮੰਦ ਹਾਂ, ਜਿਨ੍ਹਾਂ ਦੀ ਬਦੌਲਤ ਮੈਨੂੰ ਅੱਜ ਇਸ ਪਵਿੱਤਰ ਸਦਨ ਵਿੱਚ ਬੋਲਣ ਦਾ ਮੌਕਾ ਮਿਲ ਰਿਹਾ ਹੈ।

ਸਪੀਕਰ ਸਾਹਿਬ, ਮੈਂ ਕਿਸਾਨ ਵੀ ਹਾਂ ਅਤੇ ਇੱਕ ਬਿਜ਼ਨਸਮੈਨ ਵੀ ਹਾਂ, ਇੱਕ ਇੰਡਸਟਰੀਲਿਸਟ ਵੀ ਹਾਂ ਔਰ ਮੈਨੂੰ ਹਰ ਵਰਗ ਨਾਲ ਗੱਲਬਾਤ ਕਰਨ ਦਾ ਮੌਕਾ ਮਿਲਦਾ ਹੈ। ਚਾਹੇ ਉਹ ਮਜ਼ਦੂਰ ਹੈ, ਚਾਹੇ ਉਹ ਨੌਕਰੀਪੇਸ਼ਾ ਦੋਸਤ ਹੈ, ਚਾਹੇ ਉਹ ਇੰਡਸਟਰੀਲਿਸਟਸ ਹਨ, ਇਸ ਬਜਟ ਦੇ ਆਉਣ ਤੋਂ ਪਹਿਲਾਂ ਸਾਰਿਆਂ ਦੇ ਮਨ ਵਿੱਚ ਕੋਈ ਨਾ ਕੋਈ ਸ਼ੱਕ ਅਤੇ ਕੋਈ ਨਾ ਕੋਈ ਗਲਤਫਹਿਮੀਆਂ ਸਨ ਕਿਉਂਕਿ ਪਿਛਲੇ 10 ਸਾਲ ਵਿੱਚ ਜੋ ਅਕਾਲੀ ਦਲ ਦੀ ਸਰਕਾਰ ਰਹੀ ਹੈ, ਖਜ਼ਾਨਾ ਖਾਲੀ ਸੀ, ਇਕਾਨਮੀ ਅਰਸ਼ ਤੋਂ ਫਰਸ਼ ਤੇ ਆ ਗਈ ਪਰ ਇਸ ਬਜਟ ਦੇ ਆਉਣ ਤੋਂ ਬਾਅਦ ਜਦੋਂ ਮੈਂ ਚੰਡੀਗੜ੍ਹ ਤੋਂ ਵਾਪਸ ਪੰਜਾਬ ਵਿੱਚ ਗਿਆ, ਜਲਾਲਾਬਾਦ ਵਿੱਚ ਗਿਆ ਤਾਂ ਮੈਨੂੰ ਸਾਰਿਆਂ ਨਾਲ ਗੱਲਬਾਤ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਨੇ ਮੈਨੂੰ ਜੋ ਗੱਲਾਂ ਦੱਸੀਆਂ ਅਤੇ ਜੋ ਉਨ੍ਹਾਂ ਦੀ ਅੱਜ ਸੋਚ ਹੈ, ਉਹ ਕੈਪਟਨ ਅਮਰਿੰਦਰ ਸਿੰਘ ਜੀ ਦੀ ਸੋਚ ਦੇ ਬਹੁਤ ਅਹਿਸਾਨਮੰਦ ਹਨ (ਥੰਪਿੰਗ) ਅਤੇ ਸਾਡੇ ਬਹੁਤ ਹੀ ਕਾਬਲ ਫਾਈਨਾਂਸ ਮਨਿਸਟਰ ਸਰਦਾਰ ਮਨਪ੍ਰੀਤ ਸਿੰਘ ਬਾਦਲ ਸਾਹਿਬ ਜੀ ਦੇ, ਜਿਨ੍ਹਾਂ ਨੇ ਇੰਨਾ ਵਧੀਆ ਬਜਟ ਦਿੱਤਾ ਹੈ। ਜਿਸ ਵਿੱਚ ਹਰ ਇੱਕ ਵਰਗ, ਚਾਹੇ ਉਹ ਟੀਚਰਜ਼ ਹਨ, ਚਾਹੇ ਸਕੂਲਜ਼ ਹਨ, ਚਾਹੇ ਮਜ਼ਦੂਰ ਹਨ, ਚਾਹੇ ਕਿਸਾਨ ਹਨ ਅਤੇ ਚਾਹੇ ਇੰਡਸਟਰੀਲਿਸਟਸ ਹਨ, ਵਿੱਤ ਮੰਤਰੀ ਜੀ ਨੇ ਹਰ ਇੱਕ ਵਰਗ ਦਾ ਇਸ ਬਜਟ ਵਿੱਚ ਧਿਆਨ ਰੱਖਿਆ ਹੈ, ਮੈਂ ਉਨ੍ਹਾਂ ਦਾ ਤਹਿ ਦਿਲੋਂ ਅਤੇ ਦਿਲ ਦੀਆਂ ਗਹਿਰਾਈਆਂ ਤੋਂ ਬਹੁਤ-ਬਹੁਤ ਧੰਨਵਾਦ ਕਰਦਾ ਹਾਂ। ਮੈਂ ਖਾਸ ਤੌਰ ਤੇ ਧੰਨਵਾਦ ਕਰਦਾ ਹਾਂ, ਹਿੰਦੁਸਤਾਨ ਵਿੱਚ ਪਾਣੀਆਂ ਦੇ ਰਾਖੇ ਦੇ ਨਾਮ ਨਾਲ ਮਸ਼ਹੂਰ ਕੈਪਟਨ ਅਮਰਿੰਦਰ ਸਿੰਘ ਜੀ ਦਾ ਕਿਉਂਕਿ ਬਹੁਤ ਲੰਬੇ ਸਮੇਂ ਤੋਂ ਜਲਾਲਾਬਾਦ ਵਿੱਚ ਪਾਣੀ ਦੀ ਲੋੜ ਸੀ, ਜਲਾਲਾਬਾਦ ਵਿੱਚ ਪਾਣੀ

[ਸਰਦਾਰ ਰਮਿੰਦਰ ਸਿੰਘ ਆਵਲਾ]

ਦੀ ਬਹੁਤ ਕਮੀ ਹੈ, ਇਨ੍ਹਾਂ ਨੇ ਚੱਕ ਸੁਹੇਲੇ ਵਾਲੇ ਦਾ ਇੱਕ ਮਾਈਨਰ ਦਿੱਤਾ ਹੈ, 30,000 ਤੋਂ ਵੱਧ ਜੋ ਸਾਡੇ ਪਰਿਵਾਰ ਹਨ, ਉਨ੍ਹਾਂ ਨੂੰ ਇਸ ਦਾ ਫਾਇਦਾ ਮਿਲੇਗਾ। ਮੈਂ ਉਨ੍ਹਾਂ ਵੱਲੋਂ ਕੈਪਟਨ ਸਾਹਿਬ ਦਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ। (ਥੰਪਿੰਗ) ਸਪੀਕਰ ਸਾਹਿਬ, ਮੈਂ ਕੈਪਟਨ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿਉਂਕਿ ਸੁਣਦੇ ਸੀ ਕਿ ਕਾਲੇ ਪਾਣੀ ਦੀ ਵੀ ਸਜ਼ਾ ਹੁੰਦੀ ਹੈ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਮਾਰਚ ਦਾ ਮਹੀਨਾ ਆ ਜਾਂਦਾ ਹੈ, ਬਾਰਸ਼ਾਂ ਨਹੀਂ ਹੁੰਦੀਆਂ, ਬਾਰਸ਼ਾਂ ਤੋਂ ਪਹਿਲਾਂ ਪਹਾੜਾਂ ਤੋਂ ਵੀ ਪਾਣੀ ਨਹੀਂ ਆਉਂਦਾ ਅਤੇ ਸਤਲੁਜ ਵਿੱਚ ਜਦੋਂ ਬੁੱਢੇ ਨਾਲੇ ਦਾ ਪਾਣੀ ਪੈਂਦਾ ਹੈ ਤਾਂ ਉਹ ਸਾਰਾ ਕਾਲਾ ਪਾਣੀ ਕਈ ਸਾਲਾਂ ਤੋਂ ਸਾਡੇ ਜ਼ਿਲ੍ਹੇ ਦੀਆਂ ਟੇਲਾਂ ਤੱਕ ਜਾਂਦਾ ਰਿਹਾ ਹੈ, ਅੱਜ ਜਿਵੇਂ 650 ਕਰੋੜ ਰੁਪਿਆ ਬੁੱਢੇ ਨਾਲੇ ਦੀ ਸਫ਼ਾਈ ਵਾਸਤੇ ਕੈਪਟਨ ਸਾਹਿਬ ਅਤੇ ਸਾਡੇ ਫਾਈਨਾਂਸ ਮਨਿਸਟਰ ਜੀ ਇਸ ਬਜਟ ਵਿਚ ਲੈ ਕੇ ਆਏ ਹਨ, ਸਾਨੂੰ ਲੱਗਦਾ ਹੈ ਕਿ ਅੱਜ ਸਾਨੂੰ ਉਨ੍ਹਾਂ ਨੇ ਇਸ ਪੁਰਾਣੀ ਕਾਲੇ ਪਾਣੀ ਦੀ ਸਜ਼ਾ ਤੋਂ ਮੁਕਤ ਕਰਵਾਇਆ ਹੈ। (ਥੰਪਿੰਗ) ਇਸ ਵਾਸਤੇ ਮੈਂ ਉਨ੍ਹਾਂ ਦਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ।

ਸਪੀਕਰ ਸਾਹਿਬ, ਜੇ ਡਿਵੈਲਪਮੈਂਟ ਤੇ ਵਿਕਾਸ ਦੀ ਗੱਲ ਕਰੀਏ, ਅੱਜਕਲ੍ਹ ਪਰਿਵਾਰ ਵੱਡੇ ਹੁੰਦੇ ਜਾਂਦੇ ਹਨ ਅਤੇ ਜ਼ਮੀਨਾਂ ਛੋਟੀਆਂ ਹੁੰਦੀਆਂ ਜਾਂਦੀਆਂ ਹਨ। ਜਿਹੜਾ ਸੀ.ਐਲ.ਯੂ. ਦਾ ਇੱਕ ਬਹੁਤ ਵੱਡਾ ਮੁੱਦਾ ਤੇ ਇਸ਼ੂ ਸੀ, ਜਦੋਂ ਕੋਈ ਬਾਹਰੋਂ ਇਨਵੈਸਟਰ ਆਉਂਦਾ ਸੀ ਤਾਂ ਉਸ ਨੂੰ ਸਭ ਤੋਂ ਵੱਡੀ ਜਿਹੜੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਸੀ, ਉਹ ਸੀ.ਐਲ.ਯੂ. ਦਾ ਸੀ। ਅਸੀਂ ਸਰਕਾਰ ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਸੀ.ਐਲ.ਯੂ. ਦੀ ਫੀਸ ਵੀ ਮੁਆਫ ਕੀਤੀ ਹੈ ਅਤੇ ਸਿੰਗਲ ਵਿੰਡੋ ਕਲੀਅਰੈਂਸ ਕੀਤੀ ਹੈ। ਇਸ ਦੇ ਨਾਲ ਜਿਹੜੇ ਬਾਹਰੋਂ ਇਨਵੈਸਟਰ ਆ ਕੇ ਜ਼ਮੀਨਾਂ ਲੈ ਲੈਂਦੇ ਸੀ, ਜਦੋਂ ਉਨ੍ਹਾਂ ਨੂੰ ਇੰਡਸਟਰੀ ਲਗਾਉਣ ਵਿਚ ਜ਼ਿਆਦਾ ਟਾਈਮ ਲੱਗ ਜਾਂਦਾ ਸੀ ਤਾਂ ਉਨ੍ਹਾਂ ਨੂੰ ਬੰਦ ਕਰਨਾ ਪੈਂਦਾ ਸੀ ਅਤੇ unviable ਹੋਣ ਕਰਕੇ ਉਨ੍ਹਾਂ ਨੂੰ ਵਾਪਸ ਜਾਣਾ ਪੈਂਦਾ ਸੀ। ਮੈਂ ਉਸ ਵਾਸਤੇ ਵੀ ਇਨ੍ਹਾਂ ਦਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ। ਪਰ ਇਸ ਦੇ ਨਾਲ ਮੈਂ ਇੱਕ ਹੋਰ ਬੇਨਤੀ ਕਰਦਾ ਹਾਂ...

**ਮਾਨਯੋਗ ਸਪੀਕਰ:** ਕਨਕਲੂਡ ਕਰੋ ਜੀ।

**ਸਰਦਾਰ ਰਮਿੰਦਰ ਸਿੰਘ ਆਵਲਾ:** ਸਪੀਕਰ ਸਾਹਿਬ, ਮੈਂ ਦੋ ਮਿੰਟ ਹੋਰ ਬੋਲਾਂਗਾ ਜੀ। ਮੈਂ ਤਾਂ ਪਹਿਲੀ ਵਾਰੀ ਬੋਲਣ ਲੱਗਿਆ ਹਾਂ। ਮੈਂ ਜਲਾਲਾਬਾਦ ਤੋਂ ਜਿੱਤ ਕੇ ਆਇਆ ਹਾਂ, ਨਾ ਫਾਜ਼ਿਲਕਾ ਜ਼ਿਲ੍ਹੇ ਵਿੱਚ ਕੋਈ ਵੱਡੀ ਇੰਡਸਟਰੀ ਹੈ ਅਤੇ ਨਾ ਹੀ

ਜਲਾਲਾਬਾਦ ਵਿੱਚ ਕੋਈ ਵੱਡੀ ਇੰਡਸਟਰੀ ਹੈ ਪਰ ਉਥੇ ਸਕੋਪ ਬਹੁਤ ਹੈ। ਸੀ.ਐਮ. ਸਾਹਿਬ, ਉੱਥੇ ਐਗਰੋ ਬੇਸਡ ਇੰਡਸਟਰੀ ਦਾ ਬਹੁਤ ਸਕੋਪ ਹੈ ਜੀ। ਮੈਂ ਬੇਨਤੀ ਕਰਦਾ ਹਾਂ ਕਿ ਉਥੇ ਕੋਈ ਵੱਡੀ ਐਗਰੋ ਬੇਸਡ ਇੰਡਸਟਰੀ ਲਗਾਈ ਜਾਵੇ। ਤੁਸੀਂ ਦੇਖੋ ਕਿ ਅੱਜ ਤੋਂ ਸੱਤ-ਅੱਠ ਸਾਲ ਪਹਿਲਾਂ ਜੇ ਹਿੰਦੁਸਤਾਨ ਦੇ ਨਕਸ਼ੇ ਤੇ ਵੇਖੀਏ ਤਾਂ ਬਾਸਮਤੀ ਦੇ ਸ਼ੈਲਰ ਜਿੱਥੇ ਸਭ ਤੋਂ ਵੱਧ ਸੀ, ਉਸ ਨਕਸ਼ੇ ਵਿੱਚ ਜਲਾਲਾਬਾਦ ਦੇ ਸ਼ੈਲਰਾਂ ਦੀ ਗੱਲ ਹੁੰਦੀ ਸੀ ਪਰ ਪਿਛਲੀ ਦਸ ਸਾਲਾਂ ਦੀ ਅਕਾਲੀ ਸਰਕਾਰ ਅਤੇ ਸੈਂਟਰ ਵਿੱਚ ਬੈਠੀ ਬੀ.ਜੇ.ਪੀ. ਦੀ ਸਰਕਾਰ ਦੀਆਂ ਗਲਤ ਪਾਲਿਸੀਆਂ ਕਰਕੇ ਅੱਜ ਉਹ ਸ਼ੈਲਰ ਅਤੇ ਬਾਸਮਤੀ ਦੀ ਇੰਡਸਟਰੀ ਅੱਧੇ ਨਾਲੋਂ ਜ਼ਿਆਦਾ ਬੰਦ ਹੋ ਚੁੱਕੀ ਹੈ ਅਤੇ ਜਿਹੜੀ ਚੱਲ ਰਹੀ ਹੈ, ਉਹ ਵੀ ਬੰਦ ਹੋਣ ਦੀ ਕਗਾਰ ਤੇ ਹੈ। ਮੈਂ ਮੁੱਖ ਮੰਤਰੀ ਜੀ ਨੂੰ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਜਿਵੇਂ ਸਬਜ਼ੀਆਂ ਤੇ ਫਲਾਂ ਦੀ 4 ਫੀਸਦੀ ਮਾਰਕਿਟ ਫੀਸ ਘਟਾ ਕੇ ਇਕ ਫੀਸਦੀ ਕਰ ਦਿੱਤੀ ਹੈ, ਉਸੇ ਤਰ੍ਹਾਂ ਬਾਸਮਤੀ ਦੀ ਵੀ ਮਾਰਕਿਟ ਫੀਸ 4 ਫੀਸਦੀ ਦੀ ਜਗ੍ਹਾ ਤੇ ਇਕ ਫੀਸਦੀ ਕੀਤੀ ਜਾਵੇ ਤਾਂ ਜੋ ਇੰਡਸਟਰੀ ਵਿੱਚ ਥੋੜ੍ਹੀ ਜਾਨ ਪੈ ਸਕੇ। ਮੈਂ ਇਕ ਹੋਰ ਬੇਨਤੀ ਕਰਦਾ ਹਾਂ ਕਿ ਇਕ ਬਾਸਮਤੀ ਡਿਵੈਲਪਮੈਂਟ ਬੋਰਡ ਬਣਾਇਆ ਜਾਵੇ, ਜਿਸ ਵਿੱਚ ਕਿਸਾਨਾਂ, ਮਜ਼ਦੂਰਾਂ ਅਤੇ ਇੰਡਸਟਰੀ ਦੇ ਵਿੱਚ ਕੰਮ ਕਰਦੇ ਵਰਕਰਾਂ ਅਤੇ ਸ਼ੈੱਲਰਾਂ ਦੇ ਮਾਲਕਾਂ ਨੂੰ ਵੀ ਸ਼ਾਮਲ ਕੀਤਾ ਜਾਵੇ ਕਿਉਂਕਿ ਕਿਸੇ ਵੇਲੇ ਹਿੰਦੁਸਤਾਨ ਵਿੱਚ ਹੀ ਨਹੀਂ ਬਲਕਿ ਸਾਰੀ ਦੁਨੀਆਂ ਵਿੱਚ ਪੰਜਾਬ ਦੀ ਬਾਸਮਤੀ ਖਾਧੀ ਜਾਂਦੀ ਸੀ ਪਰ ਅੱਜ ਉਹ ਇੰਡਸਟਰੀ ਖਤਮ ਹੋਣ ਦੀ ਕਗਾਰ ਤੇ ਹੈ। ਮੈਂ ਆਪਣੇ ਹਲਕੇ ਜਲਾਲਾਬਾਦ ਦੀ ਗੱਲ ਕਰਦਾ ਹਾਂ। ਸਾਡੀ ਇੱਕੋ ਇੰਡਸਟਰੀ ਹੈ, ਜਿਸ ਨਾਲ ਜਲਾਲਾਬਾਦ ਦੇ 80 ਫੀਸਦੀ ਲੋਕ ਪ੍ਰਭਾਵਿਤ ਹੁੰਦੇ ਹਨ, ਉਨ੍ਹਾਂ ਦਾ ਇੱਕੋ ਇੱਕ ਕਾਰੋਬਾਰ ਹੈ। ਜਿਹੜਾ ਕਿਸਾਨ ਹੈ, ਉਹ ਬਾਸਮਤੀ ਉਗਾਉਂਦਾ ਸੀ, ਮਜ਼ਦੂਰ ਬਾਸਮਤੀ ਚੁੱਕ ਕੇ ਸ਼ੈੱਲਰਾਂ ਵਿੱਚ ਭੇਜਦੇ ਸੀ ਤੇ ਸ਼ੈੱਲਰਾਂ ਵਾਲੇ ਬਾਸਮਤੀ ਸ਼ੈੱਲ ਕਰਕੇ ਬਾਹਰ ਭੇਜਦੇ ਸੀ ਪਰ ਪਿਛਲੇ 10 ਸਾਲ ਜਲਾਲਾਬਾਦ ਦੇ ਲੋਕਾਂ ਨੇ, ਕਿਸਾਨਾਂ ਨੇ, ਪੱਲੇਦਾਰਾਂ ਨੇ ਜਿੱਤ ਦਾ ਤਾਜ ਜਿਨ੍ਹਾਂ ਤੇ ਰੱਖਿਆ ਸੀ, ਉਨ੍ਹਾਂ ਨੇ ਚੰਡੀਗੜ੍ਹ ਵਿਚ ਵੱਡੇ-ਵੱਡੇ ਹੋਟਲ 'ਸੁੱਖ ਵਿਲਾਸ' ਬਣਾ ਲਏ ਅਤੇ ਸ਼ੈੱਲਰਾਂ ਤੇ ਵੱਡੇ-ਵੱਡੇ ਤਾਲੇ ਲੱਗ ਗਏ, ਉਨ੍ਹਾਂ ਬਾਰੇ ਵੀ ਆਪਾਂ ਨੂੰ ਸੋਚਣਾ ਪਵੇਗਾ। ਮੈਂ ਬੇਨਤੀ ਕਰਦਾ ਹਾਂ ਕਿ ਜੇਕਰ ਸ਼ੈੱਲਰ ਇੰਡਸਟਰੀ ਨੂੰ ਬਚਾਉਣਾ ਹੈ ਤਾਂ ਉਨ੍ਹਾਂ ਵੱਲ ਧਿਆਨ ਕਰਨਾ ਪਵੇਗਾ। ਇਹ ਕਹਿੰਦਾ ਹੋਇਆ ਮੈਂ ਵਿੱਤ ਮੰਤਰੀ ਜੀ ਦਾ ਅਤੇ ਕੈਪਟਨ ਅਮਰਿੰਦਰ ਸਿੰਘ ਜੀ ਦਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਇੰਨਾ ਵਧੀਆ ਬਜਟ ਪੇਸ਼ ਕੀਤਾ ਹੈ। ਜੇਕਰ ਕੁਝ ਗਲਤ ਬੋਲਿਆ ਹੋਵਾਂ ਤਾਂ ਮੁਆਫ ਕਰਿਓ। ਜੈ ਹਿੰਦ।

**ਸਲਾਹਕਾਰ/ ਮੁੱਖ ਮੰਤਰੀ (ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ) :** ਧੰਨਵਾਦ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਪੰਜਾਬ ਦੇ ਖਜ਼ਾਨਾ ਮੰਤਰੀ, ਸਰਦਾਰ ਮਨਪ੍ਰੀਤ ਸਿੰਘ ਬਾਦਲ ਨੂੰ ਵਧਾਈ ਦੇਣਾ ਚਾਹੁੰਦਾ ਹਾਂ। ਮੈਂ ਪਿਛਲੇ ਤਿੰਨ ਬਜਟ ਵੀ ਦੇਖੇ ਹਨ ਲੇਕਿਨ ਲੋਕ ਜਿਹੜੀਆਂ ਉਮੀਦਾਂ ਇਨ੍ਹਾਂ ਤੋਂ ਜਾਂ ਕਾਂਗਰਸ ਪਾਰਟੀ ਦੀ ਸਰਕਾਰ ਤੋਂ ਕਰਦੇ ਸੀ, ਉਹ ਤਿੰਨ ਬਜਟਾਂ ਵਿਚੋਂ ਪੂਰੀਆਂ ਨਹੀਂ ਹੋਈਆਂ, ਲੋਕਾਂ ਦੀਆਂ ਆਸਾਂ ਨੂੰ ਬੂਰ ਨਹੀਂ ਪਿਆ ਲੇਕਿਨ ਇਹ ਜਿਹੜਾ ਚੌਥਾ ਬਜਟ ਸਰਕਾਰ ਨੇ ਪੇਸ਼ ਕੀਤਾ ਹੈ, ਮੈਂ ਸਦਨ ਵਿੱਚ ਖੜ੍ਹਾ ਹਾਂ, ਨਹੀਂ ਤਾਂ ਦਿਲ ਕਰਦਾ ਹੈ ਕਿ ਮੈਂ ਜਿਵੇਂ ਬਾਹਰ ਇਨ੍ਹਾਂ ਨੂੰ ਜੱਫੀ ਪਾਈ ਸੀ, ਉਵੇਂ ਇੱਕ ਵਾਰ ਹੋਰ ਜੱਫੀ ਪਾ ਕੇ ਇਨ੍ਹਾਂ ਦਾ ਧੰਨਵਾਦ ਕਰਾਂ ਕਿ ਪੰਜਾਬ ਦੇ ਲੋਕਾਂ ਵਾਸਤੇ ਇਹ ਸਰਕਾਰ ਬੜਾ ਖ਼ੂਬਸੂਰਤ ਬਜਟ ਲੈ ਕੇ ਆਈ ਹੈ। ਪ੍ਰਮਾਤਮਾ ਵਿੱਤ ਮੰਤਰੀ ਜੀ ਨੂੰ ਅਤੇ ਕੈਪਟਨ ਅਮਰਿੰਦਰ ਸਿੰਘ ਜੀ ਨੂੰ ਲੰਬੀ ਉਮਰ ਅਤੇ ਚੜ੍ਹਦੀ ਕਲਾ ਬਖਸ਼ੇ ਤਾਂ ਜੋ ਇਹ ਪੰਜਾਬ ਦੇ ਲੋਕਾਂ ਦੀ ਰਹਿਨੁਮਾਈ ਕਰਦੇ ਰਹਿਣ ਅਤੇ ਇਸ ਤਰ੍ਹਾਂ ਦੇ ਖ਼ੂਬਸੂਰਤ ਫੈਸਲੇ ਲੈ ਕੇ ਪੰਜਾਬ ਨੂੰ ਤਰੱਕੀ ਦੀਆਂ ਲੀਹਾਂ ਤੇ ਲੈ ਕੇ ਜਾਣ। ਸਪੀਕਰ ਸਾਹਿਬ, ਮੈਨੂੰ ਬਜਟ ਬਾਰੇ ਬਹੁਤੀ ਸਮਝ ਤਾਂ ਨਹੀਂ ਹੈ ਪਰ ਜੋ ਕੁਝ ਵਿੱਤ ਮੰਤਰੀ ਜੀ ਨੇ ਪੜ੍ਹਿਆ ਹੈ ਕਿ 13 ਸਾਲਾਂ ਬਾਅਦ ਪ੍ਰਾਇਮਰੀ ਸਰਪਲੱਸ ਬਜਟ ਪੇਸ਼ ਕੀਤਾ ਗਿਆ ਹੈ। ਮੇਰੇ ਵਰਗਾ ਬੰਦਾ ਕਹਿੰਦਾ ਹੈ ਕਿ ਮੈਂ ਆਪੋਜ਼ੀਸ਼ਨ ਵਿੱਚ ਬੈਠਾ ਹਾਂ, ਮੈਂ ਇਸ ਨੂੰ ਨਿੰਦਾਂਗਾਂ ਕਿਉਂਕਿ ਜੇਕਰ ਮੈਂ ਨਿੰਦਾਂਗਾਂ ਨਹੀਂ ਤਾਂ ਮੇਰੀ ਅਖਬਾਰ ਦੀ ਸੁਰਖੀ ਨਹੀਂ ਬਣੇਗੀ ਲੇਕਿਨ ਕੋਈ-ਕੋਈ ਵਿਅਕਤੀ ਹੁੰਦਾ ਹੈ ਜੋ ਆਪੋਜ਼ੀਸ਼ਨ ਵਿੱਚ ਹੋਵੇ ਤੇ ਉਹ ਚੰਗੇ ਕੰਮ ਦੀ ਸ਼ਲਾਘਾ ਕਰੇ। ਜੇਕਰ ਵਿਰੋਧੀ ਬੰਦੇ ਨੇ ਕੋਈ ਚੰਗਾ ਕੰਮ ਕੀਤਾ ਹੈ, ਉਸ ਦੀ ਸ਼ਲਾਘਾ ਕਰਨੀ ਵੀ ਫਰਜ਼ ਬਣਦਾ ਹੈ ਅਤੇ ਪ੍ਰਮਾਤਮਾ ਉਨ੍ਹਾਂ ਲੋਕਾਂ ਤੇ ਮਿਹਰਬਾਨ ਰਹਿੰਦਾ ਹੈ ਪਰ ਇਹ ਆਮ ਬੰਦੇ ਦੇ ਹਿੱਸੇ ਨਹੀਂ ਆਉਂਦਾ। ਮੈਂ ਗੁਰਦਾਸ ਮਾਨ ਜੀ ਨੂੰ ਨੇੜੇ ਤੋਂ ਵੇਖਿਆ ਹੈ। ਉਨ੍ਹਾਂ ਨੇ 35 ਸਾਲ ਗਾਇਆ ਅਤੇ ਅੱਜ ਵੀ ਉਨ੍ਹਾਂ ਦਾ ਨਾਮ ਉੱਪਰ ਹੈ। ਲੀਡਰ ਆਏ, ਚਲੇ ਗਏ, ਬਿਊਰੋਕਰੇਟਸ ਆਏ ਉਹ ਚਲੇ ਗਏ, ਕਈ ਹੋਰ ਬੁੱਧੀਜੀਵੀ ਆਏ, ਕਿਸੇ ਦਾ 10 ਸਾਲ ਨਾਮ ਰਿਹਾ ਹੈ। ਕਈ ਹੋਰ ਵੀ ਗਵੱਈਏ ਆਏ ਪਰ 35 ਸਾਲ ਲਗਾਤਾਰ ਪੰਜਾਬ ਦੇ ਅੰਦਰ ਜੇਕਰ ਕਿਸੇ ਦਾ ਨਾਂ ਰਹਿੰਦਾ ਹੈ ਤਾਂ ਇਸ ਦਾ ਮਤਲਬ ਉਨ੍ਹਾਂ ਲੋਕਾਂ ਤੇ ਅਪਾਰ ਕਿਰਪਾ ਹੁੰਦੀ ਹੈ। ਹਉਮੈ

ਇਨ੍ਹਾਂ ਲੋਕਾਂ ਵਿੱਚ ਨਹੀਂ ਹੁੰਦੀ। ਮੈਂ ਆਪਣੇ ਭਰਾਵਾਂ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਦਾ ਇੰਨਾ ਵੱਡਾ ਕਲਾਕਾਰ ਹੋ ਕੇ ਵੀ ਜਦੋਂ ਸਰਤਾਜ ਨੇ ''ਸਾਈਂ'' ਤੇ ਗਾਣਾ ਗਾਇਆ ਤਾਂ ਗੁਰਦਾਸ ਮਾਨ ਨੇ ਮੰਚ ਤੇ ਖੜ੍ਹੇ ਹੋ ਕੇ ਕਿਹਾ ਕਿ ਜੋ ਸਰਤਾਜ ''ਸਾਂਈ'' ਤੇ ਗਾਣਾ ਗਾ ਗਿਆ, ਉਹ ਮੈਂ ਵੀ ਗਾ ਨਹੀਂ ਸਕਿਆ ਹਾਂ। ਮੇਰਾ ਕਹਿਣ ਦਾ ਭਾਵ ਹੈ ਕਿ ਪੰਜਾਬ ਦਾ ਬਜਟ ਪੰਜਾਬ ਦੇ ਲੋਕਾਂ ਵਾਸਤੇ ਆਇਆ, ਆਮ ਜਨਤਾ ਵਾਸਤੇ ਆਇਆ ਹੈ। ਚੰਗਾ ਲਗਦਾ ਜੇ ਮੇਰੇ ਇੱਧਰਲੇ ਪਾਸਿਓਂ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਇੱਕ ਵੀ ਭਰਾ ਇਹ ਗੱਲ ਕਹਿੰਦਾ ਕਿ ਕਮਾਲ ਦਾ ਬਜਟ ਲੈ ਕੇ ਆਏ ਹੋ। ਲੋਕਾਂ ਨੇ ਉਨ੍ਹਾਂ ਦੀ ਸ਼ਲਾਘਾ ਕਰਨੀ ਸੀ, ਪ੍ਰਸ਼ੰਸਾ ਕਰਨੀ ਸੀ। ਪੰਜਾਬ ਦੇ ਲੋਕਾਂ ਨੇ ਕਹਿਣਾ ਸੀ ਕਿ ਭਾਵੇਂ ਇਹ ਵਿਰੋਧੀ ਧਿਰ ਦੇ ਹਨ ਪਰ ਇਨ੍ਹਾਂ ਨੇ ਸੱਚੀ ਗੱਲ ਨੂੰ ਸੱਚ ਕਿਹਾ ਪਰ ਸਪੀਕਰ ਸਾਹਿਬ, ਅਫਸੋਸ ਹੈ, ਕਿਸੇ ਨੇ ਕਿਹਾ ਕਿ ਦਲਿਤ ਵਿਰੋਧੀ ਹੈ, ਕਿਸੇ ਨੇ ਕਿਸਾਨ ਵਿਰੋਧੀ ਕਿਹਾ ਹੈ, ਕਿਸੇ ਨੇ ਕੁਝ ਕਿਹਾ, ਕਿਸੇ ਨੇ ਕੁਝ ਕਿਹਾ। ਅੱਜ ਮੇਰਾ ਭਰਾ ਵੀ ਨਹੀਂ ਆਇਆ, ਨਹੀਂ ਤਾਂ ਉਨ੍ਹਾਂ ਨੂੰ ਮੈਂ ਦੱਸਣਾ ਸੀ ਕਿ ਕੱਲ੍ਹ ਵੱਡੇ-ਵੱਡੇ ਅੰਕੜੇ ਪੇਸ਼ ਕੀਤੇ ਸੀ ਪਰ ਮਿਰਚਾਂ ਲੱਗ ਗਈਆਂ ਜਦੋਂ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ, ''ਗੱਲ ਨਹੀਂ ਬਣੀ, ਅੱਜ ਢੀਂਡਸਾ ਸਾਹਿਬ ਨੂੰ ਮਿਸ ਕਰ ਰਹੇ ਹਾਂ।'' ਅੱਜ ਮੈਂ ਪੰਜਾਬ ਦੇ ਲੋਕਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ 13 ਸਾਲਾਂ ਬਾਅਦ ਪੰਜਾਬ ਸਰਕਾਰ ਵੱਲੋਂ, ਕੈਪਟਨ ਅਮਰਿੰਦਰ ਸਿੰਘ ਜੀ ਵੱਲੋਂ ਤੇ ਸਾਡੇ ਕਾਬਲ ਵਿੱਤ ਮੰਤਰੀ ਜੀ ਵੱਲੋਂ ਪ੍ਰਾਇਮਰੀ ਸਰਪਲੱਸ ਬਜਟ ਪੇਸ਼ ਕੀਤਾ ਗਿਆ ਹੈ। ਇਸ ਦਾ ਮਤਲਬ ਹੈ ਕਿ ਸਾਡੇ ਸੂਬੇ ਦੀ ਜਿੰਨੀ ਕਮਾਈ ਹੈ, ਉਸ ਦੇ ਬਰਾਬਰ ਹੁਣ ਆਮਦਨ ਵੀ ਹੈ। ਜੇ ਅਸੀਂ ਵਿਆਜ, ਕਰਜ਼ੇ ਕੱਢ ਲਈਏ, ਪਹਿਲਾਂ ਇਹ ਨਹੀਂ ਹੁੰਦਾ ਸੀ, ਪਹਿਲਾਂ ਜਦੋਂ ਬਜਟ ਪੇਸ਼ ਹੁੰਦਾ ਸੀ ਤਾਂ ਕਮਾਈ ਘੱਟ ਹੁੰਦੀ ਸੀ ਤੇ ਖਰਚਾ ਜ਼ਿਆਦਾ ਹੁੰਦਾ ਸੀ। ਇਹ ਪ੍ਰਾਇਮਰੀ ਸਰਪਲੱਸ ਬਜਟ ਪੇਸ਼ ਕੀਤਾ ਗਿਆ ਹੈ। ਇਹ ਕੈਪਟਨ ਅਮਰਿੰਦਰ ਸਿੰਘ ਜੀ ਦੀ ਸੋਚ ਤੇ ਵਿੱਤ ਮੰਤਰੀ ਸਾਹਿਬ ਦੀ ਦੂਰਅੰਦੇਸ਼ੀ ਹੈ। ਮੈਂ ਇਸ ਲਈ ਸ਼੍ਰੀ ਅਨਿਰੁੱਧ ਤਿਵਾੜੀ ਸਾਹਿਬ ਦਾ ਵੀ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਜੇਕਰ ਐਸੇ ਕਾਬਲ ਅਫਸਰ ਹਰ ਡਿਪਾਰਟਮੈਂਟ ਵਿੱਚ ਹੋਣ ਤਾਂ ਸਾਡਾ ਸੂਬਾ ਹੋਰ ਤਰੱਕੀ ਕਰੇਗਾ। ਸਪੀਕਰ ਸਾਹਿਬ, ਕੱਲ੍ਹ ਮੇਰਾ ਭਰਾ ਮਜ਼ਾਕ ਕਰ ਰਿਹਾ ਸੀ ਕਿ ਐਫ.ਐਮ. ਨੇ ਚਾਹ ਤੇ ਵੀ ਬੈਨ ਲਗਾ ਦਿੱਤਾ ਹੈ। ਚਾਹ ਨਹੀਂ ਪਿਲਾਉਣ ਦਾ ਮਤਲਬ ਇੱਕ ਸਿੰਬੋਲਿਕ ਮੈਸੇਜ ਦੇਣਾ ਹੈ ਕਿ ਆਓ, ਆਪਾਂ ਰਲ-ਮਿਲ ਕੇ ਰਹੀਏ। ਰੋਜ਼ ਇਹ ਸਹੁੰ ਚੁੱਕਣ ਵਾਲੀ

ਗੱਲ ਨੂੰ ਚੁੱਕੀ ਫਿਰਦੇ ਹਨ। ਕੈਪਟਨ ਅਮਰਿੰਦਰ ਸਿੰਘ ਨੇ ਸਹੁੰ ਚੁੱਕੀ ਸੀ, ਅੱਜ ਵੀ ਉਹ ਸਹੁੰ ਤੇ ਕਾਇਮ ਹਨ, ਸਹੁੰ ਦਾ ਮਤਲਬ ਸੀ ਕਿ ਮੈਂ ਜਿਉਂਦੇ-ਜੀਅ ਆਪਣੀ ਜਾਨ ਲਗਾ ਦਿਆਂਗਾ ਅਤੇ ਉਪਰਾਲੇ ਕਰਾਂਗਾ ਕਿ ਪੰਜਾਬ ਦੇ ਵਿੱਚੋਂ ਨਸ਼ਾ ਖਤਮ ਹੋ ਜਾਏ। ਇਸ ਦਾ ਮਤਲਬ ਇਹ ਨਹੀਂ ਕਿ ਮੁਕੰਮਲ ਖਤਮ ਹੋ ਗਿਆ ਜਾਂ ਉਸ ਦੇ ਪਿੱਛੇ ਸਾਡੀ ਮਾੜੀ ਨੀਯਤ ਹੈ। ਸਾਡੇ ਲਈ ਉਹ ਕੋਸ਼ਿਸ਼ ਜਾਰੀ ਹੈ। ਅਸੀਂ ਜਾਨ ਲਗਾ ਰੱਖੀ ਹੈ। ਸਾਡੀ ਪੁਲਿਸ ਨੇ ਜਾਨ ਲਗਾ ਰੱਖੀ ਹੈ। ਸਾਡੇ ਲੀਡਰਾਂ ਨੇ ਜਾਨ ਲਗਾ ਰੱਖੀ ਹੈ ਕਿ ਪੰਜਾਬ ਵਿੱਚੋਂ ਨਸ਼ਾ ਕਿਵੇਂ ਨਾ ਕਿਵੇਂ ਖਤਮ ਕਰਨਾ ਹੈ।(ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਸਾਡੇ ਕਾਬਲ ਦੂਜੇ ਬੰਦੇ ਕਹੀ ਜਾਂਦੇ ਹਨ ਕਿ 30 ਦਿਨਾਂ ਲਈ ਸਹੁੰ ਹੁੰਦੀ ਹੈ, 30 ਦਿਨਾਂ ਤੋਂ ਬਾਅਦ ਸਹੁੰ ਝੂਠੀ ਹੋ ਜਾਂਦੀ ਹੈ। ਇਸ ਦਾ ਮਤਲਬ ਇਹ ਨਹੀਂ ਹੈ। ਇਸ ਦਾ ਮਤਲਬ ਇਹ ਸੀ ਕਿ ਅਸੀਂ ਤਨਦੇਹੀ ਨਾਲ, ਇਮਾਨਦਾਰੀ ਨਾਲ, ਦਿਆਨਤਦਾਰੀ ਨਾਲ ਆਪਣੇ ਗੁਰੂ ਨੂੰ ਹਾਜ਼ਰ-ਨਾਜ਼ਰ ਰੱਖ ਕੇ ਇਹ ਸਹੁੰ ਖਾਂਦੇ ਹਾਂ ਕਿ ਪੰਜਾਬ ਵਿੱਚੋਂ ਨਸ਼ਾ ਖਤਮ ਕਰਨ ਦਾ ਅਸੀਂ ਯਤਨ ਤੇ ਉਪਰਾਲਾ ਕਰਾਂਗੇ। ਇਸ ਦਾ ਮਤਲਬ 30 ਦਿਨ ਨਹੀਂ ਸੀ। ਐਫ.ਐਮ. ਸਾਹਿਬ ਨੂੰ ਮੈਂ ਇੱਕ ਹੋਰ ਵਧਾਈ ਦੇਣਾ ਚਾਹੁੰਦਾ ਹਾਂ ਕਿ ਨਾ ਕੇਵਲ ਤੁਸੀਂ ਚਾਹ ਬਚਾਈ, ਜਿਹੜੇ ਸਾਹਮਣੇ ਬੈਠੇ ਮੇਰੇ ਭਰਾ ਹੱਸ ਰਹੇ ਹਨ, ਗੌਰ ਨਾਲ ਸੁਣੋ, ਪਿਛਲੇ 10 ਸਾਲਾਂ ਵਿੱਚ ਸਾਡਾ ਬਜਟ 47 ਦਿਨ ਡਬਲ ਓਵਰ ਡਰਾਫਟ ਰਿਹਾ ਹੈ। ਜਦੋਂ ਡਬਲ ਓਵਰਡਰਾਫਟ 5 ਦਿਨ ਤੋਂ ਵੱਧ ਹੋ ਜਾਏ ਤਾਂ ਖਜ਼ਾਨੇ ਨੂੰ ਆਰ.ਬੀ.ਆਈ. ਵੱਲੋਂ ਤਾਲਾ ਲਗਾ ਦਿੱਤਾ ਜਾਂਦਾ ਹੈ। 55 ਕਰੋੜ ਰੁਪਿਆ ਸਾਨੂੰ ਹਰਜਾਨਾ ਪੈ ਗਿਆ। ਠੀਕ ਹੈ, ਸਾਡੀਆਂ ਨਰਾਜ਼ਗੀਆਂ ਐਫ.ਐਮ. ਨਾਲ ਹਨ ਕਿ ਸਾਨੂੰ ਫਲਾਣੀ ਜਗ੍ਹਾ ਵਾਸਤੇ ਪੈਸੇ ਨਹੀਂ ਦਿੱਤੇ, ਸਾਨੂੰ ਨਾਲੇ ਸਾਫ ਕਰਨ ਵਾਸਤੇ ਪੈਸੇ ਨਹੀਂ ਦਿੱਤੇ, ਜੇਕਰ 100 ਕਰੋੜ ਰੁਪਿਆ ਉੱਥੇ ਦਿੱਤਾ ਹੁੰਦਾ ਹੈ ਤਾਂ 80 ਕਰੋੜ ਡਿਪਾਰਟਮੈਂਟ ਵਾਲੇ ਖਾ ਜਾਂਦੇ ਹਨ। ਪਿਛਲੀ ਸਰਕਾਰ ਹਰ ਵਾਰੀ 100 ਕਰੋੜ ਦਿੰਦੀ ਸੀ। ਸਾਡੇ ਗਿਲੇ ਰਹੇ ਹਨ, ਸਪੋਰਟਸ ਡਿਪਾਰਟਮੈਂਟ ਦਾ ਗਿਲਾ ਰਿਹਾ ਹੈ, ਹੈਲਥ ਡਿਪਾਰਟਮੈਂਟ ਦਾ ਗਿਲਾ ਰਿਹਾ ਹੈ ਲੇਕਿਨ ਤਿੰਨ ਸਾਲਾਂ ਬਾਰੇ ਇਹ ਅੰਕੜੇ ਕਹਿੰਦੇ ਹਨ, ਪੱਤਰਕਾਰ ਕਹਿੰਦੇ ਹਨ, ਤਮਾਮ ਲੋਕ ਕਹਿੰਦੇ ਹਨ, ਕੋਈ ਮੈਂ ਇਕੱਲਾ ਨਹੀਂ ਕਹਿੰਦਾ, ਤਿੰਨ ਸਾਲ ਵਿੱਚ ਇੱਕ ਵੀ ਦਿਨ ਖਜ਼ਾਨਾ ਓਵਰਡਰਾਫਟ ਨਹੀਂ ਹੋਇਆ। ਮੈਂ ਐਫ.ਐਮ. ਸਾਹਿਬ ਨੂੰ ਵਧਾਈ ਦੇਣਾ ਚਾਹੁੰਦਾ ਹਾਂ, ਇਨ੍ਹਾਂ ਦੀ ਮਿਹਨਤ ਸਦਕਾ ਅਜਿਹਾ ਨਹੀਂ ਹੋਇਆ। ਪਿਛਲੀ ਸਰਕਾਰ ਵਿੱਚ ਇਹ 48 ਦਿਨ ਓਵਰਡਰਾਫਟ ਰਿਹਾ। ਇਸ ਦਾ 50 ਕਰੋੜ ਰੁਪਿਆ ਹਰਜਾਨਾ ਸਾਨੂੰ ਭੁਗਤਣਾ ਪਿਆ।

ਇਹ ਤਾਂ ਖਜ਼ਾਨੇ ਦੀ ਗੱਲ ਹੋਈ, ਸਾਡੇ ਐਫ.ਐਮ. ਸਾਹਿਬ ਦੀ ਗੱਲ ਹੋਈ। ਹੁਣ ਕਿਉਂਕਿ ਸਮਾਂ ਵੀ ਘੱਟ ਹੈ, ਸਪੀਕਰ ਸਾਹਿਬ, ਮੇਰੇ ਤੇ ਵੀ ਅੱਜ ਥੋੜ੍ਹਾ ਮਿਹਰਬਾਨ ਹੋਣਾ, ਪਹਿਲਾਂ ਜ਼ਿਆਦਾ ਹੁੰਦੇ ਸੀ। ਪਤਾ ਨਹੀਂ ਹਰਦਿਆਲ ਜੀ ਕਿਉਂ ਮੇਰੇ ਪੰਜ ਮਿੰਟ ਲਿਖ ਕੇ ਭੇਜ ਦਿੰਦੇ ਹਨ ਅਤੇ ਅਖੀਰ ਤੇ ਪਾ ਦਿੰਦੇ ਹਨ। ਧੰਨਵਾਦ, ਸਪੀਕਰ ਸਾਹਿਬ, ਮੈਨੂੰ ਬੋਲਣ ਦਾ ਮੌਕਾ ਦਿੱਤਾ। ਮੈਨੂੰ ਐਤਕੀਂ ਗਵਰਨਰ ਐਡਰੈਸ ਤੇ ਵੀ ਬੋਲਣ ਦਾ ਮੌਕਾ ਨਹੀਂ ਦਿੱਤਾ ਕਿਉਂਕਿ ਧੱਕਾ ਹੋ ਜਾਂਦਾ ਹੈ। ਹੁਣ ਮੈਨੂੰ ਪਤਾ ਨਹੀਂ ਮਿਹਰਬਾਨੀ ਕਿਉਂ ਘੱਟ ਹੈ?

**ਮਾਨਯੋਗ ਸਪੀਕਰ :** ਕਦੇ-ਕਦੇ ਤੁਸੀਂ ਵੀ ਧੱਕਾ ਕਰ ਲੈਂਦੇ ਹੋ।

**ਸਲਾਹਕਾਰ/ ਮੁੱਖ ਮੰਤਰੀ, (ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ)** : ਹਾਂ ਜੀ, ਹਾਂ ਜੀ। ਮੈਂ ਐਜੂਕੇਸ਼ਨ ਦੀ ਗੱਲ ਕਰਾਂ ਤਾਂ ਅਜਿਹਾ ਪਹਿਲੀ ਵਾਰੀ ਹੋਇਆ ਹੈ ਕਿ 12,488 ਕਰੋੜ ਰੁਪਿਆ ਰੱਖਿਆ ਗਿਆ ਹੈ।ਐਫ.ਐਮ. ਸਾਹਿਬ, ਮੁੱਖ ਮੰਤਰੀ ਸਾਹਿਬ ਵਧਾਈ ਦੇ ਪਾਤਰ ਹਨ, ਐਜੂਕੇਸ਼ਨ ਦਾ ਮਿਆਰ ਉੱਚਾ ਚੁੱਕਣ ਵਾਸਤੇ ਇਨ੍ਹਾਂ ਨੇ 12 ਹਜ਼ਾਰ ਕਰੋੜ ਰੁਪਏ ਦਾ ਬਜਟ ਦਿੱਤਾ ਹੈ।

ਮੈਂ ਮੇਰੇ ਕਾਬਲ ਦੋਸਤ ਸਿੰਗਲਾ ਸਾਹਿਬ ਨੂੰ ਵਧਾਈ ਦੇਣੀ ਚਾਹੁੰਦਾ ਹਾਂ, ਪਹਿਲੇ ਸਿੱਖਆ ਮੰਤਰੀ ਸ਼੍ਰੀ ਓ.ਪੀ.ਸੋਨੀ ਜੀ ਨੂੰ ਵੀ ਮੈਂ ਵਧਾਈ ਦੇਣੀ ਚਾਹੁੰਦਾ ਹਾਂ, ਇਹ ਗੱਲ ਧਿਆਨ ਨਾਲ ਸੁਣਨਾ, ਮੈਂ ਕਿਸੇ ਨੂੰ ਨਿੰਦਣਾ ਨਹੀਂ ਚਾਹੁੰਦਾ। ਅਮਨ ਜੀ, ਇਹ ਅੰਕੜੇ ਹਨ। ਇਹ ਝੂਠੇ ਨਹੀਂ ਕੀਤੇ ਜਾ ਸਕਦੇ। ਚੀਮਾ ਸਾਹਿਬ, ਅਗਰ ਝੂਠੇ ਹੋਣ ਤਾਂ ਕੱਲ੍ਹ ਨੂੰ ਤੁਸੀਂ ਗੱਲ ਕਰ ਸਕਦੇ ਹੋ। ਇਹ ਪੰਜਾਬ ਵਿੱਚ ਪਹਿਲੀ ਵਾਰੀ ਹੋਇਆ ਹੈ ਕਿ ਸਰਕਾਰੀ ਸਕੂਲਾਂ ਵਿੱਚ 1 ਲੱਖ 12 ਹਜ਼ਾਰ ਨਵੇਂ ਦਾਖਲੇ ਹੋਏ ਹਨ ਜੋ ਕਿ ਇਸ ਵਾਰੀ ਪਿਛਲੇ ਸਾਲਾਂ ਵਿੱਚ ਹੋਏ ਦਾਖਲਿਆਂ ਤੋਂ ਵੱਧ ਹੋਏ ਹਨ। (ਥੰਪਿੰਗ) ਇਸ ਦਾ ਕੀ ਮਤਲਬ ਹੈ? ਇਸ ਦਾ ਮਤਲਬ ਹੈ ਕਿ ਵਿੱਦਿਆ ਦਾ ਮਿਆਰ ਜਾਂ ਵਿੱਦਿਆ ਵਿੱਚ ਕੋਈ ਨਾ ਕੋਈ ਤਬਦੀਲੀ ਲਿਆਂਦੀ ਗਈ, ਸਕੂਲ ਚੰਗੇ ਬਣਾਏ ਗਏਹਨ। ਅਸੀਂ ਇਹ ਨਹੀਂ ਕਹਿੰਦੇ ਕਿ ਅਸੀਂ ਸਕੂਲਾਂ ਵਿੱਚ ਇਨਕਲਾਬ ਲਿਆ ਦਿੱਤਾ ਲੇਕਿਨ ਸਰਕਾਰ ਨੇ, ਸਾਡੇ ਸੈਕਟਰੀ ਸ਼੍ਰੀ ਕ੍ਰਿਸ਼ਨ ਕੁਮਾਰ ਦੀ ਦੂਰਅੰਦੇਸ਼ੀ ਨਾਲ ਅੱਜ 1 ਲੱਖ 12 ਹਜ਼ਾਰ ਵਿਦਿਆਰਥੀਆਂ ਨੇ ਸਕੂਲਾਂ ਵਿੱਚ ਨਵੇਂ ਦਾਖਲੇ ਲਏ ਹਨ। ਜੇ ਸਰਕਾਰੀ ਸਕੂਲਾਂ ਦੇ ਨਤੀਜੇ ਦੀ ਗੱਲ ਕਰੀਏ ਤਾਂ ਮੇਰੇ ਕੋਲ ਅੰਕੜੇ ਹਨ, ਦਸਵੀਂ ਦੇ ਸਾਲ

2019 ਦੇ ਨਤੀਜੇ ਆਏ ਹਨ। ਕਿੰਨੇ ਸਕੂਲਾਂ ਵਿੱਚ ਦਸਵੀਂ ਦਾ ਨਤੀਜਾ 100% ਆਇਆ? If you compare this result with the Delhi Government, ਪੰਜਾਬ ਵਿੱਚ ਦਸਵੀਂ ਦੇ 3,597 ਸਕੂਲ ਹਨ ਅਤੇ ਦਿੱਲੀ ਵਿੱਚ 995 ਹਨ। ਸਾਡੇ 942 ਸਕੂਲਾਂ ਵਿੱਚ 100% ਦਸਵੀਂ ਦਾ ਨਤੀਜਾ ਹੈ। ਸਿੰਗਲਾ ਸਾਹਿਬ ਵਧਾਈ ਦੇ ਪਾਤਰ ਹਨ। 942 ਸਕੂਲਾਂ ਵਿੱਚ ਦਸਵੀਂ ਦਾ ਨਤੀਜਾ 100% ਰਿਹਾ। ਸਾਡੇ ਦੋਵੇਂ ਮੰਤਰੀ ਜਿਹੜੇ ਪਹਿਲਾਂ ਰਹੇ ਅਤੇ ਹੁਣ ਦੇ ਮੰਤਰੀ ਸਾਹਿਬ ਵਧਾਈ ਦੇ ਪਾਤਰ ਹਨ। ਜੇਕਰ ਟੋਟਲ ਪਰਸੈਂਟੇਜ਼ ਕੱਢੀਏ ਤਾਂ ਸਾਡੀ ਐਵਰੇਜ 26.18% ਹੈ। ਅਸੀਂ ਦਿੱਲੀ ਸਰਕਾਰ ਤੋਂ ਇਸ ਗੱਲ ਵਿੱਚ ਅੱਗੇ ਰਹੇ ਹਾਂ। ਮੈਂ ਦਿੱਲੀ ਦਾ ਇਸ ਕਰਕੇ ਨਾਮ ਨਹੀਂ ਲੈ ਰਿਹਾ ਕਿਉਂਕਿ ਆਮ ਆਦਮੀ ਪਾਰਟੀ ਬੈਠੀ ਹੈ। ਦਿੱਲੀ ਵਿੱਚ ਵੀ ਸਕੂਲ ਦਾ ਮਿਆਰ ਉੱਚਾ ਚੁੱਕਣ ਲਈ ਕਾਫੀ ਚੰਗੇ ਕੰਮ ਅਤੇ ਬਿਹਤਰ ਕੰਮ ਹੋਏ ਹਨ। ਮੈਨੂੰ ਇਹ ਕਹਿਣ ਦਾ ਵੀ ਹੱਕ ਨਹੀਂ ਹੈ। ਮੈਂ ਕਹਾਂਗਾ ਕਿ ਦਿੱਲੀ ਸਰਕਾਰ ਨੇ ਵੀ ਸਕੂਲਾਂ ਦਾ ਮਿਆਰ ਉੱਚਾ ਚੁੱਕਣ ਵਾਸਤੇ ਚੰਗੇ ਕਦਮ ਚੁੱਕੇ ਹਨ ਪਰ if you compare with Punjab ਤਾਂ ਫਿਰ ਸਾਡੀ ਪਰਸੈਂਟੇਜ਼ ਥੋੜ੍ਹੀ ਹਾਈ ਆਵੇਗੀ, ਘੱਟ ਨਹੀਂ ਆਵੇਗੀ।

**ਮਾਨਯੋਗ ਸਪੀਕਰ :** ਧੰਨਵਾਦ, ਰਾਜਾ ਸਾਹਿਬ ਜੀ।

**ਸਲਾਹਕਾਰ/ ਮੁੱਖ ਮੰਤਰੀ, (ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ) :** ਨਹੀਂ ਜੀ। ਆਪਾਂ 5-7 ਮਿੰਟ ਵਧਾ ਲਵਾਂਗੇ। ਹੁਣ ਤਾਂ ਮੁੱਖ ਮੰਤਰੀ ਸਾਹਿਬ ਵੀ ਬੈਠੇ ਹਨ, ਉਨ੍ਹਾਂ ਨੂੰ ਪੁੱਛ ਲਉ ਜੀ ਪਰ ਇਸ ਤਰ੍ਹਾਂ ਨਾ ਕਰੋ।

**ਮਾਨਯੋਗ ਸਪੀਕਰ :** ਹੁਣ ਵਾਈਂਡ ਅੱਪ ਕਰੋ ਜੀ।

**ਸਰਦਾਰ ਹਰਦਿਆਲ ਸਿੰਘ ਕੰਬੋਜ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਅੱਜ ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਨਵੇਂ ਮੈਂਬਰ ਸਾਹਿਬਾਨ ਨੂੰ ਵੀ ਟਾਈਮ ਮਿਲ ਜਾਵੇ, ਜੇ ਸਦਨ ਦਾ ਸਮਾਂ ਵਧਾ ਲਿਆ ਜਾਵੇ ਤਾਂ ਬਹੁਤ ਅੱਛਾ ਹੋਵੇਗਾ।

**ਮਾਨਯੋਗ ਸਪੀਕਰ :** ਵਧਾ ਲਵਾਂਗੇ ਜੀ।

**ਸਲਾਹਕਾਰ/ ਮੁੱਖ ਮੰਤਰੀ, (ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ) :** ਮੈਂ ਹੋਰ ਜ਼ਿਆਦਾ ਗੱਲ ਨਾ ਕਰਾਂ। ਸਕੂਲਾਂ ਵਿੱਚ ਬੱਚਿਆਂ ਦੀ ਗਿਣਤੀ ਮੈਂ ਪਹਿਲਾਂ ਦੱਸ ਚੁੱਕਿਆ ਹਾਂ। ਮੈਨੂੰ ਅੱਜ ਬਾਹਰ ਇਹ ਵੀ ਪੁੱਛਿਆ ਗਿਆ ਸੀ ਕਿ ਤੁਹਾਡੇ ਸਕੂਲਾਂ ਵਿੱਚ ਅਧਿਆਪਕ ਘੱਟ ਹਨ। ਮੈਂ ਦਿੱਲੀ ਵਿੱਚ ਇੱਕ ਅਧਿਆਪਕ ਪਿੱਛੇ ਵਿਦਿਆਰਥੀਆਂ ਦੀ ਗਿਣਤੀ ਦੱਸਣਾ ਚਾਹੁੰਦਾ ਹਾਂ। ਜਿਹੜਾ ਪੰਜਾਬ ਦਾ ਪ੍ਰਾਇਮਰੀ

ਸਕੂਲ ਹੈ, ਉਸ ਵਿੱਚ ਸਾਡੇ ਇੱਕ ਅਧਿਆਪਕ ਪਿੱਛੇ ਬੱਚਿਆਂ ਦੀ ਗਿਣਤੀ 21 ਹੈ ਜਦ ਕਿ ਦਿੱਲੀ ਵਿੱਚ ਬੱਚਿਆਂ ਦੀ ਗਿਣਤੀ 34 ਹੈ। ਅੱਪਰ ਪ੍ਰਾਇਮਰੀ ਵਿੱਚ ਸਾਡੀ ਗਿਣਤੀ ਇੱਕ ਅਧਿਆਪਕ ਪਿੱਛੇ 12 ਵਿਦਿਆਰਥੀਆਂ ਦੀ ਹੈ ਤੇ ਦਿੱਲੀ ਵਿੱਚ ਉਹ 32 ਵਿਦਿਆਰਥੀਆਂ ਦੀ ਹੈ। ਸੈਕੰਡਰੀ ਸਕੂਲਾਂ ਵਿੱਚ ਸਾਡੇ ਇੱਕ ਅਧਿਆਪਕ ਪਿੱਛੇ 22 ਬੱਚੇ ਹਨ ਤੇ ਦਿੱਲੀ ਵਿੱਚ 30 ਬੱਚੇ ਹਨ। ਯਾਨੀ ਕਿ, ਮੈਂ ਕਿਸੇ ਨੂੰ ਨਿੰਦਦਾ ਨਹੀਂ ਹਾਂ, ਦਿੱਲੀ ਸਰਕਾਰ ਨੇ ਬਹੁਤ ਚੰਗਾ ਕੰਮ ਕੀਤਾ ਹੈ। ਇਨ੍ਹਾਂ ਨੇ ਤਾਂ ਇਹ ਨਹੀਂ ਕਹਿਣਾ ਕਿ ਪੰਜਾਬ ਸਰਕਾਰ ਨੇ ਵਾਕਿਆ ਹੀ ਚੰਗਾ ਕੰਮ ਕੀਤਾ ਹੈ ਪਰ ਮੈਂ ਵੱਡੇ ਦਿਲ ਨਾਲ ਕਹਿੰਦਾ ਹਾਂ ਕਿ ਦਿੱਲੀ ਸਰਕਾਰ ਨੇ ਵੀ ਐਜੂਕੇਸ਼ਨ ਵਿੱਚ ਚੰਗਾ ਕੰਮ ਕੀਤਾ ਹੈ ਲੇਕਿਨ ਪੰਜਾਬ ਸਰਕਾਰ ਨੇ ਵਿੱਦਿਆ ਦਾ ਮਿਆਰ ਉੱਪਰ ਚੁੱਕਣ ਵਿੱਚ ਉਸ ਤੋਂ ਬਿਹਤਰੀਨ ਕੰਮ ਕੀਤਾ ਹੈ।(ਥੰਪਿੰਗ) ਇੱਕ ਹੋਰ ਬੜਾ ਅਹਿਮ ਮੁੱਦਾ ਹੈਲਥ ਦਾ ਸੀ। ਮੈਂ ਕੈਪਟਨ ਅਮਰਿੰਦਰ ਸਿੰਘ ਜੀ ਨੂੰ ਵਧਾਈ ਦੇਣਾ ਚਾਹੁੰਦਾ ਹਾਂ ਕਿ ਤੁਹਾਡੇ ਵਿੱਚ ਕੋਈ ਤਾਂ ਗੱਲ ਹੈ। ਮੇਰੇ ਵਰਗੇ ਤੁਹਾਡੇ ਪਿੱਛੇ ਤਾਂ ਕਈ ਗੱਲਾਂ ਕਰਦੇ ਹਨ ਪਰ ਜਦੋਂ ਤੁਸੀਂ ਇੱਥੇ ਆ ਕੇ ਬੈਠ ਜਾਂਦੇ ਹੋ ਤਾਂ ਫਿਰ ਇੱਥੇ ਕੋਈ ਗੱਲ ਨਹੀਂ ਕਰਦਾ ਹੈ। ਮੁੱਖ ਮੰਤਰੀ ਜੀ ਵਿੱਚ ਵੀ ਕਮੀਆਂ ਹੋ ਸਕਦੀਆਂ ਹਨ, ਕੈਪਟਨ ਅਮਰਿੰਦਰ ਸਿੰਘ ਜੀ ਵਿੱਚ ਵੀ ਕਮੀਆਂ ਹੋ ਸਕਦੀਆਂ ਹਨ, ਹਰ ਇਨਸਾਨ ਵਿੱਚ ਕਮੀਆਂ ਹਨ ਲੇਕਿਨ ਅੱਛਾਈਆਂ ਵੀ ਬੜੀਆਂ ਹਨ। ਇਸ ਨੂੰ ਵੀ ਨਿੰਦਿਆ ਨਹੀਂ ਜਾ ਸਕਦਾ ਹੈ। ਮੈਂ ਸ਼੍ਰੀ ਬ੍ਰਹਮ ਮਹਿੰਦਰਾ ਜੀ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੋਦੀ ਸਾਹਿਬ ਦੀ ਸਕੀਮ ਬਾਰੇ ਜਦੋਂ ਉਨ੍ਹਾਂ ਨੇ ਕਿਹਾ ਕਿ ਸਿਹਤ ਬੀਮਾ ਯੋਜਨਾ ਲਾਗੂ ਕਰੋ ਤਾਂ ਕੈਪਟਨ ਸਾਹਿਬ ਤੇ ਇਨ੍ਹਾਂ ਨੇ ਕਿਹਾ ਕਿ ਨਹੀਂ, ਅਸੀਂ ਕੇਵਲ 14 ਲੱਖ 86 ਹਜ਼ਾਰ ਲੋਕਾਂ ਨੂੰ ਕਵਰ ਨਹੀਂ ਕਰਨਾ ਹੈ। ਮੈਂ ਸਰਦਾਰ ਬਲਬੀਰ ਸਿੰਘ ਸਿੱਧੂ ਜੀ ਨੂੰ ਵੀ ਵਧਾਈ ਦੇਣਾ ਚਾਹੁੰਦਾ ਹਾਂ। ਉਸ ਤੋਂ ਬਾਅਦ ਉਨ੍ਹਾਂ ਦੇ ਉਪਰਾਲੇ ਨਾਲ ਅੱਜ ਪੰਜਾਬ ਦੇ 75% ਲੋਕ ਇਹ ਸਿਹਤ ਬੀਮਾ ਯੋਜਨਾ ਦੇ ਤਹਿਤ ਕਵਰ ਹੋ ਗਏ ਹਨ। (ਥੰਪਿੰਗ) ਮੈਨੂੰ ਇਹ ਗੱਲ ਕਹਿੰਦੇ ਹੋਏ ਵੀ ਫ਼ਖਰ ਹੋ ਰਿਹਾ ਹੈ ਕਿ 43 ਲੱਖ ਲੋਕ, 75% ਅਬਾਦੀ....

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ):** 45 ਲੱਖ 89 ਹਜ਼ਾਰ ਹੈ।

**ਸਲਾਹਕਾਰ/ ਮੁੱਖ ਮੰਤਰੀ, (ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ) :** ਮੈਂ ਘੱਟ ਹੀ ਕਿਹਾ ਹੈ, ਜੇ ਵੱਧ ਕਿਹਾ ਹੁੰਦਾ ਤਾਂ ਫਿਰ ਗੱਲ ਨਹੀਂ ਬਣਨੀ ਸੀ। 45 ਲੱਖ ਲੋਕ, 75% ਅਬਾਦੀ ਯਾਨੀ ਕਿ ਪੰਜ ਲੱਖ ਸਿਹਤ ਬੀਮਾ ਯੋਜਨਾ, ਕੈਸ਼ਲੈਸ ਬੀਮਾ, 690 ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਵਿੱਚ ਮੁਫਤ ਦਵਾਈਆਂ ਤੇ ਇਲਾਜ ਮਿਲ ਰਿਹਾ ਹੈ। ਇਸ ਵਿੱਚ ਇਹ ਨਹੀਂ ਹੈ ਕਿ ਪੁਰਾਣੀ ਬਿਮਾਰੀ ਦਾ ਇਲਾਜ ਨਹੀਂ ਹੋਵੇ ਗਾ। ਬੀਮੇ ਵਿੱਚ ਨਹੀਂ ਹੁੰਦਾ ਹੈ ਉਸ ਵਿੱਚ ਪੁਰਾਣੀ ਬਿਮਾਰੀ ਨੂੰ ਕਵਰ ਨਹੀਂ ਕੀਤਾ ਜਾਂਦਾ ਹੈ ਪਰ ਇਸ ਵਿੱਚ ਪੁਰਾਣੀਆਂ ਬਿਮਾਰੀਆਂ ਵੀ ਕਵਰ ਹਨ ਔਰ ਇਸ ਬੀਮਾ ਯੋਜਨਾ ਨਾਲ ਹੁਣ ਤੱਕ ਇੱਕ ਲੱਖ 27 ਹਜ਼ਾਰ 619 ਲੋਕਾਂ ਨੂੰ ਫਾਇਦਾ ਹੋਇਆ ਹੈ ਤੇ ਇਸ ਤੇ ਹੁਣ ਤੱਕ 146 ਕਰੋੜ ਰੁਪਏ ਖਰਚ ਹੋ ਚੁੱਕੇ ਹਨ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ ਆਪਣੀ ਸੀਟ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਸਲਾਹਕਾਰ/ ਮੁੱਖ ਮੰਤਰੀ, (ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ) :** ਮੀਤ ਜੀ, ਕੋਈ ਗੱਲ ਨਹੀਂ, ਜੇ ਤੁਹਾਡਾ ਸਵਾਲ ਹੋਇਆ ਤਾਂ ਜ਼ਰੂਰ ਕਰਿਓ ਤੇ ਜੇ ਸਪੀਕਰ ਸਾਹਿਬ ਕਹਿਣਗੇ ਤਾਂ ਮੈਂ ਜਿੰਨਾ ਕੁ ਜਵਾਬ ਦੇ ਸਕਾਂਗਾ ਉਹ ਵੀ ਦਿਆਂਗਾ। ਚਾਰ ਹਜ਼ਾਰ ਕਰੋੜ ਰੁਪਏ ਸਬੰਧੀ ਮੈਂ ਦੁਬਾਰਾ ਫਿਰ ਵਿੱਤ ਮੰਤਰੀ ਸਾਹਿਬ ਤੇ ਮੁੱਖ ਮੰਤਰੀ ਸਾਹਿਬ ਨੂੰ ਵਧਾਈ ਦੇਣਾ ਚਾਹੁੰਦਾ ਹਾਂ ਕਿ ਚਾਰ ਹਜ਼ਾਰ ਕਰੋੜ ਰੁਪਏ ਦਾ ਹੋਰ ਅੱਜ ਹੈਲਥ ਡਿਪਾਰਟਮਮੈਂਟ ਵਾਸਤੇ ਬਜਟ ਰੱਖਿਆ ਹੈ। ਮੈਂ ਨਾਲ ਹੀ ਮੰਗ ਵੀ ਕਰਨਾ ਚਾਹੁੰਦਾ ਹਾਂ ਤੇ ਸੁਝਾਅ ਵੀ ਦੇਣਾ ਚਾਹੁੰਦਾ ਹਾਂ ਕਿ ਜਿਹੜਾ ਬਲਬੀਰ ਸਿੰਘ ਸਿੱਧੂ ਜੀ ਨੇ ਕੈਬਨਿਟ ਵਿੱਚ ਵੀ ਮੁੱਦਾ ਉਠਾਇਆ ਹੈ ਤੇ ਮੈਂ ਮੁੱਖ ਮੰਤਰੀ ਸਾਹਿਬ ਨੂੰ ਤੇ ਖਜ਼ਾਨਾ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ 75% ਅਬਾਦੀ ਨੂੰ ਤਾਂ ਕਵਰ ਕਰ ਦਿੱਤਾ ਹੈ ਪਰ ਮੈਂ ਕਹਿੰਦਾ ਹਾਂ ਕਿ ਇਸ ਨੂੰ ਸਾਰੇ ਏਰੀਏ ਵਿੱਚ ਕਵਰ ਕਰ ਦਿਓ ਕਿਉਂਕਿ ਮੈਨੂੰ ਉਸ ਮਾਂ ਦਾ ਦੁੱਖ ਪਤਾ ਹੈ ਜਿਸ ਦੇ ਮੁੰਡੇ ਦਾ ਐਕਸੀਡੈਂਟ ਹੋ ਜਾਂਦਾ ਹੈ ਤੇ ਉਹ ਕਿਵੇਂ ਪੈਸੇ ਇਕੱਠੇ ਕਰਦੀ ਹੈ। ਮੰਗਤਿਆਂ ਵਾਂਗ ਪਿੰਡਾਂ ਵਿੱਚੋਂ ਗਰੀਬ ਔਰਤਾਂ ਪੈਸੇ ਮੰਗ ਕੇ ਲਿਆਉਂਦੀਆਂ ਹਨ ਕਿ ਮੈਂ ਆਪਣੇ ਪੁੱਤ ਦਾ ਇਲਾਜ ਕਰਵਾਉਣਾ ਹੈ। ਅੱਜ ਪੰਜ ਲੱਖ ਬੀਮੇ ਕਰ ਦਿੱਤੇ ਹਨ, ਤੁਹਾਨੂੰ ਉਨ੍ਹਾਂ ਦੀਆਂ ਅਸੀਸਾਂ ਲੱਗਣਗੀਆਂ।75% ਤੋਂ ਇਲਾਵਾ ਜਿਹੜੀ ਰਹਿੰਦੀ ਅਬਾਦੀ ਹੈ, ਉਹ ਵੀ ਕਵਰ ਕਰ ਦਿਓ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਮੈਂ ਸਿਰਫ ਇੰਨਾ ਪੁੱਛਣਾ ਹੈ ਕਿ ਰਾਜਾ ਵੜਿੰਗ ਜੀ ਨੇ ਕਿਹਾ ਹੈ ਕਿ 45 ਲੱਖ ਨੂੰ ਇਸ ਦੇ ਅੰਡਰ ਕਵਰ ਕਰ ਲਿਆ ਹੈ ਜੋ ਕਿ 75% ਹੈ, ਪਰ ਸਰ, ਪੰਜਾਬ ਦੀ ਅਬਾਦੀ ਤਾਂ ਤਿੰਨ ਕਰੋੜ ਹੈ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ):** ਇੱਕ ਮਿੰਟ, ਪੁਆਇੰਟ ਆਫ ਆਰਡਰ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ :** ਸਰ, ਮੈਂ ਤਾਂ ਕਲੈਰੀਫਿਕੇਸ਼ਨ ਲੈ ਰਿਹਾ ਹਾਂ ਜੀ।

**ਮਾਨਯੋਗ ਸਪੀਕਰ :** ਸਿੱਧੂ ਸਾਹਿਬ, ਕਲੈਰੀਫਿਕੇਸ਼ਨ ਦੇ ਰਹੇ ਹਨ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ:** ਜਿਹੜੀ ਇਹ ਇਨਸ਼ੋਰੈਂਸ ਹੈ, ਇਹ 45 ਲੱਖ 89 ਹਜ਼ਾਰ ਪਰਿਵਾਰਾਂ ਵਾਸਤੇ ਹੈ ਨਾ ਕਿ ਬੰਦਿਆਂ ਵਾਸਤੇ ਹੈ ਅਤੇ ਚਾਹੇ ਉਸ ਪਰਿਵਾਰ ਵਿੱਚ ਪੰਜ ਮੈਂਬਰ ਹੋਣ, ਚਾਹੇ ਛੇ ਮੈਂਬਰ ਹੋਣ, ਉਹ ਸਾਰੇ ਕਵਰ ਹੁੰਦੇ ਹਨ। ਜੇ ਤੁਸੀਂ ਆਪ ਲਾਈਫ ਇਨਸ਼ੋਰੈਂਸ ਜਾਂ ਮੈਡੀਕਲ ਇਨਸ਼ੋਰੈਂਸ ਲੈਂਦੇ ਹੋ ਤਾਂ ਉਸ ਦਾ ਤਿੰਨ ਸਾਲ ਤੋਂ ਪਹਿਲਾਂ ਕਲੇਮ ਨਹੀਂ ਮਿਲਦਾ ਹੈ ਪਰ ਸਾਡੀ ਇਨਸ਼ੋਰੈਂਸ ਜਿਹੜੀ ਸੀ.ਐਮ. ਸਾਹਿਬ ਨੇ ਦਿੱਤੀ ਹੈ, ਇਹ ਇੰਨੀ ਸਟ੍ਰੋਂਗ ਹੈ ਕਿ ਬੰਦਾ ਹਸਪਤਾਲ ਵਿੱਚ ਪਹੁੰਚ ਕੇ ਦਾਖਲ ਹੁੰਦਾ ਹੈ ਤੇ ਅਸੀਂ ਨਾਲ ਹੀ ਕਾਰਡ ਬਣਾ ਕੇ ਉਸ ਦਾ ਇਲਾਜ ਫਰੀ ਕਰਵਾਉਂਦੇ ਹਾਂ। (ਥੰਪਿੰਗ) ਇਹ ਨਹੀਂ ਹੈ ਕਿ ਬੰਦੇ ਨੂੰ ਤਿੰਨ ਦਿਨ ਵੇਟ ਕਰਨੀ ਪਵੇਗੀ।

**ਮਾਨਯੋਗ ਸਪੀਕਰ:** ਬੈਠੋ, ਸਿੱਧੂ ਸਾਹਿਬ।

**ਸਲਾਹਕਾਰ/ ਮੁੱਖ ਮੰਤਰੀ, (ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ) :**ਸਰ, ਮੈਂ ਤੁਹਾਡੇ ਰਾਹੀਂ ਮੀਤ ਜੀ ਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਅਗਰ ਇੱਕ ਸਾਲ ਵਿੱਚ ਇੱਕ ਪਰਿਵਾਰ ਦੇ ਮੈਂਬਰ ਨੇ ਪੰਜ ਲੱਖ ਰੁਪਏ ਅਵੇਲ ਕਰ ਲਏ ਹਨ ਤਾਂ ਇਹ ਨਹੀਂ ਹੈ ਕਿ ਉਸ ਦੀ ਪਾਲਿਸੀ ਖਤਮ ਹੋ ਗਈ, ਅਗਲੇ ਸਾਲ ਵੀ ਉਹ ਮੈਂਬਰ ਦੁਬਾਰਾ ਫਿਰ ਪੰਜ ਲੱਖ ਰੁਪਏ ਬੀਮਾ ਯੋਜਨਾ ਦੇ ਤਹਿਤ ਅਵੇਲ ਕਰ ਸਕਦਾ ਹੈ। ਪਰਿਵਾਰ ਦਾ ਹਰ ਮੈਂਬਰ ਅਵੇਲ ਕਰ ਸਕਦਾ ਹੈ, ਇਹ ਨਹੀਂ ਕਿ ਇੱਕ ਪਰਿਵਾਰ ਨੇ ਲੈ ਲਿਆ ਤਾਂ ਖਤਮ, ਸਾਰੇ ਮੈਂਬਰ ਲੈ ਸਕਦੇ ਹਨ। ਅਗਲੇ ਸਾਲ ਫਿਰ ਉਸ ਦਾ 5 ਲੱਖ ਰੁਪਏ ਦਾ ਨਵਾਂ ਬੀਮਾ ਸ਼ੁਰੂ ਹੋ ਜਾਵੇਗਾ ਪਰ ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ

ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਸ ਵਿੱਚ ਸਾਰਿਆਂ ਨੂੰ, ਜਿੰਨੀ ਪੰਜਾਬ ਦੇ ਲੋਕਾਂ ਦੀ ਆਬਾਦੀ ਹੈ, ਉਹ ਪਰਿਵਾਰ ਵੀ ਇਸ ਵਿੱਚ ਲਏ ਜਾਣ, ਇਹ ਥੋੜ੍ਹਾ ਜਿਹਾ ਕੰਮ ਹੈ।

ਇਸ ਦੇ ਨਾਲ-ਨਾਲ ਮੈਂ ਮਾਰਕੀਟ ਫੀਸ ਬਾਰੇ ਗੱਲ ਕਰਨਾ ਚਾਹੁੰਦਾ ਹਾਂ। ਹੁਣ ਮੈਂ ਲੰਮਾ ਬੋਲਾਂਗਾ ਤਾਂ ਫਿਰ ਸਮਾਂ ਨਹੀਂ ਦਿਉਗੇ। ਮਾਰਕੀਟ ਫੀਸ ਦਾ ਫੈਸਲਾ ਐਫ.ਐਮ. ਸਾਹਿਬ, ਤੁਸੀਂ ਜ਼ਿਆਦਾ ਗੁੰਝਲਦਾਰ ਕਰ ਦਿੱਤਾ ਹੈ ਜੀ। (ਸਲਾਹਕਾਰ/ਮੁੱਖ ਮੰਤਰੀ, ਸਰਦਾਰ ਕੁਲਜੀਤ ਸਿੰਘ ਨਾਗਰਾ ਵੱਲੋਂ ਵਿਘਨ) ਨਾਗਰਾ ਸਾਹਿਬ, ਜੇ ਮੈਂ ਗੱਲ ਕਰਾਂਗਾ ਤਾਂ ਸੱਚੀ ਕਰਾਂਗਾ। ਸਬਜ਼ੀ ਤੇ ਤੁਸੀਂ ਮਾਰਕੀਟ ਫੀਸ 4% ਤੋਂ ਘਟਾ ਕੇ 1% ਤੇ ਲੈ ਆਏ। ਜੇ 1% ਵੀ ਮੁਆਫ ਕਰ ਦੇਵੋ ਤਾਂ 20 ਕਰੋੜ ਰੁਪਿਆ ਹੋਰ ਪਵੇਗਾ, ਉਹ ਪਰਾਪਰ ਮੁਆਫ ਕਰ ਦਿਉ। ਹੁਣ ਜਿਹੜਾ 1% ਨਾਲ ਮਾਰਕੀਟ ਫੀਸ ਬਣੇਗੀ, ਉਹ ਸਾਰੇ ਪੰਜਾਬ ਵਿੱਚ 20 ਕਰੋੜ ਬਣੇਗੀ। ਜੇ ਉਹ ਸਬਜ਼ੀ ਵਾਲੇ ਵਿਚਾਰੇ ਗਰੀਬ ਲੋਕਾਂ ਨੂੰ ਮੁਕੰਮਲ ਤੌਰ ਤੇ ਫਾਰਗ ਕਰ ਦੇਈਏ ਤਾਂ ਚੰਗਾ ਹੈ। ਇਸ ਦੇ ਨਾਲ ਹੀ ਮੈਂ ਤੁਹਾਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਹੜਾ ਫਸਲ ਤੇ 4% ਟੈਕਸ ਲਗਦਾ ਹੈ, ਉਸ ਦਾ ਰੈਵੀਨਿਊ ਸਾਨੂੰ ਓਨਾ ਨਹੀਂ ਆਉਂਦਾ ਕਿਉਂਕਿ ਉਸ ਵਿੱਚ ਚੋਰੀ ਬੜੀ ਹੁੰਦੀ ਹੈ। ਇਹ ਜਿਹੜਾ ਝੋਨੇ ਤੇ ਬਾਸਮਤੀ ਤੇ ਟੈਕਸ ਦੀ ਗੱਲ ਹੈ, ਉਸ ਦੀ ਚੋਰੀ ਹੁੰਦੀ ਹੈ। ਮੇਰਾ ਸੁਝਾਅ ਹੈ ਕਿ ਜੇ ਇਸ ਨੂੰ ਘਟਾ ਕੇ 2% ਕੀਤਾ ਜਾਵੇ, ਬਾਕੀ ਤੁਸੀਂ ਵੇਖਣਾ ਹੈ ਪਰ ਮੇਰਾ ਸੁਝਾਅ ਹੈ ਕਿ ਜੇ 2% ਕਰ ਦਿਉ ਤਾਂ ਰੈਵੀਨਿਊ ਚੋਰੀ ਬੰਦ ਹੋ ਜਾਵੇਗੀ ਕਿਉਂਕਿ 4% ਮਾਰਕੀਟ ਫੀਸ ਬਹੁਤ ਜ਼ਿਆਦਾ ਹੈ। ਜੇ ਤੁਸੀਂ ਫਸਲ ਤੇ ਮਾਰਕੀਟ ਫੀਸ 2% ਕਰ ਦਿਉ ਤਾਂ ਰੈਵੀਨਿਊ ਵੱਧ ਜਾਵੇਗਾ ਅਤੇ ਚੋਰੀ ਮੁਕੰਮਲ ਤੌਰ ਤੇ ਬੰਦ ਹੋ ਜਾਵੇਗੀ। ਇਸ ਬਾਰੇ ਜ਼ਰੂਰ ਗੌਰ ਫਰਮਾਓ ਜੀ, ਮੈਂ ਤੁਹਾਨੂੰ ਬੇਨਤੀ ਕਰਨਾ ਚਾਹੁੰਦਾ ਹਾਂ।

ਐਫ.ਐਮ. ਸਾਹਿਬ, ਅਸੀਂ ਵਾਰੀ-ਵਾਰੀ ਟਰਾਂਸਪੋਰਟ ਪਾਲਿਸੀ ਦੀ ਬਹੁਤ ਗੱਲ ਕਰਦੇ ਹਾਂ। ਮੈਨੂੰ ਉਮੀਦ ਹੈ ਅਤੇ ਮੈਂ ਹੱਥ ਜੋੜ ਕੇ ਪੰਜਾਬ ਦੇ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਅਤੇ ਪੰਜਾਬ ਦੇ ਟਰਾਂਸਪੋਰਟ ਮੰਤਰੀ ਨੂੰ ਵੀ ਬੇਨਤੀ ਕਰਾਂਗਾ ਕਿ ਇਸ ਵਾਰੀ ਕਿਰਪਾ ਕਰਕੇ ਟਰਾਂਸਪੋਰਟ ਪਾਲਿਸੀ ਬਣਾ ਦਿਉ, 3 ਸਾਲ ਹੋ ਗਏ ਹਨ, ਮੈਂ ਤੁਹਾਨੂੰ ਸਾਰੇ ਸਦਨ ਵੱਲੋਂ ਬੇਨਤੀ ਕਰਦਾ ਹਾਂ ਕਿ ਇਸ ਵਾਰੀ ਟਰਾਂਸਪੋਰਟ ਪਾਲਿਸੀ ਜਲਦ ਤੋਂ ਜਲਦ ਬਣਾ ਦਿਉ ਕਿਉਂਕਿ ਵਿਚਕਾਰ ਹੀ ਐਸ.ਟੀ.ਸੀ. ਸਾਹਿਬ ਬਦਲੇ ਗਏ ਜੀ, ਇਸ ਗੱਲ ਨਾਲ ਸਰਕਾਰ ਬੈਕਫੁੱਟ ਤੇ ਆਉਂਦੀ ਹੈ। ਸਾਨੂੰ ਰੋਜ਼ ਖਮਿਆਜ਼ਾ ਭੁਗਤਣਾ ਪੈਂਦਾ ਹੈ। ਕੋਈ ਨਾ ਕੋਈ ਖੜ੍ਹਾ ਹੋ ਕੇ

ਗੱਲ ਕਰ ਦਿੰਦਾ ਹਾਂ। ਇਸ ਵਾਰੀ ਮੈਂ ਉਮੀਦ ਕਰਾਂਗਾ ਕਿ ਤੁਸੀਂ ਟਰਾਂਸਪੋਰਟ ਪਾਲਿਸੀ ਬਣਾਓਗੇ। ਇਸੇ ਸਦਨ ਵਿੱਚ ਮੇਰੀ ਹੱਥ ਜੋੜ ਕੇ ਮਿੰਨਤ ਹੈ ਕਿ ਟਰਾਂਸਪੋਰਟ ਪਾਲਿਸੀ ਬਣਾਓ ਤਾਂ ਜੋ ਸਾਨੂੰ ਸ਼ਰਮਿੰਦਗੀ ਨਾ ਝੱਲਣੀ ਪਵੇ, ਸਾਰੇ ਸਾਡੇ ਮੂੰਹ ਤੇ ਗੱਲ ਮਾਰਦੇ ਹਨ। ਬੇਸ਼ੱਕ ਮੈਂ ਸੱਤਾ ਵਾਲੀ ਸਰਕਾਰ ਵਿੱਚ ਹਾਂ, ਜੇ ਅਸੀਂ ਟਰਾਂਸਪੋਰਟ ਪਾਲਿਸੀ ਇਸ ਸਾਲ ਨਾ ਬਣਾ ਸਕੇ ਤਾਂ ਮੈਨੂੰ ਲਗਦਾ ਹੈ ਕਿ ਅਸੀਂ ਜਿੰਨੇ ਮਰਜ਼ੀ ਕੰਮ ਕਰ ਲਈਏ ਸਾਨੂੰ ਇਸ ਦਾ ਖਮਿਆਜ਼ਾ ਭੁਗਤਣਾ ਪੈਣਾ ਹੈ। ਇਹ ਟਰਾਂਸਪੋਰਟ ਪਾਲਿਸੀ ਲਾਗੂ ਹੋਣੀ ਚਾਹੀਦੀ ਹੈ, ਮਾਫੀਆ ਖਤਮ ਹੋਣਾ ਚਾਹੀਦਾ ਹੈ। ਇਸ ਦੇ ਨਾਲ ਹੀ ਤੁਸੀਂ ਯਾਰੀ ਇੰਟਰਪ੍ਰਾਈਜਿਜ਼ ਦਾ ਲਿਖਿਆ ਸੀ, ਯਾਰੀ ਇੰਟਰਪ੍ਰਾਈਜਿਜ਼ ਰਾਹੀਂ ਨਵੇਂ 5 ਹਜ਼ਾਰ ਪਰਮਿਟ ਆਉਣਗੇ ਅਤੇ ਜਿਹੜੇ ਕੈਂਸਲ ਹੋਣਗੇ, ਉਹ ਆਮ ਲੋਕਾਂ ਨੂੰ ਦਿੱਤੇ ਜਾਣ ਜਿਸ ਨਾਲ ਲੋਕਾਂ ਨੂੰ ਰੁਜ਼ਗਾਰ ਮਿਲੇਗਾ। ਮੇਰੀ ਇਹ ਬੇਨਤੀ ਪ੍ਰਵਾਨ ਕਰੋ ਜੀ। ਕੈਪਟਨ ਸਾਹਿਬ ਤੁਹਾਨੂੰ ਵੀ ਚਾਹੀਦਾ ਸੀ ਕਿ ਟਰਾਂਸਪੋਰਟ ਵਾਸਤੇ ਘੱਟੋ-ਘੱਟ 200 ਨਵੀਆਂ ਬੱਸਾਂ ਸ਼ੁਰੂ ਹੋਣ। ਜਿਹੜੀ ਮਾਫੀਏ ਦੀ ਗੱਲ ਸੀ, ਅੱਜ ਸਰਦਾਰ ਜੀ ਨਹੀਂ ਹਨ। ਜਿਨ੍ਹਾਂ ਨੇ ਤਾਜ, ਡੱਬਵਾਲੀ ਟਰਾਂਸਪੋਰਟ ਆਦਿ ਵੱਡੀਆਂ-ਵੱਡੀਆਂ 100-100 ਫੁੱਟ ਦੀਆਂ ਬੱਸਾਂ ਚਲਾਈਆਂ ਹਨ। 200 ਨਵੀਆਂ ਬੱਸਾਂ ਪਾਓ, ਹੋਰ ਕਿਸੇ ਦਾ ਬਜਟ ਘਟਾਉਣਾ ਹੈ ਤਾਂ ਘਟਾ ਦਿਉ, ਕਿਸੇ ਦਾ 50-50 ਕਰੋੜ ਰੁਪਿਆ ਬਜਟ ਘਟਾ ਦਿਉ, ਇਵੇਂ ਤੁਸੀਂ ਓਵਰਡਰਾਫਟ ਤੋਂ ਬਚਾਅ ਲੈਂਦੇ ਹੋ ਲੇਕਿਨ 200 ਨਵੀਆਂ ਬੱਸਾਂ ਪਾਓ।ਸਕੀਮ ਐਸੀ ਲਾਗੂ ਕਰੋ ਕਿ ਪ੍ਰਾਈਵੇਟ ਓਪਰੇਟਰ ਜਾਂ ਸਰਕਾਰੀ ਜਿੱਥੋਂ ਮਰਜ਼ੀ ਬੱਸ ਚਲਾਵੇ ਪਰ ਫਲਾਣੇ ਕਿਲੋਮੀਟਰ ਤੇ ਸਾਨੂੰ ਪੈਸੇ ਜਮ੍ਹਾਂ ਕਰਵਾ ਦੇਵੇ, ਜਿੱਥੋਂ ਉਸ ਨੂੰ ਲੱਗਦਾ ਹੈ ਕਿ ਮੁਨਾਫਾ ਹੋ ਸਕਦਾ ਹੈ ਕਿਉਂਕਿ ਇਨ੍ਹਾਂ ਦੀਆਂ ਬੱਸਾਂ ਦੇ ਅੱਗੇ ਬੱਸਾਂ ਲਗਾ ਕੇ ਜਿੱਥੋਂ ਕਮਾਈ ਹੁੰਦੀ ਹੈ, ਉੱਥੇ ਲਗਾ ਕੇ ਜਾਣ ਤਾਂ ਕਿ ਪੰਜਾਬ ਵਿਚੋਂ ਟਰਾਂਸਪੋਰਟ ਮਾਫੀਆ ਮੁਕੰਮਲ ਤੌਰ ਤੇ ਖਤਮ ਹੋਵੇ। ਲੋਕ ਸਾਨੂੰ ਇਹ ਕਹਿੰਦੇ ਹਨ ਕਿ ਟਰਾਂਸਪੋਰਟ ਬਾਦਲਾਂ ਵਾਲੇ ਤਾਂ ਹੋਰ ਖਰੀਦੀ ਜਾਂਦੇ ਹਨ। ਤਿੰਨਾਂ ਸਾਲਾਂ ਦੇ ਵਿੱਚ ਉਨ੍ਹਾਂ ਨੇ ਟਰਾਂਸਪੋਰਟ ਹੋਰ ਖਰੀਦੀ ਹੈ। ਇਸ ਤੋਂ ਵੱਡੀ ਸ਼ਰਮਿੰਦਗੀ ਸਾਡੇ ਵਾਸਤੇ ਕੋਈ ਹੋਰ ਨਹੀਂ ਹੋ ਸਕਦੀ। ਤੁਸੀਂ ਰਿਵਾਈਜ਼ਡ ਬਜਟ ਵਿੱਚ ਪ੍ਰੋਵੀਜ਼ਨ ਰੱਖੋ।

**Mr. Speaker :** Thank you.

**ਸਲਾਹਕਾਰ/ ਮੁੱਖ ਮੰਤਰੀ, (ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ) :** ਸਾਨੂੰ 200 ਨਵੀਆਂ ਬੱਸਾਂ ਵਾਸਤੇ ਪੈਸਾ ਦਿਉ ਤਾਂ ਜੋ 200 ਨਵੀਆਂ ਬੱਸਾਂ ਆਪਾਂ ਪਾ ਸਕੀਏ।

**ਮਾਨਯੋਗ ਸਪੀਕਰ :** ਧੰਨਵਾਦ, ਰਾਜਾ ਜੀ।

**ਸਲਾਹਕਾਰ/ ਮੁੱਖ ਮੰਤਰੀ (ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ) :** ਸਰ, ਬਸ ਲਾਸਟ ਗੱਲ ਹੈ ਜੀ, ਕਨਕਲੂਡ ਕਰਨ ਲੱਗਿਆ ਹਾਂ। ਸਰ, ਇੱਕ ਮਿੰਟ ਜੀ, ਕਨਕਲੂਡ ਕਰਨ ਲੱਗਿਆ ਹਾਂ। ਸਪੀਕਰ ਸਾਹਿਬ, ਮੈਂ ਐਕਸਾਈਜ਼ ਪਾਲਿਸੀ ਸਬੰਧੀ ਇੱਕ ਬੇਨਤੀ ਕਰਨਾ ਚਾਹੁੰਦਾ ਹਾਂ। 600 ਕਰੋੜ ਰੁਪਿਆ ਥੋੜ੍ਹਾ ਨਹੀਂ ਹੁੰਦਾ, ਅਨੁਮਾਨ ਬਜਟ 6200 ਕਰੋੜ ਰੁਪਏ ਦਾ ਸੀ।

**ਮਾਨਯੋਗ ਸਪੀਕਰ :** ਰਾਜਾ ਜੀ, ਇੱਕ ਮਿੰਟ ਗੱਲ ਸੁਣੋ।

---------

## EXTENSION OF TIME OF THE SITTING OF THE HOUSE

**ਮਾਨਯੋਗ ਸਪੀਕਰ :** ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਬਜਟ ਅਨੁਮਾਨਾਂ ਤੇ ਬਹਿਸ ਸਮਾਪਤ ਹੋਣ ਅਤੇ ਵਿੱਤ ਮੰਤਰੀ ਜੀ ਦਾ ਜਵਾਬ ਖਤਮ ਹੋਣ ਤੱਕ ਸਦਨ ਦੀ ਅੱਜ ਦੀ ਬੈਠਕ ਦਾ ਸਮਾਂ ਵਧਾ ਲਿਆ ਜਾਵੇ?

(**ਅਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਅੱਜ ਦੀ ਬੈਠਕ ਲਈ ਨਿਯਮਤ ਕੰਮ-ਕਾਰ ਖਤਮ ਹੋਣ ਤੱਕ ਸਦਨ ਦਾ ਸਮਾਂ ਵਧਾਇਆ ਜਾਂਦਾ ਹੈ।

---------

## GENERAL DISCUSSION ON THE BUDGET ESTIMATES FOR THE YEAR 2020-21 *(RESUMPTION)*

**ਸਲਾਹਕਾਰ/ਮੁੱਖ ਮੰਤਰੀ (ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ) :** ਸਪੀਕਰ ਸਾਹਿਬ, ਮੈਂ ਐਕਸਾਈਜ਼ ਪਾਲਿਸੀ ਦੀ ਗੱਲ ਕਰਨੀ ਚਾਹੁੰਦਾ ਹਾਂ। ਸਰ, 6200 ਕਰੋੜ ਰੁਪਏ ਦਾ ਬਜਟ ਅਨੁਮਾਨ ਸੀ, ਵਿੱਤ ਮੰਤਰੀ ਸਾਹਿਬ ਲਾਸਟ ਟਾਈਮ ਲੈ ਕੇ ਆਏ ਸਨ ਕਿ ਸਾਨੂੰ 6200 ਕਰੋੜ ਰੁਪਏ ਦੀ ਆਮਦਨ ਹੋਵੇਗੀ। ਪਤਾ ਨਹੀਂ ਇਹ ਅਨੁਮਾਨ ਕਿੱਧਰ ਗਿਆ। ਮੈਨੂੰ ਲੱਗਦਾ ਹੈ ਕਿ ਹੁਣ ਉਹ 5500-5600 ਕਰੋੜ ਰੁਪਏ ਤੋਂ ਵਧੇਗੀ ਨਹੀਂ ਯਾਨਿ

600 ਕਰੋੜ ਰੁਪਏ ਦੇ ਅਨੁਮਾਨ ਨਾਲੋਂ ਐਕਸਾਈਜ਼ ਪਾਲਿਸੀ ਵਿੱਚ ਘਾਟਾ ਪੈ ਰਿਹਾ ਹੈ। ਮੈਂ ਲੋਕਾਂ ਨੂੰ ਪੁੱਛਦਾ ਹਾਂ। ਦਾਰੂ ਸਾਡੇ ਮਹਿੰਗੀ ਹੈ, ਰੈਵੇਨਿਊ ਸਾਡਾ ਘੱਟ ਹੈ। ਸਰ, ਉਹ ਛੇ ਸੌ ਕਰੋੜ ਰੁਪਿਆ ਕਿੱਧਰ ਗਿਆ? ਇਸ ਲਈ ਕੌਣ ਜ਼ਿੰਮੇਵਾਰ ਹੈ? ਮੈਂ ਕਹਿੰਦਾ ਹਾਂ ਕਿ ਅਫਸਰਾਂ ਦੀ ਅਕਾਊਂਟੇਬਿਲਟੀ ਫਿਕਸ ਕਰਨੀ ਚਾਹੀਦੀ ਹੈ। ਦੋ ਕਮਿਸ਼ਨਰ ਹਨ ਅਤੇ ਪੈਸਾ ਕਿੱਥੇ ਜਾ ਰਿਹਾ ਹੈ? ਮੈਨੂੰ ਇਹ ਪਤਾ ਲਗਦਾ ਹੈ ਕਿ ਜਿਹੜੀਆਂ ਡਿਸਟਿਲਰੀਆਂ ਹਨ, ਪਤਾ ਨਹੀਂ ਸੱਚ ਹੈ ਜਾਂ ਝੂਠ ਹੈ, ਉਹ ਕਹਿੰਦੇ ਹਨ ਕਿ ਦੋ ਟਰੱਕਾਂ ਦੀ ਐਕਸਾਈਜ਼ ਦਿੰਦੀਆਂ ਹਨ ਅਤੇ ਉਥੋਂ ਅੱਠ ਟਰੱਕ ਕੱਢਦੀਆਂ ਹਨ। ਯਾਨਿ ਕਿ double standard ਦਾਰੂ ਵਿਕਦੀ ਹੈ ਅਤੇ ਸਰਕਾਰ ਨੂੰ ਘਾਟਾ ਛੇ ਸੌ ਕਰੋੜ ਰੁਪਏ ਦਾ ਪਿਆ। ਛੇ ਸੌ ਕਰੋੜ ਰੁਪਏ ਨਾਲ ਦੋ ਬੱਸਾਂ ਸੌ ਵੀ ਆ ਜਾਣਗੀਆਂ ਅਤੇ 90-95 ਪਰਸੈਂਟ ਲੋਕ ਵੀ ਕਵਰ ਹੋ ਜਾਣਗੇ। ਉਸ ਵੱਲ ਧਿਆਨ ਦੇਣਾ ਚਾਹੀਦਾ ਹੈ। ਸੀ.ਐਮ. ਸਾਹਿਬ ਨੂੰ ਡਿਊਟੀ ਫਿਕਸ ਅੱਪ ਕਰਨੀ ਚਾਹੀਦੀ ਹੈ ਕਿ ਛੇ ਸੌ ਕਰੋੜ ਘਟਿਆ ਤਾਂ ਕਿਵੇਂ ਘਟਿਆ, ਜਿਹੜੇ ਆਫੀਸਰਜ਼ ਨੇ ਇਸ ਦੀ ਨਜ਼ਰਅੰਦਾਜ਼ੀ ਕੀਤੀ ਹੈ, ਉਨ੍ਹਾਂ ਨੂੰ ਠੋਕਿਆ ਜਾਣਾ ਚਾਹੀਦਾ ਹੈ, 600 crore it is not a small amount, ਇਹ ਵੱਡੀ ਅਮਾਊਂਟ ਹੈ। ਇਸ ਦੇ ਨਾਲ-ਨਾਲ ਮੇਰੀ ਬੇਨਤੀ ਹੈ ਕਿ ਬਜਟ ਵਿੱਚ ਵਿੱਤ ਮੰਤਰੀ ਜੀ ਦਾ ਅਤੇ ਸੀ.ਐਮ. ਸਾਹਿਬ ਦਾ ਕੋਈ ਕਸੂਰ ਨਹੀਂ ਹੈ। ਇਸ ਵਾਰੀ ਤਾਂ ਮੇਰੇ ਨਾਲ ਵਿਤਕਰਾ ਕੀਤਾ ਜਿਵੇਂ ਬਲਦੇਵ ਜੀ ਤੁਸੀਂ ਕਹਿੰਦੇ ਸੀ, ਮੈਨੂੰ ਵੀ, ਗਿੱਦੜਬਾਹਾ ਨੂੰ ਇਸ ਵਾਰੀ ਬਜਟ ਵਿੱਚ ਕੁਝ ਨਹੀਂ ਦਿੱਤਾ ਹੈ ਪਰ ਇਸ ਦਾ ਮਤਲਬ ਇਹ ਨਹੀਂ ਕਿ ਬਜਟ ਮਾੜਾ ਸੀ। ਅਜਿਹਾ ਬਜਟ ਕੋਈ ਪੇਸ਼ ਨਹੀਂ ਕਰ ਸਕਦਾ। ਮੈਂ ਇਸ ਦੀ ਵਧਾਈ ਦਿੰਦਾ ਹਾਂ। ਗਿੱਦੜਬਾਹਾ ਨੂੰ ਵੀ ਇਸ ਵਾਰੀ ਬਜਟ ਵਿੱਚ ਕੁਝ ਨਹੀਂ ਮਿਲਿਆ ਹੈ। ਲੇਕਿਨ ਮੈਨੂੰ ਪਿਛਲੀ ਵਾਰੀ ਵਿੱਤ ਮੰਤਰੀ ਜੀ ਨੇ ਟਰੌਮਾ ਸੈਂਟਰ ਦਿੱਤਾ ਸੀ। ਮੈਂ ਕਹਿੰਦਾ ਹਾਂ ਕਿ ਉਨ੍ਹਾਂ ਦਾ ਕੋਈ ਕਸੂਰ ਨਹੀਂ ਹੈ। ਲੇਕਿਨ ਉਹ ਅੱਜ ਤੱਕ ਨਹੀਂ ਬਣਿਆ ਕਿਉਂਕਿ ਉਹ ਪਿਛਲੇ ਸਾਲ ਦਿੱਤਾ ਸੀ। ਸਰ, ਉਸ ਦੇ ਨਾ ਬਣਨ ਦੇ ਕੀ ਕਾਰਨ ਹਨ?

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਬਲਦੇਵ ਸਿੰਘ ਕਲਿਆਣ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਬੋਲ ਰਹੇ ਸਨ ਪਰ ਮਾਈਕ ਬੰਦ ਹੋਣ ਕਾਰਨ ਕੁੱਝ ਸੁਣਾਈ ਨਹੀਂ ਦਿੱਤਾ।)

**ਸਲਾਹਕਾਰ/ਮੁੱਖ ਮੰਤਰੀ, (ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ) :** ਇੱਕ ਮਿੰਟ ਬਲਦੇਵ ਜੀ, ਮੈਨੂੰ ਬੋਲ ਲੈਣ ਦਿਓ।

**ਸਰਦਾਰ ਬਲਦੇਵ ਸਿੰਘ ਕਲਿਆਣ:** ਮੈਂ ਤਾਂ ਹੱਕ ਵਿੱਚ ਹੀ ਬੋਲਣਾ ਹੈ।

**ਸਲਾਹਕਾਰ/ਮੁੱਖ ਮੰਤਰੀ, (ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ) :** ਹੱਕ ਵਿੱਚ ਵੀ ਕਿਉਂ ਬੋਲਣਾ ਹੈ? (ਵਿਘਨ)

**ਮਾਨਯੋਗ ਸਪੀਕਰ:** ਹੱਕ ਵਿੱਚ ਲੋੜ ਨਹੀਂ ਹੈ। ਉਸ ਨੂੰ ਹੱਕ ਵਿੱਚ ਬੁਲਾਉਣ ਦੀ ਲੋੜ ਨਹੀਂ ਹੈ, ਉਹ ਆਪੇ ਹੀ ਬਥੇਰੇ ਹਨ। ਬੋਲੋ ਜੀ।

**ਸਲਾਹਕਾਰ/ਮੁੱਖ ਮੰਤਰੀ, (ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ) :** ਸਪੀਕਰ ਸਾਹਿਬ, ਟਰੌਮਾ ਸੈਂਟਰ ਕਿੱਧਰ ਗਿਆ? ਸਰਦਾਰ ਬਲਬੀਰ ਸਿੰਘ ਸਿੱਧੂ ਜੀ ਨੇ ਵੀ ਅਫਸਰ ਸਾਹਿਬਾਨਾਂ ਨੂੰ ਵਾਰੀ-ਵਾਰੀ ਕਿਹਾ ਲੇਕਿਨ ਕੋਈ ਧਿਆਨ ਨਹੀਂ ਦਿੱਤਾ ਗਿਆ। ਸਰ, ਇੱਥੇ ਬੜੇ ਕਾਬਿਲ ਅਫਸਰ ਹਨ, ਮੈਂ ਜਾਣਦਾ ਹਾਂ ਜਿਵੇਂ ਸ਼੍ਰੀ ਵਿਸ਼ਵਜੀਤ ਖੰਨਾ ਵਰਗੇ, ਸ਼੍ਰੀਮਤੀ ਵਿੰਨੀ ਮਹਾਜਨ ਵਰਗੇ, ਸ਼੍ਰੀ ਕੇ.ਬੀ.ਐਸ. ਸਿੱਧੂ ਵਰਗੇ, ਸ਼੍ਰੀ ਕ੍ਰਿਸ਼ਨ ਕੁਮਾਰ ਵਰਗੇ, ਸ਼੍ਰੀ ਅਨਿਰੁੱਧ ਤਿਵਾੜੀ ਵਰਗੇ, ਇਹ ਬੜੇ ਕਾਬਿਲ ਅਫਸਰ ਹਨ। ਸਰ, ਇਹ ਕੰਮ ਕਿਸ ਦਾ ਹੈ। ਮੰਤਰੀ ਜੀ ਨੇ ਅਨਾਊਂਸ ਕਰ ਦਿੱਤਾ ਪਰ ਇਹ ਕੰਮ ਅਫਸਰ ਸਾਹਿਬਾਨਾਂ ਦਾ ਹੈ। ਟਰੌਮਾ ਸੈਂਟਰ ਇੱਕ ਸਾਲ ਪਹਿਲਾਂ ਬਜਟ ਵਿੱਚ ਅਨਾਊਂਸ ਹੋਇਆ ਹੈ, ਉਹ ਗਿੱਦੜਬਾਹਾ ਵਿੱਚ ਕਿਉਂ ਨਹੀਂ ਬਣਿਆ? ਉਸ ਦਾ ਟੈਂਡਰ ਕਿਉਂ ਨਹੀਂ ਹੋਇਆ? ਕਾਰਨ ਕੀ ਰਿਹਾ? ਕੀ ਇਹ ਚੀਫ ਸੈਕਟਰੀ ਸਾਹਿਬ ਦੀ ਜ਼ਿੰਮੇਵਾਰੀ ਨਹੀਂ ਬਣਦੀ? ਭਾਵੇਂ ਮੇਰੇ ਨਾਲ ਕੋਈ ਨਰਾਜ਼ਗੀ ਹੋਵੇ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕੀ ਸਾਡੇ ਚੀਫ ਸੈਕਟਰੀ ਸਾਹਿਬ ਫਾਈਲ ਉੱਤੇ ਆਬਜੈਕਸ਼ਨ ਲਗਾਉਣ ਤੋਂ ਬਿਨਾਂ ਕੋਈ ਕੰਮ ਨਹੀਂ ਕਰਦੇ। ਜੇਕਰ ਇਨ੍ਹਾਂ ਕਾਬਿਲ ਅਫਸਰਾਂ ਨੂੰ ਗੌਰ ਫੁਰਮਾ ਲਿਆ ਜਾਵੇ, ਜਿਨ੍ਹਾਂ ਛੇਆਂ ਦੇ ਮੈਂ ਨਾਮ ਲਏ ਹਨ ਤਾਂ ਸ਼ਾਇਦ ਸਾਡਾ ਸੂਬਾ ਹੋਰ ਬਿਹਤਰ ਤਰੀਕੇ ਨਾਲ ਚੱਲ ਸਕਦਾ ਹੈ ਕਿਉਂਕਿ ਇਹ ਸੁੱਖਿਆ ਹੋਇਆ ਤਾਂ ਹੈ ਨਹੀਂ ਕਿ ਇੱਕ ਹੀ ਬੰਦੇ ਨੇ ਚਾਰ ਸਾਲ ਚੀਫ ਸੈਕਟਰੀ ਰਹਿਣਾ ਹੈ, ਦੂਜਿਆਂ ਨੂੰ ਵੀ ਮੌਕਾ ਦੇ ਦਿਓ। ਸਰ, ਮੈਂ ਕਨਕਲੂਡ ਕਰਨ ਲੱਗਿਆ ਹਾਂ ਕਿਉਂਕਿ ਜਦੋਂ ਮੈਂ ਸਰਕਾਰ ਦੇ ਉਲਟ ਬੋਲਦਾ ਹਾਂ ਤਾਂ ਤੁਹਾਨੂੰ ਲੱਗਦਾ ਹੈ ਕਿ ਇਸ ਨੂੰ ਬਿਠਾ ਦਿਆਂ।(ਹਾਸਾ) ਮੈਨੂੰ ਤੁਹਾਡਾ ਪਤਾ ਹੈ। (ਹਾਸਾ)

ਸਪੀਕਰ ਸਾਹਿਬ, ਮੈਂ ਰੇਤ ਮਾਫੀਆ ਦੀ ਗੱਲ ਕਰਨੀ ਚਾਹੁੰਦਾ ਹਾਂ। ਜਦੋਂ ਸਾਡੀ ਸਰਕਾਰ ਆਈ ਸੀ ਤਾਂ ਮੈਂ ਇਸ ਲਈ ਸਰਕਾਰੀਆ ਸਾਹਿਬ ਨੂੰ ਵਧਾਈ ਦੇਣੀ ਚਾਹੁੰਦਾ ਹਾਂ ਕਿ ਜੋ ਉਨ੍ਹਾਂ ਨੇ (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ) ਦਸ ਸਾਲਾਂ ਵਿੱਚ ਮਾਲੀਆ ਇਕੱਠਾ ਨਹੀਂ ਕੀਤਾ, ਜਦੋਂ ਦੇ ਇਹ ਮੰਤਰੀ ਬਣੇ ਹਨ, ਇਨ੍ਹਾਂ ਨੇ ਪਹਿਲੇ ਸਾਲ 300 ਤੋਂ ਲੈ ਕੇ 350-400 ਕਰੋੜ ਰੁਪਿਆ ਸੈਂਡ ਦਾ ਇਕੱਠਾ ਕੀਤਾ ਹੈ। ਇਨ੍ਹਾਂ ਦੀ ਨੀਅਤ ਵਿੱਚ ਕੋਈ ਖਰਾਬੀ ਨਹੀਂ ਹੈ। ਸਰਕਾਰ ਦੀ ਨੀਅਤ ਵਿੱਚ ਕੋਈ ਖਰਾਬੀ ਨਹੀਂ ਲੇਕਿਨ ਮੁੱਖ ਮੰਤਰੀ ਸਾਹਿਬ, ਸਾਨੂੰ ਲੋਕ ਕਹਿੰਦੇ ਹਨ ਕਿ ਚਾਂਡਕ ਡਾਕੂ ਰਾਜਸਥਾਨ ਤੋਂ ਆਇਆ, ਇੱਕ ਚਾਂਡਕ ਨਾਮ ਦਾ ਬੰਦਾ, ਜਿਹੜਾ ਕਿ ਰਾਜਸਥਾਨ ਤੋਂ ਆਇਆ ਹੈ। ਜਿਹੜਾ ਠੇਕੇ ਲੈ ਗਿਆ, ਜੇਕਰ ਪੰਜਾਬ ਦਾ ਬੰਦਾ ਠੇਕੇ ਲੈਂਦਾ ਤਾਂ ਪੰਜਾਬ ਵਿੱਚ ਪੈਸਾ ਰਹਿ ਜਾਂਦਾ। ਕੋਈ ਚਾਂਡਕ ਨਾਮ ਦਾ ਬੰਦਾ, ਜੋ ਕਿ ਰਾਜਸਥਾਨ, ਗੰਗਾਨਗਰ ਤੋਂ ਆਇਆ ਹੈ, ਉਹ ਠੇਕੇ ਲੈ ਗਿਆ। ਐਫ.ਐਮ. ਸਾਹਿਬ, ਮੇਰੀ ਬੇਨਤੀ ਹੈ ਕਿ 300 ਕਰੋੜ ਰੁਪਿਆ ਐਕਸਾਈਜ਼ ਵਿੱਚ ਵਧਾ ਲਓ, ਲੇਕਿਨ ਇਹ ਪੂਰੇ ਦਾ ਪੂਰਾ ਚਾਂਡਕਾਂ ਤੋਂ ਵਾਪਸ ਲੈ ਕੇ ਪੰਜਾਬ ਦੇ ਲੋਕਾਂ ਨੂੰ ਬਚਾਅ ਲਓ। ਅਸੀਂ ਕਿਹਾ ਸੀ ਕਿ ਰੇਤ ਮਾਫੀਆ ਖਤਮ ਕਰਾਂਗੇ ਅਤੇ ਸਾਡਾ ਫਰਜ਼ ਰੇਤ ਮੁਫਤ ਕਰਨ ਦਾ ਬਣਦਾ ਹੈ। ਇਨ੍ਹਾਂ ਨੇ ਨਹੀਂ ਕੀਤਾ (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ ਕਰਦੇ ਹੋਏ) ਵਿੱਤ ਮੰਤਰੀ ਜੀ, ਕਈਆਂ ਨੇ ਟੁੱਟੀਆਂ ਹੋਈਆਂ ਕੋਆਲਿਸ ਗੱਡੀਆਂ ਤੋਂ ਜਹਾਜ਼ ਲੈ ਲਏ ਹਨ। ਇਨ੍ਹਾਂ ਕੋਲ ਟੁੱਟੀ ਕੋਆਲਿਸ ਹੁੰਦੀ ਸੀ, ਉਹ ਅੱਜ ਆਏ ਨਹੀਂ ਹਨ। ਸਿੱਧੂ ਜੀ ਕਹਿੰਦੇ ਹੁੰਦੇ ਸਨ ਕਿ ਟੁੱਟੀ ਕੋਆਲਿਸ ਤੋਂ ਜਹਾਜ਼ ਲੈ ਲਏ ਹਨ। ਉਸੇ ਰੇਤ ਦੇ ਰਾਹੀਂ ਟੁੱਟੀ ਕੋਆਲਿਸ ਤੋਂ ਜਹਾਜ਼ ਲੈ ਲਏ ਹਨ। ਅਸੀਂ ਅਜਿਹਾ ਕੁਝ ਨਹੀਂ ਕੀਤਾ ਉਲਟਾ ਮਾਲੀਆ ਵਧਾਇਆ ਹੈ। ਮੈਂ ਪੰਜਾਬ ਦੇ ਮੁੱਖ ਮੰਤਰੀ ਸਾਹਿਬ ਪੰਜਾਬ ਦੇ ਬੱਬਰ ਸ਼ੇਰ ਨੂੰ ਬੇਨਤੀ ਕਰਾਂਗਾ ਕਿ ਤੁਹਾਨੂੰ ਲੋਕ ਯਾਦ ਰੱਖਣਗੇ

** ਕੈਪਟਨ ਸਾਹਿਬ, ਇਸੇ ਕਰਕੇ ਲੋਕ ਇਹ ਗੱਲ ਕਹਿਣ ਕਿ ਕੈਪਟਨ ਅਮਰਿੰਦਰ ਸਿੰਘ 2 ਵਾਰੀ ਆਇਆ। ਇਸ ਲਈ ਪੰਜਾਬ ਦੇ ਲੋਕਾਂ ਦੀ ਜਿਹੜੀ ਮੁਕੰਮਲ ਤੌਰ ਤੇ ਰੇਤਾ ਮੁਆਫੀ ਦੀ ਮੰਗ ਸੀ, ਉਹ ਤੁਸੀਂ ਕਰ ਦਿਓ ਤਾਂ ਜੋ

**Expunged as ordered by the Chair.

ਪੰਜਾਬ ਵਿੱਚ ਜਿੱਥੋਂ ਮਰਜ਼ੀ ਕੋਈ ਟਰਾਲੀ ਭਰ ਕੇ ਲੈ ਆਵੇ। ਜਿਹੜਾ ਮਰਜ਼ੀ ਬੰਦਾ ਜਾਵੇ ਉਸ ਤੇ ਕੋਈ ਵੀ ਰੋਕ-ਟੋਕ ਨਾ ਹੋਵੇ ਤਾਂ ਕਿ ਲੋਕ ਹੀ ਕਹਿਣ ਕਿ ਇਹ ਟਰਾਂਸਪੋਰਟ ਵਾਲੇ ਨਹੀਂ ਸਨ। ਤੁਹਾਨੂੰ ਕੋਈ ਲਾਹੁਣ ਵਾਲਾ ਨਹੀਂ ਹੈ ਭਾਵੇਂ ਘਰੇ ਸੁੱਤੇ ਰਹਿਓ। ਭਾਵੇਂ ਕਿਤੇ ਜਾਇਓ ਚਾਹੇ ਨਾ ਜਾਇਓ। ਅਗਲੀ ਵਾਰੀ ਵੀ ਤੁਹਾਨੂੰ ਹੀ ਪੰਜਾਬ ਦੇ ਲੋਕ ਦੁਬਾਰਾ ਜਿਤਾ ਕੇ ਭੇਜਣਗੇ। ਜੇਕਰ ਰੇਤੇ ਦਾ ਹੱਲ ਅਤੇ ਟਰਾਂਸਪੋਰਟ ਦਾ ਹੱਲ ਨਾ ਕੀਤਾ ਤਾਂ ਫਿਰ ਜਿਹੜਾ ਮਰਜ਼ੀ ਬਜਟ ਲੈ ਆਇਓ ਫਿਰ ਆਪਣੀ ਗੱਲ ਨਹੀਂ ਬਣਨੀ। ਮੇਰੀ ਹੱਥ ਜੋੜ ਕੇ ਬੇਨਤੀ ਹੈ ਕਿ ਡਿਲੇਅ ਨਾ ਕਰਿਓ। ਕਿਰਪਾ ਕਰਕੇ ਤੁਸੀਂ ਟਰਾਂਸਪੋਰਟ ਦਾ ਫਾਹਾ ਵੱਢ ਕੇ ਜਾਇਓ। ਤੁਹਾਡਾ ਇਤਿਹਾਸ ਦੇ ਪੰਨਿਆਂ ਤੇ ਨਾਮ ਲਿਖਿਆ ਜਾਵੇਗਾ ਕਿ ਕੈਪਟਨ ਅਮਰਿੰਦਰ ਸਿੰਘ ਉਹ ਬੰਦਾ ਹੈ ਜਿਸ ਨੇ 1984 ਦੇ ਵੇਲੇ ਅਸਤੀਫਾ ਦਿੱਤਾ। ਇਨ੍ਹਾਂ ਨੇ ਆਪਣੀ ਸਰਕਾਰ ਦੀ ਪਰਵਾਹ ਨਾ ਕਰਦੇ ਹੋਏ ਪਾਣੀਆਂ ਦੇ ਮੁੱਦੇ ਤੇ ਹਰਿਆਣਾ ਵਿੱਚ ਕਾਂਗਰਸ ਦੀ ਸਰਕਾਰ ਹੁੰਦੇ ਹੋਏ, ਦਿੱਲੀ ਦਾ ਦਬਾਅ ਹੁੰਦੇ ਹੋਏ ਪਾਣੀਆਂ ਦਾ ਮਤਾ ਪਾਸ ਕਰ ਦਿੱਤਾ। ਇਹ ਉਹ ਵਿਅਕਤੀ ਹੈ ਜਿਸ ਨੇ ਕਿਸੇ ਵਿਅਕਤੀ ਦੀ ਪਰਵਾਹ ਨਾ ਕਰਦੇ ਹੋਏ ਪੰਜਾਬ ਦੇ ਵਿੱਚ ਰੇਤਾ ਮਾਫੀਆ ਖਤਮ ਕਰ ਦਿੱਤਾ। ਲੋਕ ਇਸ ਗੱਲ ਨੂੰ ਯਾਦ ਰੱਖਣਗੇ।

**ਮਾਨਯੋਗ ਸਪੀਕਰ :** ਹੁਣ ਬੈਠ ਜਾਓ।

**ਸਲਾਹਕਾਰ/ਮੁੱਖ ਮੰਤਰੀ, (ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ) :** ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ।

**Mr. Speaker** : Thank you, thank you. ਹਾਂ ਜੀ, ਸਰਦਾਰ ਬਲਦੇਵ ਸਿੰਘ ਜੀ। ਸਰਦਾਰ ਬਲਦੇਵ ਸਿੰਘ ਜੀ, ਤੁਹਾਡੀ ਪਾਰਟੀ ਨੇ ਤੁਹਾਨੂੰ ਤਿੰਨ ਮਿੰਟ ਦਿੱਤੇ ਹਨ। ਤੁਸੀਂ ਆਪਣੀ ਗੱਲ ਤਿੰਨ ਮਿੰਟ ਵਿੱਚ ਮੁਕਾ ਦਿਓ।

**ਸਰਦਾਰ ਬਲਦੇਵ ਸਿੰਘ ਕਲਿਆਣ (ਜੈਤੋ, ਐਸ.ਸੀ.):** ਸਪੀਕਰ ਸਾਹਿਬ, ਤੁਸੀਂ ਸਦਨ ਦਾ ਸਮਾਂ ਵੀ ਵਧਾ ਲਿਆ। ਹੁਣ ਜੇਕਰ ਸਮਾਂ ਵਧਾ ਹੀ ਲਿਆ ਹੈ ਤਾਂ 3 ਮਿੰਟ ਤੋਂ 5 ਮਿੰਟ ਕਰ ਦਿਓ। ਇੰਨਾ ਹੀ ਬਹੁਤ ਹੈ।

**ਮਾਨਯੋਗ ਸਪੀਕਰ:** ਬੋਲੋ ਜੀ।

**ਸਰਦਾਰ ਬਲਦੇਵ ਸਿੰਘ ਕਲਿਆਣ:** ਮੈਂ ਬਸ ਪੰਜ ਮਿੰਟ ਹੀ ਲਵਾਂਗਾ ਜੀ। ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਲਈ ਪੰਜ ਮਿੰਟ ਦਾ ਸਮਾਂ ਦਿੱਤਾ ਹੈ। ਸਪੀਕਰ ਸਾਹਿਬ, ਜਦੋਂ ਵਿੱਤ ਮੰਤਰੀ ਜੀ ਬੋਲ ਰਹੇ ਸੀ, ਸ਼ਬਦਾਂ ਦੇ ਜਾਲ ਪਾਉਂਦੇ ਸੀ ਤਾਂ ਇਸ ਤਰ੍ਹਾਂ ਲਗਦਾ ਸੀ ਕਿ ਗੁਣਵੱਤਾ, ਕੁਸ਼ਲ, ਅਗਾਂਹਵਧੂ ਇਸ ਤਰ੍ਹਾਂ ਹੀ ਬੋਲਦੇ ਸਨ ਪਰ ਸ਼ੰਕਾ ਇਸ ਕਰਕੇ ਹੈ ਕਿ 2018 ਵਿੱਚ ਮੇਰੇ ਹਲਕੇ ਲਈ 38 ਕਰੋੜ ਰੁਪਏ ਦਾ ਬਜਟ ਰੱਖਿਆ ਸੀ। ਜੇਕਰ 38 ਕਰੋੜ ਰੁਪਏ ਵਿੱਚੋਂ 5 ਕਰੋੜ ਰੁਪਿਆ ਜਾਂ 7 ਕਰੋੜ ਰੁਪਿਆ ਵੀ ਲਗਾ ਦਿੰਦੇ ਤਾਂ ਮੈਨੂੰ ਵਿਸ਼ਵਾਸ ਹੋਣਾ ਸੀ ਕਿ ਇਹ ਬਜਟ ਬਹੁਤ ਵਧੀਆ ਹੈ। ਮੈਨੂੰ ਵਿਸ਼ਵਾਸ ਹੋਣਾ ਸੀ ਕਿ ਇਹ 38 ਕਰੋੜ ਵਿੱਚੋਂ 5-7 ਕਰੋੜ ਰੁਪਿਆ ਤਾਂ ਲਗਾਇਆ ਜੇਕਰ ਲਗਾਈ ਪੰਝੀ ਨਹੀਂ ਤਾਂ ਵਿਸ਼ਵਾਸ ਕਿਸ ਤਰ੍ਹਾਂ ਕਰੀਏ? ਵਿੱਤ ਮੰਤਰੀ ਸਾਹਿਬ ਨੇ ਅੱਜ ਤੋਂ ਤਿੰਨ ਸਾਲ ਪਹਿਲਾਂ ਇੱਕ ਸ਼ਬਦ ਬੋਲਿਆ ਸੀ ਕਿ ਜਿਹੜਾ ਅਗਲਾ ਬਜਟ ਆਵੇਗਾ ਉਹ ਸਰਪਲੱਸ ਹੋਵੇਗਾ। ਇਸ ਵਾਰ ਇਨ੍ਹਾਂ ਨੇ ਉਸ ਸ਼ਬਦ ਨੂੰ ਕਿੰਨਾ ਬਦਲਿਆ ਹੈ। ਇਨ੍ਹਾਂ ਨੇ ਹੁਣ ਕਿਹਾ ਹੈ ਕਿ ਪ੍ਰਾਇਮਰੀ ਸਰਪਲੱਸ ਬਜਟ ਹੈ। ਇਹ ਜਿਹੜੀ ਸ਼ਬਦਾਂ ਦੀ ਹੇਰ-ਫੇਰ ਹੈ ਇਹ ਕਿਤੇ ਨਾ ਕਿਤੇ ਸ਼ੰਕਾ ਵਾਲੀ ਲਗਦੀ ਹੈ ਕਿਉਂਕਿ ਜਿਹੜਾ ਬਜਟ ਅਸੀਂ ਪੇਸ਼ ਕਰਦੇ ਹਾਂ ਜੇਕਰ ਉਹ ਉਸ ਮੁਤਾਬਿਕ ਪੂਰਾ ਹੋਵੇ ਤਾਂ ਹੀ ਲੋਕ ਵਿਸ਼ਵਾਸ ਕਰਨਗੇ। ਮੈਂ ਤੁਹਾਡੇ ਰਾਹੀਂ ਦੱਸਣਾ ਚਾਹਾਂਗਾ ਕਿ ਜਿਹੜੀ ਉਚੇਰੀ ਸਿੱਖਿਆ ਹੈ, ਜਿੱਥੋਂ ਬੱਚਿਆਂ ਨੇ ਆਪਣੀ ਜ਼ਿੰਦਗੀ ਬਣਾਉਣੀ ਹੈ।ਅੱਜ ਸਾਡੇ ਗਰੀਬ ਪਰਿਵਾਰਾਂ ਦੇ ਬੱਚੇ, ਗਰੀਬ ਕਿਸਾਨਾਂ ਦੇ ਬੱਚੇ ਬਾਹਰ ਨਹੀਂ ਜਾ ਸਕਦੇ। ਉਨ੍ਹਾਂ ਨੇ ਤਕਨੀਕੀ ਸਿੱਖਿਆ ਜਾਂ ਉਚੇਰੀ ਸਿੱਖਿਆ ਪੜ੍ਹ ਕੇ ਕੋਈ ਨਾ ਕੋਈ ਰੁਜ਼ਗਾਰ ਚਲਾਉਣਾ ਹੁੰਦਾ ਹੈ।ਉਸ ਖੇਤਰ ਵਿੱਚ ਅਧਿਆਪਨ ਅਮਲੇ ਦੀ 1,873 ਅਸਾਮੀਆਂ ਹਨ। 1,873 ਵਿੱਚੋਂ 1,449 ਅਸਾਮੀਆਂ ਖਾਲੀ ਪਈਆਂ ਹਨ। ਫੇਰ ਆਪਾਂ ਆਪਣੇ ਸਮਾਜ ਨੂੰ ਕਿਵੇਂ ਅੱਗੇ ਲੈ ਕੇ ਜਾਈਏ? ਸਰਕਾਰ ਨੇ ਆਪਣੇ ਹੀ ਮਨਘੜ੍ਹਤ ਤਰੀਕੇ ਬਣਾ ਲਏ। ਕੋਰਟ ਵਿੱਚ ਅਸਾਮੀਆਂ ਕੱਢਣ 'ਤੇ ਸਟੇਅ ਲੱਗੀ ਹੋਈ ਹੈ। ਮੈਂ ਤੁਹਾਡੀ ਮਾਰਫਤ ਦੱਸਣਾ ਚਾਹਾਂਗਾ ਕਿ ਸਾਲ 2017-18 ਦੇ ਬਜਟ ਵਿੱਚ ਪੰਜ ਡਿਗਰੀ ਕਾਲਜ, ਸਾਲ 2018-19 ਦੇ ਵਿੱਚ 10 ਡਿਗਰੀ ਕਾਲਜ, 2020-21 ਵਿੱਚ ਪੰਜ ਡਿਗਰੀ ਕਾਲਜਾਂ ਦੇ ਮੁਕਾਬਲੇ ਸਿਰਫ ਤਿੰਨ ਡਿਗਰੀ ਕਾਲਜ ਖੋਲ੍ਹੇ ਹਨ। ਪੰਜਾਬ ਸਰਕਾਰ ਨੇ ਇੱਕ ਹੋਰ ਚਮਤਕਾਰ ਕੀਤਾ ਹੈ ਕਿ ਸਾਲ 2013 ਵਿੱਚ ਡੀ.ਪੀ.ਆਈ. ਵੈਬੱਸਾਈਟ ਤੇ ਪਾਇਆ ਹੋਇਆ ਹੈ ਕਿ ਪੰਜਾਬ ਵਿੱਚ 55 ਡਿਗਰੀ ਕਾਲਜ ਹਨ ਤੇ ਸਾਲ 2018 ਵਿੱਚ ਇਹ ਘੱਟ ਕੇ 48 ਹੋ ਗਏ। ਕਿੱਥੇ

ਤਾਂ ਇਹ ਗਿਣਤੀ ਵਧਣੀ ਚਾਹੀਦੀ ਸੀ ਪਰ ਸਰਕਾਰ ਨੇ ਇਨ੍ਹਾਂ ਦੀ ਗਿਣਤੀ ਨੂੰ ਘਟਾ ਦਿੱਤਾ। ਸਰਕਾਰ ਨੇ ਕੁਝ ਸਰਕਾਰੀ ਕਾਲਜਾਂ ਨੂੰ ਯੂਨੀਵਰਸਿਟੀ ਬਣਾ ਦਿੱਤਾ। ਉਸੇ ਕਾਲਜ ਨੂੰ ਨਵੀਂ ਯੂਨੀਵਰਸਿਟੀ ਦਾ ਨਾਂਅ ਦੇ ਦਿੱਤਾ ਗਿਆ। ਸਾਲ 1999 ਵਿੱਚ ਯੂਨੀਵਰਸਿਟੀਆਂ ਤੇ ਜਿਹੜਾ ਖਰਚਾ ਹੁੰਦਾ ਸੀ, ਉਹ ਕਰੀਬ ਸਵਾ ਰੁਪਿਆ ਹੁੰਦਾ ਸੀ ਜੋ ਕਿ ਅੱਜ 15 ਪੈਸੇ ਰਹਿ ਗਿਆ ਹੈ।

ਮੈਂ ਇਸ ਬਜਟ ਦੇ ਵਿੱਚ ਆਪਣੇ ਹਲਕੇ ਦੀ ਵੀ ਗੱਲ ਕਰਾਂਗਾ। ਜੈਤੋ ਵਿੱਚ ਇੱਕ ਸਟੇਡੀਅਮ ਹੈ, ਜੇਕਰ ਉੱਥੇ ਜਾ ਕੇ ਖੜ੍ਹ ਕੇ ਦੇਖੋ ਤਾਂ ਉੱਥੇ ਬਹੁਤ ਬਰਬਰ ਉੱਠਦੀ ਹੈ। ਇਸ ਸਟੇਡੀਅਮ ਨੇ ਸਾਡੇ ਨੌਜਵਾਨਾਂ ਨੂੰ ਰੁਜ਼ਗਾਰ ਵਾਲੇ ਪਾਸੇ ਵੀ ਲਗਾਇਆ ਹੈ। ਇੱਥੋਂ ਦੇ ਕੁੱਝ ਬੱਚੇ ਮਿਲਟਰੀ ਦੇ ਵਿੱਚ ਵੀ ਭਰਤੀ ਹੋਏ ਹਨ ਅਤੇ ਕੁਝ ਪੁਲਿਸ ਵਿੱਚ ਵੀ ਭਰਤੀ ਹੋਏ ਹਨ। ਸਾਨੂੰ ਇਸ ਵੱਲ ਧਿਆਨ ਦੇਣ ਦੀ ਲੋੜ ਹੈ। ਇਸੇ ਤਰ੍ਹਾਂ ਹੀ ਜਿਹੜਾ ਮੰਤਰੀ ਸਾਹਿਬ ਨੇ 38 ਕਰੋੜ ਰੁਪਿਆ ਬਜਟ ਵਿੱਚ ਕਿਹਾ ਸੀ, ਮੈਂ ਮੰਤਰੀ ਸਾਹਿਬ ਨੂੰ ਨਿਮਰਤਾ ਸਹਿਤ ਬੇਨਤੀ ਕਰਦਾ ਹਾਂ ਕਿ ਜੈਤੋ ਵਿਖੇ ਸ਼ਹੀਦਾਂ ਦੀ ਯਾਦ ਵਿੱਚ ਮੋਰਚਾ ਲਾਇਆ ਗਿਆ ਸੀ, ਮੈਨੂੰ ਸ਼ਹੀਦਾਂ ਦੀ ਯਾਦ ਵਿੱਚ ਇੱਕ ਡਿਗਰੀ ਕਾਲਜ ਦਿੱਤਾ ਜਾਵੇ ਕਿਉਂਕਿ ਮੇਰਾ ਹਲਕਾ ਜੈਤੋ ਬਹੁਤ ਪੱਛੜਿਆ ਹੋਇਆ ਇਲਾਕਾ ਹੈ। ਵਿੱਤ ਮੰਤਰੀ ਸਾਹਿਬ ਵੀ ਜੈਤੋ ਵਿੱਚੋਂ ਦੀ ਲੰਘਦੇ ਰਹੇ ਹਨ, ਹੁਣ ਹਾਈਵੇਅ ਬਣ ਗਿਆ ਹੁਣ ਉਧਰੋਂ ਦੀ ਲੰਘਦੇ ਹਨ। ਜੇ ਕਿਤੇ ਮੇਰੇ ਹਲਕੇ ਵਿੱਚ ਦੀ ਲੰਘਣ ਤਾਂ ਉਨ੍ਹਾਂ ਨੂੰ ਵਾਕਿਆ ਹੀ ਪਤਾ ਲੱਗ ਜਾਵੇਗਾ ਕਿ ਜੈਤੋ ਹਲਕਾ ਗਰੀਬ ਕਿਸਾਨਾਂ ਦਾ ਬਹੁਤ ਪੱਛੜਿਆ ਹੋਇਆ ਇਲਾਕਾ ਹੈ। ਜੇ ਇੱਥੇ ਤਕਨੀਕੀ ਕਾਲਜ ਬਣ ਜਾਵੇ ਤਾਂ ਬਹੁਤ ਵਧੀਆ ਹੋਵੇਗਾ। ਮੇਰੇ ਹਲਕੇ ਦੇ ਵਿੱਚ ਇੱਕ ਹਸਪਤਾਲ ਹੈ, ਜਿਸ ਵਿੱਚ ਡਾਕਟਰਾਂ ਦੀਆਂ 9 ਅਸਾਮੀਆਂ ਹਨ ਪਰ ਉੱਥੇ ਸਿਰਫ ਇੱਕ ਡਾਕਟਰ ਹੈ। ਅਸੀਂ ਪਿਛਲੇ ਦਿਨੀਂ ਧਰਨਾ ਲਾਇਆ ਸੀ ਅਤੇ ਹੁਣ ਉੱਥੇ 2-4 ਦਿਨ ਵਾਸਤੇ ਡਾਕਟਰ ਡੈਪੂਟੇਸ਼ਨ ਤੇ ਆਉਂਦੇ ਹਨ। ਮੈਂ ਬੇਨਤੀ ਕਰਦਾ ਹਾਂ ਕਿ ਜਿਹੜੇ ਹੁਣ ਡਾਕਟਰ ਰੱਖੇ ਹਨ, ਉਨ੍ਹਾਂ ਵਿੱਚੋਂ ਹਲਕਾ ਜੈਤੋ ਦੇ ਹਸਪਤਾਲ ਵਿੱਚ ਪੰਜ ਡਾਕਟਰ ਭੇਜੇ ਜਾਣ।

ਸਪੀਕਰ ਸਾਹਿਬ, ਵੱਡੀ ਗੱਲ ਦੇਖੋ ਕਿ ਸਾਡੇ ਬੱਸ ਸਟੈਂਡ ਵੀ ਨਹੀਂ ਹੈ। ਮੇਰੇ ਖੱਬੇ ਪਾਸੇ ਸਾਥੀ ਬੈਠੇ ਹਨ, ਇਨ੍ਹਾਂ ਦੀ ਸਰਕਾਰ ਵੇਲੇ ਬਣਿਆ ਹੋਇਆ ਬੱਸ ਸਟੈਂਡ ਢਾਹ ਦਿੱਤਾ ਗਿਆ ਸੀ। ਹੁਣ ਲਗਭਗ ਤਿੰਨ ਸਾਲ ਬੀਤ ਚੁੱਕੇ ਹਨ ਪਰ ਬੱਸ

ਸਟੈਂਡ ਹਾਲੇ ਵੀ ਨਹੀਂ ਬਣਿਆ। ਅਗਲੀ ਬੇਨਤੀ ਮੈਂ ਕਰਾਂਗਾ ਕਿ ਮੇਰਾ ਸ਼ਹਿਰ ਅੱਧਾ ਰੇਲਵੇ ਟਰੈਕ ਦੇ ਇੱਧਰਲੇ ਪਾਸੇ ਤੇ ਅੱਧਾ ਦੂਸਰੇ ਪਾਸੇ ਹੈ। ਚਾਹੇ ਹਸਪਤਾਲ ਹਨ, ਚਾਹੇ ਸਿੱਖਿਆ ਜਾਂ ਹੋਰ ਮੁੱਢਲੀਆਂ ਸਹੂਲਤਾਂ ਹਨ, ਉਹ ਦੂਸਰੇ ਪਾਸੇ ਬਿਲਕੁਲ ਵੀ ਨਹੀਂ ਹਨ। ਇੱਥੇ 25-30 ਪਿੰਡ ਲਗਦੇ ਹਨ ਇਸ ਲਈ ਇੱਕ ਅੰਡਰ ਬਰਿੱਜ ਬਾਰੇ ਮੈਂ ਡੀ.ਸੀ. ਸਾਹਿਬ ਨੂੰ ਲਿਖ ਕੇ ਬੇਨਤੀ ਕੀਤੀ ਸੀ ਅਤੇ ਰੇਲਵੇ ਅਧਿਕਾਰੀਆਂ ਨੂੰ ਵੀ ਲਿਖ ਕੇ ਦਿੱਤਾ ਸੀ ਪਰ ਉਹ ਕਹਿੰਦੇ ਹਨ ਕਿ ਤੁਸੀਂ ਪੰਜਾਬ ਸਰਕਾਰ ਤੋਂ N.O.C ਲੈ ਦਿਓ, ਮਿਊਂਸਿਪਲ ਕਮੇਟੀ ਤੋਂ ਐਨ.ਓ.ਸੀ. ਲੈ ਦਿਓ, ਪੀ.ਡਬਲਿਊ.ਡੀ. ਤੋਂ ਐਨ.ਓ.ਸੀ. ਲੈ ਦਿਓ ਤਾਂ ਅਸੀਂ 4-5 ਕਰੋੜ ਰੁਪਿਆ ਲਾ ਕੇ ਅੰਡਰ ਬਰਿੱਜ ਬਣਾ ਕੇ ਦੇ ਦਿਆਂਗੇ। ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਹਲਕਾ ਜੈਤੋ ਦੇ ਲੋਕਾਂ ਨੂੰ ਬਚਾਉਣ ਲਈ, ਕਿਉਂਕਿ ਉੱਥੇ ਕਈ ਮੌਤਾਂ ਹੋ ਚੁੱਕੀਆਂ ਹਨ, ਉੱਥੇ ਫਾਟਕ ਹਮੇਸ਼ਾ ਹੀ ਬੰਦ ਰਹਿੰਦਾ ਹੈ। ਇਸ ਲਈ ਉਹ ਲੋਕ ਸਹੂਲਤਾਂ ਤੋਂ ਸੱਖਣੇ ਨਾ ਰਹਿਣ ਇਸ ਲਈ ਜੇ ਅੰਡਰ ਬਰਿੱਜ ਬਣ ਜਾਵੇਗਾ ਤਾਂ ਲੋਕਾਂ ਨੂੰ ਬਹੁਤ ਸੌਖਾ ਹੋ ਜਾਵੇਗਾ। ਉੱਥੇ ਬਹੁਤ ਸਾਰੇ ਲੋਕ ਮਰੇ ਹਨ। ਮੈਨੂੰ ਲਗਦਾ ਨਹੀਂ ਕਿ ਜਿਹੜਾ ਕੁਝ ਇਨ੍ਹਾਂ ਨੇ ਬਜਟ ਵਿੱਚ ਕਿਹਾ ਹੈ, ਉਹ ਲਾਗੂ ਹੋ ਜਾਵੇਗਾ। ਜੇਕਰ ਇਹ ਇਮਾਨਦਾਰੀ ਨਾਲ ਲਾਗੂ ਕਰ ਦੇਣਗੇ ਤਾਂ ਬਜਟ ਬਹੁਤ ਵਧੀਆ ਹੈ। ਜਿਵੇਂ ਇਨ੍ਹਾਂ ਨੇ 38 ਕਰੋੜ ਰੁਪਿਆ ਕਹਿ ਕੇ ਮੈਨੂੰ ਕੁਝ ਨਹੀਂ ਦਿੱਤਾ ਤਾਂ ਮੈਂ ਇਸ ਤੇ ਵਿਸ਼ਵਾਸ ਨਹੀਂ ਕਰਦਾ। ਮੈਨੂੰ ਨਹੀਂ ਲਗਦਾ ਕਿ ਇਹ ਬਜਟ ਲੋਕਾਂ ਲਈ ਹੈ, ਇਹ ਬਜਟ ਨਾ ਕਿਸਾਨਾਂ ਲਈ ਵਧੀਆ ਹੈ ਅਤੇ ਨਾ ਹੀ ਮਜ਼ਦੂਰਾਂ ਵਾਸਤੇ ਵਧੀਆ ਹੈ, ਨਾ ਹੀ ਇਹ ਦੁਕਾਨਦਾਰਾਂ ਵਾਸਤੇ ਵਧੀਆ ਹੈ ਅਤੇ ਨਾ ਹੀ ਇਹ ਮੁਲਾਜ਼ਮਾਂ ਵਾਸਤੇ ਵਧੀਆ ਹੈ। ਸਰਕਾਰ ਨੇ ਹੁਣ 6% ਡੀ.ਏ. ਦੀ ਕਿਸ਼ਤ ਦਿੱਤੀ ਹੈ।

**ਮਾਨਯੋਗ ਸਪੀਕਰ :** ਹਾਂ ਜੀ, ਵਾਈਂਡ-ਅੱਪ ਕਰੋ ਜੀ।

**ਸਰਦਾਰ ਬਲਦੇਵ ਸਿੰਘ ਕਲਿਆਣ :** ਸਰ, ਇੱਕ ਮਿੰਟ ਵਿੱਚ ਕੰਪਲੀਟ ਕਰਦਾ ਹਾਂ ਜੀ। ਮੁਲਾਜ਼ਮਾਂ ਦੀਆਂ ਡੀ.ਏ. ਦੀਆਂ 4 ਕਿਸ਼ਤਾਂ ਰਹਿੰਦੀਆਂ ਹਨ। ਜੇ ਇਹ 4 ਕਿਸ਼ਤਾਂ ਦੇ ਦਿੰਦੇ ਤਾਂ ਅਸੀਂ ਕਹਿੰਦੇ ਕਿ ਮੁਲਾਜ਼ਮਾਂ ਵਾਸਤੇ ਵਧੀਆ ਕੀਤਾ ਹੈ। ਸਰਕਾਰ ਨੇ ਮੁਲਾਜ਼ਮਾਂ ਨੂੰ ਦੇਣਾ ਤਾਂ ਕੀ ਸੀ, ਉਲਟਾ 2400/- ਰੁਪਿਆ ਉਹ ਮੁਲਾਜ਼ਮਾਂ ਦੀਆਂ ਜੇਬਾਂ ਵਿੱਚੋਂ ਕੱਢ ਰਹੀ ਹੈ।ਆਮ ਆਦਮੀ ਪਾਰਟੀ ਵੱਲੋਂ ਵੀ ਅਤੇ ਕਾਂਗਰਸ ਦੇ

[ਸਰਦਾਰ ਬਲਦੇਵ ਸਿੰਘ ਕਲਿਆਣ]

ਐਮ.ਐਲ.ਏਜ਼ ਵੱਲੋਂ ਵੀ ਕਿਹਾ ਗਿਆ ਹੈ ਕਿ ਹਰ ਸਾਲ ਐਮ.ਐਲ.ਏ. ਨੂੰ ਤਿੰਨ ਕਰੋੜ ਰੁਪਏ ਦਿੱਤਾ ਜਾਵੇ ਪਰ ਇੱਥੇ ਕੁਝ ਨਹੀਂ ਹੋ ਰਿਹਾ।

**ਮਾਨਯੋਗ ਸਪੀਕਰ :** ਪਲੀਜ਼, ਤੁਸੀਂ ਵਾਈਂਡ ਅੱਪ ਕਰੋ ਜੀ।

**ਸਰਦਾਰ ਬਲਦੇਵ ਸਿੰਘ ਕਲਿਆਣ :** ਸਪੀਕਰ ਸਾਹਿਬ, ਮੈਂ ਅੱਧਾ ਮਿੰਟ ਹੀ ਬੋਲਣਾ ਹੈ। ਅਖੀਰ ਵਿੱਚ ਇਸ ਬਜਟ ਦੇ ਵਿੱਚ ਜੋ ਵਾਅਦੇ ਕੀਤੇ ਗਏ ਹਨ ਜੇਕਰ ਇਹ ਇਮਾਨਦਾਰੀ ਨਾਲ ਇਨ੍ਹਾਂ ਨੂੰ ਲਾਗੂ ਕਰਨਗੇ ਫਿਰ ਤਾਂ ਬਹੁਤ ਵਧੀਆ ਹੈ ਲੇਕਿਨ ਮੈਨੂੰ ਇਨ੍ਹਾਂ ਦੇ ਉਪਰ ਸ਼ੰਕਾ ਹੈ ਕਿ ਇਹ ਨਹੀਂ ਹੋਣਾ ਕਿਉਂਕਿ ਬਹੁਤ ਕੁਝ ਅੱਗੇ ਵੀ ਨਹੀਂ ਹੋਇਆ। ਮੈਂ ਇਸ ਬਜਟ ਦੇ ਵਿਰੋਧ ਦੇ ਵਿਚ ਬੋਲ ਰਿਹਾ ਹਾਂ ਜੀ। ਧੰਨਵਾਦ ਜੀ।

**ਸਲਾਹਕਾਰ/ਮੁੱਖ ਮੰਤਰੀ (ਸਰਦਾਰ ਕੁਸਲਦੀਪ ਸਿੰਘ ਕਿੱਕੀ ਢਿੱਲੋਂ):** ਸਪੀਕਰ ਸਾਹਿਬ, ਮੇਰੇ ਫਾਜ਼ਲ ਦੋਸਤ ਐਮ.ਐਲ.ਏ.ਸਾਹਿਬ ਜੈਤੋ ਵਾਲੇ ਬੋਲ ਰਹੇ ਸੀ। ਮੈਂ ਤਾਂ ਸਿਰਫ ਉਨ੍ਹਾਂ ਨੂੰ ਯਾਦ ਕਰਵਾਉਣਾ ਸੀ ਕਿ ਜਿਹੜਾ 60-65 ਕਰੋੜ ਰੁਪਿਆ ਜੈਤੋ ਦੇ ਸੀਵਰੇਜ ਵਾਸਤੇ ਦਿੱਤਾ ਗਿਆ ਹੈ, ਉਸ ਦਾ ਧੰਨਵਾਦ ਤਾਂ ਜਰੂਰ ਕਰੀਏ। ਆਪਾਂ ਇਸ ਤਰ੍ਹਾਂ ਬਿਲਕੁਲ ਨਾ ਕਰੀਏ। ਜਿਹੜੀਆਂ ਕਮੀਆਂ ਹਨ ਉਹ ਵੀ ਦੱਸ ਦਿੱਤੀਆਂ ਹਨ ਤੇ ਜਿਹੜੇ ਪੈਸੇ 60-65 ਕਰੋੜ ਰੁਪਿਆ ਜੈਤੋ ਸ਼ਹਿਰ ਵਾਸਤੇ ਸੀਵਰੇਜ ਵਾਸਤੇ ਦਿੱਤੇ ਹਨ, ਉਸ ਦਾ ਧੰਨਵਾਦ ਤਾਂ ਕਰੀਏ। ਇਸ ਤਰ੍ਹਾਂ ਨਾ ਕਰੀਏ।

**ਸਰਦਾਰ ਬਲਦੇਵ ਸਿੰਘ ਕਲਿਆਣ :** ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਜਿਹੜੀ ਕਮੇਟੀ ਬਣੀ ਹੈ, ਉਸ ਵਿੱਚ ਸੀਵਰੇਜ ਬੋਰਡ ਵਾਲਿਆਂ ਨੂੰ ਬੁਲਾਇਆ ਸੀ। ਸ਼ਾਇਦ ਉਹ ਰਿਪੋਰਟ ਤੁਹਾਡੇ ਕੋਲ ਵੀ ਆ ਜਾਵੇ। ਸੀਵਰੇਜ ਬੋਰਡ ਵਾਲੇ ਜਦੋਂ ਆਏ ਤਾਂ ਉਹ ਕਹਿਣ ਲੱਗੇ ਕਿ ਅਸੀਂ ਮਾਫੀ ਚਾਹੁੰਦੇ ਹਾਂ । ਮੈਂ ਕਿਹਾ ਕਿ ਕਿਹੜੀ ਗੱਲ ਦੀ ਮਾਫੀ, ਉਨ੍ਹਾਂ ਨੇ ਕਿਹਾ ਕਿ ਸਾਲ 2017 ਤੋਂ ਲੈ ਕੇ ਹੁਣ ਤੱਕ ਕੋਈ ਰਿਪੋਰਟ ਨਹੀਂ ਦਿੱਤੀ । 2017 ਤੋਂ ਲੈ ਕੇ ਜਦੋਂ ਦੀ ਸਰਕਾਰ ਬਣੀ ਹੈ ਉਦੋਂ ਤੋਂ ਕੋਈ ਰਿਪੋਰਟ ਨਹੀਂ ਦਿੱਤੀ । ਕੋਟਕਪੂਰੇ ਤੋਂ ਮੇਰੇ ਦੋਸਤ ਕੁਸਲਦੀਪ ਢਿੱਲੋਂ ਜੀ ਬੈਠੇ ਹਨ, ਸਾਰਾ ਫਰੀਦਕੋਟ ਖਿਲਾਰਿਆ ਪਿਆ ਹੈ, ਸਾਰਾ ਕੋਟਕਪੂਰਾ ਖਿਲਾਰਿਆ ਪਿਆ ਹੈ, ਸਾਰਾ ਜੈਤੋ ਸ਼ਹਿਰ ਖਿਲਾਰਿਆ ਪਿਆ ਹੈ, ਜੇ ਵਧੀਆ ਬਣਾ ਦਿੰਦੇ ਤਾਂ ਅਸੀਂ ਧੰਨਵਾਦ ਵੀ ਕਰ ਦਿੰਦੇ।

**ਮਾਨਯੋਗ ਸਪੀਕਰ:** ਹਾਂ ਜੀ, ਸ਼੍ਰੀ ਐਨ.ਕੇ.ਸ਼ਰਮਾ ਜੀ। ਤੁਸੀਂ ਪੁਰਾਣੇ ਮੈਂਬਰ ਹੋ, ਤੁਹਾਡੇ ਤਿੰਨ ਮਿੰਟ ਹਨ। ਤੁਸੀਂ ਆਪੇ ਦੇਖ ਲੈਣਾ।

**ਸ਼੍ਰੀ ਐਨ.ਕੇ.ਸ਼ਰਮਾ (ਡੇਰਾਬੱਸੀ) :** ਸਪੀਕਰ ਸਾਹਿਬ, ਤੁਹਾਡਾ ਧੰਨਵਾਦ।ਸਪੀਕਰ ਸਾਹਿਬ, ਤੁਸੀਂ ਸਾਰਿਆਂ ਦੇ ਮਿੰਟ ਵਧਾਏ ਹਨ, ਹੁਣ ਤਾਂ ਸਮਾਂ ਵੀ ਵੱਧ ਗਿਆ ਹੈ।

**ਮਾਨਯੋਗ ਸਪੀਕਰ:** ਨਹੀਂ, ਸਮਾਂ ਇਸ ਕਰਕੇ ਵਧਿਆ ਹੈ ਕਿਉਂਕਿ 2.30 ਵਜੇ ਕਨਕਲੂਡ ਨਹੀਂ ਹੋਇਆ, ਤੁਸੀਂ ਆਪੇ ਦੇਖ ਲਓ।

**ਸ਼੍ਰੀ ਐਨ.ਕੇ.ਸ਼ਰਮਾ :** ਠੀਕ ਹੈ ਜੀ। ਮੈਂ ਆਪੇ ਦੇਖ ਲਵਾਂਗਾ। ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਬਜਟ ਦੇ ਉਤੇ ਬੋਲਣ ਦਾ ਮੌਕਾ ਦਿੱਤਾ ਹੈ, ਮੇਰੇ ਤੋਂ ਪਹਿਲਾਂ ਸ਼੍ਰੀ ਪਵਨ ਟੀਨੂ ਜੀ ਨੇ ਬਜਟ ਨੂੰ 420 ਬਜਟ ਕਿਹਾ ਹੈ, 420 ਬਜਟ ਇਸ ਕਰਕੇ ਕਿਹਾ ਹੈ ਕਿਉਂਕਿ ਹਰ ਵਾਰੀ ਫੋਰਜ਼ਰੀ ਕਰਕੇ ਜਿਹੜੀਆਂ ਫਿੱਗਰਾਂ ਹਨ, ਉਨ੍ਹਾਂ ਵਿੱਚ ਆਮਦਨੀ ਵਧਾ ਦਿੱਤੀ ਜਾਂਦੀ ਹੈ ਅਤੇ ਜਦੋਂ ਇੰਪਲੀਮੈਂਟੇਸ਼ਨ ਹੋਣੀ ਹੁੰਦੀ ਹੈ ਤਾਂ ਉਨ੍ਹਾਂ ਦੇ ਉੱਤੇ 50-50% ਦੇ ਕੱਟ ਲਗਦੇ ਹਨ । ਸਭ ਤੋਂ ਵੱਧ ਕੱਟ ਕਿਸਾਨੀ ਐਂਰ ਸੋਸ਼ਲ ਵੈਲਫੇਅਰ ਸਕੀਮਾਂ ਉਤੇ ਲਗਦਾ ਹੈ। ਪਿਛਲੀ ਵਾਰ ਦਾ ਤੁਸੀਂ ਚੈੱਕ ਕਰ ਲੈਣਾ ਕਿ 4500 ਕਰੋੜ ਰੁਪਏ ਤੁਸੀਂ ਘਟਾਏ ਹਨ। 2700 ਕਰੋੜ ਰੁਪਏ ਕਿਸਾਨੀ ਵਾਸਤੇ ਅਤੇ 2000 ਕਰੋੜ ਆਟਾ, ਦਾਲ, ਚਾਹ, ਚੀਨੀ ਸਾਰਿਆਂ ਤੇ ਘਟਾਏ ਹਨ। ਸਪੀਕਰ ਸਾਹਿਬ, ਜਿੰਨੀ ਸਟੇਟ ਦੀ ਆਮਦਨ ਹੈ, ਜਿੰਨੀ ਪਰਪੋਜ ਕਰਦੇ ਹਨ, ਉਹ ਹਰ ਵਾਰੀ ਘੱਟ ਜਾਂਦੀ ਹੈ, ਘਟਦੀ ਕਿਉਂ ਹੈ? ਇਹ ਸਾਡੇ ਭਰਾ ਕਹਿ ਰਹੇ ਸੀ ਕਿ ਮਾਈਨਿੰਗ ਫਰੀ ਕਰ ਦਿਉ ਤਾਂ ਇਥੇ ਹੀ ਸਾਹਮਣੇ ਬੈਠੇ ਮੇਰੇ ਦੋ ਭਰਾ ਜਿਹੜੇ ਇਸ ਵਿੱਚ ਪੂਰੀ ਤਰ੍ਹਾਂ ਲੱਗੇ ਹੋਏ ਹਨ, ਉਨ੍ਹਾਂ ਦੇ ਦਿਲ ਉਸ ਟਾਈਮ ਘਬਰਾ ਰਹੇ ਸੀ ਕਿਉਂਕਿ ਸਿੱਧਾ ਪੈਸਾ ਉਧਰ ਨੂੰ ਜਾ ਰਿਹਾ ਹੈ। ਫਿਰ ਸ਼ਰਾਬ ਮਾਫੀਆ ਹੈ, ਪੂਰੇ ਪੰਜਾਬ ਵਿੱਚ ਇੱਕ ਜ਼ਿਲ੍ਹਾ ਹੈ ਜਿੱਥੇ ਆਪਾਂ ਆਨ-ਲਾਈਨ ਕਰ ਰਹੇ ਹਾਂ, ਉਨ੍ਹਾਂ ਦੇ ਦਿਲ ਘਬਰਾ ਰਹੇ ਸੀ। ਸੋ, ਇਹ ਪੈਸੇ ਤਾਂ ਸਾਰੇ ਜੇਬਾਂ ਵਿਚ ਜਾ ਰਹੇ ਹਨ, ਖਜ਼ਾਨੇ ਵਿੱਚ ਕਿੱਥੇ ਜਾਣਗੇ? ਸਪੀਕਰ ਸਾਹਿਬ, ਇਕ ਨਵਾਂ ਸ਼ਬਦ ਪ੍ਰਾਇਮਰੀ ਸਰਪਲੱਸ ਬਜਟ ਆਇਆ ਹੈ, ਜੇ ਪ੍ਰਾਇਮਰੀ ਸਰਪਲੱਸ ਬਜਟ ਹੈ ਤਾਂ 66,000 ਕਰੋੜ ਰੁਪਿਆ ਕਰਜ਼ਾ ਕਿਸ ਚੀਜ਼ ਦਾ ਲਿਆ ਹੈ? ਫਿਰ ਕੱਲ੍ਹ ਹੀ ਐਫ.ਆਰ.ਬੀ.ਐਮ. ਦੇ ਨਾਰਮਜ਼ ਦੇ ਅਗੇਂਸਟ ਜਾ ਕੇ 981 ਕਰੋੜ ਰੁਪਿਆ ਲੋਨ ਲੈਣ ਦੀ ਜ਼ਰੂਰਤ ਕੀ ਪੈ ਗਈ, ਜੇ ਸਰਪਲੱਸ ਬਜਟ ਹੈ? ਸਿਰਫ ਗੱਲਾਂ-ਬਾਤਾਂ ਹੀ ਹਨ।

[ਸ਼੍ਰੀ ਐਨ.ਕੇ. ਸ਼ਰਮਾ]

ਸਪੀਕਰ ਸਾਹਿਬ, ਮੈਂ ਬਹੁਤਾ ਨਹੀਂ ਕਹਿਣਾ, ਮੇਰੇ ਕੋਲ ਟਾਈਮ ਘੱਟ ਹੈ ਪਰ ਮੈਂ ਸਮਝਦਾ ਹਾਂ ਕਿ ਸਭ ਤੋਂ ਵੱਧ ਧੋਖਾ ਕਿਸਾਨਾਂ ਨਾਲ ਹੋਇਆ, ਨੌਜਵਾਨਾਂ ਨਾਲ ਹੋਇਆ, ਐਸ.ਸੀ.ਪਰਿਵਾਰਾਂ ਨਾਲ ਹੋਇਆ ਅਤੇ ਸਭ ਤੋਂ ਵੱਧ ਦੁਸ਼ਮਣੀ ਮਨਪ੍ਰੀਤ ਜੀ ਨੇ, ਮਾਫ ਕਰਨਾ, ਮੁਲਾਜ਼ਮਾਂ ਨਾਲ ਕੱਢੀ ਹੈ। ਹੁਣ ਰੌਲਾ ਪਾ ਰਹੇ ਹਨ ਤੇ ਸਾਰੇ ਧੰਨਵਾਦ ਵੀ ਕਰ ਗਏ, 6% ਡੀ.ਏ. ਦਿੱਤਾ ਜਦਕਿ 1.1.2020 ਨੂੰ 28% ਡੀ.ਏ. ਡਿਊ ਹੋ ਗਿਆ, 5500 ਕਰੋੜ ਰੁਪਿਆ ਮੁਲਾਜ਼ਮਾਂ ਦਾ ਡੀ.ਏ. ਡਿਊ ਹੈ। ਦੱਸੋ, ਪੇਅ ਕਮਿਸ਼ਨ ਕਿਸ ਤਰ੍ਹਾਂ ਲਾਗੂ ਕਰ ਦੇਣਗੇ ਜਦ ਤੱਕ ਡੀ.ਏ. ਕਲੀਅਰ ਨਹੀਂ ਹੁੰਦਾ? ਜਿਹੜਾ ਅੱਧਾ-ਅਧੂਰਾ ਪੇਅ ਕਮਿਸ਼ਨ ਲਾਗੂ ਕਰਨ ਦੀਆਂ ਗੱਲਾਂ ਕਰ ਰਹੇ ਹਨ, ਹਰੇਕ ਮੁਲਾਜ਼ਮ ਦਾ 50,000 ਰੁਪਏ ਤੋਂ ਲੈ ਕੇ ਇੱਕ-ਇੱਕ ਲੱਖ ਰੁਪਿਆ ਇਹ ਖਾ ਗਏ ਹਨ ਯਾਨੀ ਕਿ ਦੇਣ ਤੋਂ ਇਨਕਾਰੀ ਹੋ ਗਏ । ਐਫ.ਐਮ. ਸਾਹਿਬ ਕਿਰਪਾ ਕਰਕੇ ਦੱਸ ਦਿਉ ਕਿ ਜਿਹੜਾ ਬਾਕੀ ਡੀ.ਏ. 22% ਬਚਿਆ ਹੋਇਆ ਹੈ, ਉਹ ਦੇਣਾ ਵੀ ਹੈ ਜਾਂ ਨਹੀਂ ਦੇਣਾ? ਜਦੋਂ ਤੁਸੀਂ ਬੋਲੋਗੇ ਤਾਂ ਕਿਰਪਾ ਕਰਕੇ ਉਹ ਕਲੀਅਰ ਕਰ ਦਿਉ।

**ਮਾਨਯੋਗ ਸਪੀਕਰ:** ਬੈਠੋ ਜੀ।

**ਸ਼੍ਰੀ ਐਨ.ਕੇ.ਸ਼ਰਮਾ :** ਸਪੀਕਰ ਸਾਹਿਬ, ਦੋ ਮਿੰਟ। ਸਪੀਕਰ ਸਾਹਿਬ, ਅਜੇ ਤਾਂ ਦੋ ਮਿੰਟ ਹੋਏ ਹਨ। ਸਪੀਕਰ ਸਾਹਿਬ, ਪੇਅ ਕਮਿਸ਼ਨ ਨੂੰ ਲਾਗੂ ਕਰਨ ਲਈ 5,000 ਕਰੋੜ ਰੁਪਏ ਚਾਹੀਦੇ ਹਨ ਪਰ ਸਰਕਾਰ ਵੱਲੋਂ ਕੋਈ ਨਿਸਚਿਤ ਡੇਟ ਨਹੀਂ ਦਿੱਤੀ ਗਈ ਕਿ ਕਿਹੜੀ ਡੇਟ ਤੋਂ ਪੇਅ ਕਮਿਸ਼ਨ ਲਾਗੂ ਕਰਨਾ ਹੈ। ਇਹ ਅਗਲੇ ਸਾਲ ਸਤੰਬਰ ਵਿਚ ਜਾ ਕੇ ਲਾਗੂ ਕਰਨਗੇ ਤਾਂ ਕਿ ਇਸ ਸਰਕਾਰ ਵਿੱਚ ਇਕ ਪੈਸਾ ਵੀ ਦੇਣਾ ਨਾ ਪਵੇ, ਇਹ ਨਵੀਂ ਜਗਲਰੀ ਹੈ। ਫਿਰ ਜਿਹੜੇ ਟੀਚਰ ਹਨ, ਸਾਡੀ ਸਰਕਾਰ ਵਿਚ ਫੈਸਲਾ ਹੋਇਆ ਸੀ ਕਿ ਉਨ੍ਹਾਂ ਦੀ ਤਨਖਾਹ ਨਹੀਂ ਘਟਾਈ ਜਾਵੇਗੀ ਪਰ ਇਨ੍ਹਾਂ ਨੇ 40,000 ਤੋਂ ਘਟਾ ਕੇ 15,000 ਸੈਲਰੀ ਕਰ ਦਿੱਤੀ, ਉਹ ਵਿਚਾਰੇ ਆਪਣੇ ਬੱਚੇ ਪਾਲਣ ਜਾਂ ਉਨ੍ਹਾਂ ਦੀ ਪੜ੍ਹਾਈ ਕਰਾਉਣ। ਇਹੋ ਜਿਹੀ ਸਥਿਤੀ ਹੋਈ ਪਈ ਹੈ। ਜਿਹੜਾ 'ਜ਼ਜ਼ੀਆ' ਲਗਾਇਆ ਹੈ, 200/- ਰੁਪਿਆ ਹਰ ਮਹੀਨੇ ਮੁਲਾਜ਼ਮ ਦੀ ਜੇਬ ਤੋਂ ਕੱਢ ਲੈਂਦੇ ਹਨ ਅਤੇ ਦਿੰਦੇ ਕੱਖ ਨਹੀਂ। 'ਜ਼ਜ਼ੀਆ' ਵਰਗੇ ਜਿਹੜੇ ਟੈਕਸ ਲਗਾਏ ਹਨ, ਉਹ ਇਮੀਜੀਏਟਲੀ ਵਿਦਡ੍ਰਾਅ ਹੋਣੇ ਚਾਹੀਦੇ ਹਨ। ਇੰਨਾ ਧੋਖਾ ਮੁਲਾਜ਼ਮਾਂ ਨਾਲ ਨਹੀਂ ਹੋਣਾ

ਚਾਹੀਦਾ। ਇਹ ਸਰਕਾਰ ਮੁਲਾਜ਼ਮ ਵਿਰੋਧੀ ਹੈ ਅਤੇ ਅੱਜ ਹਾਲਾਤ ਇਹ ਹਨ ਕਿ ਮੁਲਾਜ਼ਮ ਗਲੀਆਂ ਵਿੱਚ ਰੁਲ ਰਹੇ ਹਨ, ਨੌਜਵਾਨ ਵਿਦੇਸ਼ਾਂ ਨੂੰ ਭੱਜ ਰਹੇ ਹਨ, ਕਿਸਾਨ ਆਤਮ ਹੱਤਿਆ ਕਰ ਰਹੇ ਹਨ, ਦਲਿਤ ਪਰਿਵਾਰ ਅਲੱਗ ਤੰਗ ਹਨ। ਹਰ ਸਕੀਮ ਬੰਦ ਹੈ, ਇਹ ਕਰਜ਼ਾ ਮਾਫੀ ਤੋਂ ਵੀ ਮੁੱਕਰ ਗਏ, ਨੌਕਰੀ ਦੇਣ ਤੋਂ ਵੀ ਮੁੱਕਰ ਗਏ ਹਨ। ਸੋ, ਮੈਂ ਬਜਟ ਵਿੱਚ ਰੱਖੀਆਂ ਦੋ ਚੀਜ਼ਾਂ ਦਾ ਧੰਨਵਾਦ ਕਰਦਾ ਹਾਂ ਕਿ 10 ਕਰੋੜ ਰੁਪਿਆ Zoo ਵਾਸਤੇ ਰੱਖਿਆ ਹੈ, ਮੈਂ ਇਸ ਵਾਸਤੇ ਮਨਪ੍ਰੀਤ ਸਿੰਘ ਜੀ ਦਾ ਧੰਨਵਾਦ ਕਰਦਾ ਹਾਂ ਪਰ ਮੇਰੀ ਹੱਥ ਜੋੜ ਕੇ ਬੇਨਤੀ ਹੈ ਕਿ ਮਾਈਨਿੰਗ ਲਈ ਜਿਹੜੀ ਜ਼ਮੀਨ 50 ਫੁੱਟ ਜਾਂ 60 ਫੁੱਟ ਪੁੱਟਦੇ ਹੋ, ਉਹ ਦੀਵਾਰ 10 ਕਰੋੜ ਰੁਪਏ ਵਿੱਚ ਨਹੀਂ ਬਣਨੀ। 10-20 ਕਰੋੜ ਰੁਪਿਆ ਹੋਰ ਫੜਾ ਦਿਓ ਕਿਉਂਕਿ ਇਨ੍ਹਾਂ ਨੇ ਜਿਹੜੇ ਤੁਹਾਡੇ ਪਿੱਛੇ ਬੈਠੇ ਹਨ, ਇਲਲੀਗਲ ਮਾਈਨਿੰਗ ਕਰਕੇ ਹੋਰ ਪੁੱਟ ਦੇਣਾ ਹੈ। ਸੋ, ਕਿਰਪਾ ਕਰਕੇ ਥੋੜ੍ਹੇ ਜਿਹੇ ਪੈਸੇ ਵਧਾ ਦਿਓ।

**ਮਾਨਯੋਗ ਸਪੀਕਰ :** ਬੈਠੋ ਜੀ।

**ਸ਼੍ਰੀ ਐਨ.ਕੇ. ਸ਼ਰਮਾ :** ਸਰ, ਸਿਰਫ 25 ਕਰੋੜ ਰੁਪਿਆ ਅਵਾਰਾ ਪਸ਼ੂਆਂ ਵਾਸਤੇ ਰੱਖਿਆ ਗਿਆ ਹੈ ਜਦਕਿ ਕਈ ਕਰੋੜ ਰੁਪਿਆ ਗਊ ਸੈੱਸ ਦਾ ਇਕੱਠਾ ਹੁੰਦਾ ਹੈ। ਜੇਕਰ ਆਪਾਂ ਗਊਸ਼ਾਲਾਵਾਂ ਵਿੱਚ 50,000 ਗਊਆਂ ਨੂੰ ਰੱਖਦੇ ਹਾਂ ਤਾਂ 150 ਕਰੋੜ ਰੁਪਿਆ ਉਸ ਦਾ ਖਰਚ ਆਉਣਾ ਹੈ।

**ਮਾਨਯੋਗ ਸਪੀਕਰ :** ਬੈਠੋ ਜੀ। ਅਮਨ ਜੀ, ਤੁਸੀਂ ਬੋਲੋ।

**ਸ਼੍ਰੀ ਐਨ.ਕੇ. ਸ਼ਰਮਾ :** ਅਮਨ ਜੀ ਤਾਂ ਕਹਿੰਦੇ ਹਨ ਕਿ ਗਊਆਂ ਨੂੰ ਵੱਢ ਦਿਓ। ਕਿਰਪਾ ਕਰਕੇ ਜਿਹੜਾ ਗਊ ਸੈੱਸ ਇਕੱਠਾ ਹੁੰਦਾ ਹੈ, ਉਹੀ ਗਊਆਂ ਤੇ ਲਗਾ ਦਿਓ। ਇਨ੍ਹਾਂ ਦੀਆਂ ਗੱਲਾਂ ਵਿੱਚ ਨਾ ਆਓ ਅਤੇ ਉਨ੍ਹਾਂ ਨੂੰ ਨਾ ਮਾਰੋ।

**ਮਾਨਯੋਗ ਸਪੀਕਰ :** ਅਮਨ ਜੀ, ਬੋਲੋ।

**ਸ਼੍ਰੀ ਐਨ.ਕੇ. ਸ਼ਰਮਾ :** ਇਹ ਜਿਹੜਾ ਬਜਟ ਹੈ ਇਹ ** ਕਿਸਾਨਾਂ ਨਾਲ, ਨੌਜਵਾਨਾਂ ਨਾਲ, ਗਰੀਬਾਂ ਨਾਲ। ਜੀਅ ਕਰਦਾ ਹੈ ਕਿ ** ** ਪਰ ਫੇਰ ਤੁਸੀਂ ਮੈਨੂੰ ਕਹਿਣਾ ਹੈ ਕਿ ** **

---

** **Expunged as ordered by the Chair.

**ਮਾਨਯੋਗ ਸਪੀਕਰ :** ** ** ਲਫ਼ਜ ਐਕਸਪੰਜ ਕਰ ਦਿਓ। ਅਮਨ ਜੀ, ਤੁਹਾਡੇ 12 ਮਿੰਟ ਹਨ।

**ਸ਼੍ਰੀ ਅਮਨ ਅਰੋੜਾ :** ਸਰ, ਇਵੇਂ ਨਾ ਕਰੋ।

**ਮਾਨਯੋਗ ਸਪੀਕਰ :** 12 ਮਿੰਟ ਬਹੁਤ ਹੁੰਦੇ ਹਨ।

**ਸ਼੍ਰੀ ਅਮਨ ਅਰੋੜਾ :** ਸਰ, ਸਾਲ ਬਾਅਦ ਇੱਕ ਦਿਨ ਆਉਂਦਾ ਹੈ। ਇਹ ਮੇਰੀ humble request ਹੈ।

**ਮਾਨਯੋਗ ਸਪੀਕਰ :** 12 ਮਿੰਟ ਬਹੁਤ ਹਨ। ਸਾਰਾ ਹਾਊਸ ਪਿਆ ਹੈ।

**Shri Aman Arora (Sunam) :** Sir, I will try. ਤੁਹਾਡਾ ਬਹੁਤ-ਬਹੁਤ ਧੰਨਵਾਦ, ਤੁਸੀਂ ਮੈਨੂੰ ਅੱਜ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਤੁਹਾਡੇ ਜ਼ਰੀਏ ਜਿੱਥੇ ਐਫ.ਐਮ. ਸਾਹਿਬ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ, ਜੋ ਕਿ ਬਹੁਤ ਇੰਟੈਲੀਜੈਂਟ ਹਨ, ਸੁਲਝੇ ਹੋਏ ਹਨ, ਕੰਪੀਟੈਂਟ ਹਨ, ਜਿਹੜੇ ਉਨ੍ਹਾਂ ਨੇ baby steps ਲਏ ਹਨ ਜਿਸ ਵਿੱਚ RDF 4% ਤੋਂ 1% ਕੀਤੀ ਹੈ, 12ਵੀਂ ਤੱਕ ਵਿੱਦਿਆ ਮੁਫਤ ਕੀਤੀ ਹੈ, ਜਿੱਥੇ ਮੈਂ ਇਸ ਦਾ ਸਵਾਗਤ ਕਰਦਾ ਹਾਂ, ਉਥੇ ਹੀ ਮੈਂ ਦਾਦ ਦੇਣੀ ਚਾਹਾਂਗਾ, ਸ਼ਲਾਘਾ ਕਰਨੀ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਬੜੀ ਖੂਬਸੂਰਤੀ ਨਾਲ ਆਪਣੇ 2017 ਦੇ ਮੈਨੀਫੈਸਟੋ ਦੇ ਵਾਅਦਿਆਂ ਨੂੰ deep-freezer ਵਿੱਚ ਲਗਾ ਕੇ 2022 ਦਾ ਇਲੈਕਸ਼ਨ ਬਜਟ ਪੇਸ਼ ਕੀਤਾ ਹੈ। ਸਰ, ਜਿਹੜਾ ਬਜਟ ਹੈ ਉਹ ਬੇਸੀਕਲੀ ਸਰਕਾਰਾਂ ਦਾ ਨਹੀਂ, ਪਾਰਟੀਆਂ ਦਾ ਬਣ ਕੇ ਰਹਿ ਗਿਆ ਹੈ। ਮੈਂ ਅਜਿਹਾ ਮੰਨ ਕੇ ਚਲਦਾ ਹਾਂ ਕਿ ਬਜਟ ਜਿਹਾ ਪਵਿੱਤਰ ਡਾਕੂਮੈਂਟ vision budget ਹੋਣਾ ਚਾਹੀਦਾ ਹੈ, ਜਿਹੜਾ ਇਹ ਦਰਸਾਉਂਦਾ ਹੋਵੇ ਕਿ ਆਉਣ ਵਾਲੇ 10-20-30 ਜਾਂ 50 ਸਾਲਾਂ ਵਿੱਚ ਸਟੇਟ ਕਿਵੇਂ ਚੱਲੇਗੀ ਪਰ unfortunately ਇਹ ਸਿਰਫ ਤੇ ਸਿਰਫ ਇੱਕ accounting process ਰਹਿ ਗਿਆ ਹੈ ਅਤੇ ਵਹੀ-ਖਾਤਾ ਤਿਆਰ ਕਰਕੇ ਸਦਨ ਵਿੱਚ ਰੱਖਣ ਦਾ ਪ੍ਰਾਸੈਸ ਬਣ ਕੇ ਰਹਿ ਗਿਆ ਹੈ। ਵਹੀ-ਖਾਤੇ ਐਫ.ਐਮ. ਸਾਹਿਬ ਨੇ ਚੰਗੇ ਵਧੀਆ ਤਰੀਕੇ ਨਾਲ ਤਿਆਰ ਕੀਤੇ ਹਨ, ਇਸ ਵਿੱਚ ਕੋਈ ਦੋ ਰਾਏ ਨਹੀਂ ਹੈ। ਜਿਹੜੀ ਐਫ.ਐਮ. ਸਾਹਿਬ ਦੀ ਸਪੀਚ ਸੀ, ਉਹ ਬੜੀ hopeful ਸੀ, ਮੈਂ ਵੀ ਬੜਾ ਖੁਸ਼ ਹੋ ਕੇ ਗਿਆ। ਇਨ੍ਹਾਂ ਨੇ ਕਿਹਾ ਸੀ ਕਿ ਪੰਜਾਬ ਦੀ ਇਕਾਨਮੀ ਟ੍ਰੈਕ ਤੇ ਆ ਗਈ ਹੈ ਪਰ ਜਦੋਂ Saturday, Sunday ਦੋ ਦਿਨਾਂ ਵਿੱਚ ਇਹ ਪੜ੍ਹਿਆ ਤਾਂ ਉਸ ਵਿਚੋਂ ਬੜੀ ਨਮੋਸ਼ੀ, ਮਾਯੂਸੀ ਹੱਥ ਲੱਗੀ।

---

** **Expunged as ordered by the Chair.

ਸਰ, ਬਹੁਤ ਸਾਰੇ ਸਾਥੀਆਂ ਵਲੋਂ, ਇੱਧਰੋਂ ਵੀ (ਆਮ ਆਦਮੀ ਪਾਰਟੀ ਬੈਂਚਿਜ਼ ਵੱਲ ਇਸ਼ਾਰਾ) ਅਤੇ ਇੱਧਰੋਂ ਵੀ (ਸ਼੍ਰੋਮਣੀ ਅਕਾਲੀ ਦਲ ਬੈਂਚਿਜ਼ ਵੱਲ ਇਸ਼ਾਰਾ) ਨੁਕਤਾਚੀਨੀਆਂ ਹੋਈਆਂ ਹਨ, ਪ੍ਰਸੰਸਾ ਵੀ ਬਹੁਤ ਹੋਈ ਹੈ। ਮੈਂ ਉਨ੍ਹਾਂ ਚੀਜ਼ਾਂ ਵਿੱਚ ਨਾ ਜਾਂਦਾ ਹੋਇਆ ਸਿਰਫ ਤੇ ਸਿਰਫ ਐਫ.ਐਮ. ਸਾਹਿਬ ਵਲੋਂ ਦਿੱਤੇ ਗਏ ਡਾਕੂਮੈਂਟਸ, ਜਿਹੜੇ ਕਿ ਸਦਨ ਵਿੱਚ ਬਜਟ ਨਾਲ ਦਿੱਤੇ ਗਏ ਹਨ, ਉਨ੍ਹਾਂ ਤੇ ਚਾਹੁੰਦਾ ਹਾਂ ਕਿ ਹਾਊਸ ਗੌਰ ਫੁਰਮਾਏ। ਸਰ, ਬਜਟ ਸਪੀਚ ਦੇ ਨਾਲ Budget at a Glance ਹੁੰਦਾ ਹੈ, ਉਸ ਵਿੱਚ Annual Financial Statement ਦੇ ਪੇਜ਼ ਨੰ: 134-135 ਤੇ ਹਾਊਸ ਦੀ ਨਜ਼ਰਸਾਨੀ ਕਰਵਾਉਣਾ ਚਾਹੁੰਦਾ ਹਾਂ। ਇਹ ਸਟੇਟਮੈਂਟ ਉਹ ਹੈ ਜਿਹੜੀ ਐਫ.ਐਮ. ਸਾਹਿਬ ਆਪ 15ਵੇਂ ਫਾਈਨਾਂਸ਼ੀਅਲ ਕਮਿਸ਼ਨ ਨੂੰ ਦੇ ਕੇ ਆਏ ਹਨ। ਧਿਆਨ ਦਿਓ, ਇਸ ਦੀਆਂ ਫਿੱਗਰਜ਼ ਕੀ ਕਹਿੰਦੀਆਂ ਹਨ? ਸਾਲ 2017-18 ਵਿੱਚ ਰੈਵੇਨਿਊ ਰਿਸੀਟਸ 53,010 ਕਰੋੜ ਰੁਪਏ ਸਨ ਅਤੇ ਇਸ ਸਾਲ 88,004 ਕਰੋੜ ਰੁਪਏ ਹਨ। ਸਰ, ਇਸ ਦੇ ਵਿਚ ਐਫ.ਆਰ.ਬੀ.ਐਮ. ਐਕਟ ਇੱਕ ਗਾਈਡਿੰਗ ਪ੍ਰਿੰਸੀਪਲ ਹੈ, ਉਸ ਦੇ ਮੁਤਾਬਕ ਇਹ ਛੇ ਸਾਲਾਂ ਦਾ ਦੇਣਾ ਹੁੰਦਾ ਹੈ, ਪਿਛਲਾ ਅਤੇ ਅਗਲੇ ਆਉਣ ਵਾਲੇ ਦੋ ਸਾਲਾਂ ਦਾ। ਸਰ, 2022-23 ਤੱਕ ਰੈਵੇਨਿਊ ਰਿਸੀਟਸ 88,175 ਕਰੋੜ ਰੁਪਏ ਦੀਆਂ ਹੋ ਜਾਣਗੀਆਂ ਯਾਨੀ ਕਿ ਮਹਿਜ਼ ਸਵਾ ਸੌ ਜਾਂ ਡੇਢ ਸੌ ਕਰੋੜ ਰੁਪਿਆ ਵਧਣੀਆਂ ਹਨ। ਰੈਵੇਨਿਊ ਐਕਸਪੈਂਡੀਚਰ ਬਾਰੇ ਇਸੇ ਐਨੂਅਲ ਫਾਈਨਾਂਸ਼ੀਅਲ ਸਟੇਟਮੈਂਟ ਵਿਚ ਲਿਖਿਆ ਹੋਇਆ ਹੈ ਕਿ ਸਾਲ 2017-18 ਵਿਚ 62,465 ਕਰੋੜ ਦੀਆਂ ਸੀ, ਹੁਣ ਇਸ ਸਾਲ 2020-21 ਦੇ ਵਿੱਚ 95,716 ਕਰੋੜ ਦੀਆਂ ਬਜਟਿਡ ਹਨ, ਸਾਲ 2022-23 ਵਿਚ ਉਹ 1,17,473 ਕਰੋੜ ਰੁਪਏ ਦੀਆਂ ਹੋ ਜਾਣਗੀਆਂ। ਜੇ ਦੋਵਾਂ ਦਾ ਗੈਪ ਦੇਖਦੇ ਹਾਂ ਤਾਂ ਰੈਵੇਨਿਊ ਰਿਸੀਟਸ ਹਨ, ਉਹ ਸਾਲ 2017-18 ਤੋਂ ਲੈ ਕੇ 2022-23 ਤੱਕ ਛੇ ਸਾਲਾਂ ਦੀਆਂ 35,165 ਕਰੋੜ ਦੀਆਂ ਵਧਦੀਆਂ ਹਨ ਅਤੇ ਰੈਵੇਨਿਊ ਐਕਸਪੈਂਡੀਚਰ 55,008 ਕਰੋੜ ਰੁਪਏ ਦੇ ਵੱਧ ਜਾਂਦੇ ਹਨ। ਐਫ.ਐਮ. ਸਾਹਿਬ ਨੇ ਠੀਕ ਕਿਹਾ ਹੈ ਕਿ ਰੈਵੇਨਿਊ ਡੈਫੀਸਿਟ 1.2% ਤੇ ਆ ਗਿਆ ਹੈ ਅਤੇ ਇਹ ਘਟਾ ਕੇ 7,712 ਕਰੋੜ ਰੁਪਏ ਤੇ ਲੈ ਆਏ ਹਨ ਪਰ ਇਨ੍ਹਾਂ ਦੀਆਂ ਫਿੱਗਰਜ਼ ਮੁਤਾਬਕ ਇਹ ਅਗਲੇ ਸਾਲ ਵੱਧ ਕੇ 17,569 ਕਰੋੜ ਰੁਪਏ ਅਤੇ ਸਾਲ 2022-23 ਤੱਕ 29,298 ਕਰੋੜ ਰੁਪਏ ਹੋ ਜਾਣਾ ਹੈ ਜੋ ਕਿ 3.86% ਬਣ ਜਾਂਦਾ ਹੈ ਪ੍ਰੰਤੂ ਐਫ.ਆਰ.ਬੀ.ਐਮ. ਐਕਟ ਦੇ ਮੁਤਾਬਕ ਇਹ ਜ਼ੀਰੋ ਚਾਹੀਦਾ ਹੈ। ਜੇ ਅਗਲੇ ਦੋ ਸਾਲਾਂ ਬਾਅਦ ਸਾਰੇ ਮੁਲਕ ਵਿਚੋਂ ਇਹ ਕਿਤੇ ਹਾਈਐਸਟ ਹੋਵੇਗਾ ਤਾਂ ਉਹ ਪੰਜਾਬ ਦਾ ਹੋਵੇਗਾ।

[ਸ਼੍ਰੀ ਅਮਨ ਅਰੋੜਾ]

ਸਪੀਕਰ ਸਾਹਿਬ, ਅਗਲੀ ਫਿੱਗਰ ਤੇ ਆ ਜਾਓ ਜੀ। ਕੈਪੀਟਲ ਐਕਸਪੈਂਡੀਚਰਜ਼ ਹਰ ਸਾਲ ਘੱਟ ਰਹੇ ਹਨ। ਬਜਟ ਵਿੱਚ ਸ਼ੋਅ ਹੋ ਰਿਹਾ। ਕਿ ਆਉਣ ਵਾਲੇ ਫਿਸਕਲ ਸਾਲ ਵਿਚ 10,280 ਕਰੋੜ ਰੁਪਏ ਵਧਾਉਣੇ ਪ੍ਰਪੋਜ਼ਡ ਹਨ ਅਤੇ ਦੋ ਸਾਲਾਂ ਬਾਅਦ ਉਹ 9,349 ਕਰੋੜ ਰੁਪਏ ਰਹਿ ਜਾਣੇ ਹਨ। ਸਰ, ਫਿਸਕਲ ਡੈਫੀਸਿਟ ਬਾਰੇ ਬੜੇ ਜ਼ੋਰਾਂ-ਸ਼ੋਰਾਂ ਨਾਲ ਗੱਲ ਕੀਤੀ ਜਾਂਦੀ ਹੈ ਕਿ ਅਸੀਂ ਉਹ ਘਟਾ ਲਿਆ ਹੈ। ਸਰ, 18,828 ਕਰੋੜ ਰੁਪਏ ਦੀ ਫਿਗਰ ਇਸ ਸਾਲ ਦੀ ਦਿੱਤੀ ਗਈ ਹੈ ਜਿਹੜਾ 39,837 ਕਰੋੜ ਰੁਪਿਆ ਹੋ ਜਾਣਾ ਹੈ ਜੋ ਕਿ 5.25% ਬਣੇਗਾ। ਐਫ.ਐਮ. ਸਾਹਿਬ ਆਪ ਦੱਸ ਰਹੇ ਸੀ ਐਫ.ਆਰ.ਬੀ.ਐਮ. ਐਕਟ ਕਹਿੰਦਾ ਹੈ ਕਿ ਉਹ ਵਿਦਇਨ 3% ਦੀ ਲਿਮਟ ਹੋਣਾ ਚਾਹੀਦਾ ਹੈ। ਮੁਲਕ ਵਿੱਚ ਦੋ ਸਾਲਾਂ ਬਾਅਦ ਜੇ ਸਭ ਤੋਂ ਵੱਧ ਕਿਤੇ ਰੈਵੇਨਿਊ ਡੈਫੀਸਿਟ ਅਤੇ ਫਿਸਕਲ ਡੈਫੀਸਿਟ ਹੋਵੇਗਾ ਤਾਂ ਉਹ ਪੰਜਾਬ ਦਾ ਹੋਵੇਗਾ ਜੀ।

ਸਪੀਕਰ ਸਾਹਿਬ, ਹੁਣ ਇਸ ਤੋਂ ਅਗਲੀ ਗੱਲ, ਜੀ.ਐਸ.ਡੀ.ਪੀ. ਤੇ ਆ ਜਾਈਏ। ਸਰ, ਇੱਕ ਬੜੀ ਇੰਟਰਸਟਿੰਗ ਫਿੱਗਰ ਸਰਕਾਰ ਵਲੋਂ ਕਲੇਮ ਕੀਤੀ ਜਾਂਦੀ ਹੈ ਕਿ ਅਸੀਂ 58,000 ਕਰੋੜ ਰੁਪਏ ਦੀ ਇਨਵੈਸਟਮੈਂਟ ਲੈ ਕੇ ਆ ਗਏ ਹਾਂ ਅਤੇ ਉਹ ਚਾਲੂ ਹੈ। ਸਰ, ਸਾਲ 2012-13 ਵਿਚ ਆਊਟਸਟੈਂਡਿੰਗ ਜੀ.ਐਸ.ਡੀ.ਪੀ. 4,78,000 ਕਰੋੜ ਰੁਪਏ ਸੀ ਜਿਹੜਾ ਕਿ ਹੁਣ 6,44,326 ਕਰੋੜ ਰੁਪਏ ਹੈ ਅਤੇ ਦੋ ਸਾਲਾਂ ਬਾਅਦ ਇਹ 5,78,645 ਕਰੋੜ ਰੁਪਏ ਹੋ ਜਾਣਾ ਹੈ। ਸਰ, ਅਲਟੀਮੇਟਲੀ ਤਕਰੀਬਨ 40,000-50,000 ਕਰੋੜ ਰੁਪਏ ਜੀ.ਐਸ.ਡੀ.ਪੀ. ਹਰ ਸਾਲ on an average ਵੱਧ ਰਿਹਾ ਹੈ। ਹੁਣ ਜਿਹੜੀ ਆਪਾਂ 58,000 ਕਰੋੜ ਰੁਪਏ ਦੀ ਫਿੱਗਰ ਦੀ ਗੱਲ ਕੀਤੀ ਹੈ ਕਿ ਸਾਡੇ ਕੋਲ ਇਨਵੈਸਟਮੈਂਟ ਆ ਚੁੱਕੀ ਹੈ, ਸਰ, ਮੇਰਾ ਇਸ ਫਿੱਗਰ ਦੇ ਉਤੇ ਵੀ ਕੁਐਸਚਨ ਮਾਰਕ ਹੈ। ਇਸ ਦੇ ਤਿੰਨ ਕਾਰਨ ਹਨ। ਨੰਬਰ ਇੱਕ, ਜਦੋਂ ਤੁਸੀਂ 58,000 ਕਰੋੜ ਰੁਪਏ ਦੀ ਗੱਲ ਕਰਦੇ ਹੋ ਤਾਂ ਉਸ ਦੇ ਜਿਹੜੇ ਇਨਸੈਂਟਿਵ ਹਨ, ਤਕਰੀਬਨ ਤਕਰੀਬਨ ਜਿਹੜੇ ਰੈਵੇਨਿਊ ਰਿਸੀਟਸ ਹਨ, ਉਹ ਡਿਕਰੀਜ਼ ਹੋ ਰਹੇ ਹਨ, ਜੇ ਅਲਟੀਮੇਟਲੀ 58,000 ਕਰੋੜ ਰੁਪਏ ਦੀ ਇੰਡਸਟਰੀ ਲੱਗ ਰਹੀ ਹੈ ਤਾਂ ਰੈਵੇਨਿਊ ਰਿਸੀਟਸ ਵੀ ਤਾਂ ਵਧਣੀਆਂ ਚਾਹੀਦੀਆਂ ਹਨ, ਉਹ ਇਸ ਵਿਚ ਕਿਤੇ ਸ਼ੋਅ ਨਹੀਂ ਹੋ ਰਿਹਾ। ਸਰ, ਹੁਣ ਮੈਂ ਕੈਪੀਟਲ

ਸਬਸਿਡੀ ਦੀ ਗੱਲ ਕਰਦਾ ਹਾਂ। ਜਿਹੜੀ ਨਵੀਂ ਇੰਡਸਟਰੀਅਲ ਪਾਲਿਸੀ ਲਾਗੂ ਕੀਤੀ ਗਈ ਹੈ, ਉਸ ਵਿਚ 70% ਤੋਂ 100% ਕੈਪੀਟਲ ਸਬਸਿਡੀ ਹੈ, ਯਾਨੀ ਕਿ ਤੁਸੀਂ 58,000 ਕਰੋੜ ਰੁਪਿਆ ਵਾਪਸ ਦੇਣਾ ਹੈ। ਮੈਨੂੰ ਉਸ ਦੀ ਪ੍ਰੋਵੀਜ਼ਨ ਵੀ ਕਿਤੇ ਨਜ਼ਰ ਨਹੀਂ ਆਈ। ਸਰ, ਇਸੇ ਤਰੀਕੇ ਨਾਲ ਜਿਹੜੇ ਇੰਡਸਟਰੀ ਦੇ ਐਕਸਪਰਟਸ ਹਨ, ਉਹ ਕਹਿੰਦੇ ਹਨ ਕਿ ਜਿੰਨੀ ਇਨਵੈਸਟਮੈਂਟ ਹੁੰਦੀ ਹੈ, ਉਸ ਦੇ ਆਲਮੋਸਟ 5% ਦਾ ਜੀ.ਐਸ.ਡੀ.ਪੀ. ਦੇ ਵਿਚ ਇਫੈਕਟ ਸ਼ੋਅ ਹੋਣਾ ਚਾਹੀਦਾ ਹੈ। ਯਾਨੀ ਕਿ 58,000 ਕਰੋੜ ਰੁਪਏ ਵਿਚੋਂ ਤਕਰੀਬਨ ਤਕਰੀਬਨ 3 ਲੱਖ ਕਰੋੜ ਰੁਪਏ ਦੀ ਜੀ.ਐਸ.ਡੀ.ਪੀ. ਦੇ ਵਿਚ ਰਿਫੈਲਕਸ਼ਨ ਹੋਣੀ ਚਾਹੀਦੀ ਸੀ ਪਰ ਇਨ੍ਹਾਂ ਫਿਗਰਾਂ ਵਿਚ ਉਹੀ ਮਹਿਜ਼ 40,000 ਕਰੋੜ ਤੋਂ 50,000 ਕਰੋੜ ਰੁਪਿਆ ਹੀ ਵੱਧ ਰਿਹਾ ਹੈ । ਸਰ, ਇਨ੍ਹਾਂ ਦੀਆਂ ਆਪਣੀਆਂ ਫਿੱਗਰਾਂ ਹੀ ਬੋਲਦੀਆਂ ਹਨ। ਜੇ ਮੈਂ ਹੁਣ ਸਾਲ 2019-20 ਦੀ ਗੱਲ ਕਰਾਂ, 90,039 ਕਰੋੜ ਰੁਪਏ ਤੋਂ 88,050 ਕਰੋੜ ਰੁਪਏ ਅਸੀਂ ਬਜਟਿਡ ਕੀਤੇ ਹਨ। ਅਸੀਂ ਆਪ ਹੀ ਮੰਨ ਰਹੇ ਹਾਂ, ਅਸੀਂ ਹੋਪਲੈੱਸ ਹੋਏ ਪਏ ਹਾਂ ਅਤੇ ਨਾ ਉਮੀਦ ਹੋ ਗਏ ਕਿ ਇਹ ਰਿਸੀਟਸ ਵਧਣੀਆਂ ਨਹੀਂ ਸਗੋਂ ਘਟਣੀਆਂ ਹਨ। Borrowings ਕਰਜ਼ਾ ਇਸ ਵਾਰੀ 58,947 ਕਰੋੜ ਰੁਪਿਆ ਲਿਆ ਹੈ, ਅਸੀਂ ਆਪ ਮੰਨ ਰਹੇ ਹਾਂ ਕਿ ਸਾਨੂੰ 64,998 ਕਰੋੜ ਰੁਪਏ ਦਾ ਕਰਜ਼ਾ ਲੈਣਾ ਪਵੇਗਾ। ਸਰ, ਇਸੇ ਪ੍ਰਕਾਰ ਕੈਪੀਟਲ ਐਕਸਪੈਂਡੀਚਰ 65,095 ਕਰੋੜ ਰੁਪਏ ਤੋਂ ਘੱਟ ਕੇ, ਕੈਪੀਟਲ ਮੀਨਜ਼ ਐਸੇਟਸ ਕਰੀਏਸ਼ਨ ਵਾਸਤੇ, ਸਰ, ਉਹ 59,000 ਕਰੋੜ ਰੁਪਏ ਹੋ ਜਾਣਾ ਹੈ ਅਤੇ ਜਿਹੜਾ ਰੈਵੇਨਿਊ ਐਕਸਪੈਂਡੀਚਰ ਹੈ, ਉਹ 86,602 ਕਰੋੜ ਰੁਪਏ ਤੋਂ 95,716 ਕਰੋੜ ਰੁਪਏ ਹੋ ਜਾਣਾ ਹੈ। ਸਰ, ਇਹ ਇਨ੍ਹਾਂ ਦੀਆਂ ਆਪਣੀਆਂ ਫਿਗਰਜ਼ ਹਨ। ਇਸ ਤੋਂ ਨਾ-ਉਮੀਦੀ ਤੇ ਨਮੋਸ਼ੀ ਸਾਫ ਝਲਕਦੀ ਹੈ।

ਸਪੀਕਰ ਸਾਹਿਬ, ਬਦਕਿਸਮਤੀ ਨਾਲ ਹੋ ਕੀ ਰਿਹਾ ਹੈ। ਸਦਨ ਵਿਚ ਪਾਰਟੀਬਾਜ਼ੀ ਦੀ ਗੱਲ ਹੁੰਦੀ ਹੈ। ਪਿਛਲੀਆਂ ਸਰਕਾਰਾਂ ਦੇ 10 ਸਾਲਾਂ ਨਾਲ ਕੰਪੈਰੀਜ਼ਨ ਕੀਤਾ ਜਾਂਦਾ ਹੈ। ਅੱਜ ਮੁੱਖ ਮੰਤਰੀ ਜੀ ਵੀ ਬੈਠੇ ਹਨ। ਅੱਜ ਆਪਾਂ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਪੰਜਾਬ ਦਾ ਕੰਪੈਰੀਜ਼ਨ ਪਿਛਲੀਆਂ ਪੁਲੀਟੀਕਲ ਪਾਰਟੀਆਂ ਨਾਲ ਕਰਨ ਦੀ ਬਜਾਏ ਦੇਸ਼ ਦੀਆਂ ਬਾਕੀ ਸਟੇਟਾਂ ਨਾਲ ਕਰੀਏ। ਜਦੋਂ ਆਪਾਂ ਕੈਪੀਟਲ ਐਕਸਪੈਂਡੀਚਰ ਦੀ ਗੱਲ ਕਰਦੇ ਹਾਂ ਤਾਂ ਐਜੂਕੇਸ਼ਨ ਤੇ ਨੈਸ਼ਨਲ ਐਵਰੇਜ 16 ਫੀਸਦੀ

[ਸ਼੍ਰੀ ਅਮਨ ਅਰੋੜਾ]

ਹੈ ਤੇ ਪੰਜਾਬ ਦੀ ਮਹਿਜ਼ 12 ਫੀਸਦੀ ਹੈ, ਹੈਲਥ ਦੀ ਨੈਸ਼ਨਲ ਐਵਰੇਜ 5.3% ਹੈ ਤੇ ਪੰਜਾਬ ਦੀ 4.2% ਹੈ, ਰੂਰਲ ਡਿਵੈਲਪਮੈਂਟ ਤੇ ਨੈਸ਼ਨਲ ਐਵਰੇਜ 6% ਹੈ ਅਤੇ ਸਾਡੀ 1 ਫੀਸਦੀ ਹੈ, ਅਰਬਨ ਡਿਵੈਲਪਮੈਂਟ ਦੀ ਨੈਸ਼ਨਲ ਐਵਰੇਜ 3.1%ਹੈ ਅਤੇ ਸਾਡੀ 0.9 ਫੀਸਦੀ ਹੈ। ਰੋਡਜ਼ ਦੀ ਨੈਸ਼ਨਲ ਐਵਰੇਜ 4.6% ਹੈ ਅਤੇ ਸਾਡੀ 1.6%ਹੈ। ਵਾਟਰ ਸਪਲਾਈ ਦੀ ਨੈਸ਼ਨਲ ਐਵਰੇਜ 2.1% ਹੈ ਅਤੇ ਸਾਡੀ 1.3% ਹੈ। ਐਸ.ਸੀ/ਐਸ.ਟੀ. ਵਾਸਤੇ ਨੈਸ਼ਨਲ ਐਵਰੇਜ 2.7 ਫੀਸਦੀ ਹੈ ਅਤੇ ਸਾਡੀ .9 ਫੀਸਦੀ ਹੈ। ਇਸੇ ਤਰੀਕੇ ਨਾਲ ਪੰਜਾਬ ਵਿਚ ਜਿਹੜਾ ਬਜਟ ਦਾ ਕੈਪੀਟਲ ਆਊਂਟ ਲੇਅ ਹੈ, ਉਹ ਬਾਕੀ ਸੂਬਿਆਂ ਦੇ ਮੁਕਾਬਲੇ 38 ਫੀਸਦੀ ਲੈੱਸ ਆਉਂਦਾ ਹੈ। Spending on committed expenditure on salaries and pension interest ਦੀ ਨੈਸ਼ਨਲ ਐਵਰੇਜ 50 ਫੀਸਦੀ ਹੈ ਅਤੇ ਸਾਡੀ 82 ਫੀਸਦੀ ਹੈ। Spending on development of Health, Education and Social Sector ਦੀ ਨੈਸ਼ਨਲ ਐਵਰੇਜ 63 ਫੀਸਦੀ ਹੈ ਅਤੇ ਸਾਡੀ 48 ਫੀਸਦੀ ਹੈ। ਹਿਊਮਨ ਡਿਵੈਲਪਮੈਂਟ ਤੇ ਟੋਟਲ ਐਕਸਪੈਂਡੀਚਰ ਦੀ ਨੈਸ਼ਨਲ ਐਵਰੇਜ 24 ਫੀਸਦੀ ਹੈ ਅਤੇ ਸਾਡੀ 19 ਫੀਸਦੀ ਹੈ। ਡੈੱਟ ਸਰਵਿਸਿੰਗ ਦੀ ਗੱਲ ਕਰੀਏ ਤਾਂ percentage of receipts ਦੀ ਨੈਸ਼ਨਲ ਐਵਰੇਜ 23 ਫੀਸਦੀ ਅਤੇ ਸਾਡਾ 84 ਫੀਸਦੀ ਹੈ। Sir, basically it should be around 10 %. ਨੈਸ਼ਨਲ ਲਾਇਬਿਲਟੀਜ਼ 39.9 ਫੀਸਦੀ ਹਨ, when we compare it with GSDP. ਸਾਡੀਆਂ 20 ਫੀਸਦੀ ਦੇ ਆਸ-ਪਾਸ ਹੋਣੀਆਂ ਚਾਹੀਦੀਆਂ ਹਨ ਪਰ ਸਾਡਾ 40 ਫੀਸਦੀ ਹੈ।

**ਮਾਨਯੋਗ ਸਪੀਕਰ :** ਦੋ ਮਿੰਟ ਰਹਿ ਗਏ ਹਨ।

**ਸ਼੍ਰੀ ਅਮਨ ਅਰੋੜਾ :** ਸਰ, ਬੱਸ ਦੋ ਮਿੰਟ ਹੀ ਲਵਾਂਗਾ ਜੀ। ਮੈਂ ਕਨਕਲੂਡ ਕਰਦਾ ਹਾਂ। ਮੈਂ ਮੁੱਖ ਮੰਤਰੀ ਜੀ ਤੋਂ ਮੁਆਫੀ ਵੀ ਮੰਗਣਾ ਚਾਹਾਂਗਾ, ਜਦੋਂ ਇਨ੍ਹਾਂ ਨੇ ਕਿਹਾ ਸੀ ਕਿ ਅਸੀਂ 5500 ਸਮਾਰਟ ਸਕੂਲ ਬਣਾ ਦਿੱਤੇ ਹਨ, ਅਸੀਂ ਉਸ ਵੇਲੇ ਹੱਸੇ ਵੀ ਸੀ ਅਤੇ ਮਜ਼ਾਕ ਵੀ ਉਡਾਇਆ ਸੀ ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਮੰਨਦੇ ਹਾਂ ਕਿ ਪੰਜਾਬ ਵਿਚ 5500 ਸਮਾਰਟ ਸਕੂਲ ਬਣੇ ਹਨ ਪਰ ਉਹ ਕਿਵੇਂ ਬਣੇ ਹਨ? Sir more than 5500 primary, middle and high schools have been transformed into smart schools with the help of CSR, NGOs, NRIs, Charitable Institutions, individual contributions. ਮੈਂ ਵੀ ਆਪਣੇ ਹਲਕੇ ਵਿਚ 80 ਸਮਾਰਟ ਸਕੂਲ ਬਣਾਏ ਹਨ ਅਤੇ ਮੇਰੇ ਵਾਲੇ ਵੀ ਇਨ੍ਹਾਂ ਨੇ ਆਪਣੇ ਖਾਤੇ ਵਿਚ ਗਿਣ ਲਏ ਹਨ।

ਇੱਥੇ ਕਿਹਾ ਗਿਆ ਕਿ ਪੀ.ਐਸ.ਪੀ.ਸੀ.ਐਲ. 80 ਕਰੋੜ ਦੇ ਮੁਨਾਫੇ ਵਿਚ ਆ ਗਿਆ ਪਰ ਵਿੱਤ ਮੰਤਰੀ ਜੀ ਇਹ ਦੱਸਣਾ ਭੁੱਲ ਗਏ ਕਿ ਸਾਢੇ 32 ਹਜ਼ਾਰ ਕਰੋੜ ਦੀ ਪੀ.ਐਸ.ਪੀ.ਸੀ.ਐਲ. ਤੇ ਲਾਇਬਿਲਟੀ ਖੜ੍ਹੀ ਹੈ। ਇਸੇ ਤਰ੍ਹਾਂ ਕਿਹਾ ਗਿਆ ਕਿ ਟੀ.ਐਨ.ਡੀ. ਲੌਸਿਜ਼ 12.4% ਆ ਗਏ ਪਰ ਸ਼ਾਇਦ ਇਹ ਦੱਸਣਾ ਭੁੱਲ ਗਏ ਕਿ ਰੈਗੂਲੇਟਰੀ ਕਮਿਸ਼ਨ ਨੇ ਪੀ.ਐਸ.ਪੀ.ਸੀ.ਐਲ. ਨੂੰ ਗਲਤ ਰਿਪੋਰਟਿੰਗ ਵਾਸਤੇ 495 ਕਰੋੜ ਜੁਰਮਾਨਾ ਲਾਇਆ ਹੈ ਤੇ ਉਨ੍ਹਾਂ ਨੇ ਕਿਹਾ ਹੈ ਕਿ 13.68% ਨਹੀਂ 16.34% ਟੀ.ਐਨ.ਡੀ. ਲੌਸਿਜ਼ ਹਨ। ਸਪੀਕਰ ਸਾਹਿਬ, ਜਿਹੜਾ ਡੈੱਟ ਹੈ, ਇਸ ਬਾਰੇ ਇਹ ਲੰਬੇ ਸਮੇਂ ਤੋਂ ਕਹਿੰਦੇ ਆ ਰਹੇ ਹਨ ਕਿ ਇਨ੍ਹਾਂ (ਸ਼੍ਰੋਮਣੀ ਅਕਾਲੀ ਦਲ ਬੈਂਚਿਜ਼ਾ ਵੱਲ ਇਸ਼ਾਰਾ) ਨੇ 10 ਸਾਲਾਂ ਵਿਚ 1 ਲੱਖ 30 ਹਜ਼ਾਰ ਕਰੋੜ ਕਰਜ਼ਾ ਚੜ੍ਹਾ ਦਿੱਤਾ, ਇਹ ਮੰਨ ਲਿਆ, ਇਸੇ ਕਰਕੇ ਇਹ ਇੱਧਰ ਬੈਠੇ ਹਨ। ਵਿੱਤ ਮੰਤਰੀ ਜੀ ਫਾਈਨਾਂਸ ਕਮਿਸ਼ਨ ਨੂੰ ਜਿਹੜੀ ਰਿਪੋਰਟ ਦੇ ਕੇ ਆਏ ਹਨ, ਉਸ financial statement ਵਿੱਚ ਇਨ੍ਹਾਂ ਨੇ ਕਿਹਾ ਹੈ ਕਿ 2022-23 ਵਿਚ ਡੈੱਟ 2 ਲੱਖ 91 ਹਜ਼ਾਰ 685 ਕਰੋੜ ਹੋ ਜਾਵੇਗਾ। 2017-18 ਤੋਂ ਲੈ ਕੇ 2022-23 ਤੱਕ 97 ਹਜ਼ਾਰ ਕਰੋੜ ਨਵਾਂ ਕਰਜ਼ਾ ਚੜ੍ਹ ਰਿਹਾ ਹੈ।

**ਮਾਨਯੋਗ ਸਪੀਕਰ :** ਅਮਨ ਜੀ, ਹੁਣ ਵਾਈਂਡ ਅੱਪ ਕਰੋ।

**ਸ਼੍ਰੀ ਅਮਨ ਅਰੋੜਾ :** ਸਰ, ਵਾਈਂਡ ਅੱਪ ਹੀ ਕਰਨ ਲੱਗਿਆ ਹਾਂ। ਜਿਹੜੀ ਜੀ.ਐਸ.ਟੀ. ਦੀ ਰਿਜ਼ੀਮ ਹੈ, ਉਹ 2022 ਵਿੱਚ ਖਤਮ ਹੋ ਜਾਣੀ ਹੈ ਫਿਰ ਅਸੀਂ 2022 ਤੋਂ ਬਾਅਦ ਕਿਸ ਕੋਲ ਕਟੋਰਾ ਲੈ ਕੇ ਜਾਵਾਂਗੇ। ਇਹ ਮਾਫੀਆ ਚੱਲ ਰਿਹਾ ਹੈ। ਮੇਰੇ ਵੀਰ ਰਾਜਾ ਜੀ ਹੋਰੀਂ ਵੀ ਕਹਿ ਕੇ ਗਏ ਹਨ। ਜਿਹੜਾ ਮਾਫੀਆ ਚੱਲ ਰਿਹਾ ਹੈ, ਉਸ ਤੇ ਕੰਟਰੋਲ ਕਰਨਾ ਪਵੇਗਾ। ਚੀਰਾ ਤਾਂ ਮਾਫੀਆ ਤੇ ਦੇਣਾ ਪਵੇਗਾ, ਚਾਹੇ ਟਰਾਂਸਪੋਰਟ ਮਾਫੀਆ ਹੈ, ਚਾਹੇ ਮਾਈਨਿੰਗ ਮਾਫੀਆ ਹੈ ਕਿਉਂਕਿ 25 ਹਜ਼ਾਰ ਕਰੋੜ ਰੁਪਿਆ ਹਰ ਸਾਲ ਮਾਫੀਆ ਕੋਲ ਚਲਾ ਜਾਂਦਾ ਹੈ। ਸਪੀਕਰ ਸਾਹਿਬ, ਵਿਧਾਨ ਸਭਾ ਦੀ 16 ਜੂਨ, 2017 ਦੀ ਡਿਬੇਟ ਵਿੱਚੋਂ ਮੈਂ ਸਟੇਟਮੈਂਟ ਪੜ੍ਹ ਕੇ ਸੁਣਾਉਂਦਾ ਹਾਂ "ਅਸੀਂ ਸਦਨ ਨੂੰ ਹੋਰ complication ਵਿੱਚ ਨਹੀਂ ਪਾਉਣਾ ਚਾਹੁੰਦੇ ਜੇਕਰ complications ਖੜ੍ਹੀਆਂ ਕਰਨੀਆਂ ਚਾਹੁੰਦੇ ਹੁੰਦੇ ਤਾਂ 10 ਸਫਿਆਂ ਦੀ ਮੇਰੇ ਕੋਲ ਲਿਸਟ ਹੈ ਜਿਸ ਵਿੱਚ ਸਾਰਿਆਂ ਦੇ ਨਾਮ ਹਨ, ਜਿਨ੍ਹਾਂ ਨੇ ਰੇਤੇ ਦੀਆਂ ਖੱਡਾਂ ਲਈਆਂ ਹੋਈਆਂ ਹਨ। ਮੈਂ ਇੱਕ

[ਸ਼੍ਰੀ ਅਮਨ ਅਰੋੜਾ]

ਮਿੰਟ ਵਿੱਚ ਇਨ੍ਹਾਂ ਸਾਰਿਆਂ ਦਾ ਨਾਮ ਲੈ ਸਕਦਾ ਹਾਂ। ਸਪੀਕਰ ਸਾਹਿਬ, ਇਨ੍ਹਾਂ ਨੇ ਰੇਤੇ ਦੀਆਂ ਖੱਡਾਂ ਵਿੱਚੋਂ ਰੇਤਾ ਕੱਢਣਾ ਹੈ, ਕੱਢੀ ਜਾਣ ਦਿਓ" ਸਰ, ਇਹ ਸਟੇਟਮੈਂਟ ਕਿਸੇ ਹੋਰ ਦੀ ਨਹੀਂ ਹੈ, ਇਹ ਮਾਨਯੋਗ ਸੀ.ਐਮ ਸਾਹਿਬ ਦੀ ਹੈ। ਇਨ੍ਹਾਂ ਨੇ ਇਹ ਅਕਾਲੀ ਦਲ ਵਾਲਿਆਂ ਨੂੰ ਕਿਹਾ ਸੀ ਜਦੋਂ ਇਹ ਵੈੱਲ ਆਫ ਦਿ ਹਾਊਸ ਦੇ ਵਿੱਚ ਖੜ੍ਹੇ ਹੋ ਕੇ ਰੌਲਾ ਪਾ ਰਹੇ ਸਨ। ਇਸ ਤੋਂ ਬਾਅਦ ਇਹ ਸਾਰੇ ਦੇ ਸਾਰੇ ਵੈੱਲ ਆਫ ਦਿ ਹਾਊਸ ਵਿੱਚੋਂ ਵਾਪਸ ਚਲੇ ਗਏ। ਮੈਂ ਤੁਹਾਨੂੰ ਹੱਥ ਜੋੜ ਕੇ ਇਹ ਬੇਨਤੀ ਕਰਾਂਗਾ ਕਿ ਸੀ.ਐਮ ਸਾਹਿਬ ਮੇਰੇ ਫਾਦਰਲੀ ਫਿੱਗਰ ਹਨ। ਮੈਂ ਬਹੁਤ ਸਾਲ ਇਨ੍ਹਾਂ ਦੇ ਨਾਲ ਕੰਮ ਕੀਤਾ ਹੈ। ਜਦੋਂ ਇਨ੍ਹਾਂ ਦੀ ਸ਼ਾਨ ਦੇ ਖਿਲਾਫ ਪੰਜਾਬ ਦੇ ਵਿੱਚ ਕੁਝ ਬੋਲਿਆ ਜਾਂਦਾ ਹੈ ਤਾਂ ਸਾਨੂੰ ਬੜੀ ਤਕਲੀਫ ਹੁੰਦੀ ਹੈ ਕਿਉਂਕਿ ਇਹ ਇਕੱਲੇ ਕਾਂਗਰਸ ਦੇ ਸੀ.ਐਮ ਨਹੀਂ ਹਨ, ਇਹ ਸਾਡੇ ਵੀ ਸੀ.ਐਮ. ਹਨ ਪਰ ਸਵਾਲ ਇਹ ਹੈ ਕਿ ਤੁਹਾਡੀਆਂ ਡਿਬੇਟਾਂ ਦੇ ਵਿੱਚ ਲਿਖਿਆ ਹੋਇਆ ਹੈ ਅਤੇ ਸੀ.ਐਮ ਸਾਹਿਬ ਦੁਆਰਾ ਕਿਹਾ ਗਿਆ ਹੈ। ਕਿ ਤਿੰਨ ਸਾਲਾਂ ਦੀ ਇਨ੍ਹਾਂ ਕੋਲ ਲਿਸਟ ਹੈ ਕਿ ਕਿਹੜੇ ਕਿਹੜੇ ਖੱਡਾਂ ਚਲਾਉਂਦੇ ਹਨ। ਜੇ ਸੀ.ਐਮ ਸਾਹਿਬ ਦੀ ਇਜਾਜ਼ਤ ਨਾਲ ਮਾਫੀਆ ਚੱਲ ਰਿਹਾ ਹੈ, ਖੱਡਾਂ ਚੱਲ ਰਹੀਆਂ ਹਨ ਫਿਰ ਇਸ ਤੋਂ ਜ਼ਿਆਦਾ unfortunate ਕੀ ਹੋ ਸਕਦਾ ਹੈ। ਮੈਂ ਹੁਣ ਇੰਨਾ ਹੀ ਕਹਿਣਾ ਚਾਹਾਂਗਾ ਕਿ-

"तू इधर-उधर की बात न कर, ये बता काफिला क्यों लुटा,
मुझे रहबरों से गिला नहीं, तेरी रहिबरी का सवाल है।"

ਬਹੁਤ-ਬਹੁਤ ਧੰਨਵਾਦ।

**ਸ਼੍ਰੀ ਦਲਵੀਰ ਸਿੰਘ ਗੋਲਡੀ (ਧੂਰੀ):** ਸਪੀਕਰ ਸਾਹਿਬ, ਧੰਨਵਾਦ, ਤੁਸੀਂ ਚੌਥੇ ਬਜਟ ਤੇ ਮੈਨੂੰ ਬੋਲਣ ਦੀ ਇਜਾਜ਼ਤ ਦਿੱਤੀ। ਆਪਾਂ ਸਾਰੇ ਜਾਣਦੇ ਹਾਂ ਕਿ ਕੈਪਟਨ ਅਮਰਿੰਦਰ ਸਿੰਘ ਜੀ ਦੀ ਕਿੰਨੀ ਦੂਰ-ਅੰਦੇਸ਼ ਸੋਚ ਹੈ, ਉਹ ਉਸ ਉੱਪਰ ਕੰਮ ਕਰ ਰਹੇ ਹਨ ਅਤੇ ਸਾਡੇ ਬਹੁਤ ਹੀ ਸੂਝਵਾਨ ਵਿੱਤ ਮੰਤਰੀ, ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ, ਦੋਨਾਂ ਦਾ ਮੈਂ ਧੰਨਵਾਦ ਕਰਨਾ ਚਾਹੁੰਦਾ ਹਾਂ ਕਿਉਂਕਿ ਜਿਹੋ ਜਿਹੇ ਹਾਲਾਤਾਂ ਵਿੱਚ ਪੰਜਾਬ ਨੂੰ ਇਨ੍ਹਾਂ ਨੇ (ਸ਼੍ਰੋਮਣੀ ਅਕਾਲੀ ਦਲ ਬੈਂਚਿਜ਼ ਵੱਲ ਇਸ਼ਾਰਾ) ਛੱਡਿਆ ਸੀ, ਉਥੋਂ ਪੰਜਾਬ ਨੂੰ ਦੁਬਾਰਾ ਮੁੜ ਪੈਰਾਂ ਸਿਰ ਕਰਨਾ ਸਾਡੇ ਲਈ ਬੜੀ ਚੈਲੰਜ ਵਾਲੀ ਗੱਲ ਸੀ। ਇਸ ਦੇ ਲਈ ਮੈਂ ਮੁੱਖ ਮੰਤਰੀ ਸਾਹਿਬ, ਵਿੱਤ ਮੰਤਰੀ ਸਾਹਿਬ ਅਤੇ ਸਾਡੀ ਸਾਰੀ ਕੈਬਨਿਟ ਨੂੰ ਵਧਾਈ ਦਾ ਪਾਤਰ ਮੰਨਦਾ ਹਾਂ। ਸਰਦਾਰ ਮਨਪ੍ਰੀਤ ਸਿੰਘ ਜੀ, ਤੁਸੀਂ

ਇਹ ਨਾ ਸੋਚਿਓ ਕਿ ਵਿਰੋਧੀ ਕੀ ਕਹਿ ਰਹੇ ਹਨ? ਵਿਰੋਧੀਆਂ ਦਾ ਅਕਸਰ ਕੰਮ ਹੀ ਵਿਰੋਧ ਕਰਨਾ ਹੁੰਦਾ ਹੈ। ਤੁਹਾਡੇ ਪੱਖ ਦੇ ਵਿੱਚ ਤੇ ਮੁੱਖ ਮੰਤਰੀ ਸਾਹਿਬ ਦੇ ਪੱਖ ਦੇ ਵਿੱਚ ਮੈਂ ਦੋ ਲਾਈਨਾਂ ਕਹਿਣਾ ਚਾਹੁੰਦਾ ਹਾਂ ਕਿ "मैं अपने खिलाफ बातें बड़ी खामोशी से सुनता हूं, जवाब देने का जिम्मा मैंने वक्त पे छोड़ रखा है।" ਕਿਉਂਕਿ ਤੁਸੀਂ ਤਿੰਨ ਸਾਲ ਪਹਿਲਾਂ ਜਿਹੜੀ ਸਦਨ ਵਿੱਚ ਖੜ੍ਹ ਕੇ ਗੱਲ ਕੀਤੀ ਸੀ ਕਿ ਇੱਕ ਇੱਕ ਇੱਟ ਇਸ ਸਦਨ ਦੀ ਗਵਾਹ ਹੋਵੇਗੀ, ਜਦੋਂ ਮੈਂ ਚੌਥਾ ਬਜਟ ਪੇਸ਼ ਕਰਾਂਗਾ। ਮੈਂ ਪੰਜਾਬ ਨੂੰ ਉਸ ਪੁਜ਼ੀਸ਼ਨ ਤੇ ਦੁਬਾਰਾ ਲੈ ਕੇ ਜਾਵਾਂਗਾ ਜਿਸ ਤੇ ਕਿਸੇ ਟਾਈਮ ਪੰਜਾਬ ਹੁੰਦਾ ਸੀ। ਅੱਜ ਤੁਸੀਂ ਉਹ ਕਰਕੇ ਇਸ ਬਜਟ ਰਾਹੀਂ ਦਿਖਾਇਆ। ਸਭ ਤੋਂ ਪਹਿਲਾਂ ਮੈਂ ਗੱਲ ਕਰਾਂਗਾ ਕਿ ਜਿਹੜੇ ਸਾਡੇ ਸਰਕਾਰੀ ਮੁਲਾਜ਼ਮ ਹਨ, ਜਿਨ੍ਹਾਂ ਦੀ retirement age ਘਟਾ ਕੇ ਤੁਸੀਂ 58 ਸਾਲ ਕੀਤੀ ਹੈ। ਇੱਥੇ ਬਹੁਤ ਸਾਰੇ ਵਿਰੋਧੀ ਬੰਦਿਆਂ ਨੇ ਗੱਲਾਂ ਕੀਤੀਆਂ ਹਨ ਕਿ ਤੁਸੀਂ ਗੱਲਾਂ ਕਰਦੇ ਹੋ ਕਿ ਇੰਨੀਆਂ ਨੌਕਰੀਆਂ ਦੇ ਦਿੱਤੀਆਂ ਹਨ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਹੁਣ ਤੱਕ ਤਕਰੀਬਨ 57,905 ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਜਦੋਂ ਇਹ ਏਜ 58 ਸਾਲ ਹੋ ਗਈ ਤਾਂ ਇਸ ਨੂੰ ਤੁਸੀਂ 4 ਨਾਲ ਮਲਟੀਪਲਾਈ ਕਰ ਲਓ ਕਿ ਜਦੋਂ ਇੱਕ ਬੰਦਾ ਰਿਟਾਇਰ ਹੋਵੇਗਾ ਤਾਂ ਨਵੇਂ ਚਾਰ ਨੌਜਵਾਨਾਂ ਨੂੰ ਨੌਕਰੀ ਮਿਲੇਗੀ। ਜਦੋਂ ਉਨ੍ਹਾਂ ਨਵੇਂ 4 ਨੌਜਵਾਨਾਂ ਨੂੰ ਨੌਕਰੀ ਮਿਲੇਗੀ ਤਾਂ ਆਉਣ ਵਾਲੇ ਸਾਲ ਦੇ ਵਿੱਚ ਸਿਰਫ ਇਸੇ ਤਰੀਕੇ ਨਾਲ 2 ਲੱਖ ਨੌਜਵਾਨ ਸਰਕਾਰੀ ਨੌਕਰੀ ਤੇ ਹੋਵੇਗਾ। ਜਿਹੜੀਆਂ ਜਗ੍ਹਾ ਖਾਲੀ ਪਈਆਂ ਹਨ, ਉਨ੍ਹਾਂ ਨੂੰ ਅਸੀਂ ਮੁੜ ਦੁਬਾਰਾ ਭਰ ਸਕਦੇ ਹਾਂ। ਇਸ ਤੋਂ ਵੱਡਾ ਤਰੀਕਾ ਬੇਰੁਜ਼ਗਾਰੀ ਤੋਂ ਛੁਟਕਾਰਾ ਪਾਉਣ ਦਾ, ਨੌਜਵਾਨਾ ਕੋਲ ਸਰਕਾਰੀ ਨੌਕਰੀ ਪਾਉਣ ਦਾ ਮੈਂ ਸਮਝਦਾ ਹਾਂ, ਨਹੀਂ ਹੋ ਸਕਦਾ ਹੈ।

ਕੈਪਟਨ ਸਾਹਿਬ, ਕਿਸਾਨ ਅੱਜ ਵੀ ਸਾਲ 2002-2007 ਵਾਲੀ ਸਰਕਾਰ ਦੀ ਗੱਲ ਕਰਦਾ ਹੈ ਕਿਉਂਕਿ ਸਾਡੇ ਸੰਗਰੂਰ ਏਰੀਏ ਵਿੱਚ ਲੋਕਾਂ ਕੋਲ ਜ਼ਮੀਨਾਂ ਬਹੁਤ ਜ਼ਿਆਦਾ ਨਹੀਂ ਹਨ। ਉੱਥੇ ਇੱਕ-ਇੱਕ ਵਿੱਘੇ ਦੀ 10-10, 15-15 ਲੱਖ ਰੁਪਏ ਕੀਮਤ ਪਹੁੰਚ ਚੁੱਕੀ ਸੀ। ਸ਼ਹਿਰੀ ਮਿਉਂਸਿਪਲ ਕਮੇਟੀਆਂ ਦੇ ਬਾਹਰ ਜਿਹੜੀਆਂ ਜ਼ਮੀਨਾਂ ਆਉਂਦੀਆਂ ਹਨ, ਉਨ੍ਹਾਂ ਲਈ ਜਿਹੜਾ ਸੀ.ਐਲ.ਯੂ. ਹਟਾਇਆ ਹੈ, ਇਸ ਨਾਲ ਵਪਾਰ ਬਹੁਤ ਵਧਿਆ ਹੈ। ਤੁਸੀਂ ਇਸ ਤਰੀਕੇ ਨਾਲ ਆਪਣੇ ਆਪ ਨੂੰ ਸਿੱਧ ਕੀਤਾ ਹੈ, ਪਰੂਵ ਕੀਤਾ ਹੈ ਕਿ ਜਿਹੜੀ ਸੀ.ਐਲ.ਯੂ. ਦੇ ਨਾਂ ਤੇ ਲੁੱਟ ਹੋ ਰਹੀ ਸੀ, ਉਹ ਬੰਦ ਹੋਵੇਗੀ। ਮੈਂ ਚਾਹੁੰਦਾ ਹਾਂ ਕਿ ਜਦੋਂ ਅਜਿਹੀਆਂ

[ਸ਼੍ਰੀ ਦਲਵੀਰ ਸਿੰਘ ਗੋਲਡੀ]

ਗੱਲਾਂ ਹੁੰਦੀਆਂ ਹਨ, ਜਦੋਂ ਨੌਜਵਾਨਾਂ ਨੂੰ ਨੌਕਰੀਆਂ ਮਿਲਣਗੀਆਂ ਤਾਂ ਉਹ ਨੌਜਵਾਨ ਇਕੱਲੇ ਕਾਂਗਰਸ ਪਾਰਟੀ ਦੇ ਤਾਂ ਨਹੀਂ ਹੋਣਗੇ, ਉਹ ਅਕਾਲੀ ਦਲ ਨਾਲ ਸਬੰਧਿਤ ਤਾਂ ਨਹੀਂ ਹੈ, ਜਾਂ ਝਾੜੂ ਵਾਲਿਆਂ ਨਾਲ ਸਬੰਧਿਤ ਤਾਂ ਨਹੀਂ ਹੋਣਗੇ। ਮੈਂ ਵਿਰੋਧੀਆਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਕਿਰਪਾ ਕਰਕੇ ਅਜਿਹੀਆਂ ਗੱਲਾਂ ਤੇ ਮੁੱਖ ਮੰਤਰੀ ਸਾਹਿਬ ਦਾ, ਮਨਪ੍ਰੀਤ ਸਿੰਘ ਬਾਦਲ ਸਾਹਿਬ ਦਾ ਅਤੇ ਸਾਡੇ ਸਾਰੇ ਮੰਤਰੀ ਸਾਹਿਬਾਨ ਦਾ ਧੰਨਵਾਦ ਕਰਿਉ।

ਇਸ ਤੋਂ ਬਾਅਦ ਜਿਹੜੀ ਅਸੀਂ ਮਾਰਕੀਟ ਕਮੇਟੀ ਦੀ ਫੀਸ ਦੀ ਗੱਲ ਕੀਤੀ ਹੈ, 4% ਤੋਂ ਘਟਾ ਕੇ 1% ਤੇ ਲੈ ਕੇ ਆਏ ਹੋ, ਇਸ ਨਾਲ ਬਹੁਤ ਵੱਡੀ ਰਾਹਤ ਸਾਡੇ ਕਿਸਾਨ ਭਰਾਵਾਂ ਨੂੰ ਮਿਲਣ ਵਾਲੀ ਹੈ। ਆਪਾਂ ਨੇ ਦੇਖਿਆ ਹੀ ਹੈ ਕਿ ਕਈ ਜਗ੍ਹਾ ਤੇ, ਮਾਰਕੀਟ ਕਮੇਟੀਆਂ ਵਿੱਚ ਕੀ ਸਿਸਟਮ ਚੱਲ ਰਿਹਾ ਹੈ, ਹੁਣ ਇਸ ਨਾਲ ਕਿਸਾਨ ਭਰਾਵਾਂ ਨੂੰ ਬਹੁਤ ਵੱਡਾ ਫਾਇਦਾ ਹੋਵੇਗਾ।

ਮੈਂ ਇੱਕ ਗੱਲ ਕਰਨੀ ਚਾਹੁੰਦਾ ਹਾਂ। ਹਮੇਸ਼ਾ ਵਿਰੋਧੀ ਇੱਕ ਗੱਲ ਕਹਿੰਦੇ ਹਨ ਕਿ ਕਰਜ਼ਾ ਮੁਆਫ ਨਹੀਂ ਹੋਇਆ, ਕਰਜ਼ਾ ਮੁਆਫ ਨਹੀਂ ਹੋਇਆ। 7000 ਕਰੋੜ ਰੁਪਏ ਦਾ ਜਿਹੜਾ ਕਰਜ਼ਾ ਮੁਆਫ ਹੋਇਆ ਹੈ, ਉਹ ਦੱਸੋ ਕਿ ਅਸੀਂ ਹਰਿਆਣੇ ਦੇ ਕਿਸਾਨਾਂ ਦਾ ਕਰ ਦਿੱਤਾ? ਜਾਂ ਦਿੱਲੀ ਦੇ ਕਿਸਾਨਾਂ ਦਾ ਕਰ ਦਿੱਤਾ? ਉਹ ਪੰਜਾਬ ਦੇ ਕਿਸਾਨਾਂ ਦਾ ਕੀਤਾ ਹੈ। ਪਹਿਲੀ ਵਾਰੀ ਇਸ ਫੈਸਲੇ ਦੀ ਸ਼ੁਰੂਆਤ ਪੰਜਾਬ ਤੋਂ ਹੋਈ ਹੈ। ਅੱਜ ਤੱਕ ਕਿਸੇ ਨੇ ਇਤਿਹਾਸ ਵਿੱਚ ਕਿਸਾਨਾਂ ਦੀ ਬਾਂਹ ਨਹੀਂ ਫੜੀ ਸੀ। ਮੈਂ ਮੁੱਖ ਮੰਤਰੀ ਸਾਹਿਬ ਨੂੰ ਇਸ ਗੱਲ ਲਈ ਵਧਾਈ ਦਾ ਪਾਤਰ ਮੰਨਦਾ ਹਾਂ। (ਥੰਪਿੰਗ) 2000 ਕਰੋੜ ਰੁਪਿਆ ਤੁਸੀਂ ਕਿਸਾਨਾਂ ਲਈ ਰੱਖਿਆ। ਜਿਹੜੇ ਬੇ ਜ਼ਮੀਨੇ ਕਿਸਾਨ ਹਨ, ਜਿਨ੍ਹਾਂ ਕੋਲ ਕੋਈ ਜ਼ਮੀਨ ਨਹੀਂ ਹੈ, ਖੇਤਾਂ ਵਿੱਚ ਕਿਸਾਨਾਂ ਨਾਲ ਮਜ਼ਦੂਰੀ ਕਰਦੇ ਹਨ, ਤੁਸੀਂ ਉਨ੍ਹਾਂ ਦਾ ਕਰਜ਼ਾ ਮੁਆਫ ਕਰਕੇ ਇੱਕ ਇਤਿਹਾਸਕ ਫੈਸਲਾ ਲਿਆ। (ਥੰਪਿੰਗ) ਇਸ ਦੇ ਲਈ ਮੈਂ ਤੁਹਾਨੂੰ ਵਧਾਈ ਦੇ ਪਾਤਰ ਮੰਨਦਾ ਹਾਂ ਕਿਉਂਕਿ ਇਹ ਸਾਰੇ ਹੀ ਤਕਰੀਬਨ ਗਰੀਬ ਪਰਿਵਾਰਾਂ ਨਾਲ ਸਬੰਧ ਰੱਖਦੇ ਹਨ। ਜਦੋਂ ਅਸੀਂ ਤਿੰਨ ਸਾਲ ਪਹਿਲਾਂ ਆਏ ਸੀ ਤਾਂ ਤਕਰੀਬਨ 2 ਲੱਖ 8 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਪੰਜਾਬ ਦੇ ਸਿਰ ਤੇ ਸੀ। ਜੇ ਆਪਾਂ ਮੋਟੀ ਜਿਹੀ ਗੱਲ ਕਰ ਲਈਏ ਕਿਉਂਕਿ ਮੈਨੂੰ ਬਜਟ ਬਾਰੇ ਤਾਂ ਬਹੁਤਾ ਗਿਆਨ ਨਹੀਂ ਹੈ, ਮੇਰੀ ਬੈਕਗਰਾਉਂਡ ਆਰਟਸ ਨਾਲ ਰਹੀ ਹੈ। ਮੈਂ ਵਿਦਿਆਰਥੀ ਜਥੇਬੰਦੀ ਤੋਂ ਮੇਨ ਸਟਰੀਮ ਪਾਲੀਟਿਕਸ ਵਿੱਚ ਆਇਆ ਹਾਂ।

**ਮਾਨਯੋਗ ਸਪੀਕਰ :** ਧੰਨਵਾਦ, ਧੰਨਵਾਦ।

**ਸ਼੍ਰੀ ਦਲਵੀਰ ਸਿੰਘ ਗੋਲਡੀ :** ਜਿਹੜੀ ਫਿਸਕਲ ਡੈਫੀਸਿਟ ਦੀ ਰੇਸ਼ੋ ਹੈ, 2020-21 ਦੇ ਅਨੁਮਾਨ ਵਿੱਚ 2.92% ਹੈ। ਜੇਕਰ ਐਫ.ਆਰ.ਬੀ.ਐਮ. ਦੀ ਗੱਲ ਕਰੀਏ ਤਾਂ ਜਿਹੜੀ ਉਨ੍ਹਾਂ ਦੀ ਲਿਮਿਟ ਹੈ, ਉਹ 3% ਹੈ। ਜੇਕਰ ਮਨਪ੍ਰੀਤ ਸਿੰਘ ਬਾਦਲ ਜੀ ਤੁਸੀਂ 2.92% ਤੇ ਲੈ ਆਏ ਤਾਂ ਇਹ ਇੱਕ ਪਾਜ਼ੀਟਿਵ ਸਾਈਨ ਹੈ, ਇਹ ਆਉਣ ਵਾਲੇ ਸਮੇਂ ਨੂੰ ਦਰਸਾਉਂਦਾ ਹੈ ਕਿ ਅਸੀਂ ਪੰਜਾਬ ਨੂੰ ਦੁਬਾਰਾ ਉਸੇ....

**ਮਾਨਯੋਗ ਸਪੀਕਰ :** ਧੰਨਵਾਦ ਜੀ, ਧੰਨਵਾਦ ਜੀ।

**ਸ਼੍ਰੀ ਦਲਵੀਰ ਸਿੰਘ ਗੋਲਡੀ :** ਨਹੀਂ, ਨਹੀਂ ਜੀ। ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਸੀਨੀਅਰ ਲੀਡਰ 20-20 ਮਿੰਟ ਲਗਾ ਲੈਂਦੇ ਹਨ। ਸਾਨੂੰ ਬੋਲਣ ਦਾ ਮੌਕਾ ਤਾਂ ਦਿਆ ਕਰੋ।

**ਮਾਨਯੋਗ ਸਪੀਕਰ :** ਪਹਿਲਾਂ ਗੱਲ ਸੁਣੋ। ਪਹਿਲਾਂ ਗੱਲ ਸੁਣ ਲਉ। ਜੋ ਥੱਲਿਉਂ ਟਾਈਮ ਲਿਖ ਕੇ ਆਉਂਦਾ ਹੈ, ਮੈਂ ਉਹੀ ਦਿੰਦਾ ਹਾਂ। ਇਹ ਆਪਣੀ ਪਾਰਟੀ ਨਾਲ ਗੱਲ ਕਰੋ।

**ਸ਼੍ਰੀ ਦਲਵੀਰ ਸਿੰਘ ਗੋਲਡੀ :** ਦੋ ਮਿੰਟ ਦੇ ਦਿਉ।

**ਮਾਨਯੋਗ ਸਪੀਕਰ :** ਪਾਰਟੀ ਨਾਲ ਗੱਲ ਕਰੋ।

**ਸ਼੍ਰੀ ਦਲਵੀਰ ਸਿੰਘ ਗੋਲਡੀ :** ਦੋ ਮਿੰਟ ਦੇ ਦਿਉ।

**ਮਾਨਯੋਗ ਸਪੀਕਰ :** ਠੀਕ ਹੈ, ਦੋ ਮਿੰਟ ਦੇ ਦਿੱਤੇ।

**ਸ਼੍ਰੀ ਦਲਵੀਰ ਸਿੰਘ ਗੋਲਡੀ :** ਧੰਨਵਾਦ ਸਪੀਕਰ ਸਾਹਿਬ। ਬੋਲਣਾ ਤਾਂ ਕਾਫੀ ਕੁਝ ਸੀ ਪਰ ਅਸੀਂ ਸਮੇਂ ਦੀ ਨਜ਼ਾਕਤ ਨੂੰ ਸਮਝ ਸਕਦੇ ਹਾਂ। ਮੈਂ ਸਾਡੇ ਸਿੱਖਿਆ ਮੰਤਰੀ ਅਤੇ ਪੀ.ਡਬਲਿਯੂ.ਡੀ. ਮਨਿਸਟਰ ਸਾਹਿਬ ਵਿਜੈ ਇੰਦਰ ਸਿੰਗਲਾ ਜੀ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਸਾਡੇ ਹਲਕੇ ਵਿੱਚ ਨੌਵੇਂ ਅਤੇ ਦਸਵੇਂ ਪਾਤਸ਼ਾਹ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਅਤੇ ਰਣੀਕੇ ਦੇ ਪੁਰਾਤਨ ਸ਼ਿਵ ਮੰਦਰ ਲਈ ਸੜਕ ਅਤੇ ਧੂਰੀ ਵਿੱਚ ਤਕਰੀਬਨ 90% ਸੀਵਰੇਜ ਪਾ ਕੇ ਸਾਰੀਆਂ ਸੜਕਾਂ ਕੰਪਲੀਟ ਕੀਤੀਆਂ ਹਨ। ਸਾਡੇ ਵਿੱਤ ਮੰਤਰੀ ਸਾਹਿਬ ਕਹਿ ਰਹੇ ਸਨ ਕਿ ਮੈਂ ਤਿੰਨ ਸਾਲ ਹਾਲੇ ਉਨਾ ਕੰਮ ਨਹੀਂ ਕਰ ਸਕਿਆ ਪਰ ਮੇਰੇ ਹਲਕੇ ਦੀ ਇੱਕ ਵੀ ਸੜਕ, ਮੈਂ ਲਿੰਕ ਰੋਡ ਦੀ ਗੱਲ ਕਰ ਰਿਹਾ ਹਾਂ, ਇੱਕ ਵੀ ਲਿੰਕ ਰੋਡ ਅਜਿਹੀ ਨਹੀਂ ਜਿਹੜੀ ਨਾ ਬਣੀ ਹੋਵੇ, ਸਾਰੀਆਂ ਬਣ ਕੇ ਤਿਆਰ ਹੋ ਗਈਆਂ ਹਨ। (ਥੰਪਿੰਗ) ਹੋਰ ਵੀ ਸੜਕਾਂ ਸਾਡੇ ਵਿੱਤ ਮੰਤਰੀ ਸਾਹਿਬ ਨੇ ਬਜਟ ਵਿੱਚ ਪਾ ਦਿੱਤੀਆਂ ਹਨ।

[ਸ਼੍ਰੀ ਦਲਵੀਰ ਸਿੰਘ ਗੋਲਡੀ]

ਮੈਂ ਦੋ-ਤਿੰਨ ਚੀਜ਼ਾਂ ਤੁਹਾਡੇ ਤੋਂ ਹੋਰ ਮੰਗਣਾ ਚਾਹੁੰਦਾ ਹਾਂ। ਸਾਡੇ ਸ਼ਹਿਰ ਵਿੱਚ ਫਾਟਕ ਪੈਂਦੇ ਹਨ। ਹੁਣ ਇੱਥੇ ਇਲੈਕਟ੍ਰਿਕ ਟਰੇਨ ਵੀ ਸ਼ੁਰੂ ਹੋ ਗਈ ਹੈ। ਸਾਡਾ ਸ਼ਹਿਰ ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ । ਸਾਨੂੰ ਚਾਹੇ ਓਵਰ ਬਰਿੱਜ ਦੇ ਦਿਉ ਜਾਂ ਆਰ.ਯੂ.ਬੀ. ਦੇ ਦਿਉ। ਇਹ ਜ਼ਰੂਰੀ ਹੈ ਤਾਂ ਕਿ ਅਸੀਂ ਧੂਰੀ ਨੂੰ ਸਹੀ ਤਰੀਕੇ ਨਾਲ ਮੈਨੇਜ ਕਰ ਸਕੀਏ।

ਮੈਂ ਵਿੱਤ ਮੰਤਰੀ ਸਾਹਿਬ ਤੋਂ ਹਸਪਤਾਲ ਲਈ ਗਾਇਨੀ ਵਿੰਗ, ਪ੍ਰਾਈਵੇਟ ਰੂਮਜ਼ ਦੀ ਮੰਗ ਰੱਖਦਾ ਹਾਂ।ਲਾਸਟ ਬਜਟ ਵਿੱਚ ਧੂਰੀ ਨੂੰ ਇੱਕ ਸਟੇਡੀਅਮ ਅਤੇ ਇੱਕ ਬੱਸ ਸਟੈਂਡ ਮਿਲਿਆ ਹੋਇਆ ਹੈ। ਅਸੀਂ ਉਸ ਦੇ ਬਹੁਤ ਨੇੜੇ ਲੱਗੇ ਹੋਏ ਹਾਂ। ਮੈਨੂੰ ਉਮੀਦ ਹੈ ਕਿ ਤੁਸੀਂ ਇਸ ਵੱਲ ਗੌਰ ਫਰਮਾਉਗੇ ਅਤੇ ਇਹ ਦੋਵੇਂ ਗੱਲਾਂ ਪੂਰੀਆਂ ਕਰ ਦਿਉਗੇ।

ਤੀਸਰੀ ਗੱਲ ਇਹ ਹੈ ਕਿ ਧੂਰੀ ਮਲੇਰਕੋਟਲਾ-ਸੰਗਰੂਰ-ਦਿੱਲੀ ਹਾਈਵੇਅ ਤੇ ਸਥਿਤ ਹੈ ਅਤੇ ਇਸ ਰੋਡ ਤੇ ਬਹੁਤ ਟਰੈਫਿਕ ਰਹਿੰਦਾ ਹੈ। ਉੱਥੇ ਇੱਕ ਬੇਨੜਾ ਪਿੰਡ ਹੈ, ਬੇਨੜੇ ਪਿੰਡ ਤੋਂ ਕੱਕੜਵਾਲ ਹੋ ਕੇ ਅਸੀਂ ਦੌਲਤ ਪੁਰ ਨੂੰ ਨਿਕਲਦੇ ਹਾਂ ਤਾਂ ਸ਼ਾਰਟਕੱਟ ਪੈਂਦਾ ਹੈ। ਜੇ ਇਹ ਬਾਈਪਾਸ ਬਣ ਜਾਵੇ ਤਾਂ ਸਾਰੇ ਸ਼ਹਿਰ ਦੇ ਲੋਕਾਂ ਨੂੰ ਰਾਹਤ ਦਿੱਤੀ ਜਾ ਸਕਦੀ ਹੈ।

ਸਰ, ਮੈਂ ਦੋ ਗੱਲਾਂ ਹੋਰ ਕਰਨੀਆਂ ਚਾਹੁੰਦਾ ਹਾਂ। ਮੈਂ ਕਿਰਦਾਰ/ਕਰੈਕਟਰ ਤੇ ਗੱਲ ਕਰਨੀ ਚਾਹੁੰਦਾ ਹਾਂ। ਇਹ ਗੱਲ ਮੈਂ ਬੋਲਣੀ ਨਹੀਂ ਚਾਹੁੰਦਾ ਸੀ ਪਰ ਅੱਜ ਜਦੋਂ ਦੂਜੀ ਪਾਰਟੀ ਦੇ ਮੇਰੇ ਸਾਥੀ ਬਾਹਰ ਖੜ੍ਹੇ ਸੀ ਤਾਂ ਮੈਂ ਉਨ੍ਹਾਂ ਨਾਲ ਜਨਰਲੀ ਟਾਕ ਕਰ ਰਿਹਾ ਸੀ। ਮੈਂ ਕਿਹਾ ਕਿ ਜਿਹੜੀਆਂ ਗੱਲਾਂ ਸਹੀ ਹਨ, ਉਨ੍ਹਾਂ ਨੂੰ ਸਹੀ ਕਹਿਣਾ ਚਾਹੀਦਾ ਹੈ ਤੇ ਗਲਤ ਗੱਲ ਨੂੰ ਗਲਤ ਕਹਿਣਾ ਚਾਹੀਦਾ ਹੈ। ਫਿਰ ਉਨ੍ਹਾਂ ਨੇ 1984 ਦੀ ਗੱਲ ਸ਼ੁਰੂ ਕਰ ਲਈ ਤਾਂ ਮੈਂ ਕਿਹਾ ਕਿ 1984 ਵੇਲੇ ਸਾਡੇ ਮੁੱਖ ਮੰਤਰੀ ਸਾਹਿਬ ਸੀ ਜਿਨ੍ਹਾਂ ਨੇ ਕੁਰਸੀ ਦੀ ਪਰਵਾਹ ਨਾ ਕਰਦੇ ਹੋਏ ਆਪਣਾ ਰਿਜ਼ਾਈਨ ਦਿੱਤਾ ਤੇ ਕੰਢੂ ਖੇ ੜੇ ਵਿੱਚ ਇੱਕ ਹੱਥ ਵਿੱਚ ਲਾਲਟੇਨ ਅਤੇ ਦੂਜੇ ਹੱਥ ਵਿੱਚ ਗੰਨ ਲੈ ਕੇ ਪਾਣੀਆਂ ਦੀ ਰਾਖੀ ਕੀਤੀ। ਤੀਜਾ, ਜਿਹੜਾ ਐਤਕੀਂ ਕਿਸਾਨਾਂ ਦਾ ਕਰਜ਼ਾ ਮਾਫ ਕਰਨ ਦਾ ਡਿਸੀਜ਼ਨ ਹੈ, ਤੁਸੀਂ ਦੱਸੋ, ਇਸ ਸੈਸ਼ਨ ਵਿੱਚ ਇਹੋ ਜਿਹਾ ਕਿਹੜਾ ਬੰਦਾ ਹੈ ਜਿਹੜਾ ਇਸ ਦੀ ਬਰਾਬਰੀ ਕਰ ਸਕਦਾ ਹੈ। ਮੈਂ ਅੱਜ ਇਨ੍ਹਾਂ ਤੋਂ (ਸ਼੍ਰੋਮਣੀ ਅਕਾਲੀ ਦਲ ਬੈਂਚਿਜ਼ ਵੱਲ

ਇਸ਼ਾਰਾ) ਪੁੱਛਣਾ ਚਾਹੁੰਦਾ ਹਾਂ, ਜਿਹੜੇ ਅੱਜ ਦਿੱਲੀ ਦੀ ਸਰਕਾਰ ਤੇ ਕਾਬਜ਼ ਹਨ ਕਿ ਇਨ੍ਹਾਂ ਦਾ ਕਨੱਈਆ ਕੁਮਾਰ ਉੱਪਰ ਕੀ ਸਟੈਂਡ ਹੈ? ਅੱਜ ਵੀ ਨਾਲਿਆਂ ਵਿੱਚੋਂ ਲਾਸ਼ਾਂ ਮਿਲ ਰਹੀਆਂ ਹਨ। ਉਸ ਤੇ ਇਨ੍ਹਾਂ ਦਾ ਕੀ ਸਟੈਂਡ ਹੈ? ਇੱਥੇ ਆਪਾਂ ਜਾਨਵਰਾਂ ਨੂੰ ਵੀ ਧਾਰਮਿਕ ਆਧਾਰ ਤੇ ਵੰਡ ਲਿਆ ਹੈ, ਫਰੂਟਾਂ ਨੂੰ ਵੀ ਧਾਰਮਿਕ ਆਧਾਰ ਤੇ ਵੰਡ ਲਿਆ ਹੈ, ਦਰੱਖਤਾਂ ਨੂੰ ਵੀ ਧਾਰਮਿਕ ਮੁੱਦਿਆਂ ਤੇ ਵੰਡ ਲਿਆ ਹੈ, ਮੈਨੂੰ ਲਗਦਾ ਹੈ ਕਿ ਜਾਤ-ਪਾਤ ਦੇ ਉੱਪਰ ਇਹ ਰਾਜਨੀਤੀ ਨਹੀਂ ਹੋਣੀ ਚਾਹੀਦੀ। ਇਨ੍ਹਾਂ ਨੂੰ ਸੋਚਣਾ ਚਾਹੀਦਾ ਹੈ ਕਿ ਅਸੀਂ ਪਾਜ਼ੀਟਿਵ ਸੋਚ ਨਾਲ ਹੀ ਪੰਜਾਬ ਨੂੰ ਅੱਗੇ ਲੈ ਕੇ ਜਾ ਸਕਦੇ ਹਾਂ, ਨੈਗੇਟਿਵ ਸੋਚ ਨਾਲ ਨਹੀਂ ਲੈ ਕੇ ਜਾ ਸਕਦੇ। ਮੈਂ ਧੰਨਵਾਦ ਕਰਦਾ ਹਾਂ ਤੇ ਮੈਨੂੰ ਬਹੁਤ ਖੁਸ਼ੀ ਹੋਈ ਹੈ ਕਿ ਇਹ ਬਿਲਕੁਲ ਆਹਲਾ ਬਜਟ ਪੇਸ਼ ਹੋਇਆ ਹੈ ਤੇ ਇਹ ਸਾਰਿਆਂ ਨੂੰ ਆਉਣ ਵਾਲੇ ਸਮੇਂ ਵਿੱਚ ਸਮਝ ਆ ਜਾਵੇਗਾ।

**ਮਾਨਯੋਗ ਸਪੀਕਰ :** ਧੰਨਵਾਦ, ਧੰਨਵਾਦ। ਹਾਂ ਜੀ, ਦਰਸ਼ਨ ਲਾਲ ਜੀ।

**ਸ਼੍ਰੀ ਦਰਸ਼ਨ ਲਾਲ (ਬਲਾਚੌਰ):** ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ।

शवों पे रखे चिराग कब के बुझ गए होते, कोई तो है जो हवाओं का रूख बदलता है।

ਮਾਨਯੋਗ ਸਪੀਕਰ ਸਾਹਿਬ, ਜਦੋਂ ਤਿੰਨ ਸਾਲ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਜੀ ਦੀ ਅਗਵਾਈ ਹੇਠਲੀ ਸਰਕਾਰ ਨੇ ਡੁੱਬਦੇ ਜਹਾਜ਼ ਦੀ ਕਮਾਨ ਸੰਭਾਲੀ ਸੀ ਤਾਂ ਉਸ ਮੌਕੇ ਪੰਜਾਬ ਵਿੱਚ ਹਰ ਪਾਸੇ ਨਿਰਾਸ਼ਾ ਸੀ, ਅਸੀਂ ਵਿੱਤੀ ਤੌਰ ਤੇ ਕੱਖੋਂ ਹੌਲੇ ਸੀ, ਸਾਡੀ ਜਵਾਨੀ ਨਸ਼ਿਆਂ ਨੇ ਖਾ ਲਈ ਸੀ, ਸਾਡੇ ਕਿਸਾਨ ਖੁਦਕੁਸ਼ੀਆਂ ਦੇ ਰਾਹ ਤੇ ਪਏ ਹੋਏ ਸੀ ਅਤੇ ਕੈਪਟਨ ਸਾਹਿਬ ਤੇ ਸਾਡੇ ਕਾਬਲ ਅਤੇ ਮਿਹਨਤੀ ਵਿੱਤ ਮੰਤਰੀ ਮਨਪ੍ਰੀਤ ਬਾਦਲ ਦੇ ਸਾਹਮਣੇ ਬਹੁਤ ਵੱਡੀਆਂ ਚੁਣੌਤੀਆਂ ਸਨ। ਇਸ ਕਰਕੇ ਮੈਂ ਕੁਝ ਸ਼ੁਰੂਆਤੀ ਸਤਰਾਂ ਨਾਲ ਮੁੱਖ ਮੰਤਰੀ ਸਾਹਿਬ ਅਤੇ ਵਿੱਤ ਮੰਤਰੀ ਸਾਹਿਬ ਦੀ ਤੁਲਨਾ ਕੀਤੀ ਹੈ। ਵਿੱਤ ਮੰਤਰੀ ਸਾਹਿਬ ਦੀਆਂ ਪਿਛਲੇ ਤਿੰਨ ਸਾਲਾਂ ਤੋਂ ਘਰੇਲੂ ਸੁਆਣੀ ਵਾਂਗ ਘਰ ਦੀ ਮਾੜੀ ਆਰਥਿਕ ਹਾਲਤ ਨੂੰ ਸੁਧਾਰਨ ਲਈ ਕੀਤੇ ਯਤਨਾਂ ਨੇ ਸਾਡੀ ਸਰਕਾਰ ਦੇ ਚੌਥੇ ਬਜਟ ਵਿੱਚ ਰੰਗ ਦਿਖਾਇਆ ਹੈ। ਪੰਜਾਬ ਨੂੰ ਹਰ ਪੱਖੋਂ ਉੱਨਤ ਕਰਨ ਲਈ ਤੇ ਇਸ ਦੇ ਹਰੇਕ ਵਰਗ ਨੂੰ ਆਪਣੇ ਕਲਾਵੇ ਵਿੱਚ ਲੈਣ ਦੀ ਜੋ ਮਿਹਰ ਸਰਕਾਰ ਨੇ ਵਿਖਾਈ ਹੈ, ਉਹ ਬਹੁਤ ਸ਼ਲਾਘਾਯੋਗ ਹੈ। (ਥੰਪਿੰਗ)

[ਸ਼੍ਰੀ ਦਰਸ਼ਨ ਲਾਲ]

ਸਪੀਕਰ ਸਾਹਿਬ, ਮੇਰੇ ਬਲਾਚੌਰ ਦੇ ਪੱਛੜੇ ਹਲਕੇ ਨੂੰ ਪਿਛਲੀ ਸਰਕਾਰ ਵੱਲੋਂ ਅਣਗੌਲਿਆ ਕੀਤਾ ਗਿਆ ਹੈ। ਹੁਣੇ ਮੈਂ ਸੁਣਦਾ ਸੀ, ਇਹ (ਸ਼੍ਰੋਮਣੀ ਅਕਾਲੀ ਦਲ ਬੈਂਚਿਜ਼ ਵੱਲ ਇਸ਼ਾਰਾ) ਕਹਿੰਦੇ ਕਿ 420 ਕੀਤੀ ਹੈ, ਮੈਂ ਪਿਛਲੀ ਸਰਕਾਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਇੱਕ ਨਹਿਰ ਜਿਸ ਦਾ ਨਾਂ ਕੰਢੀ ਕੈਨਾਲ ਸੀ, ਉਹ ਤਲਵਾੜੇ ਤੋਂ ਚਲਦੀ-ਚਲਦੀ ਜਦੋਂ ਬਲਾਚੌਰ ਹਲਕੇ ਵਿੱਚ ਆਈ, ਪਹਿਲੀ ਗੱਲ ਨਹਿਰ ਕਦੇ ਪਾਈਪਾਂ ਵਿੱਚ ਨਹੀਂ ਪੈ ਸਕਦੀ ਪਰ ਇਨ੍ਹਾਂ ਨੇ (ਸ਼੍ਰੋਮਣੀ ਅਕਾਲੀ ਦਲ ਵੱਲ ਇਸ਼ਾਰਾ ਕਰਦੇ ਹੋਏ) ਉਸ ਨਹਿਰ ਨੂੰ ਪਾਈਪਾਂ ਵਿੱਚ ਤਬਦੀਲ ਕਰ ਦਿੱਤਾ। ਜਦੋਂ ਕਿ ਨਹਿਰ ਦਾ ਮਕਸਦ ਇੱਕੋ ਹੀ ਸੀ ਕਿ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਨਾਲ ਜਿਹੜੀ ਬਰਾਨੀ ਪੱਟੀ ਹੈ, ਉਸ ਨੂੰ ਪਾਣੀ ਦੇਣਾ ਹੈ ਪਰ ਇਨ੍ਹਾਂ ਨੇ ਸਾਨੂੰ ਉਸ ਤੋਂ ਵੀ ਵਾਂਝੇ ਰੱਖ ਦਿੱਤਾ। ਅਸੀਂ ਠੱਗੇ ਗਏ, ਇਨ੍ਹਾਂ ਨੇ ਸਾਡੇ ਨਾਲ ਬੇਇਨਸਾਫੀ, ਵਾਅਦਾ ਖਿਲਾਫੀ ਔਰ 420 ਵੀ ਕੀਤੀ ਹੈ। ਸੋ, ਅੱਜ ਮੈਂ ਇਹ ਕਹਿੰਦਾ ਹਾਂ ਕਿ ਇਨ੍ਹਾਂ ਨੇ ਸਾਨੂੰ ਠੱਗ ਲਿਆ ਹੈ। ਅੱਜ ਮੈਂ ਤੁਹਾਡੇ ਜ਼ਰੀਏ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੇ 50 ਪਿੰਡਾਂ ਵਿੱਚ ਇੱਕ ਵੀ ਸਿੰਜਾਈ ਵਾਲਾ ਟਿਊਬਵੈੱਲ ਨਹੀਂ ਹੈ। 18 ਪਿੰਡਾਂ ਵਿੱਚ ਪੀਣ ਵਾਲਾ ਪਾਣੀ ਨਹੀਂ ਹੈ ਤੇ ਇਹ (ਸ਼੍ਰੋਮਣੀ ਅਕਾਲੀ ਦਲ ਵੱਲ ਇਸ਼ਾਰਾ ਕਰਦੇ ਹੋਏ) ਕਹਿੰਦੇ ਹਨ ਕਿ ਅਸੀਂ ਪੰਜਾਬ ਦੀ ਬੜੀ ਤਰੱਕੀ ਕੀਤੀ ਹੈ। ਮੇਰੇ ਹਿਸਾਬ ਨਾਲ ਇਨ੍ਹਾਂ ਨੇ ਪੰਜਾਬ ਦਾ ਬੇੜਾ ਗਰਕ ਕਰ ਦਿੱਤਾ ਹੈ। ਜਦ ਬਲਾਚੌਰ ਦਾ ਬੇੜਾ ਗਰਕ ਕਰ ਦਿੱਤਾ ਹੈ ਤਾਂ ਸਾਰੇ ਪੰਜਾਬ ਦਾ ਵੀ ਇਹੀ ਹਾਲ ਹੋਣਾ ਹੈ। (ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਜਦੋਂ ਕੈਪਟਨ ਸਾਹਿਬ ਦੀ ਸਰਕਾਰ ਆਈ ਤਾਂ ਮੇਰੇ ਹਲਕੇ ਵਿੱਚ ਇੱਕ ਵੀ ਸੜਕ ਚੱਲਣਯੋਗ ਨਹੀਂ ਸੀ ਤੇ ਸਾਡੇ ਲੋਕਾਂ ਨੂੰ ਡਿਸਕ ਦੀ ਪ੍ਰੋਬਲਮ ਹੋ ਗਈ ਸੀ। ਮੇਰੇ ਖਿਆਲ ਵਿੱਚ ਚੰਦੂਮਾਜਰਾ ਜੀ ਉੱਥੇ ਕਾਫੀ ਜਾਂਦੇ ਰਹਿੰਦੇ ਹਨ, ਇਨ੍ਹਾਂ ਦਾ ਮੇਰੇ ਹਲਕੇ ਵਿੱਚ ਕਾਫੀ ਆਉਣਾ-ਜਾਣਾ ਹੈ। ਇਹ ਆਪਣੇ ਦਿਲ ਤੇ ਹੱਥ ਰੱਖ ਕੇ ਕਹਿ ਦੇਣ ਜੇ ਉਸ ਸਮੇਂ ਕੋਈ ਵੀ ਸੜਕ ਬਣੀ ਹੋਈ ਸੀ। ਮੁੱਖ ਮੰਤਰੀ ਸਾਹਿਬ ਨੂੰ ਜਦੋਂ ਮੈਂ ਬੇਨਤੀ ਕੀਤੀ ਤਾਂ ਮੈਂ ਅੱਜ ਬੜੇ ਫਖਰ ਨਾਲ ਕਹਿੰਦਾ ਹਾਂ ਕਿ ਅੱਜ 90% ਸੜਕਾਂ ਕੰਪਲੀਟ ਹੋ ਗਈਆਂ ਹਨ। (ਥੰਪਿੰਗ) ਪਿੰਡਾਂ ਦੀਆਂ ਫਿਰਨੀਆਂ ਕੰਪਲੀਟ ਹੋ ਗਈਆਂ ਹਨ। ਅਸੀਂ ਆਪਣੇ ਇਲਾਕੇ ਵਿੱਚ ਕਦੇ 18 ਫੁੱਟ ਦੀ ਸੜਕ ਨਹੀਂ ਦੇਖੀ ਸੀ, ਅਸੀਂ ਮੁੱਖ ਮੰਤਰੀ ਜੀ ਨੂੰ ਬੇਨਤੀ ਕੀਤੀ ਕਿ ਇਹ ਸਾਰੀਆਂ ਸੜਕਾਂ 18 ਫੁੱਟ ਦੀਆਂ ਕਰਨ ਤਾਂ ਉਹ 18 ਫੁੱਟ ਦੀਆਂ ਸੜਕਾਂ ਵੀ ਬਣ ਕੇ ਤਿਆਰ ਹੋ ਗਈਆਂ ਹਨ। ਅੱਜ ਚੰਡੀਗੜ੍ਹ ਰੋਡ ਤੋਂ

ਲੈ ਕੇ ਗੜ੍ਹਸ਼ੰਕਰ ਰੋਡ, ਜਿਹੜੀ ਸ੍ਰੀ ਅਨੰਦਪੁਰ ਸਾਹਿਬ ਨੂੰ ਜਾਂਦੀ ਹੈ, ਉਹ 18 ਫੁੱਟ ਬਣ ਗਈ ਹੈ। ਚੰਦੂਮਾਜਰਾ ਜੀ, ਹੁਣ ਤੁਹਾਡੀਆਂ ਕਾਰਾਂ ਨੂੰ ਕੋਈ ਪ੍ਰਾਬਲਮ ਨਹੀਂ ਆਉਣੀ, ਜਦ ਮਰਜ਼ੀ ਆਓ, ਜਾਓ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ ਦੀ ਅਗਵਾਈ ਹੇਠ ਵਿੱਤ ਮੰਤਰੀ ਜੀ ਵੱਲੋਂ ਖੇਤੀਬਾੜੀ ਕਾਲਜ ਅਤੇ ਆਈ.ਟੀ.ਆਈ. ਜਿਹੇ ਤੋਹਫੇ ਸਾਡੇ ਕਈ ਹਲਕਿਆਂ ਦੀ ਸਾਂਝੀ ਮੰਗ ਸ੍ਰੀ ਅਨੰਦਪੁਰ ਸਾਹਿਬ ਤੱਕ ਦੀ ਸੜਕ ਦਾ ਨਾਮ-ਕਰਨ, ਮਹਾਨ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਮ ਤੇ ਕਰਕੇ ਇਸ ਸੜਕ ਨੂੰ 4 ਮਾਰਗੀ ਬਣਾਉਣਾ, ਇਹ ਬਹੁਤ ਵੱਡੀਆਂ ਪ੍ਰਾਪਤੀਆਂ ਹਨ। ਸਭ ਤੋਂ ਵੱਡੀ ਗੱਲ, ਸਮੁੱਚੇ ਰਾਜ ਦੇ ਸਰਕਾਰੀ ਸਕੂਲਾਂ ਵਿੱਚ 12ਵੀਂ ਤੱਕ ਲੜਕੀਆਂ ਨੂੰ ਮੁਫਤ ਸਿੱਖਿਆ ਸਹੂਲਤ ਤੋਂ ਵਧਾ ਕੇ ਹਰੇਕ ਵਾਸਤੇ ਕਰਨਾ, ਸਮੁੱਚੇ ਪੰਜਾਬ ਦੇ ਗਰੀਬ ਲੋਕਾਂ ਲਈ ਸਭ ਤੋਂ ਵੱਡਾ ਉਪਰਾਲਾ ਹੈ, ਜੋ ਕਿ ਜ਼ਿਆਦਾਤਰ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਹਨ। ਮੈਂ ਮੁੱਖ ਮੰਤਰੀ ਸਾਹਿਬ ਔਰ ਸਮੁੱਚੀ ਸਰਕਾਰ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਦੀ ਲੀਹਾਂ ਤੋਂ ਲੱਥੀ ਆਰਥਿਕਤਾ ਨੂੰ ਲੀਹ ਤੇ ਪਾਉਣ ਦੀ ਕੋਸ਼ਿਸ਼ ਦਾ ਨਤੀਜਾ ਨਿਕਲਣਾ ਸ਼ੁਰੂ ਹੋ ਗਿਆ ਹੈ। ਪੰਜਾਬ ਨੂੰ ਪਹਿਲਾਂ ਜਿਹੀ ਪਛਾਣ ਤੇ ਮਾਣ-ਸਨਮਾਨ ਮਿਲਣ ਲੱਗ ਪਿਆ ਹੈ। ਹਰ ਚਿਹਰੇ ਤੇ ਰੌਣਕਾਂ ਆਉਣ ਲੱਗ ਪਈਆਂ ਹਨ।

ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਇੱਕ ਹੋਰ ਗੱਲ ਕਰਨਾ ਚਾਹੁੰਦਾ ਹਾਂ। ਡਾਕਟਰ ਸੁੱਖੀ ਜੀ ਬੈਠੇ ਹੀ ਹਨ, ਪਿਛਲੀ ਸਰਕਾਰ ਨੇ ਬੰਗਾ ਵਿੱਚ ਬਹੁਤ ਵੱਡਾ ਨੀਂਹ ਪੱਥਰ ਰੱਖਿਆ ਸੀ ਕਿ ਅਸੀਂ ਬੰਗਾ ਤੋਂ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਤੱਕ ਸੜਕ 4 ਮਾਰਗੀ ਕਰਨੀ ਹੈ। ਦੂਜੇ ਵੀ ਖੁਸ਼ ਕਰ ਦਿੱਤੇ, ਇੱਕ ਪੱਥਰ ਨਾਲ ਹੀ ਮੰਨ ਜਾਓ, ਸ੍ਰੀ ਅਨੰਦਪੁਰ ਸਾਹਿਬ ਤੋਂ ਨੈਣਾ ਦੇਵੀ ਤੱਕ ਨੀਂਹ ਪੱਥਰ ਵੀ ਰੱਖ ਦਿੱਤਾ, ਇਨ੍ਹਾਂ ਦਾ ਇੱਕ ਪੱਥਰ ਨਾਲ ਕੰਮ ਨਹੀਂ ਚੱਲਿਆ। ਇੱਕ ਸਾਡੇ ਨਾਲ ਇਹ ਧੋਖਾ ਕੀਤਾ।ਦੂਜਾ, ਇਹ ਕਹਿੰਦੇ ਸੀ ਕਿ ਲਿਫਟ ਸਕੀਮ ਨਾਲ ਤੁਹਾਨੂੰ ਪਾਣੀ ਦੇਵਾਂਗੇ। ਉਹ ਨੀਂਹ ਪੱਥਰ ਵੀ ਚਾਂਦਪੁਰ ਰੱਖਿਆ, ਜਿਹੜਾ ਕਿ ਬ੍ਰਿਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ ਦਾ ਪਿੰਡ ਹੈ ਜਿਸ ਦੇ ਨਾਂ ਤੇ "ਬਾਰਡਰ' ਪਿਕਚਰ ਬਣੀ ਹੈ, ਉਸ ਦੇ ਪਿੰਡ ਨੀਂਹ ਪੱਥਰ ਰੱਖਿਆ ਹੈ। ਸੋ, ਜਾਂ ਤਾਂ ਨੀਂਹ ਪੱਥਰ ਚੁੱਕ ਕੇ ਲੈ ਜਾਓ ਨਹੀਂ ਤਾਂ ਇਸ ਦਾ ਕੋਈ ਨਾ ਕੋਈ ਅਰੇਂਜਮੈਂਟ ਕਰਕੇ ਦਿਓ। ਜਿਹੜਾ ਬਜਟ ਵਿੱਤ ਮੰਤਰੀ ਜੀ ਵੱਲੋਂ ਪੇਸ਼ ਕੀਤਾ ਗਿਆ ਹੈ, ਮੈਂ ਇਸ ਦੀ ਸ਼ਲਾਘਾ ਕਰਦਾ ਹਾਂ ਔਰ ਮੈਂ ਵਿੱਤ ਮੰਤਰੀ ਜੀ ਨੂੰ ਇਸ ਲਈ ਮੁਬਾਰਕਬਾਦ ਦਿੰਦਾ ਹਾਂ।

**ਮਾਨਯੋਗ ਸਪੀਕਰ:** ਧੰਨਵਾਦ ਜੀ। ਹਾਂ ਜੀ, ਵਡਾਲਾ ਜੀ। ਵਡਾਲਾ ਜੀ, ਤੁਹਾਡੇ ਤਿੰਨ ਮਿੰਟ ਹਨ, ਤੁਸੀਂ ਬਹੁਤ ਸਿਆਣੇ ਅਤੇ ਇੰਟੈਲੀਜੈਂਟ ਹੋ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ (ਨਕੋਦਰ):** Speaker Sahib, Thank you very much for those kind words. ਜਿੰਨਾ ਟਾਈਮ ਹੈ, ਮੈਂ ਉਸ ਵਿੱਚ ਆਪਣੀ ਗੱਲ ਕਰਨ ਲਈ ਕੋਸ਼ਿਸ਼ ਕਰਾਂਗਾ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ) (ਬੈਠੇ-ਬੈਠੇ):** ਪੱਥਰਾਂ ਵਾਲੀ ਗੱਲ ਵੀ ਨਾਲ ਹੀ ਦੱਸ ਦਿਉ ਜੀ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਕੋਈ ਗੱਲ ਨਹੀਂ ਜੀ, ਉਹ ਦੱਸ ਦਿੰਦਾ ਹਾਂ, ਪਹਿਲਾਂ ਵੀ ਗੱਲ ਹੋਈ ਸੀ, ਉਨ੍ਹਾਂ ਦਾ ਆਪਣਾ ਹਲਕਾ ਹੈ। ਸਪੀਕਰ ਸਾਹਿਬ, ਸੀ.ਐਮ. ਸਾਹਿਬ ਬੈਠੇ ਹਨ, ਬੜੇ ਪਿਆਰੇ ਅਤੇ ਬਹੁਤ ਸਿਆਣੇ ਹਨ। He is very well read man, person of fine dignity ਇਨ੍ਹਾਂ ਦੀ ਜਿੰਨੀ ਵੀ ਸਿਫਤ ਕਰ ਲਓ, ਥੋੜ੍ਹੀ ਹੈ, cutting across the party lines. ਫਾਈਨਾਂਸ ਮਨਿਸਟਰ also loves poetry, he is also well read person. ਇੱਕ ਸ਼ਾਹ ਮੁਹੰਮਦ ਬਹੁਤ ਵਧੀਆ ਕਵੀ ਹੋਏ ਹਨ, ਤੁਹਾਨੂੰ ਸਾਰਾ ਪਤਾ ਹੀ ਹੈ ਜੀ। F.M quotes Allama Iqbal quite often ਜਦੋਂ ਅਸੀਂ ਪੁਰਾਣੇ ਪੰਜਾਬ ਵੱਲ ਨਜ਼ਰ ਮਾਰਦੇ ਹਾਂ ਤਾਂ ਆਪਣੇ ਵੀਰ ਅਤੇ ਭੈਣਾਂ ਜੋ ਬੋਲਦੀਆਂ ਸਨ, ਉਹ ਬਹੁਤ ਪਿਆਰੀਆਂ ਨਜ਼ਮਾਂ ਸ਼ਾਹ ਮੁਹੰਮਦ ਦੀਆਂ ਯਾਦ ਆਉਂਦੀਆਂ ਹਨ:

*ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ, ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੇ।*

*ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।*

ਸਪੀਕਰ ਸਾਹਿਬ, ਇਹ ਸਾਰਿਆਂ ਤੇ ਲਾਗੂ ਹੁੰਦਾ ਹੈ ਜੀ, ਸਾਰੀਆਂ ਸਰਕਾਰਾਂ ਤੇ ਜਿਹੜੀਆਂ ਪੰਜਾਬ ਵਿੱਚ ਆਈਆਂ-ਗਈਆਂ, ਪੰਜਾਬ ਵਿੱਚ ਬਹੁਤ ਸਰਕਾਰਾਂ ਆਉਣੀਆਂ ਵੀ ਹਨ। ਬਜਟ ਤੇ ਗੱਲ ਕਰੀਏ ਤਾਂ ਮੈਂ ਪਹਿਲਾਂ ਰਾਜਾ ਵੜਿੰਗ ਜੀ ਨੂੰ quote ਕਰਾਂਗਾ, ਸ਼ਾਬਾਸ਼ ਰਾਜਾ ਸਾਹਿਬ। ਸੀ.ਐਮ. ਸਾਹਿਬ he has spoken for all the MLAs including us also. ਸਾਡੀ ਵੀ ਗੱਲ ਕਰ ਗਿਆ ਅਤੇ ਤੁਹਾਡੀ ਵੀ ਕਰ ਗਿਆ ਜੀ। ਸਪੀਕਰ ਸਾਹਿਬ, ਸਰਦਾਰ ਮਨਪ੍ਰੀਤ ਸਿੰਘ ਬਾਦਲ ਸਾਹਿਬ

is a very learned person. ਇਨ੍ਹਾਂ ਦੇ ਬਜਟ ਬਾਰੇ ਜੇ ਅਸੀਂ ਕਹੀਏ this is a conservative budget that has an essence of socialist policy ਇਸ ਨੂੰ ਥੋੜ੍ਹਾ ਬਹੁਤਾ leftish ਵੀ ਕਹਿ ਸਕਦੇ ਹਾਂ। ਆਪਣੀ-ਆਪਣੀ ਵਿਚਾਰਧਾਰਾ ਹੁੰਦੀ ਹੈ ਜੀ ਪਰ ਜਦੋਂ ਅਸੀਂ ਇਸ ਵਿੱਚ receipts ਦੀ ਗੱਲ ਦੇਖਦੇ ਹਾਂ।ਸੀ.ਐਮ. ਸਾਹਿਬ, ਅਫਸੋਸ ਹੁੰਦਾ ਹੈ ਕਿ ਪੰਜਾਬ ਦੀ ਆਮਦਨ ਹਰ ਮਹਿਕਮੇ ਦੇ ਵਿੱਚੋਂ ਘਟੀ ਹੈ including GST also. ਜੇਕਰ ਆਪਾਂ ਫਿਰ ਵੀ ਵਾਹ-ਵਾਹ ਕਰੀ ਜਾਈਏ ਤਾਂ ਕੋਈ ਗੱਲ ਨਹੀਂ। ਮਨਪ੍ਰੀਤ ਬਾਦਲ ਜੀ ਨੇ ਬੈਲਟ ਬਹੁਤ ਟਾਈਟ ਕਰ ਲਈ ਹੈ ਜੇਕਰ ਆਪਣੀ ਆਮਦਨ ਵੀ ਘੱਟ ਹੋਵੇ ਅਤੇ ਆਪਾਂ ਖਰਚਾ ਵੀ ਘੱਟ ਕਰੀਏ ਤਾਂ ਸਿਆਣੀ ਗੱਲ ਹੈ। ਜੇਕਰ ਆਮਦਨ ਹੀ ਨਹੀਂ ਹੋਵੇਗੀ ਤਾਂ ਆਪਾਂ ਖਰਚਾ ਵੀ ਨਹੀਂ ਕਰ ਸਕਦੇ To control the fiscal deficit, to control the revenue deficit, he has been successful. ਉਸ ਦਾ ਥੱਲੇ ਆਉਣ ਦਾ ਗੈਪ ਘਟਾ ਦਿੱਤਾ ਹੈ। ਸਪੀਕਰ ਸਾਹਿਬ, ਜੀ.ਐਸ.ਡੀ.ਪੀ. ਦੀ ਰੇਸ਼ੋ ਨਾਲ ਫਿੱਗਰ ਕਾਫੀ ਵਧੀਆ ਹੋ ਗਈ ਹੈ ਪਰ ਇਸ ਤਰ੍ਹਾਂ ਸਟੇਟ/ਸੂਬੇ ਨਹੀਂ ਚਲਦੇ। ਤੁਸੀਂ ਸਾਰੇ ਤਾਂ ਹੁਣ ਰੂਲਿੰਗ ਪਾਰਟੀ ਵਿੱਚ ਹੋ, ਤੁਸੀਂ ਆਪਣੀ-ਆਪਣੀ ਗੱਲ ਕਰਦੇ ਹੋ ਕਿ ਸਾਨੂੰ ਇਹ ਚਾਹੀਦਾ ਹੈ, ਸਾਨੂੰ ਉਹ ਚਾਹੀਦਾ ਹੈ। ਤੁਹਾਨੂੰ ਸ਼ਾਇਦ ਮਿਲ ਵੀ ਜਾਣਾ ਹੈ ਜਾਂ ਨਾ ਹੀ ਮਿਲੇ ਪਰ ਸਾਨੂੰ ਤਾਂ ਕੁਝ ਨਹੀਂ ਮਿਲਣਾ।ਸਪੀਕਰ ਸਾਹਿਬ, ਅਗਰ ਇਸ ਵਿੱਚ ਕੁਝ ਹੋਵੇਗਾ ਅਤੇ ਜੇਕਰ ਫਾਈਨਾਂਸ ਮਨਿਸਟਰ ਸਾਹਿਬ ਦੇ ਸਕਣਗੇ ਤਾਂ ਇਸ ਨੂੰ ਕਹਿ ਸਕਦੇ ਹਾਂ ਕਿ this is the modest budget. ਇਸ ਬਜਟ ਨੇ ਆਪਣੀ ਜਿਹੜੀ ਰੈਵੇਨਿਊ ਜੈਨਰੇਸ਼ਨ ਹੈ, ਉਹ ਵੀ ਘਟਾਈ ਹੈ। ਕੈਪੀਟਲ ਐਕਸਪੈਂਡੀਚਰ ਬਾਰੇ ਬਹੁਤ ਵਾਰੀ ਆਇਆ ਹੈ, ਹੁਣ ਮੈਂ ਵਾਰ-ਵਾਰ ਰੀਪੀਟ ਨਹੀਂ ਕਰਾਂਗਾ ਕਿਉਂਕਿ ਮੇਰੇ ਕੋਲ ਟਾਈਮ ਬਹੁਤ ਥੋੜ੍ਹਾ ਹੈ। ਸਪੀਕਰ ਸਾਹਿਬ, ਜੇਕਰ ਕੈਪੀਟਲ ਐਕਸਪੈਂਡੀਚਰ 18 ਹਜ਼ਾਰ ਕਰੋੜ ਤੋਂ ਲੈ ਕੇ 10 ਹਜ਼ਾਰ ਕਰੋੜ ਤੱਕ ਆ ਜਾਏ ਤਾਂ ਆਪਾਂ ਫਿਰ ਕੀ ਕਰਾਂਗੇ? ਫਿਰ ਆਪਾਂ borrow ਕਰਾਂਗੇ। ਰਾਣਾ ਸਾਹਿਬ, ਤੁਸੀਂ ਹਮੇਸ਼ਾ ਬੜੇ ਚੰਗੇ ਸੁਝਾਅ ਦਿੰਦੇ ਹੋ ਅਤੇ ਅੱਜ ਵੀ ਦਿੱਤੇ ਹਨ। Borrow ਕਰਕੇ ਫਿਰ ਅਸੀਂ ਆਪਣੇ debt ਨੂੰ ਲਾਹੁਣ ਦੀ ਕੋਸ਼ਿਸ਼ ਕਰਾਂਗੇ ਪਰੰਤੂ ਅਸੀਂ assets create ਨਹੀਂ ਕਰ ਸਕਾਂਗੇ। We cannot create assets ਜੋ ਕਿ ਕੈਪੀਟਲ ਐਕਸਪੈਂਡੀਚਰ ਦਾ ਮੁੱਢਲਾ ਫਾਰਮੂਲਾ ਹੈ, the meaning of Capital Expenditure. ਸਪੀਕਰ ਸਾਹਿਬ, ਹੁਣ revenue receipts, budget estimates of

[ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ]

2019-20, ਇਹ ਵੀ ਦੱਸ ਰਹੀਆਂ ਹਨ ਕਿ Budget estimates and revised estimates ਵਿੱਚ ਬਹੁਤ ਫਰਕ ਹੈ, ਸਾਢੇ ਚਾਰ ਹਜ਼ਾਰ ਕਰੋੜ ਦਾ ਫਰਕ ਹੈ। ਫਿਰ ਆਪਾਂ ਕੀ ਕਰਾਂਗੇ? ਜਿਹੜੀ ਇਸ ਵਾਰੀ ਫਾਈਨਾਂਸ ਮਨਿਸਟਰ ਸਾਹਿਬ ਨੇ increase ਦਿਖਾਈ ਗਈ ਹੈ, ਜਿਹੜੀਆਂ 88 ਹਜ਼ਾਰ ਕਰੋੜ ਰੁਪਏ ਦੀਆਂ Revenue Receipts ਹਨ, ਉਹ ਕਿਸ ਵਿੱਚ ਹਨ? ਉਹ ਪਾਵਰ ਵਿੱਚ ਹਨ, ਪਾਵਰ ਉੱਤੇ ਆਪਾਂ ਟੈਕਸ ਲਗਾ ਦਿੱਤਾ ਹੈ ਜਾਂ ਫਿਰ ਜਿਹੜੀਆਂ grants from the Centre ਹਨ, ਉਹ ਵਿਖਾਈਆਂ ਹਨ, ਇਹ ਸਾਰੀਆਂ ਫਿੱਗਰਜ਼ ਇਨ੍ਹਾਂ ਨੇ ਦੱਸੀਆਂ ਹਨ। ਇਹ ਮੈਂ ਨਹੀਂ ਕਹਿ ਰਿਹਾ, Budget at the Glance itself speaks for everything. ਇਸ ਵਿੱਚ ਸਰਕਾਰ ਦੀ ਕੋਈ ਗਲਤੀ ਨਹੀਂ ਹੈ। ਠੀਕ ਹੈ ਸਰਕਾਰ ਨੇ ਐਜੂਕੇਸ਼ਨ, ਹੈਲਥ, ਐਗਰੀਕਲਚਰ ਅਤੇ ਇਰੀਗੇਸ਼ਨ ਆਦਿ ਸਾਰਿਆਂ ਲਈ ਪੈਸੇ ਰੱਖੇ ਹਨ, ਇਹ ਰੱਖਣੇ ਵੀ ਚਾਹੀਦੇ ਹਨ but ਜਿਹੜੀ ਗੱਲ ਵਾਰ-ਵਾਰ ਆ ਰਹੀ ਹੈ, we also agree with that , F.M has tried to improve the financial situation of Punjab. ਜਿਹੜੀ ਗੱਲ ਕਰਨ ਦੀ ਕੋਸ਼ਿਸ਼ ਕੀਤੀ we will accept that but ਸਪੀਕਰ ਸਾਹਿਬ, ਕਈ ਵਾਰੀ ਇਨ੍ਹਾਂ ਗੱਲਾਂ ਤੋਂ ਪਾਸੇ ਹੋ ਕੇ, ਆਪਾਂ ਨੂੰ ਵੈੱਲਫੇਅਰ ਵਾਸਤੇ ਬਹੁਤ ਕੁਝ ਜਾਂ ਹੋਰ ਸਕੀਮਾਂ ਵਾਸਤੇ ਬਹੁਤ ਕੁਝ ਕਰਨ ਦੀ ਲੋੜ ਹੈ, ਜਿਹੜਾ ਕਿ ਇਸ ਬਜਟ ਵਿੱਚ ਆਪਾਂ ਨੂੰ ਨਹੀਂ ਦਿਸ ਰਿਹਾ। ਸਪੀਕਰ ਸਾਹਿਬ, ਪਿਛਲੇ ਸਾਲ ਨਾਲੋਂ ਇਸ ਸਾਲ ਜਿਹੜੀਆਂ Budget Estimates ਅਤੇ Revenue Receipts ਹਨ, ਉਹ ਵੀ 23 ਸੌ ਕਰੋੜ ਰੁਪਿਆ ਘੱਟ ਹਨ, ਹੋ ਸਕਦਾ ਹੈ ਕਿ ਰਿਵਾਈਜ਼ਡ ਐਸਟੀਮੇਟਸ ਵੱਧ ਜਾਣ। ਸੋ, ਪਿਛਲੇ ਸਾਲ ਨਾਲੋਂ ਵੀ 2300 ਕਰੋੜ ਰੁਪਿਆ ਰੈਵੇਨਿਊ ਘੱਟ ਰਹੀ ਹੈ।

ਹੁਣ ਸੀ.ਐਮ. ਸਾਹਿਬ ਚਲੇ ਗਏ ਹਨ। ਰਾਜਾ ਜੀ ਨੇ ਵੀ ਐਕਸਾਈਜ਼ ਦੀ ਗੱਲ ਕੀਤੀ ਹੈ, ਜੀ.ਐਸ.ਟੀ. ਲੈ ਲਓ, ਰਜਿਸਟਰੇਸ਼ਨ ਲੈ ਲਓ, ਸਟੈਂਪ ਡਿਊਟੀ ਲੈ ਲਓ, ਇੱਥੇ ਮੈਡਮ ਟਰਾਂਸਪੋਰਟ ਮੰਤਰੀ ਜੀ ਬੈਠੇ ਹਨ, ਪੰਜਾਬ ਵਿੱਚ ਇੰਨੇ ਵਹੀਕਲਜ਼ ਆਪਣੇ ਪੰਜਾਬੀ buy ਕਰਦੇ ਹਨ ਪਰ ਜਿਹੜੀ ਟਰਾਂਸਪੋਰਟ ਦੀ ਰਜਿਸਟਰੇਸ਼ਨ ਹੈ, ਉਹ ਆਮਦਨ ਵੀ ਘੱਟ ਰਹੀ ਹੈ। ਜਿਹੜੀ ਆਪਣੀ ਸਟੈਂਪ ਡਿਊਟੀ ਹੈ, ਉਹ ਘੱਟ ਰਹੀ ਹੈ। ਸਪੀਕਰ ਸਾਹਿਬ, ਹਰ ਪੱਖ ਤੋਂ ਆਪਾਂ ਡਾਊਨ ਜਾ ਰਹੇ ਹਾਂ। ਰੀਅਲ ਅਸਟੇਟ ਸੈਕਟਰ ਨੂੰ ਟੱਚ ਨਹੀਂ ਕੀਤਾ। ਸਪੀਕਰ ਸਾਹਿਬ, ਇੱਕ ਗੱਲ ਸੱਚੀ ਕਰਾਂਗਾ

ਕਿ ਜਦੋਂ ਅਕਾਲੀ ਦਲ ਦੀ ਸਰਕਾਰ ਸੀ (ਵਿਘਨ) ਆਪਣੀ ਗੱਲ ਨੂੰ ਬਿਲਕੁਲ ਸਵੀਕਾਰ ਕਰਨਾ ਚਾਹੀਦਾ ਹੈ। ਪੰਜਾਬ ਦੇ ਲੋਕ ਕਹਿੰਦੇ ਸਨ ਕਿ ਜਦੋਂ ਕੈਪਟਨ ਅਮਰਿੰਦਰ ਸਿੰਘ ਜੀ ਮੁੱਖ ਮੰਤਰੀ ਬਣਨਗੇ ਤਾਂ ਰੀਅਲ ਅਸਟੇਟ ਇੱਕ ਵਾਰੀ ਜੰਪ ਕਰੇਗੀ, ਰੀਅਲ ਅਸਟੇਟ ਇੱਕ ਵਾਰੀ ਗਰੋਥ ਕਰੇਗੀ ਪਰ ਰੀਅਲ ਅਸਟੇਟ ਦਾ ਕੀ ਹੋਇਆ? ਜੋ ਆਪਾਂ ਦੇਖ ਰਹੇ ਹਾਂ, ਇਹ ਤੁਹਾਡੇ ਸਾਹਮਣੇ ਹੀ ਹੈ। ਜ਼ਮੀਨਾਂ ਦੇ ਭਾਅ ਘੱਟ ਗਏ...

**(ਇੱਕ ਅਵਾਜ਼:** ਸਰ, ਸੀ.ਐਲ.ਯੂ. ਕਰ ਦਿੱਤਾ ਹੈ।)

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ:** ਇਹ ਬਹੁਤ ਵਧੀਆ ਗੱਲ ਹੈ ਕਿ ਤੁਸੀਂ ਸੀ.ਐਲ.ਯੂ. ਕਰ ਦਿੱਤਾ ਹੈ। Try ਤਾਂ ਤੁਸੀਂ ਕਰਨੀ ਹੀ ਹੈ। ਤੁਸੀਂ CLU ਮਿਊਂਸਿਪਲ ਲਿਮਿਟਸ ਤੋਂ ਬਾਹਰ wave ਕਰ ਦਿੱਤਾ that is a welcome step, ਪੰਜਾਬ ਦੀ ਜ਼ਮੀਨ ਦਾ ਭਾਅ 12 ਲੱਖ ਏਕੜ, 15 ਲੱਖ ਏਕੜ ਜਾਂ ਕਿਤੇ 10 ਲੱਖ ਨੂੰ ਵੇਚੀ ਜਾਂਦੇ ਹਨ ਪਰ ਸਾਡੇ ਪੰਜਾਬ ਦੀ ਵਿਡਥ ਕਿੱਥੇ ਗਈ? ਸ਼ਹਿਰਾਂ ਦੀ ਵੀ ਇਹੀ ਗੱਲ ਹੈ। ਆਪਾਂ ਨੂੰ ਇਸ ਗੱਲ ਤੇ ਗੌਰ ਕਰਨਾ ਚਾਹੀਦਾ ਹੈ ਕਿ ਰੀਅਲ ਐਸਟੇਟ ਸੈਕਟਰ ਨੂੰ ਆਪਾਂ boost ਕਿਵੇਂ ਕਰਾਂਗੇ, so that ਆਪਣੀ ਇਕਾਨਮੀ move ਕਰੇ। ਨਹੀਂ ਤਾਂ ਇਕਾਨਮੀ move ਨਹੀਂ ਕਰ ਸਕਦੀ। ਸਪੀਕਰ ਸਾਹਿਬ, ਮੈਂ ਹੁਣ ਮੇਨ ਮਹਿਕਮਿਆਂ ਦੀਆਂ ਗੱਲਾਂ ਤੇ ਆਉਂਦਾ ਹਾਂ। ਐਗਰੀਕਲਚਰ ਦੀ ਗੱਲ ਕਰਨੀ ਹੈ। ਮੇਰੇ ਕੋਲ ਟਾਈਮ ਥੋੜ੍ਹਾ ਹੈ। ਰਾਣਾ ਜੀ you have said lot of good things, ਐਫ.ਐਮ. ਬਾਦਲ ਸਾਹਿਬ ਚਲੇ ਗਏ ਹਨ। ਸਪੀਕਰ ਸਾਹਿਬ, for crop diversification only two hundred crores, 200 ਕਰੋੜ ਨਾਲ ਅਸੀਂ ਕੀ ਕਰਾਂਗੇ? ਅਜਨਾਲਾ ਸਾਹਿਬ ਬੈਠੇ ਹਨ। You are a very progressive farmer industrialist, ਐਂਟਰਪ੍ਰੀਨਿਓਰ ਵੀ ਹੋ। 200 ਕਰੋੜ ਨਾਲ ਆਪਾਂ ਕੀ ਕਰਾਂਗੇ? ਨਾ ਕੋਈ ਫਲੌਰੀਕਲਚਰ। ਹਾਰਟੀਕਲਚਰ ਸਟੇਟਸ ਅਸੀਂ ਮੰਨਦੇ ਹਾਂ ਪਰ ਕੋਈ oil seeds ਨਹੀਂ, ਮੇਜ਼ ਵਾਸਤੇ ਆਪਾਂ ਕਹਿੰਦੇ ਸੀ ਕਿ ਡੈਫੀਸੈਂਸੀ ਪਰਾਈਸਿੰਗ ਸਪੋਰਟ ਸਿਸਟਮ ਲੈ ਕੇ ਆਵਾਂਗੇ ਪਰ ਉਸ ਵਾਸਤੇ ਕੋਈ ਪੈਸਾ ਨਹੀਂ ਆਇਆ। ਆਪਾਂ ਕਿੱਥੋਂ ਐਮ.ਐਸ.ਪੀ. ਦੇਵਾਂਗੇ? ਇਸ ਕਰਕੇ for crop diversification 200 ਕਰੋੜ ਰੁਪਿਆ ਬਹੁਤ ਘੱਟ ਹੈ।

[ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ]

For crop diversification, ਅੱਜ ਸਭ ਤੋਂ ਜ਼ਿਆਦਾ ਪੰਜਾਬ ਨੂੰ ਪਾਣੀ ਬਚਾਉਣ ਦੀ ਲੋੜ ਹੈ। Rain water harvesting ਜਾਂ ਗਰਾਊਂਡ ਵਾਟਰ ਲੈਵਲ ਨੂੰ ਆਪਾਂ ਕਿਵੇਂ ਮੇਨਟੇਨ ਕਰਨਾ ਹੈ, ਸਭ ਤੋਂ ਜ਼ਿਆਦਾ ਲੋੜ ਇਸ ਚੀਜ਼ ਦੀ ਹੈ ਪਰ ਇਸ ਵਾਸਤੇ ਕੋਈ ਪ੍ਰੋਵੀਜ਼ਨ ਇਸ ਬਜਟ ਵਿੱਚ ਨਹੀਂ ਰੱਖੀ ਗਈ। ਸਪੀਕਰ ਸਾਹਿਬ, ਮੈਂ ਅੱਗੇ ਵੀ ਇਹ ਗੱਲ ਕਹੀ ਸੀ ਕਿ ਉਹ ਦਿਨ ਕਦੋਂ ਆਵੇਗਾ ਜਦੋਂ ਪੰਜਾਬ ਦਾ ਹਰ ਸਾਲ 10%, 15%, 20% ਝੋਨੇ ਦਾ ਰਕਬਾ ਆਪਾਂ ਘਟਾਵਾਂਗੇ ਤਾਂ ਹੀ ਆਪਣਾ ਪੰਜਾਬ ਬਚ ਸਕੇਗਾ ਨਹੀਂ ਤਾਂ ਪੰਜਾਬ ਵਾਸਤੇ ਬਹੁਤ ਜ਼ਿਆਦਾ ਖਤਰਾ ਹੈ।

ਸਪੀਕਰ ਸਾਹਿਬ, ਤੁਸੀਂ ਵੀ ਦੁਆਬੇ ਦੇ ਹੋ। ਜਿਹੜਾ ਸਾਡਾ ਦੁਆਬਾ ਹੈ ਉੱਥੇ ਆਲੂਆਂ ਦੀ ਬਹੁਤ ਖੇਤੀ ਹੁੰਦੀ ਹੈ। ਮੇਰੇ ਸਾਰੇ ਵੀਰ ਬੈਠੇ ਹਨ, ਇਹ ਆਲੂਆਂ ਦੀ ਖੇਤੀ ਕਰਦੇ ਹਨ। Potato Seed Crop and potato crop is a very good form of crop diversification ਲੇਕਿਨ ਉਸ ਵਾਸਤੇ ਵੀ ਇਸ ਬਜਟ ਵਿੱਚ ਕੋਈ ਪ੍ਰੋਵੀਜ਼ਨ ਨਹੀਂ ਹੈ।ਤੁਸੀਂ ਹਾਰਟੀਕਲਚਰ ਅਸਟੇਟਸ ਬਣਾਏ ਹਨ। ਉੱਥੇ potato ਦਾ ਵੀ research station ਹੈ। Togri ਵੀ ਰਿਸਰਚ ਫਾਰਮ ਬਣਾ ਰਹੇ ਹਾਂ। ਫਾਇਨਾਂਸ ਮਨਿਸਟਰ ਸਾਹਿਬ, ਆਲੂਆਂ ਵਾਸਤੇ ਵੀ ਜ਼ਰੂਰ ਕੁਝ ਕਰਕੇ ਜਾਓ, that crop is equivalent to five thousand to seven thousand crores, ਇਹ ਆਪਣੇ ਆਲੂਆਂ ਦੀ ਵੈਲਿਊ ਹੈ। ਮੈਂ ਇੱਕ ਗੱਲ ਹੋਰ ਕਰਨੀ ਚਾਹੁੰਦਾ ਹਾਂ ਉਸ ਤੋਂ ਬਾਅਦ ਮੈਂ ਵਾਈਂਡ ਅਪ ਕਰ ਦੇਣਾ ਹੈ। ਆਰਗੈਨਿਕ ਫਾਰਮਿੰਗ, the world is going organic. ਪਿੱਛੇ ਜਿਹੇ ਆਰਗੈਨਿਕ ਫੂਡ ਫੈਸਟੀਵਲ ਲੱਗਿਆ ਸੀ। ਸ਼੍ਰੀਮਤੀ ਹਰਸਿਮਰਤ ਕੌਰ ਬਾਦਲ ਜੀ ਨੇ ਲਗਾਇਆ, ਆਪਾਂ ਜੋ ਮਰਜ਼ੀ ਕਹੀਏ। ਉਨ੍ਹਾਂ ਕੋਲ ਫੂਡ ਪ੍ਰੋਸੈਸਿੰਗ ਦੀ ਮਨਿਸਟਰੀ ਹੈ and she makes a great effort. ਪਿੱਛੇ ਜਿਹੇ ਆਰਗੈਨਿਕ ਫੂਡ ਫੈਸਟੀਵਲ ਵਿੱਚ ਇੰਡੀਆ ਤੋਂ ਸਾਰੀਆਂ ਕੰਪਨੀਜ਼ ਆਈਆਂ ਅਤੇ ਫਾਰਮਰਜ਼ ਵੀ ਆਏ। Punjab is an agriculture state. ਆਪਾਂ ਆਰਗੈਨਿਕ ਫਾਰਮਿੰਗ ਨੂੰ ਕਿਉਂ ਨਹੀਂ ਥੋੜ੍ਹੀ-ਬਹੁਤ importance ਦਿੰਦੇ? ਆਪਾਂ ਆਰਗੈਨਿਕ ਫਾਰਮਿੰਗ ਨੂੰ boost ਕਿਉਂ ਨਹੀਂ ਕਰਦੇ? ਇਸ ਬਜਟ ਵਿੱਚ ਅਜਿਹੀ ਕੋਈ ਗੱਲ ਨਹੀਂ ਆਖੀ ਗਈ।

**ਮਾਨਯੋਗ ਸਪੀਕਰ :** ਹੁਣ ਕਨਕਲੂਡ ਕਰ ਲਵੋ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਸਪੀਕਰ ਸਾਹਿਬ, ਕਨਕਲੂਡ ਕਰ ਦਿੰਦਾ ਹਾਂ ਜੀ। I won't be partial for myself ਆਪਾਂ ਆਪਣੇ ਹਲਕੇ ਦੀ ਗੱਲ ਕਰੀ ਜਾਈਏ ਲੇਕਿਨ ਇੱਥੇ ਐਜੂਕੇਸ਼ਨ ਮਨਿਸਟਰ ਸ਼੍ਰੀ ਵਿਜੈ ਇੰਦਰ ਸਿੰਗਲਾ ਜੀ ਬੈਠੇ ਹਨ। ਦੋ ਨਵੇਂ ਸਕੂਲ, ਇੱਕ ਤਾਂ ਕਿਦਵਈ ਨਗਰ, ਲੁਧਿਆਣੇ ਅਤੇ ਦੂਜਾ ਅੰਗਦ ਸਿੰਘ ਦੇ ਹਲਕੇ ਸ਼ਹੀਦ ਭਗਤ ਸਿੰਘ ਨਗਰ ਵਿੱਚ ਨਵੀਂ ਬਿਲਡਿੰਗ ਬਣਾ ਰਹੇ ਹੋ ਪਰ ਕਈ ਸਕੂਲ ਅਜਿਹੇ ਹਨ ਜਿਨ੍ਹਾਂ ਦੀਆਂ ਬਿਲਡਿੰਗਾਂ ਦੋ-ਦੋ ਸਾਲ ਤੋਂ ਰੁਕੀਆਂ ਹੋਈਆਂ ਹਨ। ਇੱਕ ਸਾਡੇ ਹਲਕੇ ਵਿੱਚ ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ, ਨੂਰਮਹਿਲ ਵੀ ਹੈ। ਜਿੱਥੇ ਦੋ ਸਕੂਲਾਂ ਨੂੰ ਕਲੱਬ ਕਰਕੇ ਛੋਟੇ ਜਿਹੇ ਸਕੂਲ ਵਿੱਚ ਸਾਰੇ ਬੱਚਿਆਂ ਨੂੰ ਪੜ੍ਹਾਇਆ ਜਾਂਦਾ ਸੀ and that construction has been stopped for the last two years. ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਇਸ ਦਾ ਵੀ ਧਿਆਨ ਕਰਨ। ਬਾਜਵਾ ਸਾਹਿਬ ਰੂਰਲ ਡਿਵੈਲਪਮੈਂਟ ਮਨਿਸਟਰ ਹਨ। ਸਪੀਕਰ ਸਾਹਿਬ, Smart Village Programme ਤਹਿਤ ਗ੍ਰਾਂਟਾਂ ਮੰਗੀਆਂ ਜਾਂਦੀਆਂ ਹਨ। ਜੀਅ ਸਦਕੇ, ਗ੍ਰਾਂਟਾਂ ਮਿਲਣੀਆਂ ਵੀ ਚਾਹੀਦੀਆਂ ਹਨ ਲੇਕਿਨ ਅਗਰ ਅਸੀਂ ਕਹਿੰਦੇ ਹਾਂ ਕਿ Captain Amarinder Singh is a Chief Minister of the whole of Punjab ਸਾਡੇ ਵੀ ਮੁੱਖ ਮੰਤਰੀ ਉਹੀ ਹਨ। ਜਿਹੜੇ ਸਰਪੰਚ ਦੂਸਰੇ ਧੜਿਆਂ ਦੇ ਹਨ, ਅਕਾਲੀ ਦਲ ਦੇ ਹੋਣ ਜਾਂ ਆਮ ਆਦਮੀ ਪਾਰਟੀ ਦੇ ਹੋਣ ਜਾਂ ਕਿਸੇ ਵੀ ਪਾਰਟੀ ਦੇ ਹੋਣ, ਉਨ੍ਹਾਂ ਸਰਪੰਚਾਂ ਨੂੰ ਵੀ ਇਨਕਲੂਜ਼ਿਵ ਡਿਵੈਲਪਮੈਂਟ ਚਾਹੀਦੀ ਹੈ। It should not be exclusive.

**ਮਾਨਯੋਗ ਸਪੀਕਰ :** ਵਡਾਲਾ ਸਾਹਿਬ, thank you, thank you.

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ:** ਸਪੀਕਰ ਸਾਹਿਬ, ਮੈਂ ਵਾਈਂਡ ਅੱਪ ਕਰਨ ਲੱਗਿਆ ਹਾਂ। ਹੈਲਥ ਮਨਿਸਟਰ ਸਾਹਿਬ ਨੂੰ ਇੱਕ ਸਵਾਲ ਪਾਇਆ ਸੀ ਉਸ ਦਿਨ ਅਸੀਂ ਇੱਥੇ ਨਹੀਂ ਸੀ। ਨਕੋਦਰ ਵਿਖੇ ਇੱਕ ਹਸਪਤਾਲ ਹੈ।

**ਮਾਨਯੋਗ ਸਪੀਕਰ:** ਤੁਹਾਡੀ ਗੱਲ ਸਾਰੇ ਵੈਸੇ ਵੀ ਮੰਨ ਲੈਂਦੇ ਹਨ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਮੈਂ ਇਨ੍ਹਾਂ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਨਾਂਹ ਕਰ ਦਿੱਤੀ ਸੀ। ਛੱਤਾਂ ਚੋਅ ਰਹੀਆਂ ਹਨ, ਸਰੀਏ ਨੰਗੇ ਹੋ ਗਏ ਕਿਉਂਕਿ ਸੀਮਿੰਟ ਡਿੱਗ ਰਿਹਾ ਹੈ ਪਰ though it is a Sub Divison Hospital. ਕਿਰਪਾ ਕਰਕੇ ਇਸ ਦੇ ਇੰਸਟਰੂਮੈਂਟਸ ਮੰਗਵਾ ਕੇ ਕੰਮ ਕੀਤਾ ਜਾਵੇ । ਇਸ ਨਾਲ ਵਾਹ-ਵਾਹ ਤੁਹਾਡੀ ਹੋਣੀ ਹੈ। ਵਾਹ-ਵਾਹ ਸਰਕਾਰ ਦੀ ਹੀ ਹੋਣੀ ਹੈ, ਜੇ ਆਪਾਂ ਕੰਮ ਕਰਾਂਗੇ ਤਾਂ .... (ਵਿਘਨ)

**Mr. Speaker:** Thank you, thank you.

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ):** ਅਸੀਂ ਇਨਕੁਆਰੀ ਵਾਸਤੇ ਆਰਡਰ ਦੇ ਦਿੱਤੇ ਹਨ।

**ਮਾਨਯੋਗ ਸਪੀਕਰ :** ਸਿੱਧੂ ਸਾਹਿਬ ਖੜ੍ਹੇ ਹਨ। ਉਹ ਕਹਿੰਦੇ ਹਨ ਕਿ ਅਸੀਂ ਇਨਕੁਆਰੀ ਵਾਸਤੇ ਆਰਡਰ ਦੇ ਦਿੱਤੇ ਹਨ। ਹੁਣ ਬੈਠ ਜਾਓ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਸਪੀਕਰ ਸਾਹਿਬ, Thank you. I am going to wind up ਪਲੀਜ਼ ਦੋ ਗੱਲਾਂ ਹੋਰ ਕਰਨੀਆਂ ਹਨ। ਇਨ੍ਹਾਂ ਨੇ ਹੈਰੀਟੇਜ਼ ਵਾਸਤੇ ਗੱਲ ਆਖੀ ਹੈ there is a poem in which it is said

"East is East and West is West,

and never the twain shall meet," (Interruptions)

ਤੁਸੀਂ ਉੱਧਰ ਚੰਗੇ ਹੋ ਅਤੇ ਮੈਂ ਇੱਧਰ ਚੰਗਾ ਹਾਂ ਪਰ ਚੰਗਾ ਤਾਂ ਰੱਬ ਦਾ ਨਾਂਅ ਹੈ।

ਹਮ ਨਹੀ ਚੰਗੇ ਬੁਰਾ ਨਹੀ ਕੋਇ।।

ਸਪੀਕਰ ਸਾਹਿਬ, ਆਪਾਂ ਸਾਰਿਆਂ ਨੂੰ ਰਲ ਕੇ ਚੰਗਾ ਤਾਂ ਪੰਜਾਬ ਨੂੰ ਬਣਾਉਣਾ ਚਾਹੀਦਾ ਹੈ। ਇੱਥੇ ਰਾਜਾ ਵੜਿੰਗ ਜੀ ਬੋਲ ਰਹੇ ਸੀ, ਉਨ੍ਹਾਂ ਨੇ ਰੇਤੇ ਦੀ ਗੱਲ ਕੀਤੀ, ਇਹ ਗੱਲ ਅਸੀਂ ਵੀ ਕੀਤੀ ।

**Mr. Speaker :** It is a good quote but please ਹੁਣ ਖਤਮ ਕਰ ਦਿਓ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਹਾਂ ਜੀ, ਮਾਈਨਿੰਗ ਬਾਰੇ ਅਸੀਂ ਵੀ ਕਹਿੰਦੇ ਹਾਂ ਕਿ ਮਾਈਨਿੰਗ ਫਰੀ ਕਰ ਦਿਓ, ਜਿਸ ਤਰ੍ਹਾਂ ਅੱਗੇ ਚਲਦਾ ਸੀ। ਸਪੀਕਰ ਸਾਹਿਬ, ਜਦੋਂ ਅਸੀਂ ਖੇਤੀ ਕਰਦੇ ਸੀ ਤਾਂ ਉਦੋਂ ਅਸੀਂ ਤੁਹਾਡੇ ਸ੍ਰੀ ਅਨੰਦਪੁਰ ਸਾਹਿਬ ਤੋਂ ਇੱਕ ਟਰਾਲੀ ਲਿਆਉਂਦੇ ਹੁੰਦੇ ਸੀ, ਨਸਰਾਲਾ ਚੋਅ ਤੇ ਨੂਰਪੁਰ ਬੇਦੀ ਤੋਂ ਇੱਕ ਟਰਾਲੀ ਇੱਕ ਹਜ਼ਾਰ ਰੁਪਏ ਦੀ ਆਉਂਦੀ ਸੀ। ਇਸ ਨੂੰ ਫਰੀ ਕਰ ਦਿਓ। ਸਰਕਾਰੀਆ ਜੀ, ਤਿੰਨ ਸੌ ਕਰੋੜ ਰੁਪਏ ਨਾਲ ਕੁਝ ਨਹੀਂ ਬਣਨਾ।

**ਮਾਨਯੋਗ ਸਪੀਕਰ :** ਬੈਠੋ ਹੁਣ। ਸ਼੍ਰੀ ਅੰਗਦ ਸਿੰਘ ਜੀ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਬਸ ਜੀ, ਹੁਣ ਲਾਸਟ ਹੈ। ਇੱਕ Sam Walter Foss ਅਮੈਰੀਕਨ poet ਹੋਇਆ ਹੈ। Whatever I have learnt in schools, I would like to quote. ਇਹ ਬੜੀਆਂ ਹੀ inspired ਗੱਲਾਂ ਹਨ ਜੀ। ਉਹ ਕਹਿੰਦਾ ਹੈ ਕਿ :-

"Bring me men to match my mountains'

Bring me men to match my plains;

Men with empires in their purpose and

new eras in their brains."

ਜਦੋਂ ਅਸੀਂ ਸਕੂਲ ਵਿੱਚ ਪੜ੍ਹਦੇ ਸੀ ਤਾਂ ਡੈਸਕ ਤੇ ਲਿਖਿਆ ਹੁੰਦਾ ਸੀ। ਕਹਿੰਦੇ ਹਨ ਕਿ Robert Frost ਦੀ ਇਸ poem ਨੂੰ ਜਵਾਹਰ ਲਾਲ ਨਹਿਰੂ ਨੇ ਲਿਖਿਆ ਸੀ :

"The woods are lovely,dark and deep,

But I have promises to keep and miles to go

Before I sleep."

ਇਵੇਂ ਦੀ ਗੱਲ ਸਾਨੂੰ ਪੰਜਾਬ ਵਾਸਤੇ ਕਰਨੀ ਚਾਹੀਦੀ ਹੈ। ਬਹੁਤ-ਬਹੁਤ ਧੰਨਵਾਦ ਜੀ।

**ਸ਼੍ਰੀ ਅੰਗਦ ਸਿੰਘ (ਨਵਾਂ ਸ਼ਹਿਰ) :** ਮਾਨਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਨੂੰ ਪਤਾ ਹੈ ਕਿ ਸਮੇਂ ਦੀ ਬੜੀ restriction ਹੈ। ਮੈਂ ਵੀ ਇਸ ਪਵਿੱਤਰ ਸਦਨ ਦਾ ਜ਼ਿਆਦਾ ਸਮਾਂ ਨਹੀਂ ਲਵਾਂਗਾ ਕਿਉਂਕਿ ਬਹੁਤ ਸਾਰੀਆਂ ਗੱਲਾਂ ਕਰਨ ਵਾਲੀਆਂ ਸਨ ਪਰ ਮੈਨੂੰ ਇਸ ਗੱਲ ਦਾ ਯਕੀਨ ਹੈ ਕਿ ਮੈਂ ਜਿੰਨੀਆਂ ਮਰਜ਼ੀ ਗੱਲਾਂ ਕਰ ਲਵਾਂ ਉਸ ਦਾ ਕੋਈ ਫਾਇਦਾ ਨਹੀਂ ਹੋਣਾ ਕਿਉਂਕਿ ਅੱਜ ਦਾ ਮੇਲਾ ਤਾਂ ਮੇਰੇ ਵੀਰ ਰਾਜਾ ਵੜਿੰਗ ਜੀ ਹੀ ਲੁੱਟ ਕੇ ਲੈ ਗਏ। ਮੈਂ ਇਸ ਮੌਕੇ ਤੇ ਇਹ ਗੱਲ ਜ਼ਰੂਰ ਕਹਿਣੀ ਚਾਹਾਂਗਾ ਕਿ ਜਿਹੜੀਆਂ ਗੱਲਾਂ ਮੇਰੇ ਵੀਰ ਵੜਿੰਗ ਨੇ ਕੀਤੀਆਂ ਹਨ, ਮੈਂ 100% ਉਨ੍ਹਾਂ ਨਾਲ ਸਹਿਮਤ ਹਾਂ। ਇਨ੍ਹਾਂ ਗੱਲਾਂ ਵੱਲ ਸਰਕਾਰ ਵੀ ਜ਼ਰੂਰ ਧਿਆਨ ਦੇਵੇ। ਮੈਂ ਐਫ.ਐਮ.

[ਸ਼੍ਰੀ ਅੰਗਦ ਸਿੰਘ]

ਸਾਹਿਬ ਅਤੇ ਸੀ.ਐਮ. ਸਾਹਿਬ ਦਾ ਤਹਿ ਦਿਲੋਂ ਧੰਨਵਾਦ ਕਰਨਾ ਚਾਹੁੰਦਾ ਹਾਂ ਅਤੇ ਮੈਂ ਇਸ ਬਜਟ ਨੂੰ ਬਿਲਕੁਲ ਸਪੋਰਟ ਕਰਦਾ ਹਾਂ। ਇਨ੍ਹਾਂ ਨੇ ਬਹੁਤ ਸੋਚ-ਵਿਚਾਰ ਕੇ ਇਹ ਬਜਟ ਤਿਆਰ ਕੀਤਾ ਹੈ। ਜਿਵੇਂ ਮੇਰੇ ਤੋਂ ਪਹਿਲਾਂ ਬੁਲਾਰਿਆਂ ਨੇ ਦੱਸਿਆ ਅਤੇ ਮੈਨੂੰ ਵੀ ਯਾਦ ਹੈ ਕਿ ਜਦੋਂ ਤਿੰਨ ਸਾਲ ਪਹਿਲਾਂ ਸਾਡੀ ਸਰਕਾਰ ਦਾ ਬਜਟ ਪੇਸ਼ ਹੋਇਆ ਸੀ ਤਾਂ ਐਫ.ਐਮ. ਸਾਹਿਬ ਨੇ ਜਿਹੜੀਆਂ ਗੱਲਾਂ ਕੀਤੀਆਂ ਸਨ, ਉਹ ਆਪਣੇ ਦਿਲੋਂ ਕੀਤੀਆਂ ਸਨ। ਇਸ ਬਜਟ ਵਿੱਚ ਵੀ ਜਿਹੜੀ ਉਨ੍ਹਾਂ ਨੇ ਗੱਲ ਕੀਤੀ ਹੈ, ਮੈਂ ਬੜੀ ਗੌਰ ਨਾਲ ਇਹ ਬਜਟ ਸੁਣ ਰਿਹਾ ਸੀ। ਉਨ੍ਹਾਂ ਨੇ ਆਪਣੇ ਬੱਚਿਆਂ ਦੀਆਂ ਵੀ ਸਹੁੰਆਂ ਖਾਧੀਆਂ। ਉਨ੍ਹਾਂ ਨੇ ਆਪਣੇ ਦਿਲੋਂ ਗੱਲ ਕੀਤੀ ਕਿ ਜੋ legacy ਸਾਨੂੰ ਪਿਛਲੀ ਸਰਕਾਰ ਵੱਲੋਂ ਮਿਲੀ, ਸੀ.ਸੀ.ਐਲ. ਦਾ 31 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਸਾਡੇ ਸਿਰ ਤੇ ਚੜ੍ਹਿਆ ਔਰ ਪਿਛਲੇ ਤਿੰਨ ਸਾਲਾਂ ਦੀ ਇਨ੍ਹਾਂ ਨੇ ਕਾਰਗੁਜ਼ਾਰੀ ਦੱਸੀ ਕਿ ਹੁਣ ਤੱਕ ਮਾਰਚ ਦੇ ਐਂਡ ਤੱਕ ਸਾਢੇ 10 ਹਜ਼ਾਰ ਕਰੋੜ ਰੁਪਏ ਚਲੇ ਗਏ, ਇਸ ਨੂੰ ਭਾਵੇਂ ਇੰਟਰਸਟ ਕਹਿ ਲਓ ਭਾਵੇਂ ਅਸਲ ਕਹਿ ਲਓ, ਜੋ ਮਰਜ਼ੀ ਕਹਿ ਲਓ। ਸਾਡੇ ਲਈ ਇਹ ਬਹੁਤ ਹੀ ਮੁਬਾਰਕ ਗੱਲ ਹੈ। ਚਲੋ, ਦੁੱਖ ਦੀ ਗੱਲ ਵੀ ਕਹਿ ਲਓ ਪਰ ਮੁਬਾਰਕਬਾਦ ਇਸ ਗੱਲ ਲਈ ਹੈ ਕਿ ਇੰਨੇ obstacles ਹੋਣ ਦੇ ਬਾਵਜੂਦ ਵੀ ਤੁਸੀਂ ਇਹ ਕੰਮ ਕੀਤਾ ਔਰ ਪਿਛਲੇ ਤਿੰਨ ਸਾਲਾਂ ਵਿੱਚ ਇਹ ਸਰਕਾਰ ਓਵਰਡਰਾਫਟ ਵਿੱਚ ਨਹੀਂ ਗਈ ਜਿਹੜੀ ਕਿ ਪਿਛਲੇ ਲੰਮੇ ਸਮੇਂ ਤੋਂ ਸਰਕਾਰ ਜਾਂਦੀ ਰਹੀ ਹੈ। If I am not wrong 25 ਦਿਨ ਜਿਵੇਂ ਕਿ ਦੱਸਿਆ ਗਿਆ ਹੈ । ਸਰ, ਇਸ ਤੋਂ ਇਲਾਵਾ ਮੈਂ ਇੱਕ ਹੋਰ ਗੱਲ ਦੱਸਣਾ ਚਾਹੁੰਦਾ ਹਾਂ ਕਿ ਠੀਕ ਹੈ, ਮੇਰੇ ਵੀਰਾਂ ਨੇ ਗੱਲ ਕੀਤੀ ਹੈ ਕਿ ਸਾਡੀ ਸਰਕਾਰ ਉਤੇ ਕਰਜ਼ਾ ਹੈ, ਪਹਿਲਾਂ ਵੀ ਬਹੁਤ ਵੱਡੇ ਕਰਜ਼ੇ ਦੀ ਰਕਮ ਚਲਦੀ ਆਈ ਹੈ ਪਰ ਇਸ ਵਿੱਚ ਜਿਹੜੀ ਦੇਖਣ ਵਾਲੀ ਗੱਲ ਸੀ ਉਹ ਇਹ ਸੀ ਕਿ ਜਿਹੜੀ ਡੈੱਟ ਦੀ ਜੀ.ਐਸ.ਡੀ.ਪੀ. ਰੇਸ਼ੋ ਹੈ, ਉਹ ਸਾਲ 2016-17 ਵਿੱਚ 42.75% ਸੀ, ਉਸ ਤੋਂ ਬਾਅਦ ਇਹ ਘਟਿਆ ਹੈ ਔਰ ਇਸ ਸਾਲ ਦੀ ਜਿਹੜੀ ਰੇਸ਼ੋ ਹੈ, ਇਹ ਅੰਡਰ 40% ਆ ਚੁੱਕਿਆ ਹੈ । ਮੈਨੂੰ ਪੂਰਾ ਯਕੀਨ ਹੈ ਕਿ ਜਿਸ ਢੰਗ ਨਾਲ, ਜਿਸ ਲਗਨ ਨਾਲ ਐਫ.ਐਮ.ਸਾਹਿਬ, ਸੀ.ਐਮ.ਸਾਹਿਬ ਲੱਗੇ ਹੋਏ ਹਨ ਤਾਂ ਆਉਣ ਵਾਲੇ ਸਮੇਂ ਵਿੱਚ ਇਹ ਡੈੱਟ ਰੇਸ਼ੋ ਵੀ ਜ਼ਰੂਰ ਘਟੇਗੀ। ਸਰ, ਗੱਲਾਂ ਬਹੁਤ ਕਰਨ ਵਾਲੀਆਂ ਹਨ ਪਰ ਮੈਂ ਫਿਰ ਵੀ ਤਿੰਨ ਮੇਜਰ ਇਸ਼ੂਜ਼ ਉਤੇ ਗੱਲ ਕਰਨੀ ਚਾਹੁੰਦਾ ਹਾਂ। ਪੰਜਾਬ ਇਕ ਐਗਰੀਕਲਚਰ ਸਟੇਟ ਹੈ, ਕੋਈ ਵੀ ਇਕਾਨਮੀ ਹੈ, ਜਦ ਤੱਕ ਉਸ ਦਾ ਐਗਰੀਕਲਚਰ

ਸੈਕਟਰ ਖੁਸ਼ ਨਹੀਂ ਹੈ, ਜਦ ਤੱਕ ਰੂਰਲ ਸੈਕਟਰ ਖੁਸ਼ ਨਹੀਂ ਹੈ, ਉਸ ਵਿੱਚ ਸਪੈਂਡਿੰਗ ਪਾਵਰ ਨਹੀਂ ਆਉਂਦੀ ਉਦੋਂ ਤੱਕ ਕੋਈ ਵੀ ਸੈਕਟਰ ਕਾਮਯਾਬ ਨਹੀਂ ਹੋ ਸਕਦਾ । ਮੈਂ ਸਭ ਤੋਂ ਪਹਿਲਾਂ ਐਫ.ਐਮ.ਸਾਹਿਬ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਪਿਛਲੇ ਤਿੰਨ ਸਾਲਾਂ ਵਿੱਚ ਇਕ ਪ੍ਰਾਮਿਸ ਤੇ ਕੰਮ ਕੀਤਾ ਗਿਆ, ਇੱਕ ਪੋਲ ਪ੍ਰਾਮਿਸ ਸੀ। ਪਿਛਲੇ ਲੰਮੇ ਸਮੇਂ ਤੋਂ ਫਾਰਮਰਜ਼ ਦੇ ਉਤੇ ਜਿਸ ਤਰੀਕੇ ਦਾ ਡਿਸਟਰੈਸ ਸੀ, ਉਸ ਨੂੰ ਦੂਰ ਕਰਨ ਵਾਸਤੇ ਸਰਕਾਰ ਨੇ ਲਗਭਗ 6000 ਕਰੋੜ ਰੁਪਏ ਦਾ ਡੈੱਟ ਦੋ ਲੱਖ ਰੁਪਏ ਦੀ ਰਕਮ ਦਾ ਕਿਸਾਨਾਂ ਦਾ ਕਰਜ਼ਾ ਵੇਵ ਆਫ ਕੀਤਾ ਹੈ, ਇਹ ਬਹੁਤ ਵੱਡਾ ਕਦਮ ਸੀ । ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਇਸ ਗੱਲ ਨੂੰ ਸਮਝਦੇ ਹੋਏ ਇਸ ਸਾਲ ਵੀ ਇਨ੍ਹਾਂ ਨੇ ਬਜਟ ਵਿਚ 2000 ਕਰੋੜ ਰੁਪਏ ਦੀ ਪ੍ਰੋਵੀਜ਼ਨ ਰੱਖੀ ਹੈ। ਇਸ ਤੋਂ ਇਲਾਵਾ ਫਾਰਮਰਜ਼ ਨੂੰ ਹੋਰ ਰਿਲੀਫ ਦੇਣ ਵਾਸਤੇ 8,275 ਕਰੋੜ ਰੁਪਏ ਦੀ ਜਿਹੜੀ ਬਿਜਲੀ ਦੀ ਬਹੁਤ ਵੱਡੀ ਰਿਲੀਫ ਚਲਦੀ ਆ ਰਹੀ ਸੀ, ਉਹ ਵੀ ਇਸ ਸਾਲ ਪੂਰੀ ਦੇਣ ਜਾ ਰਹੇ ਹਨ ।

ਸਰ, ਮੈਂ ਇਸ ਗੱਲ ਦੀ ਬੜੀ ਖੁਸ਼ੀ ਮਹਿਸੂਸ ਕਰਦਾ ਹਾਂ ਕਿ ਐਫ.ਐਮ.ਸਾਹਿਬ ਨੇ ਐਜੂਕੇਸ਼ਨ ਵਾਸਤੇ ਬਹੁਤ ਵੱਡਾ ਅਮਾਊਂਟ ਇਸ ਬਜਟ ਵਿਚ ਰੱਖਿਆ ਹੈ। ਮੈਂ ਇਸੇ ਮੌਕੇ ਤਹਿ ਦਿਲੋਂ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਐਫ.ਐਮ.ਸਾਹਿਬ ਨੇ ਮੇਰੇ ਉਤੇ ਵੀ ਬਹੁਤ ਮਿਹਰਬਾਨੀ ਵਿਖਾਈ ਹੈ। ਮੈਂ ਉਨ੍ਹਾਂ ਕੋਲ ਇਹ ਬੇਨਤੀ ਲੈ ਕੇ ਗਿਆ ਸੀ ਕਿ ਸਾਡਾ ਜਿਹੜਾ ਨਵਾਂ ਸ਼ਹਿਰ ਵਿੱਚ ਸਰਕਾਰੀ ਸਕੂਲ ਹੈ, ਇਹ ਇਕੋ ਸਕੂਲ ਹੈ ਜਿਹੜਾ ਇੱਕ ਬੜਾ ਕਾਮਯਾਬ ਸਕੂਲ ਹੈ। ਉਸ ਦਾ ਬੜਾ ਅੱਛਾ ਰਿਜ਼ਲਟ ਰਿਹਾ ਹੈ ਪਰ ਉਥੇ ਇੰਫਰਾਸਟ੍ਰਕਚਰ ਦੀ ਕਮੀ ਹੋਣ ਕਰਕੇ ਬੱਚੇ ਪ੍ਰਾਪਰਲੀ ਐਡਮਿਸ਼ਨ ਨਹੀਂ ਲੈ ਰਹੇ । ਇਸ ਗੱਲ ਨੂੰ ਸਮਝਦੇ ਹੋਏ, ਤੁਸੀਂ ਜਿਹੜਾ ਬਜਟ ਵਿਚ 5 ਕਰੋੜ ਰੁਪਿਆ ਨਵਾਂ ਸ਼ਹਿਰ ਦੇ ਸਕੂਲ ਵਾਸਤੇ ਅਨਾਊਂਸ ਕੀਤਾ ਹੈ, ਇਸ ਸਬੰਧੀ ਮੈਂ ਤੁਹਾਡਾ ਤਹਿ ਦਿਲੋਂ ਧੰਨਵਾਦ ਕਰਨਾ ਚਾਹੁੰਦਾ ਹਾਂ। ਸਰ, ਇਸ ਮੌਕੇ ਉਤੇ ਮੈਂ ਇਕ ਹੋਰ ਗੱਲ ਦੱਸਣੀ ਚਾਹੁੰਦਾ ਹਾਂ । ਮੇਰੇ ਵੀਰ ਆਪੋਜ਼ੀਸ਼ਨ ਵਿਚ ਬੈਠੇ ਹਨ ਉਹ ਕਈ ਵਾਰੀ ਪੁੱਛਦੇ ਹੁੰਦੇ ਹਨ ਕਿ ਸਮਾਰਟ ਸਕੂਲ ਦੀ ਡੈਫੀਨੇਸ਼ਨ ਕੀ ਹੁੰਦੀ ਹੈ? ਸਰ, ਮੈਂ ਦੱਸਣਾ ਚਾਹੁੰਦਾ ਹਾਂ ਕਿ ਤੁਸੀਂ ਨਵਾਂ ਸ਼ਹਿਰ ਮੇਰੇ ਹਲਕੇ ਵਿੱਚ ਜ਼ਰੂਰ ਆਇਓ, ਮੈਂ ਇਹ ਨਹੀਂ ਕਹਿੰਦਾ ਕਿ ਮੇਰੇ ਸਾਰੇ ਸਕੂਲ ਸਮਾਰਟ ਹਨ, ਮੈਂ ਇਹ ਨਹੀਂ ਕਹਿੰਦਾ ਕਿ ਸਾਡਾ ਸਾਰੇ ਪਾਸੇ ਕੰਮ ਚੜ੍ਹਦੀਕਲਾ ਵਿੱਚ ਹੈ, ਬਹੁਤ ਸਕੂਲਾਂ ਵਿਚ ਅਜੇ ਬਹੁਤ ਜ਼ਿਆਦਾ ਕਮੀ ਹੈ। ਮੈਂ ਥੋੜ੍ਹਾ

[ਸ਼੍ਰੀ ਅੰਗਦ ਸਿੰਘ]

ਜਿਹਾ ਡਾਟਾ ਤਿਆਰ ਕਰਕੇ ਲਿਆਇਆ ਹਾਂ। ਸਰ, ਨਵਾਂ ਸ਼ਹਿਰ ਦਾ ਸਰਕਾਰੀ ਸਕੂਲ ਜਿਥੇ ਹੁਣ 5 ਕਰੋੜ ਰੁਪਿਆ ਆਉਣਾ ਹੈ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਲ 2018 ਵਿੱਚ ਇਸ ਸਕੂਲ ਵਿਚ 1,109 ਬੱਚੇ ਸੀ, ਸਾਲ 2019 ਵਿੱਚ ਇਸ ਨੂੰ ਸਮਾਰਟ ਸਕੂਲ ਵਿਚ ਲਿਆਂਦਾ ਤਾਂ ਇਥੇ 1,430 ਬੱਚਿਆਂ ਦੀ ਸਟਰੈਂਥ ਆ ਗਈ ਹੈ, ਮੈਨੂੰ ਪੂਰਾ ਯਕੀਨ ਹੈ ਕਿ ਇਸ ਸਾਲ ਲਗਭਗ 1,700 ਬੱਚਾ ਇਸ ਸਕੂਲ ਵਿਚ ਦਾਖਲਾ ਲਵੇਗਾ । ਜਦੋਂ ਅਸੀਂ ਸਮਾਰਟ ਸਕੂਲ ਦੀ ਗੱਲ ਕਰਦੇ ਹਾਂ, ਉਸ ਵਿੱਚ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਵਿਚ ਸਿਰਫ ਐਲ.ਸੀ.ਡੀ. ਸਕਰੀਨਾਂ ਜਾਂ ਪ੍ਰਾਜੈਕਟਰਜ਼ ਦੀ ਗੱਲ ਨਹੀਂ ਹੁੰਦੀ, ਇਸ ਵਿਚ ਜਿਹੜਾ ਇਹ ਨਵਾਂ ਸ਼ਹਿਰ ਦਾ ਸਕੂਲ ਹੈ, ਇਕੱਲੇ ਇਕੱਲੇ ਕਲਾਸ ਰੂਮ ਵਿੱਚ ਸੀ.ਸੀ.ਟੀ.ਵੀ. ਕੈਮਰੇ ਲਗਾਏ ਹੋਏ ਹਨ, ਜਿਵੇਂ ਕਿ ਤੁਸੀਂ ਇਥੇ ਦੇਖ ਸਕਦੇ ਹੋ, ਉਸੇ ਪ੍ਰਕਾਰ ਜਿੰਨੇ ਵੀ ਪ੍ਰੀਮਿਸਿਜ਼ ਹਨ, ਕਾਰੀਡੋਰਜ਼ ਹਨ, ਸਾਰਿਆਂ ਵਿਚ ਲੱਗੇ ਹੋਏ ਹਨ । ਸਰ, ਇਥੇਂ ਹੀ ਬਸ ਨਹੀਂ, ਜਿਹੜੇ 9ਵੀਂ ਕਲਾਸ ਤੋਂ ਲੈ ਕੇ 12ਵੀਂ ਕਲਾਸ ਤੱਕ ਦੇ ਬੱਚੇ ਹਨ, ਉਨ੍ਹਾਂ ਦੀ ਅਟੈਂਡੈਂਸ ਵਾਸਤੇ ਬਾਇਓ ਮੀਟਰਿਕਸ ਲਗਾਏ ਹੋਏ ਹਨ । ਸੋ, ਇਹ ਕੰਮ ਅਸੀਂ ਆਲਰੇਡੀ ਕਰ ਚੁੱਕੇ ਹਾਂ ਔਰ ਜਿਹੜੀ ਤੁਸੀਂ ਹੁਣ 5 ਕਰੋੜ ਰੁਪਏ ਦੀ ਰਾਸ਼ੀ ਦੇਣੀ ਹੈ, ਇਸ ਨਾਲ ਹੋਰ ਬੜਾ ਚੰਗਾ ਕੰਮ ਹੋ ਜਾਵੇਗਾ।

**ਮਾਨਯੋਗ ਸਪੀਕਰ:** ਸ਼੍ਰੀ ਅੰਗਦ ਸਿੰਘ ਜੀ, thank you.

**ਸ਼੍ਰੀ ਅੰਗਦ ਸਿੰਘ:** ਸਰ, ਮੈਨੂੰ ਦੋ ਮਿੰਟ ਹੋਰ ਦੇ ਦਿਉ, ਮੈਂ ਦੋ ਮਿੰਟ ਵਿਚ ਹੀ ਨਬੇੜ ਦੇਣਾ ਹੈ। ਸਰ, ਐਜੂਕੇਸ਼ਨ ਤੋਂ ਇਲਾਵਾ ਮੈਂ ਇੰਡਸਟਰੀ ਦੀ ਗੱਲ ਕਰਨਾ ਚਾਹਾਂਗਾ। ਸਰ, ਮੈਂ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਕਿ ਤੁਸੀਂ ਇਸ ਬਜਟ ਵਿਚ ਜਿਵੇਂ ਤਿੰਨ ਮੈਗਾ ਪਾਰਕ ਅਨਾਊਂਸ ਕੀਤੇ ਹਨ, ਮੱਤੇਵਾਲਾ ਜਿਹੜਾ ਲੁਧਿਆਣੇ ਸ਼ਹਿਰ ਵਿੱਚ ਪੈਂਦਾ ਹੈ, ਬਿਲਕੁਲ ਨਵਾਂ ਸ਼ਹਿਰ ਨਾਲ ਲੱਗ ਗਿਆ, ਉਸ ਨਾਲ ਸਾਡੇ ਇਲਾਕੇ ਨੂੰ ਵੀ ਬਹੁਤ ਵੱਡੀ ਰਾਹਤ ਮਿਲੇਗੀ ਪਰ ਸਰ, ਮੈਂ ਇਸ ਮੌਕੇ ਉਤੇ ਇਕ ਬੇਨਤੀ ਕਰਨੀ ਚਾਹਾਂਗਾ ਕਿ ਮੈਂ ਹੁਣੇ Sunday ਨੂੰ ਹੈਦਰਾਬਾਦ ਗਿਆ ਸੀ, I was invited to Indian School of Business at Hyderabad to speak over there. ਸਰ, ਮੈਂ ਪਹਿਲੀ ਵਾਰੀ ਹੈਦਰਾਬਾਦ ਗਿਆ ਸੀ ਅਤੇ ਉਥੇ ਜਾ ਕੇ ਜਦ ਮੈਂ ਸ਼ਹਿਰ ਦੇਖਿਆ ਤਾਂ ਮੇਰੀਆਂ ਅੱਖਾਂ ਖੁੱਲ੍ਹੀਆਂ ਦੀਆਂ ਖੁੱਲ੍ਹੀਆਂ ਰਹਿ ਗਈਆਂ। ਆਪਾਂ ਅਮਰੀਕਾ, ਕੈਨੇਡਾ, ਸਵਿਟਜ਼ਰਲੈਂਡ,

ਇੰਗਲੈਂਡ ਦੀਆਂ ਗੱਲਾਂ ਕਰਦੇ ਹਾਂ ਲੇਕਿਨ ਸਾਡੇ ਮੁਲਕ ਵਿਚ ਹੀ ਇਹੋ ਜਿਹੇ ਵਧੀਆ ਐਗਜਾਂਪਲਜ਼ ਹਨ, ਸਾਨੂੰ ਉਥੇ ਜਾ ਕੇ ਵੇਖਣਾ ਚਾਹੀਦਾ ਹੈ ਕਿ ਉਥੋਂ ਦੀਆਂ ਕਿਸ ਤਰ੍ਹਾਂ ਦੀਆਂ ਪਾਲਿਸੀਆਂ, ਕਿਸ ਤਰ੍ਹਾਂ ਦੀਆਂ ਵਿਜ਼ਨਜ਼ ਹਨ ਜਿਹੜੀਆਂ ਉਨ੍ਹਾਂ ਦੇ ਪਹਿਲੇ ਬੰਦਿਆਂ ਨੇ ਬਣਾਈਆਂ ਹਨ ਜਿਸ ਕਰਕੇ ਅੱਜ ਉਹ ਸ਼ਹਿਰ ਕਾਮਯਾਬ ਬਣਿਆ ਹੈ। ਮੇਰੀ ਬੇਨਤੀ ਹੈ ਕਿ ਜਿਥੇ ਇੰਡਸਟਰੀ ਦੀ ਗੱਲ ਹੁੰਦੀ ਹੈ, ਪੰਜਾਬ ਨੂੰ service based industry ਤੇ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ। ਸਾਡੀ ਖੁਸ਼ਕਿਸਮਤੀ ਹੈ ਕਿ ਚੰਡੀਗੜ੍ਹ ਦਾ ਏਅਰਪੋਰਟ ਫੰਕਸ਼ਨਲ ਹੋ ਚੁੱਕਿਆ ਹੈ, ਪਹਿਲਾਂ ਡਿਫੈਂਸ ਵਾਲਿਆਂ ਨਾਲ ਇਸ਼ੂ ਸੀ। ਜਲੰਧਰ ਦਾ ਏਅਰਪੋਰਟ ਵੀ ਬਣ ਰਿਹਾ ਹੈ, ਆਪਾਂ ਇਨ੍ਹਾਂ ਦੇ ਆਲੇ-ਦੁਆਲੇ ਕਲੱਸਟਰ ਕ੍ਰੀਏਟ ਕਰੀਏ ਤਾਂਕਿ service based industry ਹੋਵੇ। ਸਰ, ਇਸ ਤੋਂ ਇਲਾਵਾ ਮੇਰੀ ਇੱਕ ਹੋਰ ਬੇਨਤੀ ਹੈ, ਮੈਂ ਦੋ ਮਿੰਟ ਤੋਂ ਵੱਧ ਨਹੀਂ ਲਵਾਂਗਾ। ਸਾਡੇ ਕੋਲ ਉਸ ਵਾਸਤੇ ਬਹੁਤ ਕੁਝ ਹੈ। We are privileged that we have an IIT at Ropar. We are privileged that we have PU. We are privileged that we have good institutions in Mohali, ਭਾਵੇਂ Indian School of Business ਹੈ ਜਾਂ IISER (Indian Institute of Education and Research) ਹੈ। ਮੈਂ ਸਮਝਦਾ ਹਾਂ ਕਿ ਅੱਜ ਪੰਜਾਬ ਵਿੱਚ ਜਿਹੜਾ brain drain ਹੋ ਰਿਹਾ ਹੈ, ਬੱਚੇ ਇਥੋਂ ਪੜ੍ਹਾਈ ਕਰਦੇ ਹਨ ਉਨ੍ਹਾਂ ਦੀ ਨਾਲੇਜ ਹੋਰ ਪਾਸੇ ਵਰਤ ਹੋ ਰਹੀ ਹੈ। ਮੈਂ ਇਸ ਵਾਸਤੇ ਬੇਨਤੀ ਕਰਾਂਗਾ ਕਿ ਤੁਸੀਂ ਆਉਣ ਵਾਲੇ ਸਮੇਂ ਵਿੱਚ ਇਕ ਰੋਡ ਮੈਪ ਤਿਆਰ ਕਰੋ।

ਇਸ ਦੇ ਨਾਲ ਹੀ ਮੈਂ ਲਾਸਟ ਵਿੱਚ ਇਕ ਹੋਰ ਗੱਲ ਵਾਸਤੇ ਧੰਨਵਾਦ ਕਰਨਾ ਚਾਹਾਂਗਾ। ਪਿਛਲੇ ਲੰਬੇ ਸਮੇਂ ਤੋਂ ਸਾਰੇ ਪੰਜਾਬ ਵਿੱਚ ਸੜਕਾਂ ਦਾ ਜੋ ਮਾੜਾ ਹਾਲ ਸੀ, ਉਸ ਵਾਸਤੇ ਪਿਛਲੇ ਤਿੰਨ ਸਾਲਾਂ ਵਿੱਚ ਬਹੁਤ ਵਧੀਆ ਢੰਗ ਨਾਲ ਕੰਮ ਕੀਤਾ ਗਿਆ ਹੈ। ਜੇ ਮੈਂ ਆਪਣੇ ਵਿਧਾਨ ਸਭਾ ਹਲਕੇ ਦੀ ਗੱਲ ਕਰਾਂ, ਲਗਭਗ 500 ਕਿਲੋਮੀਟਰ ਸੜਕਾਂ ਦੀ ਮੰਡੀ ਬੋਰਡ ਵਲੋਂ ਰਿਪੇਅਰ ਹੋਈ ਹੈ। ਮੈਂ ਤਹਿ ਦਿਲੋਂ ਇਸ ਵਾਸਤੇ ਧੰਨਵਾਦ ਕਰਦਾ ਹਾਂ। ਐਫ.ਐਮ. ਸਾਹਿਬ ਨੇ ਬਜਟ ਵਿੱਚ ਗੁਰੂ ਤੇਗ ਬਹਾਦਰ ਮਾਰਗ ਦੀ ਜੋ ਅਨਾਊਂਸਮੈਂਟ ਕੀਤੀ ਹੈ, ਜੋ ਕਿ ਲੰਬੇ ਸਮੇਂ ਤੋਂ ਡਿਮਾਂਡ ਸੀ, ਜਿਹੜੇ ਲੋਕ ਹੋਲੇ ਮਹੱਲੇ ਤੇ ਸ੍ਰੀ ਅਨੰਦਪੁਰ ਸਾਹਿਬ ਜਾਂਦੇ ਹਨ, ਨੈਣਾ ਦੇਵੀ ਜਾਂਦੇ ਹਨ, ਸੜਕ ਦਾ ਕੋਈ ਨਾਂ ਨਹੀਂ ਸੀ। ਮੇਰੇ ਤੋਂ ਪਹਿਲੇ ਬੁਲਾਰਿਆਂ ਨੇ ਦੱਸਿਆ ਹੈ ਕਿ ਸ੍ਰੀ ਨਿਤਿਨ ਗਡਕਰੀ ਜੀ ਨੇ

[ਸ਼੍ਰੀ ਅੰਗਦ ਸਿੰਘ]

ਆ ਕੇ ਨੀਂਹ ਪੱਥਰ ਵੀ ਰੱਖਿਆ ਸੀ ਪਰ ਇਹ ਕੰਮ ਸਿਰੇ ਨਹੀਂ ਚੜ੍ਹਿਆ ਸੀ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਸਰਕਾਰ ਨੇ ਇਸ ਗੱਲ ਦੀ ਅਨਾਊਂਸਮੈਂਟ ਕੀਤੀ ਹੈ। ਇਸ ਤੋਂ ਇਲਾਵਾ ਮੇਰੇ ਵਿਧਾਨ ਸਭਾ ਹਲਕੇ ਵਿੱਚ ਇਕ ਪੀ.ਡਬਲਿਊ.ਡੀ. ਦੀ ਸੜਕ ਰਹਿੰਦੀ ਸੀ ਜਿਸ ਦੀ ਰਿਪੇਅਰ ਨਹੀਂ ਹੋਈ ਸੀ, ਉਸ ਰਾਹੋਂ-ਫਿਲੌਰ ਸੜਕ ਦਾ ਜ਼ਿਕਰ ਵੀ ਇਸ ਬਜਟ ਵਿੱਚ ਕੀਤਾ ਗਿਆ ਹੈ। ਮੈਂ ਬਹੁਤ ਖੁਸ਼ੀ ਮਹਿਸੂਸ ਕਰਦਾ ਹਾਂ ਕਿ ਇਹ ਬੜਾ ਵਧੀਆ ਬਜਟ ਹੈ, ਮੈਂ ਸੀ.ਐਮ. ਸਾਹਿਬ ਅਤੇ ਐਫ.ਐਮ. ਸਾਹਿਬ ਦਾ ਧੰਨਵਾਦ ਕਰਦਾ ਹਾਂ।

**Mr. Speaker :** Thank you, thank you. Now, Madan Lal Jalalpur ji.

**ਠੇਕੇਦਾਰ ਮਦਨ ਲਾਲ ਜਲਾਲਪੁਰ (ਘਨੌਰ) :** ਸਪੀਕਰ ਸਾਹਿਬ, ਮੈਂ ਤੁਹਾਡਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਆਪਣੇ ਕਾਬਲ ਵਜ਼ੀਰ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਦਾ, ਇਨ੍ਹਾਂ ਦੀ ਪੂਰੀ ਟੀਮ ਦਾ, ਸ਼੍ਰੀ ਅਨਿਰੁੱਧ ਤਿਵਾੜੀ ਜੀ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਅੱਜ ਇਸ ਸਰਕਾਰ ਦਾ ਚੌਥਾ ਬਜਟ ਪੇਸ਼ ਕੀਤਾ ਹੈ। ਇਨ੍ਹਾਂ ਨੇ ਪਹਿਲਾਂ ਚਾਰ ਬਜਟ ਸਾਲ 2007 ਤੋਂ ਲੈ ਕੇ ਸਾਲ 2011 ਤੱਕ ਪੇਸ਼ ਕੀਤੇ ਸਨ ਅਤੇ ਅੱਜ ਇਹ ਅੱਠਵਾਂ ਬਜਟ ਪੇਸ਼ ਕਰ ਰਹੇ ਹਨ। ਇਨ੍ਹਾਂ ਦੀ ਨੀਅਤ ਸਾਫ ਹੈ ਅਤੇ ਜੋ ਕਹਿੰਦੇ ਹਨ, ਉਹ ਕਰਕੇ ਦਿਖਾਉਂਦੇ ਹਨ। ਕਹਿਣੀ ਕਥਨੀ ਵਿੱਚ ਕੋਈ ਅੰਤਰ ਨਹੀਂ ਹੈ। ਇਹ ਆਉਣ ਵਾਲੇ ਸਮੇਂ ਲਈ ਸੋਚ ਕੇ ਪੰਜਾਬ ਦਾ ਲੇਖਾ-ਜੋਖਾ ਤਿਆਰ ਕਰਦੇ ਹਨ, ਇਨ੍ਹਾਂ ਦਾ ਬਜਟ ਪੜ੍ਹ ਕੇ ਪਤਾ ਲੱਗਿਆ ਕਿ ਇਹ ਨਹੀਂ ਚਾਹੁੰਦੇ ਕਿ ਅੱਜ ਦੇ ਸਮੇਂ ਅਸੀਂ ਪੰਜਾਬ ਦੀਆਂ ਜ਼ਮੀਨਾਂ ਵੇਚੀਏ, ਜਿਵੇਂ ਪਹਿਲੀ ਸਰਕਾਰ ਦੇ 10 ਸਾਲਾਂ ਵਿੱਚ ਕੀਤਾ ਗਿਆ ਸੀ। ਇਕੱਲੇ ਪਟਿਆਲਾ ਦੀ 800 ਕਰੋੜ ਦੀ ਜਾਇਦਾਦ ਪਿਛਲੇ 10 ਸਾਲਾਂ ਵਿੱਚ ਵੇਚੀ ਗਈ ਹੈ। ਅਸੀਂ ਕਹਿੰਦੇ ਹਾਂ ਕਿ ਜਿਹੜੀਆਂ ਜਾਇਦਾਦਾਂ ਵੇਚੀਆਂ ਗਈਆਂ ਹਨ, ਉਦੋਂ ਕਿੰਨਾ ਫਰਕ ਸੀ? ਮੈਂ ਤੇ ਹਰਦਿਆਲ ਸਿੰਘ ਜੀ ਦੋ ਸਾਲ ਪਹਿਲਾਂ ਮਨਪ੍ਰੀਤ ਸਿੰਘ ਜੀ ਕੋਲ ਗਏ ਸੀ। ਅਸੀਂ ਕਿਹਾ ਕਿ ਸਾਡੇ ਕੰਮ ਨਹੀਂ ਹੋ ਰਹੇ, ਸਾਨੂੰ ਥੋੜ੍ਹੇ ਪੈਸੇ ਚਾਹੀਦੇ ਹਨ। ਸਾਡੇ ਕੋਲ ਰਾਜਪੁਰਾ ਵਿਖੇ ਜਾਇਦਾਦ ਹੈ, ਅਸੀਂ ਉਹ ਵੇਚ ਲਈਏ। ਕਹਿਣ ਲੱਗੇ, ਬਿਲਕੁਲ ਨਹੀਂ। ਇਹ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਹੈ, ਕੈਪਟਨ ਅਮਰਿੰਦਰ ਸਿੰਘ ਦੀ ਸੋਚ ਵਧੀਆ ਹੈ। ਅਸੀਂ ਜ਼ਮੀਨ

ਖਰੀਦਣੀ ਹੈ, ਵੇਚਣੀ ਨਹੀਂ। ਕਹਿਣ ਦਾ ਭਾਵ ਜਿਵੇਂ ਜ਼ਮੀਨਾਂ ਪਹਿਲਾਂ ਵਿਕ ਚੁੱਕੀਆਂ ਹਨ, ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਜੋ ਇਸ ਸੂਬੇ ਵਿੱਚ ਰਾਜ ਕਰਨਗੀਆਂ, ਉਹ ਸਾਨੂੰ ਲਾਹਨਤਾਂ ਪਾਉਣਗੀਆਂ ਕਿ ਸਾਡੇ ਵੱਡੇ-ਵਡੇਰੇ ਜ਼ਮੀਨਾਂ ਵੇਚ ਕੇ ਰਾਜ ਕਰਦੇ ਰਹੇ। ਸਾਡੇ ਸੂਬੇ ਦਾ ਕੀ ਹੋਵੇਗਾ? ਮੈਂ ਅੱਜ ਕਹਿੰਦਾ ਹਾਂ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਬਣਿਆਂ ਤਿੰਨ ਸਾਲ ਹੋ ਗਏ ਹਨ, ਸਾਡੇ ਵਿਰੋਧੀ ਕਹਿੰਦੇ ਸਨ ਕਿ ਇਨ੍ਹਾਂ ਤੋਂ ਤਨਖਾਹਾਂ ਨਹੀਂ ਦਿੱਤੀਆਂ ਜਾਣੀਆਂ, ਇਹ ਛੱਡ ਕੇ ਭੱਜ ਜਾਣਗੇ ਪਰ ਜਦੋਂ ਨੀਅਤ ਸਾਫ ਹੋਵੇ ਅਤੇ ਉਸ ਵਾਹਿਗੁਰੂ ਦਾ ਹੱਥ ਸਿਰ ਤੇ ਹੋਵੇ ਤਾਂ ਪੰਜਾਬ ਨੇ ਹਮੇਸ਼ਾ ਤਰੱਕੀ ਕੀਤੀ ਹੈ। ਅੱਜ ਮੈਂ ਕਹਿ ਸਕਦਾ ਹਾਂ ਕਿ ਜਿਹੜੇ ਸਾਡੇ ਪਛੜੇ ਹਲਕੇ ਸਨ, ਜਿੱਥੇ ਕੰਮ ਨਹੀਂ ਹੋ ਰਹੇ ਸਨ, 10 ਸਾਲ ਸੜਕਾਂ ਤੇ ਪੱਥਰ ਰੁਲ ਰਹੇ ਸਨ, ਕਾਰਾਂ ਤਾਂ ਕੀ, ਟਰੈਕਟਰ-ਟਰਾਲੀਆਂ ਲਈ ਲੰਘਣਾ ਔਖਾ ਸੀ, ਅੱਜ ਸਾਡੇ ਇਲਾਕੇ ਵਿੱਚ, ਜੇਕਰ ਮੈਂ ਆਪਣੇ ਹਲਕੇ ਦੀ ਗੱਲ ਕਰਾਂ ਤਾਂ 100 ਕਰੋੜ ਰੁਪਿਆ ਸੜਕਾਂ ਤੇ ਲਾਇਆ ਗਿਆ ਹੈ, (ਥੰਪਿੰਗ) ਜਿਸ ਨਾਲ ਪਿੰਡਾਂ ਦੀਆਂ ਸੜਕਾਂ ਇੰਨੀਆਂ ਵਧੀਆ ਬਣੀਆਂ ਹਨ।

ਦੂਜੀ ਗੱਲ ਮੈਂ ਪੀਣ ਵਾਲੇ ਪਾਣੀ ਦੀ ਕਰਾਂਗਾ। ਸਾਡੇ ਹਲਕੇ ਵਿੱਚ ਪੀਣ ਵਾਲੇ ਪਾਣੀ ਨੂੰ ਤਰਸਦੇ ਸਨ। ਜਦੋਂ ਲੋਕ ਟੈਂਕੀਆਂ ਤੇ ਜਾ ਕੇ ਟਿਊਬਵੈੱਲਜ ਦੇਖਦੇ ਸੀ, ਇੰਨਾ ਬੁਰਾ ਹਾਲ ਸੀ। ਪਾਵਰਕੌਮ ਮਹਿਕਮੇ ਵਿੱਚ ਇੰਨੀ ਕੁਰੱਪਸ਼ਨ ਸੀ, ਇੱਕ ਮੋਟਰ ਮਹੀਨੇ ਵਿੱਚ ਚਾਰ ਵਾਰ ਸੜਦੀ ਸੀ। ਜਦੋਂ ਤੋਂ ਸਾਡੀ ਸਰਕਾਰ ਬਣੀ ਹੈ, ਪੰਜਾਬ ਦੇ ਉਹੀ ਅਫਸਰ ਹਨ। ਸਿਰਫ ਸਰਕਾਰ ਹੀ ਚੇਂਜ ਹੋਈ ਹੈ, ਮੁੱਖ ਮੰਤਰੀ ਚੇਂਜ ਹੋਏ ਹਨ, ਮੰਤਰੀ ਚੇਂਜ ਹੋਏ ਹਨ, ਅਫਸਰ ਤਾਂ ਉਹੀ ਹਨ ਪਰ ਉਨ੍ਹਾਂ ਅਫਸਰਾਂ ਨੇ ਛੇ ਮਹੀਨੇ ਦੇ ਅੰਦਰ ਅੰਦਰ ਸੁਧਾਰ ਕਰਕੇ ਪੀਣ ਵਾਲੇ ਪਾਣੀ ਦੀਆਂ ਦਿੱਕਤਾਂ ਜਾਂ ਨਹਿਰੀ ਪਾਣੀ ਦੀਆਂ ਦਿੱਕਤਾਂ ਨੂੰ ਦੂਰ ਕੀਤਾ ਹੈ। ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਵਿੱਚ ਜਿਹੜੇ ਵਜ਼ੀਰ ਬੈਠੇ ਹਨ, ਚਾਹੇ ਸਰਕਾਰੀਆ ਜੀ ਹਨ, ਸਿੰਗਲਾ ਸਾਹਿਬ ਬੈਠੇ ਹਨ, ਅਸੀਂ ਸੋਚਿਆ ਵੀ ਨਹੀਂ ਸੀ ਕਿ ਸਾਡਾ ਪੰਜਾਬ ਕਦੇ ਇਨ੍ਹਾਂ ਲੀਹਾਂ ਤੇ ਚੜ੍ਹੇਗਾ ਕਿਉਂਕਿ ਹਾਲ ਇਹ ਸੀ ਕਿ ਅਸੀਂ ਪੰਜਾਬ ਨੂੰ ਇਵੇਂ ਕਿਸ ਤਰ੍ਹਾਂ ਚਲਾਵਾਂਗੇ? ਅੱਜ ਤੁਸੀਂ ਵੇਖ ਲਵੋ, ਜੇ ਸਿੱਖਿਆ ਦੀ ਗੱਲ ਕਰੀਏ, ਤੁਸੀਂ ਸਕੂਲ ਵੇਖ ਲਵੋ। ਪਹਿਲਾਂ ਸਾਡੇ ਸਕੂਲਾਂ ਦਾ ਕੀ ਹਾਲ ਸੀ? ਸਾਨੂੰ ਪਹਿਲਾਂ ਸਕੂਲਾਂ ਦੀ ਹਾਲਤ ਤੇ ਤਰਸ ਆਉਂਦਾ ਸੀ। ਪਿਛਲੇ 10 ਸਾਲਾਂ ਵਿਚ ਸਕੂਲਾਂ ਵਾਸਤੇ ਕੋਈ ਪੈਸਾ ਨਹੀਂ ਦਿੱਤਾ ਗਿਆ। ਬੱਚੇ ਸਰਕਾਰੀ ਸਕੂਲ ਛੱਡ-ਛੱਡ ਕੇ ਪ੍ਰਾਈਵੇਟ ਸਕੂਲਾਂ ਵਿਚ ਜਾਣ ਲੱਗ ਪਏ ਸੀ। ਸਿੰਗਲਾ ਸਾਹਿਬ ਇਥੇ ਬੈਠੇ ਹਨ,

ਇਨ੍ਹਾਂ ਦੀ ਵਧੀਆ ਸੋਚ ਹੈ। 15 ਕਰੋੜ ਰੁਪਿਆ, ਅੱਜ ਇੱਕ ਘਨੌਰ ਵਰਗੇ ਪਛੜੇ ਹਲਕੇ ਦੇ ਸਕੂਲਾਂ ਦੀ ਨੁਹਾਰ ਬਦਲੀ ਜਾ ਰਹੀ ਹੈ ਅਤੇ ਸਮਾਰਟ ਸਕੂਲ ਬਣਾਏ ਜਾ ਰਹੇ ਹਨ। ਸਕੂਲਾਂ ਵਿਚ ਪਹਿਲਾਂ ਨਾਲੋਂ ਵਧੀਆ ਟੀਚਰ ਦਿੱਤੇ ਗਏ ਹਨ। ਮੈਂ ਸਮਝਦਾ ਹਾਂ ਕਿ ਇਸ ਸਰਕਾਰ ਨੇ, ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਨੇ ਹਰ ਕੰਮ ਵਧੀਆ ਕੀਤਾ ਹੈ, ਹੁਣ ਉਹੀ ਅਫ਼ਸਰ ਹਨ, ਉਹ ਸਭ ਕੁਝ ਹੈ ਪਰ ਅੱਜ ਕਿਵੇਂ ਸਾਫ-ਸੁਥਰਾ ਕੰਮ ਪੰਜਾਬ ਵਿਚ ਚੱਲ ਰਿਹਾ ਹੈ? ਕਈ ਮੇਰੇ ਵੀਰ ਕਹਿੰਦੇ ਹਨ ਕਿ ਇਸ ਸਰਕਾਰ ਨੇ ਤਿੰਨ ਸਾਲਾਂ ਵਿਚ ਕੀਤਾ ਹੀ ਕੀ ਹੈ? ਮੈਂ ਕਹਿ ਸਕਦਾ ਹਾਂ ਕਿ ਜਿਹੜੀ ਪਿਛਲੀ ਸ਼੍ਰੋਮਣੀ ਅਕਾਲੀ ਦਲ ਤੇ ਬੀ.ਜੇ.ਪੀ. ਦੀ ਸਰਕਾਰ ਨੇ 10 ਸਾਲ ਰਾਜ ਕੀਤਾ ਹੈ, ਮੇਰੇ ਨਾਲ ਮੇਰੇ ਹਲਕੇ ਵਿਚ ਚੱਲ ਕੇ ਦੇਖੋ ਕਿ ਪਿਛਲੇ 10 ਸਾਲ ਵਿਚ ਕੀ ਕੰਮ ਕੀਤਾ ਗਿਆ ਹੈ ਅਤੇ ਹੁਣ ਦੀ ਸਰਕਾਰ ਦੁਆਰਾ ਤਿੰਨ ਸਾਲ ਦਾ ਕੰਮ ਵੇਖ ਲਵੋ। ਇਕੱਲੇ ਮੇਰੇ ਹਲਕੇ ਵਿਚ ਹੀ ਅੰਤਰ ਵੇਖ ਲਵੋ, ਤਿੰਨ ਸਾਲ ਵਿਚ ਕੀਤਾ ਕੰਮ ਜੇ ਪਿਛਲੇ 10 ਸਾਲਾਂ ਵਿਚ ਕੀਤੇ ਕੰਮਾਂ ਤੋਂ ਵੱਧ ਨਾ ਹੋਵੇ ਤਾਂ ਮੈਂ ਅੱਜ ਹੀ ਆਪਣੀ ਰਾਜਨੀਤੀ ਤੋਂ ਅਸਤੀਫਾ ਦੇ ਕੇ ਘਰੇ ਬੈਠ ਜਾਵਾਂਗਾ। (ਥੰਪਿੰਗ) ਜੇ ਪਿਛਲੇ 10 ਸਾਲ ਨਾਲੋਂ ਵੱਧ ਕੰਮ ਸਿਰਫ ਢਾਈ ਤਿੰਨ ਸਾਲ ਵਿਚ ਨਾ ਹੋਏ ਹੋਣ ਤਾਂ ਕਹਿ ਦੇਣਾ। ਇਹ ਕਿਸ ਦੀ ਸੋਚ ਹੈ? ਇਹ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਦੀ ਸੋਚ ਹੈ ਕਿ ਨਾ ਮੈਂ ਪੰਜਾਬ ਨੂੰ ਲੁੱਟਣ ਦੇਣਾ ਹੈ ਅਤੇ ਨਾ ਹੀ ਮੈਂ ਪੰਜਾਬ ਦੀਆਂ ਜਾਇਦਾਦਾਂ ਵੇਚਣ ਦੇਣੀਆਂ ਹਨ। ਠੀਕ ਹੈ ਕਿ ਸੀਮਤ ਖਜ਼ਾਨੇ ਕਰਕੇ ਜੇ ਉਹ ਅੱਜ ਪੰਜਾਬ ਨੂੰ ਸਹੀ ਸੋਚ ਦੇ ਰਹੇ ਹਨ ਤਾਂ ਮੈਂ ਕਹਿੰਦਾ ਹਾਂ ਕਿ ਮੈਂ ਅਜਿਹੇ ਵਿੱਤ ਮੰਤਰੀ, ਜਿਨ੍ਹਾਂ ਨੇ ਅੱਜ ਇੰਨਾ ਸੋਹਣਾ ਬਜਟ ਪੇਸ਼ ਕੀਤਾ ਹੈ, ਜੇ ਅਜਿਹੀ ਸੋਚ ਨਾਲ ਪੰਜਾਬ ਚਲਦਾ ਰਿਹਾ, ਇਸੇ ਹੀ ਸੋਚ ਨਾਲ ਸਰਕਾਰ ਚਲਦੀ ਰਹੀ ਤਾਂ ਉਹ ਦਿਨ ਦੂਰ ਨਹੀਂ,ਜਿਹੜਾ ਪੰਜਾਬ ਪਹਿਲਾਂ ਇੱਕ ਨੰਬਰ ਦਾ ਸੂਬਾ ਸੀ, ਉਨ੍ਹਾਂ ਹੀ ਕਤਾਰਾਂ ਦੇ ਵਿਚ ਪੰਜਾਬ ਇੱਕ ਨੰਬਰ ਦਾ ਸੂਬਾ ਦੁਬਾਰਾ ਬਣ ਜਾਵੇਗਾ। ਸਪੀਕਰ ਸਾਹਿਬ, ਮੈਂ ਤੁਹਾਡਾ ਵੀ, ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਅਤੇ ਇਨ੍ਹਾਂ ਦੀ ਪੂਰੀ ਟੀਮ, ਜਿਹੜੇ ਇਨ੍ਹਾਂ ਦਾ ਸਾਥ ਦੇ ਰਹੇ ਹਨ, ਇਨ੍ਹਾਂ ਨਾਲ ਦਿਨ ਰਾਤ ਮਿਹਨਤ ਕਰ ਰਹੇ ਹਨ, ਸ਼੍ਰੀ ਅਨਿਰੁੱਧ ਤਿਵਾੜੀ ਜੀ ਬੈਠੇ ਹਨ, ਮੈਂ ਇਨ੍ਹਾਂ ਨੂੰ ਵੀ ਵਧਾਈ ਦਿੰਦਾ ਹਾਂ ।

ਸਪੀਕਰ ਸਾਹਿਬ, ਹੁਣ ਕੁਝ ਗੱਲਾਂ ਜੋ ਮੇਰੇ ਹਲਕੇ ਦੀਆਂ ਰਹਿ ਗਈਆਂ ਹਨ, ਮੈਂ ਉਨ੍ਹਾਂ ਵੱਲ ਤੁਹਾਡਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਸਰਦਾਰ ਮਨਪ੍ਰੀਤ

ਸਿੰਘ ਬਾਦਲ ਜੀ ਸਾਲ 2007 ਵਿਚ ਵਿੱਤ ਮੰਤਰੀ ਬਣੇ ਸੀ। ਇਨ੍ਹਾਂ ਨੇ ਮੈਨੂੰ ਇੱਕ ਯੂਨੀਵਰਸਿਟੀ/ ਕਾਲਜ ਦਿੱਤਾ ਸੀ। ਮੈਂ ਕਹਿ ਸਕਦਾ ਹਾਂ ਕਿ ਜਦੋਂ ਦਾ ਉਹ ਕਾਲਜ ਬਣਿਆ ਹੈ, ਉਸ ਦੀ ਰਿਪੇਅਰ ਤੱਕ ਵੀ ਕਿਸੇ ਨੇ ਨਹੀਂ ਕਰਵਾਈ। ਨਾ ਉਥੇ ਬਾਥਰੂਮਜ਼ ਹਨ, ਜੇ ਉਥੇ ਕੋਈ ਸ਼ੀਸ਼ਾ ਟੁੱਟ ਗਿਆ ਤਾਂ ਕਿਸੇ ਨੇ ਸ਼ੀਸ਼ਾ ਤੱਕ ਵੀ ਨਹੀਂ ਪਵਾਇਆ। ਉਥੇ ਸਿਰਫ ਸਾਢੇ 33 ਲੱਖ ਰੁਪਏ ਦੀ ਲੋੜ ਹੈ। ਮੈਂ, ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਨੂੰ ਕਹਾਂਗਾ ਕਿ ਬਜਟ ਵਿਚ ਜ਼ਰੂਰ 33-34 ਲੱਖ ਰੁਪਿਆ ਦੇ ਕੇ ਸਾਡਾ ਇਹ ਕੰਮ ਕਰਵਾ ਦਿਉ।

ਸਪੀਕਰ ਸਾਹਿਬ, ਅਗਲੀ ਗੱਲ ਆਈ.ਟੀ. ਪਾਰਕ ਬਾਰੇ ਕਹਿਣੀ ਚਾਹੁੰਦਾ ਹਾਂ। ਕੈਪਟਨ ਅਮਰਿੰਦਰ ਸਿੰਘ ਜੀ ਆ ਗਏ ਹਨ। ਸਾਡਾ ਇੱਕ ਸੁਪਨਾ ਸੀ, ਕੈਪਟਨ ਅਮਰਿੰਦਰ ਸਿੰਘ ਜੀ ਮੁੱਖ ਮੰਤਰੀ ਬਣੇ ਅਤੇ ਮਹਾਰਾਣੀ ਪਰਨੀਤ ਕੌਰ ਜੀ ਸਾਡੇ ਐਮ.ਪੀ. ਹੋਣ ਅਤੇ ਅਸੀਂ ਉਥੇ ਐਮ.ਐਲ.ਏ. ਹੋਈਏ, ਅਸੀਂ ਇਹ ਸੁਪਨੇ ਲੈਂਦੇ ਸੀ ਕਿ ਸ਼ਾਇਦ ਸਾਡਾ ਇਹ ਸੁਪਨਾ ਪੂਰਾ ਹੋਵੇਗਾ ਪਰ ਅੱਜ ਉਹ ਸੁਪਨਾ ਪੂਰਾ ਹੋਣ ਜਾ ਰਿਹਾ ਹੈ। ਮੈਂ ਕਹਿ ਸਕਦਾ ਹਾਂ ਕਿ ਇਨ੍ਹਾਂ ਤਿੰਨ ਸਾਲਾਂ ਵਿਚ ਜੋ ਸਾਡਾ ਪਿਛੜਿਆ ਹੋਇਆ ਹਲਕਾ ਸੀ, ਚਾਹੇ ਉਥੇ ਕਾਰੀਡੋਰ ਬਣਾਇਆ, ਚਾਹੇ ਉਥੇ ਸਟੋਰ ਆਏ, ਚਾਹੇ ਇੰਡਸਟਰੀ ਆਈ, ਅੱਜ ਤੁਸੀਂ ਦੇਖ ਲਵੋ ਕਿ ਉਥੇ ਵੇਅਰ ਹਾਊਸਿੰਗ ਦੇ ਗੋਡਾਊਨ ਆਏ ਹਨ। ਕੁਆਰਕ ਸਿਟੀ ਵਿਚ 255 ਏਕੜ ਵਿਚ ਪਿਛਲੇ ਸਾਲ ਕੈਪਟਨ ਸਾਹਿਬ ਨੇ ਕੰਮ ਸ਼ੁਰੂ ਕਰਵਾਏ ਸੀ, ਉਥੇ ਘੱਟੋ-ਘੱਟ 20,000 ਵਿਅਕਤੀਆਂ ਨੂੰ ਰੁਜ਼ਗਾਰ ਮਿਲੇਗਾ। ਉਥੇ ਛੋਟੀਆਂ-ਛੋਟੀਆਂ ਫੈਕਟਰੀਆਂ ਲੱਗਣ ਜਾ ਰਹੀਆਂ ਹਨ। ਜੇ ਇਹੀ ਸੋਚ ਇਨ੍ਹਾਂ ਦੀ ਰਹੀ, ਇਨ੍ਹਾਂ ਦੇ ਕੰਮ ਇਵੇਂ ਹੀ ਚਲਦੇ ਰਹੇ ਤਾਂ ਉਥੇ ਕੋਈ ਬੇਰੁਜ਼ਗਾਰੀ ਨਹੀਂ ਰਹੇਗੀ। ਅੱਜ ਜਿਹੜੇ ਸਾਡੇ ਗੋਡਾਊਨ ਬਣਵਾਏ ਹਨ, ਉਥੇ 100-100 ਵਿਅਕਤੀ ਕੰਮ ਕਰ ਰਿਹਾ ਹੈ। ਸਾਡੇ ਇੰਡਸਟਰੀ ਬਹੁਤ ਜ਼ਿਆਦਾ ਆਈ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸ਼ੰਭੂ ਵਿੱਚ ਇੱਕ ਆਰ.ਓ.ਬੀ. ਪੁਲ ਹੁੰਦਾ ਸੀ। ਮੈਂ ਜਦੋਂ ਪਹਿਲੀ ਵਾਰੀ ਅਜ਼ਾਦ ਐਮ.ਐਲ.ਏ. ਦੇ ਤੌਰ ਤੇ ਜਿੱਤਿਆ ਸੀ ਤਾਂ ਮੈਂ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਕੋਲ ਗਿਆ। ਇਹ ਮੈਨੂੰ ਕਹਿੰਦੇ ਕਿ ਮੇਰੇ ਤੋਂ ਹਰ ਸਾਲ ਇੱਕ ਕੰਮ ਕਰਵਾ ਲਿਆ ਕਰੋ। ਮੈਂ ਇਨ੍ਹਾਂ ਤੋਂ ਸ਼ੰਭੂ ਵਾਲਾ ਪੁਲ ਬਣਵਾਇਆ ਜਿਸ ਕਰਕੇ ਸਾਡੇ ਕੋਲ ਇੰਡਸਟਰੀ ਆਈ ਹੈ ਅਤੇ ਇੱਕ ਮੈਂ ਕਾਲਜ ਬਣਵਾਇਆ ਹੈ। ਤੀਜੀ ਵਾਰੀ ਸਾਨੂੰ ਇੱਕ ਮਾਈਨਰ ਵਾਸਤੇ ਪੈਸੇ ਦੇ ਦਿੱਤੇ। ਉਸ ਤੋਂ ਬਾਅਦ ਸਰਦਾਰ

[ਠੇਕੇਦਾਰ ਮਦਨ ਲਾਲ ਜਲਾਲਪੁਰ]

ਮਨਪ੍ਰੀਤ ਸਿੰਘ ਬਾਦਲ ਜੀ ਨੂੰ ਇੱਕ ਪਾਸੇ ਕਰ ਦਿੱਤਾ ਗਿਆ, ਇਨ੍ਹਾਂ ਨੂੰ ਪਾਸੇ ਕਿਉਂ ਕੀਤਾ ਸੀ ਕਿਉਂਕਿ ਇਹ ਪਾਪੂਲਰ ਹੁੰਦੇ ਜਾ ਰਹੇ ਸੀ ਅਤੇ ਪਿਛਲੀ ਸਰਕਾਰ ਵਾਲੇ ਬਰਦਾਸ਼ਤ ਨਹੀਂ ਕਰ ਸਕੇ। ਉਹ ਪੰਜਾਬ ਨੂੰ ਲੁਟਾਉਣਾ ਚਾਹੁੰਦੇ ਸੀ ਪਰ ਇਨ੍ਹਾਂ ਦੀ ਸੋਚ ਚੰਗੀ ਸੀ ਅਤੇ ਇਹ ਪੰਜਾਬ ਨੂੰ ਲੁਟਾਉਣਾ ਨਹੀਂ ਚਾਹੁੰਦੇ ਸੀ।

**ਮਾਨਯੋਗ ਸਪੀਕਰ:** ਧੰਨਵਾਦ ਜੀ।

**ਠੇਕੇਦਾਰ ਮਦਨ ਲਾਲ ਜਲਾਲਪੁਰ:** ਸਪੀਕਰ ਸਾਹਿਬ, ਇੱਕ ਮਿੰਟ ਤਾਂ ਦਿਉ ਜੀ। ਕਮਾਲ ਹੈ ਜੀ, ਮਸਾਂ ਹੀ ਤਾਂ ਬੋਲਣ ਦਾ ਟਾਈਮ ਆਇਆ ਹੈ। ਮੈਂ ਤਾਂ ਸਵੇ ਰ ਦਾ ਬੈਠਾ ਹਾਂ ਜੀ। (ਹਾਸਾ) ਜਨਾਬ, ਮੈਂ ਸਵੇਰ ਦਾ ਬੈਠਾ ਹਾਂ। ਰੋਟੀ ਤਾਂ ਕੀ ਖਾਣੀ ਸੀ? ਸਰ, ਸਾਡੇ ਘਨੌਰ ਵਿਖੇ ਇੱਕ ਬੱਸ ਸਟੈਂਡ ਸ਼ੁਰੂ ਹੋਇਆ ਸੀ, ਸਾਡਾ ਘਨੌਰ ਹਰਿਆਣੇ ਤੋਂ ਪਹਿਲਾ ਹਲਕਾ ਹੈ, ਸਾਨੂੰ ਉਸ ਦਾ ਸਿਰਫ 20 ਲੱਖ ਰੁਪਿਆ ਮਿਲਿਆ ਹੈ ਜਦਕਿ ਸਾਨੂੰ ਉਸ ਵਾਸਤੇ 62 ਲੱਖ ਰੁਪਿਆ ਚਾਹੀਦਾ ਹੈ। ਮੈਂ ਇਹ ਵੀ ਕਹਾਂਗਾ ਕਿ ਉਹ ਮੇਨ ਬੱਸ ਸਟੈਂਡ ਹੈ ਅਤੇ ਮੇਨ ਰੋਡ ਤੇ ਹੈ। ਉਥੇ ਸਰੀਏ ਖੜ੍ਹੇ ਹਨ, ਪਿੱਲਰ ਬਣੇ ਹੋਏ ਹਨ। ਚੰਗਾ ਨਹੀਂ ਲਗਦਾ ਕਿ ਕੈਪਟਨ ਅਮਰਿੰਦਰ ਸਿੰਘ ਜੀ ਮੁੱਖ ਮੰਤਰੀ ਦਾ ਇਹ ਜਿਲ੍ਹਾ ਹੋਵੇ ਅਤੇ ਬੱਸ ਸਟੈਂਡ ਅਧੂਰਾ ਹੋਵੇ।

ਸਪੀਕਰ ਸਾਹਿਬ, ਅਗਲੀ ਗੱਲ ਰਾਜਪੁਰੇ ਦੀ ਕਰਨੀ ਚਾਹੁੰਦਾ ਹਾਂ। ਰਾਜਪੁਰੇ ਵਿਚ ਮੇਰਾ ਇੱਕ ਵਾਰਡ ਪੈਂਦਾ ਹੈ। ਇਹ ਰਾਜਪੁਰਾ ਸ਼ਹਿਰ ਮੇਰੇ ਕੁੜਮ ਦਾ ਸ਼ਹਿਰ ਹੈ ਪਰ ਸਰ, ਮੇਰਾ ਉਹ ਵਾਰਡ ਬਹੁਤ ਪਛੜਿਆ ਹੋਇਆ ਹੈ। ਮੈਂ ਪਿਛੇ ਜਿਹੇ ਉਸ ਦਾ ਐਸਟੀਮੇਟ ਬਣਵਾਇਆ ਸੀ। ਮੈਨੂੰ ਉਸ ਵਾਸਤੇ ਛੇ ਕਰੋੜ ਰੁਪਿਆ ਚਾਹੀਦਾ ਹੈ ਪਰ ਛੇ ਕਰੋੜ ਰੁਪਿਆ ਨਹੀਂ ਮਿਲਣਾ, ਮੈਨੂੰ ਵੀ ਪਤਾ ਹੈ ਕਿ ਪੈਸੇ ਦੀ ਬਹੁਤ ਦਿੱਕਤ ਹੈ। ਮੈਂ ਸਰਦਾਰ ਮਨਪ੍ਰੀਤ ਸਿੰਘ ਜੀ ਨੂੰ ਕਹਾਂਗਾ ਕਿ ਮੈਨੂੰ ਸਿਰਫ ਇੱਕ ਕਰੋੜ ਰੁਪਿਆ ਉਸ ਵਾਸਤੇ ਦੇ ਦਿਉ, ਮੈਂ ਲੋਕਾਂ ਵਾਸਤੇ ਸੜਕਾਂ ਬਣਵਾ ਕੇ ਮਾੜਾ-ਮੋਟਾ ਕੰਮ ਚਲਵਾ ਦੇਵਾਂ ਅਤੇ ਆਉਣ ਵਾਲੇ ਸਮੇਂ ....

**ਮਾਨਯੋਗ ਸਪੀਕਰ:** ਉਹ ਵੀ ਦੇ ਦਿੱਤਾ ਅਤੇ ਪਹਿਲੇ ਵੀ ਦੇ ਦਿੱਤੇ....

(**ਕੁਝ ਅਵਾਜ਼ਾਂ:** ਇਹ ਸਭ ਕੁਝ ਲਈ ਜਾਂਦੇ ਹਨ।)

**ਠੇਕੇਦਾਰ ਮਦਨ ਲਾਲ ਜਲਾਲਪੁਰ:** ਸਰ, ਪਲੀਜ਼, ਜ਼ਰਾ ਗੱਲ ਸੁਣੋ ਜੀ। ਮੈਨੂੰ ਬੋਲਣ ਲਈ ਦੋ ਮਿੰਟ ਤਾਂ ਦਿਉ। ਮੁੱਖ ਮੰਤਰੀ ਸਾਹਿਬ ਮਸਾਂ ਹੀ ਆਏ ਹਨ, ਹੁਣ ਤਾਂ ਇਹ ਮੇਰੇ ਕਰਕੇ ਵਾਪਸ ਆ ਗਏ ਹਨ। ਸਰ, ਮੇਰੇ ਹਲਕੇ ਵਿਚ ਘੱਗਰ ਲੰਘਦਾ ਹੈ । ਇਸ ਘੱਗਰ ਦੀ ਬਹੁਤ ਮਾਰ ਹੈ ਅਤੇ ਇੱਕ ਦਰ੍ਹੇ ਦੀ ਬਹੁਤ ਮਾਰ ਹੈ। ਹਰ ਸਾਲ ਹੜ੍ਹ ਆਉਂਦਾ ਹੈ। ਵੈਸੇ ਲੁਧਿਆਣੇ ਵਾਲੇ ਬੈਂਸ ਸਾਹਿਬ ਵੀ ਠੀਕ ਹੀ ਕਹਿੰਦੇ ਹਨ ਕਿ ਨੁਕਸਾਨ ਅਸੀਂ ਝੱਲਦੇ ਹਾਂ ਤੇ ਫਾਇਦਾ ਦੂਜੇ ਸੂਬੇ ਲੈਂਦੇ ਹਨ। ਮੇਰੇ ਹਲਕੇ ਵਿਚ ਜਦੋਂ ਵੀ ਹੜ੍ਹ ਆਉਂਦਾ ਹੈ ਤਾਂ ਛੱਤਬੀੜ ਦਾ ਪਾਣੀ, ਬਨੂੜ ਦਾ ਪਾਣੀ ਸਾਰੇ ਘਨੌਰ ਨੂੰ ਮਾਰ ਕਰਦਾ ਹੈ। ਸਪੀਕਰ ਸਾਹਿਬ, ਅਸੀਂ ਪਿਛਲੇ 3 ਸਾਲਾਂ ਵਿਚ 35 ਕਰੋੜ ਰੁਪਿਆ ਕਿਸਾਨਾਂ ਨੂੰ ਖਰਾਬਾ ਦੇ ਚੁੱਕੇ ਹਾਂ। ਵਿੱਤ ਮੰਤਰੀ ਜੀ ਬਹੁਤ ਚੰਗੇ ਬੰਦੇ ਹਨ ਕਿ ਖਰਾਬਾ ਵੀ ਦੇ ਦਿੱਤਾ ਹੈ ਪਰ ਮੈਂ ਕਹਿੰਦਾ ਹਾਂ ਕਿ ਸਾਡੀਆਂ ਡਰੇਨਾਂ ਦੀ ਸਫਾਈ ਹੋਣੀ ਚਾਹੀਦੀ ਹੈ। ਜਿਵੇਂ ਨਰਵਾਣਾ ਬਰਾਂਚ ਦੇ ਸਾਈਫਨ ਸਾਫ ਹੋਣ ਵਾਲੇ ਹਨ। ਪਿਛਲੇ 8-10 ਸਾਲ ਤੋਂ ਉਹ ਸਾਫ ਹੀ ਨਹੀਂ ਕਰਵਾਏ ਗਏ ਅਤੇ ਜਦੋਂ ਬਰਸਾਤ ਆਉਂਦੀ ਹੈ ਤੇ ਪਾਣੀ ਦੀ ਨਿਕਾਸੀ ਨਹੀਂ ਹੁੰਦੀ ਤਾਂ ਪਾਣੀ ਲੋਕਾਂ ਦੀਆਂ ਫਸਲਾਂ ਖਰਾਬ ਕਰਦਾ ਹੈ। ਇਸ ਵਾਸਤੇ ਦੋ ਕਰੋੜ 88 ਲੱਖ ਰੁਪਿਆ ਡਰੇਨਾਂ ਸਾਫ ਕਰਨ ਵਾਸਤੇ ਚਾਹੀਦਾ ਹੈ ਅਤੇ ਸਵਾ ਦੋ ਕਰੋੜ ਨਰਵਾਣਾ ਨਹਿਰ ਦੀ ਰਿਪੇਅਰ ਕਰਨ ਵਾਸਤੇ ਚਾਹੀਦਾ ਹੈ। ਜੇਕਰ ਇਹ ਹੋ ਗਿਆ ਤਾਂ ਜਿਹੜਾ ਅਸੀਂ 35 ਕਰੋੜ ਰੁਪਿਆ ਖਰਾਬੇ ਦਾ ਵੀ ਦੇ ਚੁੱਕੇ ਹਾਂ ਇਸ ਤੋਂ ਛੁਟਕਾਰਾ ਮਿਲ ਜਾਵੇਗਾ। ਮੈਂ ਚਾਹੁੰਦਾ ਹਾਂ ਕਿ ਵਿੱਤ ਮੰਤਰੀ ਜੀ ਇਸ ਵੱਲ ਧਿਆਨ ਦੇਣ, ਇਸ ਨਾਲ ਪੰਜਾਬ ਦਾ ਫਾਇਦਾ ਹੈ। ਕਹਾਵਤ ਵੀ ਹੈ ਕਿ ਜੱਟ ਗੰਨਾ ਨਹੀਂ ਦਿੰਦਾ, ਗੁੜ ਦੀ ਭੇਲੀ ਦੇ ਦਿੰਦਾ ਹੈ। ਖਰਾਬਾ ਦੇ ਦਿੰਦੇ ਹਨ ਪਰ ਡਰੇਨਾਂ ਸਾਫ ਨਹੀਂ ਕਰਵਾਉਂਦੇ ਪਰ ਮੈਂ ਸਮਝਦਾ ਹਾਂ ਕਿ ਮਨਪ੍ਰੀਤ ਜੀ ਸਿਆਣੇ ਹਨ, ਉਹ ਜੱਟ ਵੀ ਹਨ ਅਤੇ ਬਿਜ਼ਨਸਮੈਨ ਵੀ ਹਨ, ਇਹ ਜ਼ਰੂਰ ਸਾਫ ਕਰਵਾਉਣਗੇ।

**ਮਾਨਯੋਗ ਸਪੀਕਰ:** ਤੁਹਾਡੀਆਂ ਸਾਰੀਆਂ ਗੱਲਾਂ ਮੰਨ ਲਈਆਂ, ਹੁਣ ਬੱਸ ਕਰੋ।

**ਠੇਕੇਦਾਰ ਮਦਨ ਲਾਲ ਜਲਾਲਪੁਰ:** ਸਰ, ਦੋ ਮਿੰਟ ਜੀ, ਮੇਰੀ ਗੱਲ ਤਾਂ ਸੁਣ ਲਓ।

**ਮਾਨਯੋਗ ਸਪੀਕਰ:** ਫੇਰ ਗੱਲ ਉਲਝ ਜਾਣੀ ਹੈ, ਜੇ ਬਹੁਤਾ ਮੰਗੀ ਗਏ।

**ਠੇਕੇਦਾਰ ਮਦਨ ਲਾਲ ਜਲਾਲਪੁਰ:** ਸਰ, ਮੈਂ ਜ਼ਿਆਦਾ ਨਹੀਂ ਮੰਗਦਾ। ਮੁੱਖ ਮੰਤਰੀ ਜੀ ਬੈਠੇ ਹਨ।

**ਮਾਨਯੋਗ ਸਪੀਕਰ:** ਗੱਲ ਉਲਝ ਜਾਣੀ ਹੈ।

**ਠੇਕੇਦਾਰ ਮਦਨ ਲਾਲ ਜਲਾਲਪੁਰ:** ਸਰ, ਤਿੰਨ ਸਾਲ ਬਾਅਦ ਇਕ ਵਾਰੀ ਟਾਈਮ ਮਿਲਿਆ ਹੈ। ਮੈਂ ਕਿੰਨੇ ਵਾਰੀ ਹੱਥ ਬੰਨ੍ਹੇ ਕਿ ਟਾਈਮ ਦੇ ਦਿਓ। ਸਰ, ਸਾਡੇ ਦੋ-ਤਿੰਨ ਪੁਲ ਬਣਨ ਵਾਲੇ ਹਨ। ਸਿੰਗਲਾ ਜੀ ਬੈਠੇ ਹਨ, ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਸੜਕਾਂ ਦੀ ਕੁਆਲਟੀ ਸੁਧਾਰੀ ਹੈ। ਜਿਹੜੀਆਂ ਸੜਕਾਂ ਇਕ ਸਾਲ ਨਹੀਂ ਚੱਲਦੀਆਂ ਸੀ, ਉਹ ਹੁਣ 10 ਸਾਲ ਚੱਲਣਗੀਆਂ।ਸਿੰਗਲਾ ਜੀ, ਤੁਸੀਂ ਬਹੁਤ ਵਧੀਆ ਕੰਮ ਕਰ ਰਹੇ ਹੋ, ਹੁਣ ਮੇਰੇ ਹਲਕੇ ਵਿਚ ਵੀ ਦੋ ਪੁਲ ਬਣਾ ਦਿਓ।(ਹਾਸਾ) ਇਕ ਸਰਾਲਾ ਦਾ ਅਤੇ ਇੱਕ ਨੇਪਰੇ ਦਾ ਪੁਲ ਬਣਾ ਦਿਓ। ਸਾਡੇ ਪਟਿਆਲੇ ਅਤੇ ਅੰਬਾਲੇ ਨੂੰ ਇਕ ਸੜਕ ਜੋੜਦੀ ਹੈ, ਉਹ ਪੁਰਾਣੀ ਰਿਆਸਤੀ ਰੋਡ ਹੈ। ਉਹ 8 ਕਿਲੋਮੀਟਰ ਬਣਨ ਵਾਲੀ ਰਹਿੰਦੀ ਹੈ, ਉਹ ਸਿੱਧਾ ਅੰਬਾਲੇ ਨਾਲ ਜੁੜ ਜਾਵੇਗੀ। ਇਸ ਨਾਲ ਰਸ਼ ਘੱਟ ਜਾਵੇਗਾ ਅਤੇ ਐਕਸੀਡੈਂਟ ਵੀ ਘੱਟਣਗੇ। ਸੋ, ਮੇਰੇ ਦੋ ਪੁਲ ਅਤੇ ਇਹ ਸੜਕ ਬਣਾ ਦਿਓ। ਇਹ 11 ਕਰੋੜ ਰੁਪਏ ਦਾ ਕੰਮ ਹੈ। ਮੈਂ ਸਮਝਦਾ ਹਾਂ ਕਿ ਜੇਕਰ ਇਹ ਕੰਮ ਹੋ ਜਾਵੇ ਤਾਂ ਲੋਕਾਂ ਨੂੰ ਸਹੂਲਤ ਹੋ ਜਾਵੇਗੀ।

**ਸਰਦਾਰ ਹਰਦਿਆਲ ਸਿੰਘ ਕੰਬੋਜ :** ਸਪੀਕਰ ਸਾਹਿਬ, ਇਹ ਸੜਕ ਬਣਨੀ ਬਹੁਤ ਜ਼ਰੂਰੀ ਹੈ, ਇਹ ਕਰਵਾ ਦਿਓ ਜੀ।

**ਠੇਕੇਦਾਰ ਮਦਨ ਲਾਲ ਜਲਾਲਪੁਰ:** ਸਰ, ਇੱਕ ਹੋਰ ਕੰਮ ਰਹਿ ਗਿਆ। ਸਰਦਾਰ ਊਧਮ ਸਿੰਘ, ਜਿਨ੍ਹਾਂ ਨੇ ਸ਼ਹੀਦੀ ਪਾਈ ਹੈ, ਉਨ੍ਹਾਂ ਦੀ ਬਹੁਤ ਵੱਡੀ ਕੁਰਬਾਨੀ ਹੈ। ਅਸੀਂ ਸਾਰਿਆਂ ਨੇ ਮਿਲ ਕੇ ਮੁੱਖ ਮੰਤਰੀ ਜੀ ਨੂੰ ਬੇਨਤੀ ਕੀਤੀ ਸੀ ਕਿ ਪੰਜਾਬੀ ਯੂਨੀਵਰਸਿਟੀ ਵਿੱਚ ਉਨ੍ਹਾਂ ਦੇ ਨਾਮ ਤੇ ਇੱਕ ਚੇਅਰ ਸਥਾਪਿਤ ਕੀਤੀ ਜਾਵੇ ਪਰ ਉਨ੍ਹਾਂ ਨੇ ਪੈਸੇ ਬਹੁਤ ਮੰਗ ਲਏ।ਹੁਣ ਮੈਂ ਡੇਢ ਕਰੋੜ ਰੁਪਏ ਦਾ ਐਸਟੀਮੇਟ ਬਣਾਇਆ ਹੈ। ਮੈਂ ਕਹਿੰਦਾ ਹਾਂ ਕਿ ਇਸ ਸਾਲ 50 ਲੱਖ ਰੁਪਿਆ ਰੁਪਏ ਦੇ ਦਿਓ ਅਤੇ 50 ਅਗਲੇ ਸਾਲ ਦੇ ਦਿਓ। ਅਸੀਂ ਇਕੱਠਾ ਨਹੀਂ ਮੰਗਦੇ, ਸਾਨੂੰ ਤਿੰਨ ਵਾਰੀ ਕਰਕੇ 50-50 ਲੱਖ ਰੁਪਿਆ ਦੇ ਦਿਓ। ਇਹ ਸਾਰਿਆਂ ਦੀ ਮੰਗ ਹੈ, ਇਸ ਸਮੇਂ ਸਦਨ ਵਿਚ ਸੁਨਾਮ ਵਾਲੇ ਐਮ.ਐਲ.ਏ. ਵੀ ਬੈਠੇ ਹਨ। ਸਦਨ ਵਿਚ ਤਿੰਨ ਕੰਬੋਜ ਬਰਾਦਰੀ ਦੇ ਐਮ.ਐਲ.ਏ . ਬੈਠੇ ਹਨ।

**ਮਾਨਯੋਗ ਸਪੀਕਰ:** ਉਹ ਤਾਂ ਐਗਰੀ ਕਰ ਗਏ, ਤੁਸੀਂ ਦੇਖਿਆ ਨਹੀਂ।

**ਠੇਕੇਦਾਰ ਮਦਨ ਲਾਲ ਜਲਾਲਪੁਰ:** ਸਰ, ਮੈਂ ਇਨ੍ਹਾਂ ਦਾ ਬਹੁਤ ਧੰਨਵਾਦ ਕਰਦਾ ਹਾਂ।

**ਮਾਨਯੋਗ ਸਪੀਕਰ:** ਬੱਸ ਹੁਣ ਹੋ ਗਿਆ।

**ਠੇਕੇਦਾਰ ਮਦਨ ਲਾਲ ਜਲਾਲਪੁਰ:** ਸਪੀਕਰ ਸਾਹਿਬ, ਜਿਹੜਾ ਬਜਟ ਵਿੱਤ ਮੰਤਰੀ ਜੀ ਨੇ ਪੇਸ਼ ਕੀਤਾ ਹੈ, ਮੈਂ ਉਸ ਦੀ ਪ੍ਰੋੜਤਾ ਕਰਦਾ ਹਾਂ ਅਤੇ ਕੈਪਟਨ ਅਮਰਿੰਦਰ ਸਿੰਘ ਜੀ ਦਾ ਅਤੇ ਖਾਸ ਕਰਕੇ ਮਨਪ੍ਰੀਤ ਬਾਦਲ ਜੀ, ਜੋ ਮੇਰੇ ਸਤਿਕਾਰਯੋਗ ਭਰਾ ਹਨ, ਜਿਨ੍ਹਾਂ ਦੀ ਗੁੜਤੀ ਲੈ ਕੇ ਮੈਂ ਆਪਣੀ ਰਾਜਨੀਤੀ ਸ਼ੁਰੂ ਕੀਤੀ ਸੀ, ਇਨ੍ਹਾਂ ਦੀ ਪੂਰੀ ਟੀਮ ਦਾ, ਇਨ੍ਹਾਂ ਦੇ ਅਫਸਰਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ। ਪ੍ਰਮਾਤਮਾ ਇਨ੍ਹਾਂ ਤੇ ਮਿਹਰ ਭਰਿਆ ਹੱਥ ਰੱਖੇ ਅਤੇ ਇਹ ਇਸੇ ਤਰ੍ਹਾਂ ਪੰਜਾਬ ਦੀ ਤਰੱਕੀ ਲਈ ਕੰਮ ਕਰਦੇ ਰਹਿਣ। ਧੰਨਵਾਦ ਜੀ।

**ਸਰਦਾਰ ਹਰਪਾਲ ਸਿੰਘ ਚੀਮਾ (ਦਿੜ੍ਹਬਾ, ਐਸ.ਸੀ.):** ਸਪੀਕਰ ਸਾਹਿਬ, ਧੰਨਵਾਦ ਜੀ। ਪੰਜਾਬ ਦੇ ਖਜ਼ਾਨਾ ਮੰਤਰੀ ਜੀ ਨੇ ਇਸ ਸਰਕਾਰ ਦਾ ਚੌਥਾ ਬਜਟ ਪੇਸ਼ ਕੀਤਾ ਹੈ। ਇਨ੍ਹਾਂ ਕੋਲ ਬਹੁਤ ਸਾਰਾ ਤਜਰਬਾ ਹੈ। ਜਿਹੜੇ ਸਾਡੇ ਇੱਧਰਲੇ ਪਾਸੇ ਬੈਠੇ ਹਨ (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ) ਇਨ੍ਹਾਂ ਦੀ ਸਰਕਾਰ ਵੇਲੇ ਵੀ ਇਨ੍ਹਾਂ ਨੇ ਤਿੰਨ ਬਜਟ ਪੇਸ਼ ਕੀਤੇ ਸੀ।

**ਵਿੱਤ ਮੰਤਰੀ (ਬੈਠੇ-ਬੈਠੇ):** ਚਾਰ।

**ਸਰਦਾਰ ਹਰਪਾਲ ਸਿੰਘ ਚੀਮਾ**: ਸੌਰੀ ਜੀ, ਚਾਰ ਬਜਟ ਪੇਸ਼ ਕੀਤੇ ਸੀ। ਚਾਰ ਬਜਟ ਇਨ੍ਹਾਂ ਨੇ ਆਪਣੇ ਤਾਇਆ ਜੀ ਨਾਲ ਪੇਸ਼ ਕੀਤੇ ਸੀ। ਉਦੋਂ ਵੀ ਜਦੋਂ ਬਜਟ ਪੇਸ਼ ਕਰਦੇ ਸੀ ਤਾਂ ਕਰਜ਼ਾ ਹੁੰਦਾ ਸੀ, ਉਹ ਲਗਾਤਾਰ ਹਰ ਸਾਲ ਕਰਜ਼ਾ ਵਧਾਉਂਦੇ ਸੀ, ਕਦੇ 10 ਹਜ਼ਾਰ ਕਰੋੜ ਵਧਾ ਦਿੱਤਾ, ਕਦੇ 15 ਹਜ਼ਾਰ ਕਰੋੜ ਵਧਾ ਦਿੱਤਾ। ਉਹੀ ਕੰਮ ਹੁਣ ਹੈ। ਹੁਣ ਵੀ ਲਗਾਤਾਰ ਕਰਜ਼ਾ ਵੱਧ ਰਿਹਾ ਹੈ। ਸਪੀਕਰ ਸਾਹਿਬ, ਸਾਲ 1992 ਤੱਕ ਪੰਜਾਬ ਤੇ ਸਿਰਫ 9 ਹਜ਼ਾਰ ਕਰੋੜ ਦਾ ਕਰਜ਼ਾ ਸੀ। ਕੇਂਦਰ ਸਰਕਾਰ ਨੇ 6 ਹਜ਼ਾਰ ਕਰੋੜ ਰੁਪਿਆ ਮੁਆਫ ਕਰ ਦਿੱਤਾ।

ਕਿਉਂਕਿ ਪੰਜਾਬ ਅੱਤਵਾਦ ਪ੍ਰਭਾਵਿਤ ਸਟੇਟ ਸੀ। ਉਸ ਸਮੇਂ ਫੋਰਸਿਜ਼ ਤੇ ਬਹੁਤ ਸਾਰਾ ਪੈਸਾ ਖਰਚ ਹੋਇਆ ਸੀ। ਸੋ, ਉਸ ਗੱਲ ਨੂੰ ਲੈ ਕੇ ਗੌਰਮਿੰਟ ਆਫ

[ਸਰਦਾਰ ਹਰਪਾਲ ਸਿੰਘ ਚੀਮਾ]

ਇੰਡੀਆ ਨੇ 6 ਹਜ਼ਾਰ ਕਰੋੜ ਰੁਪਿਆ ਮੁਆਫ ਕਰ ਦਿੱਤਾ ਸੀ। ਲਗਭਗ 3000 ਕਰੋੜ ਰੁਪਿਆ ਉਸ ਸਮੇਂ ਪੰਜਾਬ ਤੇ ਕਰਜ਼ਾ ਸੀ ਪਰ ਸਪੀਕਰ ਸਾਹਿਬ, 1992 ਤੋਂ ਲਗਾਤਾਰ ਹੁਣ ਤੱਕ ਢਾਈ ਲੱਖ ਕਰੋੜ ਰੁਪਏ ਦਾ ਕਰਜ਼ਾ ਹੋ ਗਿਆ ਹੈ ਜਦਕਿ ਬਜਟ ਡੇਢ ਲੱਖ ਕਰੋੜ ਦਾ ਹੈ। ਸਾਡੇ ਤੋਂ ਕਰਜ਼ੇ ਦਾ ਵਿਆਜ ਹੀ ਨਹੀਂ ਮੁੱਕ ਰਿਹਾ । ਅਸੀਂ ਹਰੇਕ ਸਾਲ ਕਰਜ਼ਾ ਲੈਂਦੇ ਹਾਂ ਅਤੇ ਵਿਆਜ ਸਾਥੋਂ ਮੁੜ ਨਹੀਂ ਰਿਹਾ ਹੈ। ਅਸੀਂ ਕਿਹੜੇ ਪਾਸੇ ਨੂੰ ਜਾ ਰਹੇ ਹਾਂ? ਜੇਕਰ ਇਸੇ ਤਰ੍ਹਾਂ ਕਰਜ਼ਾ ਵਧਦਾ ਰਿਹਾ ਤਾਂ ਆਉਣ ਵਾਲੇ 10-15 ਸਾਲ ਤੱਕ ਸਾਡੇ ਪੰਜਾਬ ਦਾ ਕੀ ਬਣੇਗਾ? ਇਸ ਦੇ ਲਈ ਸਾਡੀ ਸਰਕਾਰ ਕੋਲ ਕੋਈ ਰੋਡ ਮੈਪ ਨਹੀਂ ਹੈ ਕਿ ਕਿਸ ਤਰੀਕੇ ਦੇ ਨਾਲ ਅਸੀਂ ਕਰਜ਼ਾ ਲਾਹੁਣਾ ਹੈ । ਇਹ ਕਰਜ਼ਾ ਗੌਰਮਿੰਟ ਰੀਪੇਅ ਕਿਵੇਂ ਹੋਵੇਗਾ? ਇਹ ਤਾਂ ਉਹ ਕਰਜ਼ਾ ਹੈ ਜਿਹੜਾ ਕਿ ਅਸੀਂ ਗੌਰਮਿੰਟ ਆਫ ਇੰਡੀਆ ਤੋਂ ਲਿਆ ਹੈ। ਜਿਹੜੀ ਸਾਡੀਆਂ ਕਾਰਪੋਰੇਸ਼ਨਾਂ ਨੇ ਕਰਜ਼ਾ ਲਿਆ ਜਾਂ ਪਬਲਿਕ ਸੈਕਟਰ ਨੇ ਕਰਜ਼ਾ ਲਿਆ, ਐਫ.ਐਮ. ਸਾਹਿਬ ਨੇ ਕਿਤੇ ਵੀ ਉਸ ਦਾ ਜ਼ਿਕਰ ਨਹੀਂ ਕੀਤਾ ਉਸ ਬਾਰੇ ਕਿਸੇ ਵੀ ਜਗ੍ਹਾ ਤੇ ਬਜਟ ਵਿੱਚ ਕੋਈ ਜ਼ਿਕਰ ਨਹੀਂ ਆਉਂਦਾ । ਮੈਂ ਸਮਝਦਾ ਹਾਂ ਕਿ ਦੋ-ਢਾਈ ਲੱਖ ਕਰੋੜ ਰੁਪਏ ਦਾ ਕਰਜ਼ਾ ਹੈ। ਇੰਨਾ ਕਰਜ਼ਾ ਪੰਜਾਬ ਦੇ ਸਿਰ ਤੇ ਹੋ ਗਿਆ ਤਾਂ ਪੰਜਾਬ ਕਿਵੇਂ ਚੱਲੇਗਾ? ਮੈਂ ਦੇਖ ਰਿਹਾ ਸੀ, 82% committed liabilities ਹਨ, ਜਿਹੜੀਆਂ ਅਸੀਂ ਦੇਣੀਆਂ ਹੀ ਦੇਣੀਆਂ ਹਨ ਚਾਹੇ ਉਹ ਪੈਨਸ਼ਨ ਹੋਵੇ ਜਾਂ ਤਨਖਾਹਾਂ ਹੋਣ, ਇਹ ਖਰਚੇ ਕਰਨੇ ਹੀ ਕਰਨੇ ਹਨ। ਸਿਰਫ 18% ਵਿੱਚ ਪੰਜਾਬ ਦਾ ਅਤੇ ਪੰਜਾਬ ਦੇ ਲੋਕਾਂ ਦਾ ਭਲਾ ਨਹੀਂ ਹੋਣਾ। ਇਸ 18% ਦੇ ਵਿੱਚ ਐਜੂਕੇਸ਼ਨ ਵੀ ਹੈ, ਹੈਲਥ ਵੀ ਹੈ, ਇਸ ਵਿੱਚ ਪੰਜਾਬ ਦਾ ਸਾਰਾ ਕੁਝ ਹੈ। ਇਹ ਕਰਜ਼ਾ ਕਿਵੇਂ ਰੁਕੇਗਾ? ਕਿਉਂ ਅਸੀਂ ਵਾਰ-ਵਾਰ ਕਰਜ਼ਾ ਲੈ ਰਹੇ ਹਾਂ, ਇਸ ਬਾਰੇ ਵੀ ਸਪੱਸ਼ਟ ਹੋਣਾ ਚਾਹੀਦਾ ਹੈ। ਸਰਕਾਰ ਤਾਂ ਕਰਜ਼ਾ ਲੈ ਰਹੀ ਹੈ ਪਰ ਜਿੰਨੇ ਵੀ ਇਸ ਹਾਊਸ ਦੇ ਵਿੱਚ politician ਬੈਠੇ ਹਨ ਅਤੇ ਜਿਹੜੇ bureaucrats ਆਉਂਦੇ ਰਹਿੰਦੇ ਹਨ, ਜਦੋਂ ਹਰੇਕ ਸਾਲ ਉਹ ਆਪਣਾ ਇਨਕਮ ਟੈਕਸ ਭਰਦੇ ਹਨ ਜਾਂ ਆਪਣੇ ਵੇਰਵੇ ਕਿਸੇ ਵੀ institution ਨੂੰ ਦਿੰਦੇ ਹਨ ਤਾਂ ਉਸ ਸਮੇਂ ਕਿਸੇ ਦੀ ਪ੍ਰਾਪਰਟੀ 5000 ਕਰੋੜ ਰੁਪਏ ਵੱਧ ਜਾਂਦੀ ਹੈ, ਕਿਸੇ ਦੀ 10 ਹਜ਼ਾਰ ਕਰੋੜ ਰੁਪਏ ਵੱਧ ਜਾਂਦੀ ਹੈ ਲੇਕਿਨ ਪੰਜਾਬ ਸਰਕਾਰ ਘਾਟੇ ਵਿੱਚ ਜਾ ਰਹੀ ਹੈ। ਮੈਂ ਸਮਝਦਾ ਹਾਂ ਕਿ ਐਫ.ਐਮ. ਸਾਹਿਬ ਲਿਖ ਦਿੰਦੇ ਕਿ ਪਬਲਿਕ ਸੈਕਟਰ ਤੇ ਕਿੰਨਾ ਕਰਜ਼ਾ ਹੈ।

ਸਪੀਕਰ ਸਾਹਿਬ, ਹਾਇਰ ਐਜੂਕੇਸ਼ਨ ਦੀ ਗੱਲ ਕੀਤੀ ਗਈ ਹੈ ਕਿ 5 ਨਵੇਂ ਡਿਗਰੀ ਕਾਲਜਾਂ ਦੇ ਨਿਰਮਾਣ ਲਈ 25 ਕਰੋੜ ਰੁਪਏ ਦੀ ਰਾਸ਼ੀ ਰਿਜ਼ਰਵ ਰੱਖੀ ਗਈ ਹੈ। ਬੜੀ ਹੈਰਾਨੀ ਦੀ ਗੱਲ ਹੈ ਕਿ ਸਾਲ 2017-18 ਵਿੱਚ ਵੀ 11 ਕਾਲਜਾਂ ਵਾਸਤੇ 15 ਕਰੋੜ ਰੁਪਏ ਦੀ ਰਾਸ਼ੀ ਰੱਖੀ ਗਈ ਸੀ।ਸਵਾਲ ਲਗਾਇਆ ਗਿਆ ਸੀ ਤੇ ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਜੀ ਨੇ ਜਵਾਬ ਦਿੱਤਾ ਸੀ ਕਿ ਹਲਕਾ ਦਿੜ੍ਹਬਾ ਦਾ ਜਿਹੜਾ ਕਾਲਜ ਹੈ, ਉਹ ਨਹੀਂ ਬਣਨਾ ਹੈ ਜਦਕਿ ਉਸ ਕਾਲਜ ਦੇ ਬਣਨ ਦੀ announcement ਸਾਲ 2017 ਵਿੱਚ ਕਰ ਦਿੱਤੀ ਗਈ ਸੀ ਉਸ ਵਾਸਤੇ ਸਰਵੇ ਵੀ ਹੋਏ, ਮੇਰੇ ਕੋਲ ਕਈ ਅਧਿਕਾਰੀ ਆਏ। ਮੈਂ ਸਰਕਾਰ ਨੂੰ ਲਿਖ ਕੇ ਵੀ ਭੇਜਿਆ ਕਿ ਉਥੇ ਇੱਕ ਪ੍ਰਾਈਵੇਟ ਬਿਲਡਿੰਗ ਹੈ ਅਤੇ ਜਿਹੜਾ ਉਸ ਬਿਲਡਿੰਗ ਦਾ ਮਾਲਕ ਹੈ ਉਹ ਸਰਕਾਰ ਨੂੰ ਫਰੀ ਆਫ ਕਾਸਟ ਬਿਲਡਿੰਗ ਦੇਣ ਨੂੰ ਤਿਆਰ ਹੈ ਪਰ ਸਰਕਾਰ ਨਹੀਂ ਮੰਨੀ, ਪਤਾ ਨਹੀਂ ਕਿਉਂ ਨਹੀਂ ਮੰਨੀ? ਮੇਰਾ ਕਹਿਣ ਦਾ ਭਾਵ ਹੈ ਕਿ ਇਹ ਜਿਹੜੀਆਂ announcements ਹਨ, ਉਹ ਤਾਂ ਹਰੇਕ ਸਾਲ ਹੁੰਦੀਆਂ ਰਹਿੰਦੀਆਂ ਹਨ।

ਸਪੀਕਰ ਸਾਹਿਬ, freedom fighters ਨੂੰ 300 ਯੂਨਿਟ ਬਿਜਲੀ ਮੁਫਤ ਦੇਣ ਦੀ ਗੱਲ ਕੀਤੀ ਗਈ ਹੈ। ਇਹ ਗੱਲ ਸਾਲ 2017, 2018, 2019 ਅਤੇ ਹੁਣ ਸਾਲ 2020 ਦੇ ਬਜਟ ਵਿੱਚ ਵੀ ਕੀਤੀ ਗਈ ਹੈ। ਜਿਹੜੀਆਂ ਗੱਲਾਂ ਸਾਲ 2017 ਵਿੱਚ ਲਿਖੀਆਂ ਸਨ ਉਨ੍ਹਾਂ ਗੱਲਾਂ ਦੇ ਹੀ ਰੰਗ ਬਦਲ ਕੇ, ਰੂਪ ਬਦਲ ਕੇ, ਨਵੇਂ ਸ਼ਬਦ ਦੇ ਕੇ ਹੁਣ ਲਿਖੇ ਜਾ ਰਹੇ ਹਨ। ਉਸੇ ਤਰ੍ਹਾਂ ਲਗਾਤਾਰ ਕਿਸੇ ਨੂੰ ਕੋਈ ਫੈਸਿਲਿਟੀ ਨਹੀਂ ਮਿਲ ਰਹੀ ਹੈ। ਇਸ ਤੋਂ ਇਲਾਵਾ ਜੇਕਰ ਪੰਜਾਬ ਦੇ ਵਿੱਚ ਵਜ਼ੀਫਿਆਂ ਦੀ ਗੱਲ ਕਰੀਏ ਤਾਂ ਗੌਰਮਿੰਟ ਆਫ ਇੰਡੀਆ ਤੋਂ ਸਕਾਲਰਸ਼ਿਪ ਜ਼ਿਆਦਾ ਆਉਂਦਾ ਹੈ। ਫੀਸਾਂ ਉਥੋਂ ਜ਼ਿਆਦਾ ਆਉਂਦੀਆਂ ਹਨ। ਜਿਹੜੀ previous Government ਸੀ, ਉਸ ਸਮੇਂ 90% Government of India ਦਿੰਦੀ ਸੀ ਅਤੇ 10% ਸਰਕਾਰ ਹਿੱਸਾ ਪਾਉਂਦੀ ਸੀ। ਉਸ ਸਮੇਂ ਵੀ ਲਗਭਗ 1200 ਕਰੋੜ ਰੁਪਏ ਤੋਂ ਉੱਪਰ ਦਾ ਘਪਲਾ ਹੋਇਆ ਸੀ। ਆਮ ਆਦਮੀ ਪਾਰਟੀ ਦਾ ਸਦਨ ਦੇ ਵਿੱਚ ਕੋਈ ਮੈਂਬਰ ਨਹੀਂ ਸੀ।ਸਰਦਾਰ ਸਾਧੂ ਸਿੰਘ ਧਰਮਸੋਤ ਜੀ ਅਤੇ ਸੀ.ਐਮ ਸਾਹਿਬ ਪੰਜਾਬ ਦੇ ਬਹੁਤ ਸਾਰੇ ਜਲਸਿਆਂ ਵਿੱਚ ਜਾ ਕੇ ਕਹਿੰਦੇ ਹੁੰਦੇ ਸੀ ਕਿ ਜਦੋਂ ਸਾਡੀ ਸਰਕਾਰ ਆ ਗਈ ਤਾਂ ਆਉਣ ਸਾਰ ਅਸੀਂ ਜਿਹੜਾ 1200 ਕਰੋੜ ਰੁਪਿਆ ਹੈ, ਜਿਨ੍ਹਾਂ ਨੇ ਵੀ ਘਪਲਾ ਕੀਤਾ ਹੈ ਉਨ੍ਹਾਂ ਤੋਂ ਰਿਕਵਰ ਕਰਵਾਵਾਂਗੇ ਪਰ ਅਫਸੋਸ ਦੀ ਗੱਲ ਹੈ ਕਿ ਆਡਿਟ ਕਰਵਾ ਰਹੇ ਹਨ, ਪਰ

[ਸਰਦਾਰ ਹਰਪਾਲ ਸਿੰਘ ਚੀਮਾ]

ਉਹ 1200 ਕਰੋੜ ਰੁਪਿਆ ਪਤਾ ਨਹੀਂ ਕਦੋਂ ਆਏਗਾ, ਕਦੋਂ ਨਹੀਂ ਆਏਗਾ। ਉਸੇ ਤਰ੍ਹਾਂ ਹੁਣ ਕੈਪਟਨ ਸਾਹਿਬ ਦੀ ਸਰਕਾਰ ਸਕਾਲਰਸ਼ਿਪ ਨਹੀਂ ਦੇ ਰਹੀ ਹੈ। ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੋਗੇ, ਪਿਛਲੀ ਵਾਰ ਲਗਭਗ 40 ਹਜ਼ਾਰ ਐਸ.ਸੀ./ਐਸ.ਟੀ ਬੱਚੇ ਐਡਮਿਸ਼ਨ ਲੈਣ ਤੋਂ ਵਾਂਝੇ ਰਹਿ ਗਏ ਸਨ। ਇਸ ਸਾਲ ਇਹ ਅੰਕੜਾ ਵੱਧ ਕੇ 70 ਹਜ਼ਾਰ ਹੋ ਗਿਆ ਹੈ। 70 ਹਜ਼ਾਰ ਬੱਚੇ ਐਡਮਿਸ਼ਨ ਲੈਣ ਤੋਂ ਰਹਿ ਗਏ ਹਨ। ਸਰਕਾਰ ਨੇ ਉਨ੍ਹਾਂ ਵਾਸਤੇ ਕੋਈ ਪਾਲਿਸੀ ਨਹੀਂ ਰੱਖੀ ਹੈ।

ਇਸ ਤਰ੍ਹਾਂ 2017, 2018 ਅਤੇ 2019 ਵਿੱਚ ਐਲਾਨ ਹੋਇਆ ਸੀ ਕਿ 17 ਕਰੋੜ ਰੁਪਿਆ, 18 ਕਰੋੜ ਰੁਪਿਆ ਅਤੇ 25 ਕਰੋੜ ਐਸ.ਸੀ./ਐਸ.ਟੀ. ਕਾਰਪੋਰੇਸ਼ਨ ਰਾਹੀਂ ਬੇ-ਜ਼ਮੀਨੇ ਸ਼ਡਿਊਲਡ ਕਾਸਟਸ ਦੇ ਬੰਦਿਆਂ ਨੇ ਜਿਹੜਾ ਕਰਜ਼ਾ ਲਿਆ ਹੋਇਆ ਹੈ, ਇਹ ਮੁਆਫ ਹੋਵੇਗਾ ਲੇਕਿਨ ਮੈਂ ਸਮਝਦਾ ਹਾਂ ਕਿ ਉਨ੍ਹਾਂ ਦੀ ਸਿੰਗਲ ਪੈਨੀ ਵੀ ਮੁਆਫ ਨਹੀਂ ਹੋਈ। ਬੱਸ ਐਲਾਨ ਹੋਇਆ ਹੈ। ਸੋ, ਮੇਰਾ ਕਹਿਣ ਦਾ ਭਾਵ ਹੈ ਕਿ ਸਰਦਾਰ ਮਨਪ੍ਰੀਤ ਸਿੰਘ ਬਾਦਲ ਜਦੋਂ ਆਪਣੇ ਤਾਇਆ ਜੀ ਸਰਦਾਰ ਪਰਕਾਸ਼ ਸਿੰਘ ਬਾਦਲ ਨਾਲ ਹੁੰਦੇ ਸੀ, ਉਦੋਂ ਵੀ ਇਸੇ ਤਰ੍ਹਾਂ ਦੇ ਬਜਟ ਪੇਸ਼ ਕਰਦੇ ਸਨ ਅਤੇ ਐਲਾਨ ਕਰਦੇ ਹੁੰਦੇ ਸੀ ਅਤੇ ਅੱਜ ਵੀ ਉਸੇ ਤਰ੍ਹਾਂ ਦੇ ਹੀ ਬਜਟ ਪੇਸ਼ ਕਰਦੇ ਹਨ। ਉਦੋਂ ਸਰਦਾਰ ਪਰਕਾਸ਼ ਸਿੰਘ ਬਾਦਲ ਦੇ ਸੋਹਲੇ ਗਾਉਂਦੇ ਸਨ, ਅੱਜ ਇਹ ਕੈਪਟਨ ਸਾਹਿਬ ਦੇ ਗਾਉਂਦੇ ਹਨ। ਸਿਰਫ ਅੰਕੜਿਆਂ ਦੇ ਜਾਦੂਗਰ ਹਨ। ਅੰਕੜੇ ਜ਼ਰੂਰ ਪੇਸ਼ ਕਰਦੇ ਹਨ। ਅੰਕੜੇ ਬੜੇ ਅੱਛੇ ਢੰਗ ਨਾਲ ਪੇਸ਼ ਕਰਦੇ ਹਨ ਪਰ ਲੋਕਾਂ ਨੂੰ ਕੁਝ ਨਹੀਂ ਮਿਲਦਾ। ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਨ੍ਹਾਂ ਅੰਕੜਿਆਂ ਨਾਲ ਲੋਕਾਂ ਦਾ ਢਿੱਡ ਨਹੀਂ ਭਰਦਾ। ਲੋਕਾਂ ਦਾ ਢਿੱਡ ਤਾਂ ਭਰੇਗਾ ਜੇਕਰ ਉਨ੍ਹਾਂ ਲਈ ਕੋਈ ਸਕੀਮਾਂ ਹੋਣਗੀਆਂ।

ਸਪੀਕਰ ਸਾਹਿਬ, ਅੱਜ ਹਾਊਸ ਦੇ ਕਾਫੀ ਮੈਂਬਰ ਸਾਹਿਬਾਨ ਸੀ.ਐਮ. ਦੀ ਗੈਰ-ਹਾਜ਼ਰੀ ਵਿੱਚ ਬੋਲੇ ਹਨ। ਰੰਧਾਵਾ ਸਾਹਿਬ ਇੱਥੋਂ ਚਲੇ ਗਏ ਹਨ। ਰਾਜਾ ਜੀ ਅਤੇ ਹੋਰ ਬਹੁਤ ਸਾਰੇ ਮੈਂਬਰਾਂ ਨੇ ਬਹੁਤ ਵਧੀਆ ਗੱਲਾਂ ਕੀਤੀਆਂ ਹਨ। ਕਿਹਾ ਗਿਆ ਹੈ ਕਿ ਪੰਜਾਬ ਵਿੱਚ ਟਰਾਂਸਪੋਰਟ ਮਾਫੀਆ ਉਸੇ ਤਰ੍ਹਾਂ ਹੀ ਕੰਮ ਕਰ ਰਿਹਾ ਹੈ ਅਤੇ ਟਰਾਂਸਪੋਰਟ ਸਬੰਧੀ ਕੋਈ ਪਾਲਿਸੀ ਨਹੀਂ ਹੈ। ਇਹ ਬਿਲਕੁਲ ਸੱਚ ਹੈ। ਸੀ.ਐਮ.ਸਾਹਿਬ 1992 ਤੋਂ ਲੈ ਕੇ, ਹੁਣ ਤੱਕ, ਪਹਿਲਾਂ ਵੀ ਤੁਸੀਂ 2002 ਤੋਂ 2007 ਤੱਕ ਸੀ.ਐਮ. ਰਹੇ, ਉਸ ਸਮੇਂ ਵੀ ਤੁਸੀਂ ਕੋਈ ਟਰਾਂਸਪੋਰਟ ਪਾਲਿਸੀ ਨਹੀਂ ਬਣਾਈ। ਹੁਣ ਵੀ ਤੁਹਾਨੂੰ ਤਿੰਨ ਸਾਲ ਹੋ ਗਏ ਹਨ, ਹੁਣ ਵੀ ਕੋਈ ਟਰਾਂਸਪੋਰਟ

ਪਾਲਿਸੀ ਨਹੀਂ ਬਣਾਈ। ਮੈਂ ਸਮਝਦਾ ਹਾਂ ਕਿ ਇਹ ਇਸ ਕਰਕੇ ਨਹੀਂ ਬਣਾਈ ਕਿਉਂਕਿ ਜਿਨ੍ਹਾਂ ਲੋਕਾਂ ਲਈ ਇਹ ਕੰਮ ਕਰ ਰਹੇ ਹਨ, ਉਹ ਪਰਕਾਸ਼ ਸਿੰਘ ਬਾਦਲ ਅਤੇ ਕੰਪਨੀ ਨੂੰ ਬਚਾ ਰਹੇ ਹਨ। ਇਹੀ ਕਾਰਨ ਹੈ ਕਿ ਅੱਜ ਆਰਬਿਟ ਕੰਪਨੀ ਦਾ ਕਾਰੋਬਾਰ ਲਗਾਤਾਰ ਵੱਧ ਰਿਹਾ ਹੈ। ਉਹ ਹਰੇਕ ਸਾਲ 100-100, 200-200 ਬੱਸਾਂ ਖਰੀਦ ਰਹੇ ਹਨ। ਉਨ੍ਹਾਂ ਦੇ ਵੱਡੇ-ਵੱਡੇ ਹੋਟਲ ਅਤੇ ਕਾਰੋਬਾਰ ਵੱਧ ਰਿਹਾ ਹੈ ਲੇਕਿਨ ਪੰਜਾਬ ਸਰਕਾਰ ਦਾ ਘੱਟ ਰਿਹਾ ਹੈ। ਪਤਾ ਨਹੀਂ ਕੈਪਟਨ ਸਾਹਿਬ ਦੀ ਕੀ ਮਜਬੂਰੀ ਹੈ? ਕਿਸ ਮਜਬੂਰੀ ਦੇ ਤਹਿਤ ਇਹ ਇਨ੍ਹਾਂ ਕੰਪਨੀਆਂ ਨੂੰ ਚਲਾ ਰਹੇ ਹਨ? ਜਦ ਕਿ ਰਾਜਾ ਜੀ ਅਤੇ ਬਹੁਤ ਸਾਰੇ ਮੈਂਬਰ ਜਿਵੇਂ ਜ਼ੀਰਾ ਜੀ ਇੱਥੇ ਬੈਠੇ ਹਨ, ਕਿੱਕੀ ਢਿੱਲੋਂ ਜੀ ਚਲੇ ਗਏ ਹਨ, ਉਨ੍ਹਾਂ ਸਾਰਿਆਂ ਦੀ ਮੰਗ ਹੈ। ਇਹ ਗੱਲ ਅਸੀਂ ਵਾਰ-ਵਾਰ ਕਹਿੰਦੇ ਹਾਂ ਕਿ ਪੰਜਾਬ ਵਿੱਚ ਆਰਗੇਨਾਈਜ਼ਡ ਤਰੀਕੇ ਨਾਲ, ਇੱਕ ਬੜੇ ਅੱਛੇ ਤਰੀਕੇ ਨਾਲ ਸੁਖਬੀਰ ਸਿੰਘ ਬਾਦਲ ਨੇ ਮਾਫੀਆ ਰਾਜ ਇਸਟੈਬਲਿਸ਼ ਕੀਤਾ ਸੀ, ਉਸ ਨੇ ਚਲਾਇਆ ਸੀ ਪਰ ਅੱਜ ਉਹੀ ਰਾਜ, ਉਸੇ ਤਰ੍ਹਾਂ ਦਾ ਮਾਫੀਆ ਰਾਜ ਕੈਪਟਨ ਸਾਹਿਬ ਦੇ ਰਾਜ ਅੰਦਰ ਚੱਲ ਰਿਹਾ ਹੈ। ਇਨ੍ਹਾਂ ਤੋਂ ਵੀ ਟਰਾਂਸਪੋਰਟ ਮਾਫੀਆ ਦਾ ਖਾਤਮਾ ਨਹੀਂ ਹੋਇਆ।

ਸਪੀਕਰ ਸਾਹਿਬ, ਇਸ ਤੋਂ ਇਲਾਵਾ ਇੱਕ ਬਹੁਤ ਵੱਡੀ ਗੱਲ ਇਹ ਹੈ ਕਿ ਰਾਜਪੁਰੇ ਤੋਂ ਲੈ ਕੇ ਮੋਹਾਲੀ ਤੱਕ ਜਿਹੜਾ ਰੇਲਵੇ ਟਰੈਕ ਬਣਾਉਣਾ ਸੀ, ਉਹ ਗੌਰਮਿੰਟ ਆਫ ਇੰਡੀਆ ਨੇ ਮਨਜ਼ੂਰ ਕੀਤਾ ਹੋਇਆ ਹੈ। ਪੰਜਾਬ ਸਰਕਾਰ ਨੇ ਸਿਰਫ ਤੇ ਸਿਰਫ ਕੀ ਲੈ ਕੇ ਦੇਣਾ ਹੈ? ਪੰਜਾਬ ਸਰਕਾਰ ਨੇ ਸਿਰਫ ਲੈਂਡ ਐਕੁਆਇਰ ਕਰਕੇ ਦੇਣੀ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਸਿਰਫ 400-500 ਕਰੋੜ ਰੁਪਏ ਦੀ ਗੱਲ ਹੈ ਅਤੇ ਇਸ ਨਾਲ ਪੰਜਾਬ ਦਾ ਬਹੁਤ ਵੱਡਾ ਮਾਫੀਆ ਖਤਮ ਹੋ ਜਾਵੇਗਾ।

**ਸ਼੍ਰੀ ਅਮਨ ਅਰੋੜਾ:** 80 ਕਰੋੜ ਰੁਪਿਆ ਦੇਣਾ ਹੈ।

**ਸਰਦਾਰ ਹਰਪਾਲ ਸਿੰਘ ਚੀਮਾ:** ਸਿਰਫ 80 ਕਰੋੜ ਰੁਪਿਆ ਦੇਣਾ ਹੈ। ਬੜੀ ਹੈਰਾਨੀ ਦੀ ਗੱਲ ਹੈ ਕਿ ਇਹ ਮਾਫੀਆ ਇਸ ਕਦਰ ਭਾਰੂ ਹੈ ਕਿ ਅਸੀਂ ਬਜਟ ਵਿੱਚ 80 ਕਰੋੜ ਵੀ ਨਹੀਂ ਰੱਖ ਸਕਦੇ। ਉਹ ਬੱਸਾਂ ਫਰੀਦਕੋਟ ਤੋਂ, ਡੱਬਵਾਲੀ ਤੋਂ ਚੱਲ ਕੇ ਸਿੱਧੀਆਂ ਚੰਡੀਗੜ੍ਹ ਆਉਂਦੀਆਂ ਹਨ, ਕਿਉਂਕਿ ਉਨ੍ਹਾਂ ਨੂੰ ਮਾਫੀਆ ਰਾਜ ਫੈਸੀਲਿਟੇਟ ਕਰਦਾ ਹੈ। ਰੇਲਵੇ ਲਾਇਨ ਦੀ ਕਈ ਵਾਰੀ ਅਨਾਊਂਸਮੈਂਟ ਵੀ ਹੋ ਗਈ ਹੈ ਕਿ ਬਣਾਵਾਂਗੇ, ਲੇਕਿਨ ਸਰਕਾਰ ਸਿਰਫ ਤੇ ਸਿਰਫ 80 ਕਰੋੜ ਰੁਪਏ

[ਸਰਦਾਰ ਹਰਪਾਲ ਸਿੰਘ ਚੀਮਾ]
ਦਾ ਪ੍ਰਬੰਧ ਨਹੀਂ ਕਰ ਰਹੀ ਹੈ। ਪੰਜਾਬ ਵਿੱਚ ਮਾਫੀਆ ਰਾਜ ਇਸ ਕਦਰ ਭਾਰੂ ਹੈ।

ਸਪੀਕਰ ਸਾਹਿਬ, ਇਸ ਤੋਂ ਇਲਾਵਾ ਸ਼ਰਾਬ ਮਾਫੀਏ ਦੀ ਗੱਲ ਕਰੀਏ। ਪੰਜਾਬ ਕਿਉਂ ਘਾਟੇ ਵਿੱਚ ਜਾ ਰਿਹਾ ਹੈ? ਲਗਾਤਾਰ ਕਿਉਂ ਨਹੀਂ ਰੈਵੇਨਿਊ ਜੈਨਰੇਟ ਹੋ ਰਿਹਾ? ਸਪੀਕਰ ਸਾਹਿਬ, ਜੇਕਰ ਪੰਜਾਬ ਸਰਕਾਰ ਆਪਣੀ ਇੱਕ ਬੋਤਲ ਸ਼ਰਾਬ ਵੇਚਦੀ ਹੈ ਤਾਂ ਪੰਜਾਬ ਦਾ ਸ਼ਰਾਬ ਮਾਫੀਆ 10 ਬੋਤਲਾਂ ਸ਼ਰਾਬ ਵੇਚਦਾ ਹੈ। ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਅਸੀਂ ਐਸ.ਐਸ.ਪੀ. ਜਾਂ ਡੀ.ਐਸ.ਪੀ. ਨੂੰ ਜਿੰਨਾ ਮਰਜ਼ੀ ਇਸ ਬਾਰੇ ਕਹਿ ਲਈਏ ਪਰ ਕੋਈ ਫੜਨ ਨਹੀਂ ਜਾਂਦਾ। ਕਿਉਂ? ਕਿਉਂਕਿ ਜਿਹੜੇ ਵੱਡੇ-ਵੱਡੇ ਕਾਰੋਬਾਰੀ ਹਨ, ਤੁਹਾਨੂੰ ਸਭ ਨੂੰ ਪਤਾ ਹੈ, ਸਰਕਾਰ ਵਿੱਚ ਵੀ ਬੈਠੇ ਹਨ, ਇੱਧਰ ਸਾਡੇ ਖੱਬੇ ਪਾਸੇ ਵੀ ਬੈਠੇ ਹਨ, ਉਹ ਕਾਰੋਬਾਰੀ ਸਰਕਾਰ ਲਈ ਤਾਂ ਇੱਕ ਟਰੱਕ ਜਾਰੀ ਕਰਦੇ ਹਨ ਲੇਕਿਨ ਜਿਹੜਾ ਮਾਫੀਆ ਹੈ ਉਸ ਲਈ 10-10 ਟਰੱਕ ਗੈਰ-ਕਾਨੂੰਨੀ ਤਰੀਕੇ ਨਾਲ ਜਾਰੀ ਕਰਦੇ ਹਨ।ਸਰ, ਇਹ ਬਹੁਤ ਵੱਡਾ ਮਾਫੀਆ ਹੈ।

ਇਸ ਤੋਂ ਇਲਾਵਾ ਮਾਈਨਿੰਗ ਮਾਫੀਆ ਦੀ ਗੱਲ ਚੱਲੀ ਹੈ। ਮਾਈਨਿੰਗ ਮਾਫੀਆ ਉਸੇ ਤਰ੍ਹਾਂ ਹੀ ਚੱਲ ਰਿਹਾ ਹੈ ਜਿਵੇਂ ਪਰਕਾਸ਼ ਸਿੰਘ ਬਾਦਲ ਦੀ ਸਰਕਾਰ ਵਿੱਚ ਚੱਲ ਰਿਹਾ ਸੀ। ਮੈਂ ਸਮਝਦਾ ਹਾਂ ਕਿ ਉਸੇ ਤਰ੍ਹਾਂ ਹੀ ਹੁਣ ਕੈਪਟਨ ਸਾਹਿਬ ਦੀ ਸਰਕਾਰ ਵਿੱਚ ਚੱਲ ਰਿਹਾ ਹੈ। ਮੇਰਾ ਕਹਿਣ ਦਾ ਭਾਵ ਹੈ ਕਿ ਜੇਕਰ ਇੱਕ ਟਰੱਕ ਮਿੱਟੀ ਦਾ ਜਾਂ ਰੇਤੇ ਦਾ ਨਿਕਲਦਾ ਹੈ ਤਾਂ ਉਸ ਦੇ ਨਾਲ ਹੀ 50 ਟਰੱਕ ਨਜਾਇਜ਼ ਮਾਈਨਿੰਗ ਹੁੰਦੀ ਹੈ। ਇਸ ਦਾ ਪੰਜਾਬ ਸਰਕਾਰ ਨੂੰ ਵੀ ਘਾਟਾ ਪੈਂਦਾ ਹੈ ਅਤੇ ਪੰਜਾਬ ਦੇ ਆਮ ਗਰੀਬ ਲੋਕ ਵੀ ਲੁੱਟੇ ਜਾਂਦੇ ਹਨ।

ਸਪੀਕਰ ਸਾਹਿਬ, ਵਾਰ-ਵਾਰ ਦਿੱਲੀ ਮਾਡਲ ਦੀ ਗੱਲ ਹੋਈ ਹੈ। ਸਵਰਗਵਾਸੀ ਸ਼ੀਲਾ ਦੀਕਸ਼ਿਤ ਜੀ 15 ਸਾਲ ਦਿੱਲੀ ਦੇ ਮੁੱਖ ਮੰਤਰੀ ਰਹੇ ਹਨ ਔਰ ਜਦੋਂ ਉਹ ਦਿੱਲੀ ਦੇ ਮੁੱਖ ਮੰਤਰੀ ਸਨ ਤਾਂ ਉਸ ਸਮੇਂ ਕਾਮਨ ਵੈਲਥ ਗੇਮਜ਼ ਹੋਈਆਂ ਸਨ ਤੇ ਉਨ੍ਹਾਂ ਕਾਮਨ ਵੈਲਥ ਗੇਮਜ਼ ਕਰਵਾ ਕੇ ਕਾਮਨ ਵੈੱਲਥ ਕੰਟਰੀਜ਼ ਨੇ ਅਰਬਾਂ ਕਰੋੜਾਂ ਰੁਪਿਆ ਦਿੱਲੀ ਨੂੰ ਭੇਜਿਆ ਸੀ ਅਤੇ ਇਹ ਜਿਹੜੇ ਪੁਲ ਸਨ ਇਹ ਉਨ੍ਹਾਂ ਕਰਕੇ ਬਣੇ ਸਨ। ਉਸ ਸਮੇਂ ਦਿੱਲੀ ਸਰਕਾਰ ਦਾ ਬਜਟ 25 ਹਜ਼ਾਰ ਕਰੋੜ ਸੀ ਤੇ ਲਾਸਟ ਸਮੇਂ ਉਨ੍ਹਾਂ ਨੇ ਜਾਂਦੇ-ਜਾਂਦੇ ਇਹ ਬਜਟ 30 ਹਜ਼ਾਰ ਕਰੋੜ ਹੋ ਗਿਆ ਸੀ। ਇਹ ਜਿਹੜੇ ਮਾਡਲ ਦੀ ਗੱਲ ਕਰਦੇ ਹਨ, ਠੀਕ ਹੈ, ਚੰਗੀ ਗੱਲ

ਹੈ ਮੈਂ ਇਨ੍ਹਾਂ ਸਾਰਿਆਂ ਦਾ ਧੰਨਵਾਦ ਕਰਦਾ ਹਾਂ ਕਿ ਅੱਜ ਇਹ ਗੱਲ ਤਾਂ ਮੰਨਣ ਲੱਗ ਪਏ ਹਨ ਕਿ ਹਾਂ ਅਰਵਿੰਦ ਕੇਜਰੀਵਾਲ ਜੀ ਨੇ ਦੇਸ਼ ਦੇ ਲੋਕਾਂ ਲਈ ਇੱਕ ਮਾਡਲ ਪੇਸ਼ ਕੀਤਾ ਹੈ। ਉਸ ਦੀ ਇਹ ਪ੍ਰਸੰਸਾ ਕਰਨ ਲੱਗ ਪਏ ਹਨ। ਉਸ ਮਾਡਲ ਨੇ ਐਜੂਕੇਸ਼ਨ ਦਾ ਪੱਧਰ ਉੱਚਾ ਚੁੱਕਿਆ ਹੈ। ਸਾਡੇ ਸਿੰਗਲਾ ਸਾਹਿਬ ਬੈਠੇ ਹਨ, ਬੜੇ ਮਾਨਯੋਗ ਹਨ, ਮੈਂ ਤਾਂ ਇਨ੍ਹਾਂ ਨੂੰ ਵੀ ਕਹਾਂਗਾ ਕਿ ਤੁਸੀਂ ਵੀ ਉਸ ਤਰ੍ਹਾਂ ਦਾ ਮਾਡਲ ਅਡਾਪਟ ਕਰੋ। ਤੁਹਾਡੇ ਵੀ ਘਰ ਦੇ ਅੱਗੇ ਹਰ ਰੋਜ਼ ਬਹੁਤ ਸਾਰੇ ਧਰਨੇ, ਪ੍ਰਦਰਸ਼ਨ ਹੁੰਦੇ ਹਨ। ਮੈਂ ਇਨ੍ਹਾਂ ਦੇ ਘਰ ਤੋਂ ਡੇਢ ਕਿਲੋਮੀਟਰ ਹੀ ਦੂਰ ਰਹਿੰਦਾ ਹਾਂ ਤੇ ਜਦੋਂ ਮੈਂ ਉੱਥੋਂ ਲੰਘਦਾ ਹਾਂ ਤਾਂ ਦੇਖਦਾ ਹਾਂ ਕਿ ਉੱਥੇ ਲਗਾਤਾਰ ਧਰਨੇ ਹੁੰਦੇ ਰਹਿੰਦੇ ਹਨ। ਇਹ ਕਹਿੰਦੇ ਹਨ ਕਿ ਅਸੀਂ ਮਾਡਲ ਸਕੂਲ ਬਣਾ ਦਿੱਤੇ ਹਨ, ਸਕੂਲਾਂ ਵਿੱਚ ਟੀਚਰ ਦੇ ਦਿੱਤੇ ਹਨ। ਸਪੀਕਰ ਸਾਹਿਬ, ਮੈਂ ਸਿੰਗਲਾ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਚਾਰ-ਪੰਜ ਮਹੀਨੇ ਹੋ ਗਏ ਹਨ, ਜਿਹੜੇ ਬੇਰੁਜ਼ਗਾਰ Teachers Eligibility Test ਪਾਸ ਈ.ਟੀ.ਟੀ. ਪਾਸ ਟੀਚਰ ਹਨ, ਐਸ.ਸੀ./ਬੀ.ਸੀ. ਹਨ, ਬੀ.ਐੱਡ ਪਾਸ ਅਧਿਆਪਕ ਹਨ ਉਹ ਟੈਂਕੀ ਤੇ ਚੜ੍ਹੇ ਬੈਠੇ ਹਨ। ਉਹ ਹੈਂਡੀਕੈਪਡ ਹਨ, ਉਨ੍ਹਾਂ ਵਿੱਚ ਦੋ ਬੇਟੀਆਂ ਹਨ ਅਤੇ ਦੋ ਮੁੰਡੇ ਹਨ। ਚਾਰ ਮਹੀਨੇ ਹੋ ਗਏ ਹਨ ਉਹ ਟੈਂਕੀ ਤੇ ਚੜ੍ਹੇ ਬੈਠੇ ਹਨ ਤੇ ਕਿਰਪਾ ਕਰਕੇ ਜ਼ਿਆਦਾ ਨਹੀਂ ਤਾਂ ਉਨ੍ਹਾਂ ਨੂੰ ਘੱਟੋ-ਘੱਟ ਟੈਂਕੀ ਤੋਂ ਤਾਂ ਉਤਾਰ ਲਓ ਤੇ ਉਨ੍ਹਾਂ ਨੂੰ ਕੋਈ ਆਸ਼ਵਾਸਨ ਦੇ ਦਿਓ। ਇਸ ਤੋਂ ਇਲਾਵਾ ਚਾਰ ਮਹੀਨੇ ਹੋ ਗਏ ਹਨ ਡਿਪਟੀ ਕਮਿਸ਼ਨਰ, ਸੰਗਰੂਰ ਦੇ ਦਫਤਰ ਅੱਗੇ ਦੋ-ਤਿੰਨ ਸੌ ਬੰਦਾ ਬੈਠਾ ਹੈ। ਇੱਕ ਪਾਸੇ ਤਾਂ ਇਹ ਕਹਿੰਦੇ ਹਨ ਕਿ ਅਸੀਂ ਦਿੱਲੀ ਮਾਡਲ ਨੂੰ ਅਡਾਪਟ ਕਰ ਲਿਆ ਹੈ ਤੇ ਦੂਜੇ ਪਾਸੇ ਫਿਰ ਧਰਨੇ ਕਿਉਂ ਜਾਰੀ ਹਨ? ਅਸੀਂ ਦਿੱਲੀ ਵਿੱਚ 26% ਬਜਟ ਐਜੂਕੇਸ਼ਨ ਤੇ ਖਰਚ ਕਰਦੇ ਹਾਂ ਪਰ ਪੰਜਾਬ ਵਿੱਚ ਇਹ 8% ਖਰਚ ਹੁੰਦਾ ਹੈ । ਮੈਂ ਸਮਝਦਾ ਹਾਂ ਕਿ 8% ਬਜਟ ਨਾਲ ਐਜੂਕੇਸ਼ਨ ਡਿਪਾਰਟਮੈਂਟ ਦੀ ਕਾਇਆ ਕਲਪ ਨਹੀਂ ਹੋ ਸਕਦੀ। ਉਸ ਨਾਲ ਨਾ ਤਾਂ ਅਸੀਂ ਅੱਛੀ ਐਜੂਕੇਸ਼ਨ ਦੇ ਸਕਦੇ ਹਾਂ ਤੇ ਨਾ ਹੀ ਅਸੀਂ ਆਪਣੇ ਟੀਚਰ ਦਾ ਭਵਿੱਖ ਬਣਾ ਸਕਦੇ ਹਾਂ।

**ਮਾਨਯੋਗ ਸਪੀਕਰ:** ਹੁਣ ਵਾਈਂਡ ਅੱਪ ਕਰੋ, ਵਾਈਂਡ ਅੱਪ ਕਰੋ।

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਕਰਦਾ ਹਾਂ ਜੀ। ਸਪੀਕਰ ਸਾਹਿਬ, ਪੰਜਾਬ ਦੇ ਹੈਲਥ ਸੈਕਟਰ ਲਈ 4.5% ਬਜਟ ਰੱਖਿਆ ਗਿਆ ਹੈ। ਮੈਂ ਸਮਝਦਾ ਹਾਂ ਕਿ ਇੰਨੇ ਬਜਟ ਨਾਲ ਸਾਡੇ ਹੈਲਥ ਮਨਿਸਟਰ ਸਾਹਿਬ ਆਪਣੇ ਮਹਿਕਮੇ ਨਾਲ ਨਿਆਂ ਨਹੀਂ ਕਰ ਸਕਦੇ। ਜ਼ਿਆਦਾ ਨਹੀਂ ਤਾਂ ਘੱਟੋ-ਘੱਟ 15% ਬਜਟ ਵੀ ਜੇ ਹੈਲਥ ਸੈਕਟਰ ਲਈ ਰੱਖਿਆ ਜਾਵੇਗਾ ਤਾਂ ਇਸ ਨਾਲ ਹੈਲਥ ਸੈਕਟਰ ਦਾ ਕਾਇਆ ਕਲਪ ਹੋਵੇਗਾ।

**Mr. Speaker:** Thank you, thank you.

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਇੱਕ ਮਿੰਟ, ਮੈਂ ਵਾਈਂਡ ਅੱਪ ਕਰਦਾ ਹਾਂ। ਜਿਹੜਾ ਐਗਰੀਕਲਚਰ ਸੈਕਟਰ ਹੈ, ਉਹ ਪੰਜਾਬ ਦੇ ਬਜਟ ਵਿੱਚ 25% ਹਿੱਸਾ ਪਾਉਂਦਾ ਹੈ । ਇਸੇ ਤਰ੍ਹਾਂ ਹੀ ਮੈਨੂਫੈਕਚਰਿੰਗ ਵੀ 25% ਹਿੱਸਾ ਪਾਉਂਦੀ ਹੈ। ਅੱਜ ਐਗਰੀਕਲਚਰ ਸੈਕਟਰ ਦੀ ਗ੍ਰੋਥ 6.1% ਤੋਂ ਘੱਟ ਕੇ 2.3% ਤੇ ਆ ਗਈ ਹੈ ਅਤੇ ਇਹ ਬਹੁਤ ਡ੍ਰਾਸਟਿਕ ਤਰੀਕੇ ਨਾਲ ਨੀਚੇ ਆਈ ਹੈ। ਮੈਨੂਫੈਕਚਰਿੰਗ ਦੀ ਗਰੋਥ 6% ਤੋਂ 5.1% ਤੇ ਆ ਗਈ ਹੈ । ਮੇਰੇ ਕਹਿਣ ਦਾ ਭਾਵ ਹੈ ਕਿ ਅਸੀਂ ਮੈਨੂਫੈਕਚਰਿੰਗ ਅਤੇ ਐਗਰੀਕਲਚਰ ਵਿੱਚ ਲਗਾਤਾਰ ਥੱਲੇ ਨੂੰ ਜਾ ਰਹੇ ਹਾਂ ਕਿਉਂਕਿ ਪੰਜਾਬ ਵਿੱਚ ਮਾਫੀਆ ਰਾਜ ਦਾ ਜਿਹੜਾ ਸਿਸਟਮ ਸਾਲ 2007 ਵਿੱਚ ਸ਼ੁਰੂ ਹੋਇਆ ਸੀ ਅਤੇ ਇਸ ਤੋਂ ਪਹਿਲਾਂ ਵੀ ਚੱਲ ਰਿਹਾ ਸੀ ਪਰ ਉਹ ਥੋੜ੍ਹਾ ਚੱਲ ਰਿਹਾ ਸੀ, ਛੋਟੇ ਪੱਧਰ ਤੇ ਚੱਲ ਰਿਹਾ ਸੀ ਉਹ ਮਾਫੀਆ ....

**ਮਾਨਯੋਗ ਸਪੀਕਰ:** ਤੁਸੀਂ ਜਿੰਨਾ ਆਪਣਾ ਟਾਈਮ ਰੱਖਿਆ ਸੀ ਉਸ ਨਾਲੋਂ ਤਿੰਨ-ਚਾਰ ਮਿੰਟ ਵੱਧ ਹੋ ਗਏ ਹਨ।

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਧੰਨਵਾਦ। ਦੋ ਮਿੰਟ ਸਾਰਿਆਂ ਨੂੰ ਵੱਧ ਦਿੱਤਾ ਗਿਆ ਹੈ, ਆਪਣੇ ਕੋਲ ਖੁੱਲ੍ਹਾ ਟਾਈਮ ਹੈ। ਇਸ ਤੋਂ ਬਾਅਦ ਤਾਂ ਸ਼ਾਇਦ ਸਾਲ ਬਾਅਦ ਹੀ ਇੰਨਾ ਲੰਬਾ ਸੈਸ਼ਨ ਆਵੇ। ਸੀ.ਐਮ. ਸਾਹਿਬ ਵੀ ਅੱਜ ਬੈਠੇ ਹਨ, ਸਵੇਰੇ ਨਹੀਂ ਆਏ ਸੀ ਉਦੋਂ ਇਨ੍ਹਾਂ ਦੇ ਬਹੁਤ ਸਾਰੇ ਮੈਂਬਰ ਸਾਹਿਬ ਬੋਲ ਰਹੇ ਸੀ, ਕਾਫੀ ਗੱਲਾਂ ਕਰ ਰਹੇ ਸੀ even ਰੰਧਾਵਾ ਸਾਹਿਬ ਵੀ ਸਰਕਾਰ ਤੋਂ ਕਾਫੀ ਨਰਾਜ਼ ਸਨ ਕਿ ਸਾਡੀ ਸਰਕਾਰ ਉਸੇ ਤਰ੍ਹਾਂ ਡਰੱਗ ਮਾਫੀਆ ਚਲਾ ਰਹੀ ਹੈ ਜਿਵੇਂ ** ** ਚਲਾ ਰਿਹਾ ਸੀ ਉਸੇ ਤਰ੍ਹਾਂ ਸਾਡੀ ਸਰਕਾਰ ਮਜੀਠੀਆ ਸਾਹਿਬ ਨੂੰ ਪ੍ਰੋਟੈਕਟ ਕਰ ਰਹੀ ਹੈ।

---

** **Expunged as ordered by the Chair.

ਸਪੀਕਰ ਸਾਹਿਬ, ਇਹ ਗੱਲਾਂ ਤੁਹਾਡੇ ਸਾਹਮਣੇ ਹੋਈਆਂ ਹਨ। ਚਿੰਤਾ ਨਾ ਕਰੋ, ਇਹ ਸਾਰੀਆਂ ਗੱਲਾਂ ਮੀਡੀਆ ਰਾਹੀਂ ਪੰਜਾਬ ਦੇ ਲੋਕਾਂ ਕੋਲ ਵੀ ਪਹੁੰਚ ਜਾਣਗੀਆਂ।

**ਮਾਨਯੋਗ ਸਪੀਕਰ:** ਇਹ ** ** ਦਾ ਨਾਂ ਐਕਸਪੰਜ ਕਰ ਦਿਓ। ਦੂਜਾ, ਮੈਂ ਕੁਰੈਕਟ ਕਰ ਦਿਆਂ ਕਿ ਰੰਧਾਵਾ ਜੀ ਨੇ ਇਹ ਨਹੀਂ ਕਿਹਾ ਕਿ ਪੰਜਾਬ ਸਰਕਾਰ ਡਰੱਗ ਮਾਫੀਆ ਚਲਾ ਰਹੀ ਹੈ, ਇਹ ਨਹੀਂ ਕਿਹਾ ਹੈ।

**ਸਰਦਾਰ ਹਰਪਾਲ ਸਿੰਘ ਚੀਮਾ:** ਉਨ੍ਹਾਂ ਨੇ ਜੇ ਇਹ ਨਹੀਂ ਕਿਹਾ ਤਾਂ ਇਹ ਜ਼ਰੂਰ ਕਿਹਾ ਹੈ ਕਿ ਜਿਹੜਾ ਡਰੱਗ ਮਾਫੀਆ ਚੱਲ ਰਿਹਾ ਹੈ, ਉਸ ਨੂੰ ਸਰਕਾਰ ਫੜ ਨਹੀਂ ਰਹੀ ਹੈ। ਇਹ ਤਾਂ ਕਿਹਾ ਹੈ? ਸਪੀਕਰ ਸਾਹਿਬ, ਇਸ ਨਾਲ ਤਾਂ ਸਹਿਮਤ ਹੋ ਕਿ ਜਿਹੜਾ ਮਾਫੀਆ ** ** ਨੇ ਸ਼ੁਰੂ ਕੀਤਾ ਸੀ ਤੇ ਅੱਜ ਕੈਪਟਨ ਸਾਹਿਬ ਦੀ ਸਰਕਾਰ ਚੱਲ ਰਹੀ ਹੈ ਤੇ ਉਹ ਡਰੱਗ ਮਾਫੀਆ, ਭਾਵੇਂ ਲੈਂਡ ਮਾਫੀਆ ਹੈ, ਚਾਹੇ ਉਹ ਸੈਂਡ ਮਾਫੀਆ ਹੈ, ਉਹ ਸਾਰੇ ਮਾਫੀਏ ਉਸੇ ਤਰ੍ਹਾਂ ਚੱਲ ਰਹੇ ਹਨ।

(ਇਸ ਸਮੇਂ ਸਲਾਹਕਾਰ/ਮੁੱਖ ਮੰਤਰੀ, ਸਰਦਾਰ ਕੁਲਜੀਤ ਸਿੰਘ ਨਾਗਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਨਾਗਰਾ ਜੀ, ਨਾਗਰਾ ਜੀ ਕੁਝ ਕਹਿਣਾ ਚਾਹੁੰਦੇ ਹਨ।

**ਸਲਾਹਕਾਰ/ਮੁੱਖ ਮੰਤਰੀ (ਸਰਦਾਰ ਕੁਲਜੀਤ ਸਿੰਘ ਨਾਗਰਾ):** ਸਪੀਕਰ ਸਾਹਿਬ, ਤੁਹਾਡਾ ਧੰਨਵਾਦ। ਮੈਂ ਸਿਰਫ ਇੱਕ ਗੱਲ ਕਰਨ ਵਾਸਤੇ ਖੜ੍ਹਾ ਹੋਇਆ ਹਾਂ ਕਿ ਰੰਧਾਵਾ ਜੀ ਨੇ ਵੀ ਕੁਝ ਕਿਹਾ, ਰਾਜਾ ਜੀ ਨੇ ਵੀ ਕੁਝ ਕਿਹਾ ਪਰ ਮੈਨੂੰ ਇੱਕ ਚੀਜ਼ ਪਤਾ ਨਹੀਂ ਲੱਗੀ ਕਿ ** ** ਸਾਹਿਬ ਨੇ ਮਜੀਠੀਆ ਸਾਹਿਬ ਤੋਂ ਮੁਆਫੀ ਕਿਉਂ ਮੰਗੀ? ਇਹ ਥੋੜ੍ਹਾ ਜਿਹਾ ਦੱਸ ਦੇਣ, ਇਸ ਦੇ ਬਾਰੇ ਦੱਸ ਦੇਣ ਕਿ ਉਹ ਮੁਆਫੀ ਕਿਉਂ ਮੰਗੀ? ਇਹ ਚਰਚਾ ਪੂਰੇ ਪੰਜਾਬ ਵਿੱਚ ਹੈ ਕਿ ਪਹਿਲਾਂ ਇਲਜ਼ਾਮ ਲਗਾਏ (ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਇਹ ** ਦਾ ਨਾਮ ਐਕਸਪੰਜ ਕਰ ਦਿਉ। ਹਾਂ ਜੀ, ਚੀਮਾ ਜੀ।

---

** **Expunged as ordered by the Chair.

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਮੈਂ ਨਾਗਰਾ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਐਸ.ਟੀ.ਐਫ. ਦੀ ਰਿਪੋਰਟ ਹੈ, ਐਸ.ਐਸ. Siddharth Chattopadhyay, I.P.S. ਦੀ ਰਿਪੋਰਟ ਹੈ, ਉਹ ਤੁਹਾਡੀ ਸਰਕਾਰ ਕਿਉਂ ਓਪਨ ਨਹੀਂ ਕਰ ਰਹੀ? ਕਿਉਂ ਉਸ ਰਿਪੋਰਟ ਵਿੱਚ ਨੰਬਰ ਆਫ ਟਾਈਮਜ਼ ਮਿਸਟਰ ਮਜੀਠੀਆ ਦਾ ਨਾਮ ਆਉਂਦਾ ਹੈ? (ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਬੈਠੋ, ਬੈਠੋ। (ਵਿਘਨ)(ਸ਼ੋਰ)

**ਸਰਦਾਰ ਹਰਪਾਲ ਸਿੰਘ ਚੀਮਾ:** ਉਹ ਰਿਪੋਰਟ ਕਿਉਂ ਨਹੀਂ ਟੇਬਲ ਹੁੰਦੀ? ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਜੇਕਰ ਇਮਾਨਦਾਰੀ ਨਾਲ ਸਰਕਾਰ ਚਲਦੀ ਹੋਵੇ, ਜੇਕਰ ਕੈਪਟਨ ਸਾਹਿਬ ਇਮਾਨਦਾਰੀ ਦੇ ਨਾਲ ਡਰੱਗ ਮਾਫੀਆ ਨੂੰ ਕੰਟਰੋਲ ਕਰਨਾ ਚਾਹੁੰਦੇ ਹੋਣ ਤਾਂ ਹਾਈ ਕੋਰਟ ਵਿੱਚ ਪਟੀਸ਼ਨ ਫਾਈਲ ਕਰਕੇ ਉਹ ਰਿਪੋਰਟ ਖੁਲ੍ਹਵਾ ਕੇ ਪੰਜਾਬ ਦੀ ਅਸੈਂਬਲੀ ਵਿੱਚ ਟੇਬਲ ਕਰਨ। ਇਹ ਹਰ ਗੱਲ ਤੇ ਝੂਠ ਬੋਲਦੇ ਹਨ, ਹੁਣ ਟਿਕ ਕੇ ਬੈਠ ਜਾਓ। (ਵਿਘਨ..ਸ਼ੋਰ) ਮੈਂ ਸਮਝਦਾ ਹਾਂ ਕਿ ਜਿਹੜੇ ਇਹ ਲੋਕ ਬੋਲ ਰਹੇ ਹਨ, ਕੀ ਇਹ ਡਰੱਗ ਮਾਫੀਆ ਨੂੰ ਪ੍ਰੋਟੈਕਟ ਕਰ ਰਹੇ ਹਨ? (ਵਿਘਨ)

**ਮਾਨਯੋਗ ਸਪੀਕਰ:** ਨਾਗਰਾ ਜੀ ,ਬੈਠ ਜਾਓ। ਨਾਗਰਾ ਜੀ, ਹੁਣ ਬੈਠ ਜਾਓ। ਕੋਈ ਨਹੀਂ ਬੈਠੋ, ਨਾਗਰਾ ਜੀ, ਬੈਠ ਜਾਓ।

**ਸਰਦਾਰ ਹਰਪਾਲ ਸਿੰਘ ਚੀਮਾ:** ਕੀ ਅੱਜ ਤੁਸੀਂ ਲੋਕ ਡਰੱਗ ਮਾਫੀਆ ਨੂੰ ਪ੍ਰੋਟੈਕਟ ਕਰਦੇ ਹੋ?

**ਮਾਨਯੋਗ ਸਪੀਕਰ:** ਚੀਮਾ ਜੀ, ਚੀਮਾ ਜੀ, ਇੱਧਰ ਗੱਲ ਕਰੋ।

**ਸਰਦਾਰ ਹਰਪਾਲ ਸਿੰਘ ਚੀਮਾ:** ਤੁਸੀਂ ਘੰਟਾਂ ਪਹਿਲਾਂ....

**ਮਾਨਯੋਗ ਸਪੀਕਰ:** ਚੀਮਾ ਜੀ ਇੱਧਰ ਗੱਲ ਕਰੋ।

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, 2 ਘੰਟੇ ਪਹਿਲਾਂ ਲੋਕ ਬੋਲ ਰਹੇ ਸੀ ਕਿ ** **

---

** **Expunged as ordered by the Chair.

**ਮਾਨਯੋਗ ਸਪੀਕਰ:** ਇਹ **ਐਕਸਪੰਜ ਕਰ ਦਿਉ। ਐਕਸਪੰਜ ਕਰ ਦਿਉ।

**ਸਰਦਾਰ ਹਰਪਾਲ ਸਿੰਘ ਚੀਮਾ:** **

**ਮਾਨਯੋਗ ਸਪੀਕਰ:** **ਐਕਸਪੰਜ ਕਰ ਦਿਉ।

**ਸਰਦਾਰ ਹਰਪਾਲ ਸਿੰਘ ਚੀਮਾ:** ਸੋ, ਹੁਣ ਇਹ ਕਿਉਂ ****

**ਮਾਨਯੋਗ ਸਪੀਕਰ:** **ਐਕਸਪੰਜ ਕਰ ਦਿਉ, ਐਕਸਪੰਜ ਕਰ ਦਿਉ।

**ਸਰਦਾਰ ਹਰਪਾਲ ਸਿੰਘ ਚੀਮਾ:** ਮੇਰੀ ਪੰਜਾਬ ਸਰਕਾਰ ਨੂੰ ਬੇਨਤੀ ਹੈ ਕਿ ਜਿਹੜੀ ਐਸ.ਐਸ. ਚਟੋਪਾਧਿਆਏ ਦੀ ਰਿਪੋਰਟ ਪੰਜਾਬ ਦੇ ਮਾਨਯੋਗ ਹਾਈ ਕੋਰਟ ਵਿੱਚ ਪਈ ਹੈ....

**ਮਾਨਯੋਗ ਸਪੀਕਰ:** ਬੈਠੋ, ਬੈਠੋ।

**ਸਰਦਾਰ ਹਰਪਾਲ ਸਿੰਘ ਚੀਮਾ:** ਉਹ ਰਿਪੋਰਟ ਹਾਈ ਕੋਰਟ ਵਿੱਚ ਸਪੈਸ਼ਲ ਲੀਵ ਪਟੀਸ਼ਨ ਪਵਾ ਕੇ, ਖੁਲ੍ਹਵਾ ਕੇ ਪੰਜਾਬ ਦੀ ਵਿਧਾਨ ਸਭਾ ਦੀ ਟੇਬਲ ਤੇ ਰੱਖੀ ਜਾਵੇ ਔਰ ਜਿਹੜੇ ਵੱਡੇ-ਵੱਡੇ ਡਰੱਗ ਲਾਰਡ ਹਨ, ਉਨ੍ਹਾਂ ਨੂੰ ਫੜ ਕੇ...(ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਬੈਠ ਜਾਓ, ਬੈਠ ਜਾਓ।

**ਸਰਦਾਰ ਹਰਪਾਲ ਸਿੰਘ ਚੀਮਾ:** ਮੈਂ ਸਮਝਦਾ ਹਾਂ ਕਿ ਜਿਹੜਾ ਇਹ ਬਜਟ ਹੈ, ਇਹ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਦੇ ਉਲਟ ਹੈ। ਇਹ ਜਿਹੜਾ ਬਜਟ ਹੈ....

**ਮਾਨਯੋਗ ਸਪੀਕਰ:** ਸੀ.ਐਮ.ਸਾਹਿਬ, ਸੀ.ਐਮ.ਸਾਹਿਬ।

**ਸਰਦਾਰ ਹਰਪਾਲ ਸਿੰਘ ਚੀਮਾ :** ਮੈਂ ਇਸ ਬਜਟ ਦਾ ਵਿਰੋਧ ਕਰਦਾ ਹਾਂ ਔਰ ਇਸ ਨੂੰ ਮੂਲੋਂ ਰੱਦ ਕਰਦਾ ਹਾਂ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

**ਮਾਨਯੋਗ ਸਪੀਕਰ:** ਹਾਂ ਜੀ, ਮਜੀਠੀਆ ਸਾਹਿਬ। ਸੀ.ਐਮ. ਸਾਹਿਬ, ਇੱਕ ਮਿੰਟ। ਸੀ.ਐਮ. ਸਾਹਿਬ, ਇੱਕ ਮਿੰਟ, ਮਜੀਠੀਆ ਜੀ ਬੋਲਣਗੇ।

---

** **Expunged as ordered by the Chair.

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਮੈਂ ਇੱਕ ਪੁਆਇੰਟ ਆਫ ਆਰਡਰ ਲੈਣਾ ਹੈ। ਮੇਰੀ ਗੈਰ-ਹਾਜ਼ਰੀ ਵਿੱਚ ਮੇਰਾ ਜ਼ਿਕਰ ਕੀਤਾ ਗਿਆ ਹੈ। ਇਨ੍ਹਾਂ ਨੂੰ ਇਹ ਨਹੀਂ ਪਤਾ ਕਿ ਜਦੋਂ ** ਨੇ ਮੇਰੇ ਤੋਂ ਮੁਆਫੀ ਮੰਗੀ ਤਾਂ ਇਸ ਤਰ੍ਹਾਂ ਲਿਟ ਕੇ ਮੰਗੀ ਸੀ,(ਐਕਸ਼ਨ ਕਰਕੇ ਦਿਖਾਉਂਦੇ ਹੋਏ) ਲਿਟ ਕੇ.. (ਵਿਘਨ..ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਉੱਚੀ-ਉੱਚੀ ਬੋਲ ਰਹੇ ਸਨ ਜਿਸ ਕਾਰਨ ਸਦਨ ਵਿੱਚ ਬਹੁਤ ਸ਼ੋਰ ਸੀ।)

**ਸਰਦਾਰ ਬਿਕਰਮ ਸਿੰਘ ਮਜੀਠੀਆ:** ਹੁਣ ਇਹ ਵੱਡੀਆਂ-ਵੱਡੀਆਂ ਗੱਲਾਂ ਕਰਦੇ ਹਨ। ਮੈਂ ਉਸ ਤੋਂ ਬੜੀਆਂ ਲੱਤਾਂ ਛੁਡਾਉਂਦਾ ਸੀ ਤਾਂ ਇਹ ਫੜਦਾ ਸੀ, ਮੁਆਫ ਕਰਦੇ ਮੈਨੂੰ, ਮੁਆਫ ਕਰਦੇ। ਇਹ ਵੱਡੀਆਂ-ਵੱਡੀਆਂ ਗੱਲਾਂ ਕਰਦੇ ਹਨ। (ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਬੈਠੋ ਜੀ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਮੇਰੀ ਬੇਨਤੀ ਹੈ ਕਿ ਚੀਮਾ ਸਾਹਿਬ ਅਣਜਾਣ ਹਨ, ਇਨ੍ਹਾਂ ਨੂੰ ਇਨ੍ਹਾਂ ਗੱਲਾਂ ਦਾ ਨਹੀਂ ਪਤਾ। ਮੈਂ ਉਸ ਨੂੰ ਆਖਿਆ ਸੀ ਕੋਈ ਨਾ, ਇਹ ਕੇਸ ਹੁੰਦੇ ਰਹਿੰਦੇ ਹਨ, ਚੱਲਦੇ ਰਹਿਣਗੇ। ਜਿਵੇਂ ਨਿਆਣਾ ਰੋ ਹੀ ਪੈਂਦਾ ਹੈ (ਵਿਘਨ..ਸ਼ੋਰ) ਮੈਨੂੰ ਤਾਂ ਤਰਸ ਕਰਨਾ ਪਿਆ, ਉਹ ਗੱਲ ਛੱਡੋ ਜੀ। ਸਪੀਕਰ ਸਾਹਿਬ, ਦੂਜੀ ਗੱਲ, ਜਿਹੜੀ ਰਿਪੋਰਟ ਹਾਈ ਕੋਰਟ ਵਿੱਚ ਪੇਸ਼ ਹੋਈ ਹੈ, ਕੀ ਇਹ ਚੀਮੇ ਨੇ ਬਣਾਈ ਹੈ? ਜਿਹੜਾ ਇਸ ਨੂੰ ਪਤਾ ਹੈ ਕਿ ਉਸ ਵਿੱਚ ਕੀ ਹੈ ਜਿਹੜਾ ਇਥੇ ਕਿਥੋਂ ਵੀ ਬੋਲ ਪੈਂਦੇ ਹਨ? ਇਹ ਰਿਪੋਰਟ ਅਫਸਰ ਨੇ ਬਣਾਈ ਹੈ ਜਾਂ ਕਾਂਗਰਸੀ ਵੀਰਾਂ ਨੇ ਬਣਾ ਦਿੱਤੀ ਹੈ? ਜੇ ਕਾਂਗਰਸੀ ਵੀਰਾਂ ਨੇ ਬਣਾ ਦਿੱਤੀ ਤਾਂ ਫਿਰ ਕੋਈ ਫਿਕਰ ਨਹੀਂ ਹੈ ? ਇਸ ਲਈ ਲੱਗਦਾ ਹੈ ਕਿ ਮੈਨੂੰ ਇਹ ਨਹੀਂ ਪਤਾ ਕਿ ਵਕੀਲ ਹਨ ਜਾਂ ਕੀ ਹਨ? ਡਿਗਰੀ ਵਗੈਰਾ ਹੈ ਕਿ ਨਹੀਂ? ਐਵੇਂ ਬੱਸ ਬੜ੍ਹਕ ਹੀ ਮਾਰੀ ਜਾਣੀ।

**ਸਰਦਾਰ ਹਰਪਾਲ ਸਿੰਘ ਚੀਮਾ:** ਚੈੱਕ ਕਰਵਾ ਦਿਉ।

**ਸਰਦਾਰ ਬਿਕਰਮ ਸਿੰਘ ਮਜੀਠੀਆ**: ਕਿਉਂਕਿ ਗੱਲ ਸਮਝ ਨਹੀਂ ਆਉਂਦੀ, ਰਿਪੋਰਟ ਹਾਈ ਕੋਰਟ ਦੀ....

**ਮਾਨਯੋਗ ਸਪੀਕਰ:** ਮਜੀਠੀਆ ਜੀ, ਸੀ.ਐਮ. ਸਾਹਿਬ ਨੇ ਬੋਲਣਾ ਹੈ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਕੋਰਟ ਦੇ ਬਾਰੇ ਇਨ੍ਹਾਂ ਨੂੰ ਸਭ ਪਤਾ ਹੈ ਕਿ ਕੀ ਹੈ? (ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਮਜੀਠੀਆ ਜੀ, ਸੀ.ਐਮ. ਸਾਹਿਬ ਨੇ ਬੋਲਣਾ ਹੈ, ਹੁਣ ਬੈਠ ਜਾਓ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਇਹ ਜਿਹੜੀ ਰਿਪੋਰਟ ਹੈ (ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਬੈਠ ਜਾਓ ਜੀ,ਬੈਠ ਜਾਓ। ਸੀ.ਐਮ. ਸਾਹਿਬ ਨੇ ਬੋਲਣਾ ਹੈ।

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ):** ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ। ਵੈਸੇ ਅੱਜ ਮੇਰਾ ਬੋਲਣ ਦਾ ਦਿਨ ਨਹੀਂ, ਅੱਜ ਸਾਡੇ ਫਾਈਨਾਂਸ ਮਨਿਸਟਰ ਸਾਹਿਬ ਦਾ ਦਿਨ ਹੈ ਲੇਕਿਨ ਮੈਂ 2 ਗੱਲਾਂ ਕਹਿਣੀਆਂ ਚਾਹੁੰਦਾ ਹਾਂ।

**Mr. Speaker:** But there are precedents. ਆਪੋਜ਼ੀਸ਼ਨ ਵਾਲੇ ਇੰਟਰਵੀਨ ਕਰਦੇ ਰਹਿੰਦੇ ਹਨ।

**Chief Minister:** I know. Tody Finance Minister sahib and his department have done such a wonderful job. (thumping) ਦੋ ਚਾਰ ਗੱਲਾਂ ਕਹਿ ਕੇ I will take my seat. ਇਥੇ ਇੰਪਲਾਇਮੈਂਟ ਜੈਨਰੇਸ਼ਨ ਦੀ ਗੱਲ ਬਹੁਤ ਹੁੰਦੀ ਰਹੀ ਹੈ। ਅੱਜ ਨਹੀਂ, ਬਹੁਤ ਦਿਨਾਂ ਤੋਂ ਦੇਖ ਰਿਹਾ ਹਾਂ। ਸਾਡੇ ਮਨ ਵਿੱਚ ਵੀ ਸੀ ਕਿ ਸਾਨੂੰ ਕੁਝ ਨਾ ਕੁਝ ਕਰਨਾ ਚਾਹੀਦਾ ਹੈ। Finance Minister ਨੇ ਇਸ ਪਾਸੇ ਕਾਫੀ ਕਦਮ ਚੁੱਕੇ ਹਨ। Age level ਉਨ੍ਹਾਂ ਨੇ ਘਟਾ ਦਿੱਤਾ (ਥੰਪਿੰਗ) and today ਇਨ੍ਹਾਂ ਨੇ ਮੈਨੂੰ ਇਹ ਵੀ ਕਿਹਾ ਹੈ ਕਿ ਜਿਵੇਂ-ਜਿਵੇਂ ਸਾਡੇ ਸਾਧਨ ਬਣਨਗੇ, ਜਿਹੜੀਆਂ ਖਾਲੀ vacancies ਹਨ, ਪਹਿਲਾਂ ਤਾਂ ਉਨ੍ਹਾਂ ਨੂੰ ਹੌਲੀ-ਹੌਲੀ ਭਰਾਂਗੇ। So we try and cover that vacancies ਉਹ ਕਵੱਰ ਹੋ ਸਕਣ ਅਤੇ ਉਸ ਤੋਂ ਬਾਅਦ ਜਿਹੜੇ ਬੰਦੇ ਸਾਡੇ ਪੰਜਾਬ ਵਿੱਚ ਰਿਟਾਇਰ ਹੋਣਗੇ, for each and every one person ਜਿਹੜਾ ਰਿਟਾਇਰ ਹੋਵੇਗਾ, ਉਸ ਤੋਂ ਬਾਅਦ ਤਿੰਨ ਬੰਦੇ ਰੱਖੇ ਜਾਣਗੇ (ਥੰਪਿੰਗ) ਤਾਂ ਕਿ ਜਿਹੜਾ ਸਾਡਾ vacancies' backlog ਹੈ, ਉਸ ਨੂੰ ਪੂਰਾ ਕਰ ਸਕੀਏ ਔਰ ਕਰਕੇ ਸਾਰੇ

[ਮੁੱਖ ਮੰਤਰੀ]

ਡਿਪਾਰਟਮੈਂਟਸ ਨੂੰ ਭੇਜੀਏ। I tell you ਇਸ ਦਾ ਕਾਰਨ ਅੱਜ ਮੈਨੂੰ ਕੁਲਜੀਤ ਸਿੰਘ ਨਾਗਰਾ ਜੀ ਨੇ ਦੱਸਿਆ ਸੀ which is interesting. ਸਾਡੇ ਕੋਲ ਡਾਕਟਰ 4036 ਹਨ, ਉਹ ਆਪਣੇ ਰਿਕਾਰਡ ਵਿੱਚ ਹਨ ਅਤੇ ਇਨ੍ਹਾਂ ਵਿੱਚੋਂ 535 vacancies ਖਾਲੀ ਹਨ ਮਤਲਬ ਆਪਣੇ ਕੋਲ 3500 ਡਾਕਟਰ ਕੰਮ ਕਰ ਰਿਹਾ ਹੈ ਲੇਕਿਨ ਇਸ ਵਿੱਚੋਂ actually ਜੋ clinical practice ਕਰ ਰਹੇ ਹਨ, ਉਹ ਸਿਰਫ 2500 ਹਨ। 3500 ਡਾਕਟਰ ਵਿੱਚੋਂ ਇਹ 2500 ਡਾਕਟਰ ਹਨ ਅਤੇ 1000 ਬਾਕੀ ਡਾਕਟਰ ਜਿਹੜੇ ਕਲੀਨੀਕਲ ਪ੍ਰੈਕਟਿਸ ਨਹੀਂ ਕਰ ਰਹੇ ਹਨ ਉਨ੍ਹਾਂ ਵਿੱਚ 121 ESI, non clinical 516, other deputation 350. Now Vice Chancellor can also operate if the Director of the PGI can operate, if the Director of All India Institute in Delhi can operate. Why can't these people do the clinical work also? (Thumping) ਸੋ, ਮੈਂ ਹੈਲਥ ਮਨਿਸਟਰ ਸਾਹਿਬ ਨੂੰ ਰਿਕੁਐਸਟ ਕਰਾਂਗਾ ਕਿ ਇਨ੍ਹਾਂ ਸਾਰਿਆਂ ਨੂੰ ਕਹੋ ਕਿ administrative job ਤੋਂ ਇਲਾਵਾ ਆਪਣਾ clinical work ਵੀ ਕਰਨ। (ਥੰਪਿੰਗ) ਤਾਂ ਕਿ we can coverup this shortage of doctors. Shortages in Medical Education, Technical Education, Heath, Power, Co-operation, Rural Development, Police Department ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਫਾਈਨਾਂਸ ਮਨਿਸਟਰ ਸਾਹਿਬ ਦੇਖਣਗੇ and we will try to cover up as much as possible. ਅਸੀਂ ਪ੍ਰਾਇਰਟੀ ਉਨ੍ਹਾਂ ਵੈਂਕੇਸੀਜ਼ ਦੇ ਬੈਕਲਾਗ ਨੂੰ ਦੇਵਾਂਗੇ, ਜਿੱਥੇ ਪੋਸਟਾਂ ਰਿਜ਼ਰਵ ਹਨ, ਉਹ ਅਸੀਂ ਐਸ.ਸੀ ਅਤੇ physically disabled ਨੂੰ ਦੇਵਾਂਗੇ।(ਥੰਪਿੰਗ) ਇਸ ਸਾਲ ਵਿੱਚ ਹੁਣ ਤੱਕ ਅਸੀਂ 57,000 ਜਾੱਬਜ਼ ਦੇ ਚੁੱਕੇ ਹਾਂ। So ਹੌਲੀ-ਹੌਲੀ we will try and fill it up. ਸਾਡੇ ਵਾਸਤੇ this is a very major issue. It is not only ਨੌਕਰੀਆਂ ਦੇ ਸਾਧਨ but it is the efficiency of Government. ਜਿੰਨੀ efficiency ਨਾਲ ਗੌਰਮਿੰਟ ਚੱਲੇਗੀ, ਉਨਾ ਹੀ ਪੰਜਾਬ ਅੱਗੇ ਵਧੇਗਾ। So, it is important from this point of view

ਟਰਾਂਸਪੋਰਟ ਪਾਲਿਸੀ ਸਬੰਧੀ ਮੈਂ ਸਾਰਾ ਦਿਨ ਸੁਣਦਾ ਰਿਹਾ ਹਾਂ। ਅੱਜ ਵੀ ਲੀਡਰ ਆਫ ਦਿ ਆਪੋਜ਼ੀਸ਼ਨ ਨੇ ਕਈ ਗੱਲਾਂ ਕਹੀਆਂ ਹਨ। ਮੈਂ ਇਨ੍ਹਾਂ ਦੇ ਨਾਲ ਬਹਿਸ ਵਿੱਚ ਨਹੀਂ ਜਾਣਾ ਚਾਹੁੰਦਾ because as I said ਹਰ ਇਸ਼ੂ ਤੇ I can challenge him but today is the Finance Minister's day. To check the

monopoly and undue profiteering in the Transport Business, we have decided to... ਮਾਫ ਕਰਨਾ ਸੰਧਵਾਂ ਸਾਹਿਬ, ਤੁਹਾਨੂੰ ਅੰਗਰੇਜ਼ੀ ਅੱਛੀ ਨਹੀਂ ਲੱਗਦੀ but I hope you don't mind.

1. "With regard to the issue of permits declared illegal by the High Court in the Vijyant Travels caso, show cause notices have already been issued to 142 permits. Each care will be examined as per law and any permit is found illegal that will be cancelled. (thumping) ਇਸ ਤੋਂ ਇਲਾਵਾ 212 ਪਰਮਿਟਸ ਨੂੰ 15 ਦਿਨਾਂ ਦਾ show-cause Notice ਦਿੱਤਾ ਜਾ ਰਿਹਾ ਹੈ। ਇਨ੍ਹਾਂ ਵਿੱਚ ਵੀ ਇਹੀ ਹਾਲ ਹੋਵੇਗਾ, ਜਿਹੜੇ illegal ਹਨ, they will be immediately cancelled. (ਥੰਪਿੰਗ)

2. ਮਨੋਪਲੀ ਨੂੰ ਤੋੜਨ ਵਾਸਤੇ we are giving 2000 route permits extra ਤਾਂ ਕਿ ਮਨੋਪਲੀ ਟੁੱਟ ਜਾਵੇ ਅਤੇ ਜਿਨ੍ਹਾਂ ਨੇ ਪਰਮਿਟ ਲੈਣੇ ਹਨ ਜਾਂ ਇਨ੍ਹਾਂ ਨੇ ਲੈਣੇ ਹਨ, 500 ਲੈ ਜਾਣ we don't mind. ਅਸੀਂ ਚਾਹੁੰਦੇ ਹਾਂ ਕਿ ਓਪਨ ਕਰੀਏ। ਪੰਜਾਬ ਦੇ 13,000 ਦੇ ਕਰੀਬ ਪਿੰਡ ਹਨ ਅਤੇ ਕਈ ਸਾਡੇ ਸ਼ਹਿਰ ਹਨ। ਅਗਰ ਸਾਡੀਆਂ ਬੱਸਿਜ਼ ਜ਼ਿਆਦਾ ਹੋ ਜਾਣ ਤਾਂ ਲੋਕਾਂ ਲਈ convenience ਹੀ ਹੋਵੇਗੀ। So we are going to allow 2000 route permits ਪੰਜ ਹਜਾਰ ਬੱਚਿਆਂ ਲਈ, ਯੂਥ ਵਾਸਤੇ ਅਸੀਂ ਮਿਨੀ ਬੱਸ ਪਰਮਿਟਸ ਵੀ ਦੇ ਰਹੇ ਹਾਂ ਤਾਂ ਕਿ ਉਹ ਵੀ ਇੱਥੇ ਕਵਰ ਹੋ ਸਕਣ। ਤੁਸੀਂ ਸੁਣ ਕੇ ਖੁਸ਼ ਹੋਵੋਗੇ ਕਿ ਜਿਹੜੀਆਂ ਸਾਡੀਆਂ ਬੀਬੀਆਂ ਬੱਸਾਂ ਤੇ ਟਰੈਵਲ ਕਰਦੀਆਂ ਹਨ we are going to cut their fair by 50%. (ਥੰਪਿੰਗ)

ਬਾਕੀ ਕੁਝ ਚੀਜ਼ਾਂ ਅਜਿਹੀਆਂ ਹਨ ਜਿਹੜੀਆਂ ਦੇ legal aspects ਹਨ, ਕਾਂਸਟੀਚਿਊਸ਼ਨਲ ਆਸਪੈਕਟ ਹਨ ਉਹ ਵੀ ਅਸੀਂ ਦੇਖ ਰਹੇ ਹਾਂ। ਇਹ ਨਹੀਂ ਕਿ ਮੈਂ ਅੱਜ ਬੋਲ ਕੇ ਇੱਥੇ ਬੈਠ ਜਾਣਾ ਹੈ ਅਤੇ ਗੱਲ ਖਤਮ ਹੋ ਜਾਣੀ ਹੈ। 16 ਤਰੀਕ ਨੂੰ ਗੌਰਮਿੰਟ ਦੇ ਤਿੰਨ ਸਾਲ ਪੂਰੇ ਹੋ ਜਾਣੇ ਹਨ, ਅਸੀਂ ਸਮਾਗਮ ਕਰਾਂਗੇ। ਉੱਥੇ ਮੈਂ ਕੁਝ ਹੋਰ ਵੀ ਅਨਾਊਸਮੈਂਟਸ ਕਰਾਂਗਾ। (ਥੰਪਿੰਗ)

ਜਿੱਥੋਂ ਤੱਕ ਕਰਾਪ ਡਾਇਵਰਸੀਫਿਕੇਸ਼ਨ ਦੀ ਗੱਲ ਹੈ, ਸਪੀਕਰ ਸਾਹਿਬ, ਮੈਂ ਕਹਿ ਚੁੱਕਾ ਹਾਂ ਕਿ ਸਾਡੇ ਵਾਸਤੇ ਇਹ ਬਹੁਤ ਹੀ ਅਹਿਮ ਗੱਲ ਹੈ। ਪੰਜਾਬ ਐਗਰੀਕਲਚਰਲ ਸਟੇਟ ਹੈ ਅਤੇ ਇੱਥੇ ਪਾਣੀ ਦੀ ਘਾਟ ਹੈ। ਸਾਡੇ ਫਾਇਨਾਂਸ

[ਮੁੱਖ ਮੰਤਰੀ]

ਮਨਿਸਟਰ ਸਾਹਿਬ ਨੇ ਇਸ ਦੇ ਲਈ ਕਾਫੀ ਪੈਸੇ ਵੀ ਰੱਖੇ ਹਨ and we want to increase on pulses. ਅੱਜ ਹਿੰਦੁਸਤਾਨ ਆਪਣੀਆਂ ਦਾਲਾਂ ਵਗੈਰਾ ਬਾਹਰ ਤੋਂ ਮੰਗਵਾ ਰਿਹਾ ਹੈ। ਜੇਕਰ ਮੈਂ ਨਰਮਾ, ਮੱਕੀ ਬਾਰੇ ਗੱਲ ਕਰਾਂ, ਅਪ੍ਰੈਲ ਮਈ ਵਾਲੀ ਮੱਕੀ ਨਹੀਂ ਪਰ ਜਿਹੜੀ ਸਾਉਣੀ ਦੀ ਮੱਕੀ ਹੁੰਦੀ ਹੈ ਉਹ ਵੀ ਅਸੀਂ ਕਰਨਾ ਚਾਹੁੰਦੇ ਹਾਂ ਕਿਉਂਕਿ ਜਿਹੜੀ ਗਰਮੀ ਵਾਲੀ ਮੱਕੀ ਹੈ ਉਹ ਪਾਣੀ ਜ਼ਿਆਦਾ ਖਿੱਚਦੀ ਹੈ। ਬਾਕੀ ਜਿਹੜੀਆਂ ਹਾਰਟੀਕਲਚਰਲ ਫਸਲਾਂ ਹਨ ਉਹ ਵੀ ਅਸੀਂ ਇਸ ਵਿਚ ਪਾਉਣਾ ਚਾਹੁੰਦੇ ਹਾਂ। ਜਿਹੜੇ ਬਲਾਕਸ ਖਰਾਬ ਹਨ ਉੱਥੇ ਅਸੀਂ ਇਸ ਵਿਚ ਜ਼ਿਆਦਾ concentration ਕਰਨੀ ਹੈ।

ਮੈਂ ਇੱਕ ਚੀਜ਼ ਹੋਰ ਕਹਿਣੀ ਚਾਹੁੰਦਾ ਹਾਂ ਕਿ ਸਾਡੇ 13,000 ਦੇ ਕਰੀਬ ਪਿੰਡ ਹਨ। ਪੰਜਾਬ ਵਿੱਚ 242 ਐਂਬੂਲੈਂਸ ਚੱਲਦੇ ਸੀ। We are raising these to 400 ਤਾਂ ਕਿ 30-35 ਪਿੰਡਾਂ ਦੇ ਕਲੱਸਟਰ ਵਿੱਚ ਮਰੀਜ਼ਾਂ ਨੂੰ ਹਸਪਤਾਲਾਂ ਵਿੱਚ ਲੈ ਜਾਣ ਵਾਸਤੇ 24 ਘੰਟੇ ਐਂਬੂਲੈਂਸ ਅਵੇਲੇਬਲ ਹੋਵੇ।

ਮਾਈਨਿੰਗ ਦੀ ਵੀ ਗੱਲ ਚੱਲੀ ਸੀ ਅਤੇ ਮੈਂ ਦੱਸ ਚੁੱਕਾ ਹਾਂ ਕਿ there are legal implications. There are National Green Tribunal implications. ਅਸੀਂ ਸਾਰਾ ਕੁਝ ਦੇਖ ਕੇ ਹੀ very soon the policy will be declared on this. (Thumping)

ਸਪੀਕਰ ਸਾਹਿਬ, ਮੈਂ ਵਾਈਟ ਪੇਪਰ ਬਾਰੇ ਕਿਹਾ ਸੀ I will try and bring it in this session. ਅਸੀਂ ਇਸ ਨੂੰ ਮੌਨਸੂਨ ਸੈਸ਼ਨ ਵਿੱਚ ਲਿਆਉਣਾ ਚਾਹੁੰਦੇ ਸੀ ਲੇਕਿਨ ਫਿਰ ਮੈਂ ਸੋਚਿਆ ਕਿ ਇਸ ਨੂੰ ਆਪਾਂ as soon as possible ਜਲਦੀ ਲੈ ਕੇ ਆਈਏ। ਇਸ ਤੇ ਕੁਝ ਕੰਮ ਹੋ ਵੀ ਗਿਆ ਹੈ ਲੇਕਿਨ more work is required. Here it is. ਮੈਂ ਵਾਈਟ ਪੇਪਰ ਆਪਣੇ ਨਾਲ ਲੈ ਕੇ ਆਇਆ ਹਾਂ। This is the White Paper which is ready and the Annexures have to be looked into. ਮੈਂ ਨਹੀਂ ਚਾਹੁੰਦਾ ਕਿ ਕੋਈ ਅਜਿਹੀ ਚੀਜ਼ ਆਵੇ which is later on proved wrong. ਇਸ ਲਈ I am going to take a little more time to do this but very soon it will be released ਅਤੇ ਸਾਰੇ ਮੈਂਬਰ ਸਾਹਿਬਾਨਾਂ ਨੂੰ ਅਸੀਂ ਇੱਕ ਇੱਕ ਕਾਪੀ ਭੇਜ ਦੇਵਾਂਗੇ ਤਾਂ ਕਿ ਤੁਸੀਂ ਸਾਰੇ ਤਿਆਰੀ ਕਰ ਲਵੋ ਕਿ ਜਿਹੜੇ ਆਰਗੂਮੈਂਟਸ

ਤੁਸੀਂ ਕਰਨੇ ਹਨ ਉਹ ਅਡਵਾਂਸ ਵਿੱਚ ਕਰਨੇ ਹਨ ਜਾਂ ਮੌਨਸੂਨ ਸੈਸ਼ਨ ਤੱਕ ਤੁਸੀਂ ਆਪਣੀ ਪੜ੍ਹਾਈ ਕਰਕੇ ਕਰਨੇ ਹਨ। You will be ready to discuss.

**ਸੰਸਦੀ ਮਾਮਲੇ ਮੰਤਰੀ (ਸ੍ਰੀ ਬ੍ਰਹਮ ਮਹਿੰਦਰਾ) :** (ਬੈਠੇ-ਬੈਠੇ) ਮੈਟਰ ਵੀ ਸਬ-ਜੁਡਿਸ ਹੈ।

**Chief Minister:** That is one. Why I couldn't bring it out now because the matter is sub judice. ਸੁਪਰੀਮ ਕੋਰਟ ਵਿੱਚ ਕੇਸ ਲੱਗਿਆ ਹੋਇਆ ਹੈ। So this is one reason ਇਸ ਵਾਸਤੇ ਅਸੀਂ ਇਸ ਨੂੰ ਡੀਲੇਅ ਕੀਤਾ ਹੈ and also to make it foolproof. White Paper ਇਹੋ ਜਿਹੀ ਚੀਜ਼ ਹੁੰਦੀ ਹੈ, it is Government's intentions, Government's prevailing situation and, therefore, everything down to comma and full stop must be correct. ਸਪੀਕਰ ਸਾਹਿਬ, ਮੈਂ ਤਾਂ ਇੰਨਾ ਹੀ ਕਹਿਣਾ ਸੀ। ਮੈਂ ਇੱਕ ਵਾਰ ਫਿਰ ਆਪਣੇ ਸਾਥੀ ਫਾਇਨਾਂਸ ਮਨਿਸਟਰ ਸਾਹਿਬ ਨੂੰ, ਫਾਇਨਾਂਸ ਸੈਕਟਰੀ ਨੂੰ ਅਤੇ ਉਨ੍ਹਾਂ ਦੇ ਸਾਰੇ ਮਹਿਕਮੇ ਨੂੰ ਵਧਾਈ ਦੇ ਚੁੱਕਿਆ ਹਾਂ for a wonderful budget. ਮੈਨੂੰ ਇਸ ਸਾਲ ਪਾਰਲੀਮੈਂਟ ਅਤੇ ਅਸੈਂਬਲੀ ਵਿੱਚ 40 ਸਾਲ ਹੋ ਗਏ ਹਨ। 1980 ਵਿੱਚ ਮੈਂ ਲੋਕ ਸਭਾ ਵਿੱਚ ਚੁਣਿਆ ਗਿਆ ਸੀ। 2020 ਵਿੱਚ 40 ਸਾਲ ਪੂਰੇ ਹੋ ਗਏ ਹਨ। In all my experience, I cannot tell you ਕਿ ਇਹ ਬਜਟ ਦੇਖ ਕੇ ਮੈਨੂੰ ਕਿੰਨੀ ਖੁਸ਼ੀ ਹੋਈ ਹੈ। (ਥੰਪਿੰਗ) My congratulations and I am sure ਕਿ ਹੌਲੀ-ਹੌਲੀ ਹਾਲਾਤ ਸੁਧਰਨਗੇ। We have problems, ਸਾਡੀ ਜੀ.ਐਸ.ਟੀ ਪਿੱਛੇ ਪਈ ਹੈ। ਕਈ ਚੀਜ਼ਾਂ ਹਨ, ਜਿਹੜੀਆਂ ਟਾਈਮ ਨਾਲ ਡਿਵੈਲਪ ਹੋ ਜਾਣਗੀਆਂ। I am sure ਕਿ ਅਗਲੇ ਸਾਲ ਅਸੀਂ ਇਸ ਤੋਂ ਵਧੀਆ ਬਜਟ ਪੰਜਾਬ ਦੇ ਲੋਕਾਂ ਨੂੰ ਦੇਵਾਂਗੇ। ਬਹੁਤ-ਬਹੁਤ ਧੰਨਵਾਦ ਸਪੀਕਰ ਸਾਹਿਬ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ ) :** ਸਪੀਕਰ ਸਾਹਿਬ, Thank you. ਤੁਹਾਡੀਆਂ ਮੁਹੱਬਤਾਂ ਲਈ ਸ਼ੁਕਰੀਆ। ਮੈਂ ਇਸ ਗੱਲ ਦਾ ਮਸ਼ਕੂਰ ਤੇ ਮਮਨੂਨ ਹਾਂ ਕਿ ਪਿਛਲੇ ਦੋ ਦਿਨਾਂ ਤੋਂ ਜੋ ਬਜਟ ਅਨੁਮਾਨਾਂ ਤੇ ਬਹਿਸ ਚੱਲ ਰਹੀ ਸੀ, ਤੁਸੀਂ ਮੈਨੂੰ ਕਨਕਲੂਡ ਕਰਨ ਦਾ ਮੌਕਾ ਦਿੱਤਾ ਹੈ। ਔਰ ਪਿਛਲੇ ਦੋ ਦਿਨਾਂ ਤੋਂ ਬੜੇ ਆਲਾ ਪੈਮਾਨੇ ਦੀ ਡਿਬੇਟ ਦੋਨਾਂ ਤਰਫਾ ਤੋਂ, ਟਰੇਜ਼ਰੀ ਬੈਂਚਿਜ਼ ਤੋਂ ਵੀ ਅਤੇ ਆਪੋਜੀਸ਼ਨ

[ਵਿੱਤ ਮੰਤਰੀ]
ਬੈਂਚਿਜ਼ ਤੋਂ ਵੀ ਸੁਣਨ ਨੂੰ ਮਿਲੀ। ਮੈਂ ਇਸ ਲਈ ਦੋਨੋਂ ਤਰਫ ਦੇ ਮੈਂਬਰਾਂ ਨੂੰ ਇਸ ਗੱਲ ਦੀ ਵਧਾਈ ਦੇਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਅਸੈਂਬਲੀ ਦੇ ਵਿੱਚ ਮੇਰੇ ਦੋਸਤ ਵੀ ਹਨ ਉਨ੍ਹਾਂ ਨੇ ਵੀ ਇਸ ਬਜਟ ਦੀ ਤਾਰੀਫ ਕੀਤੀ। ਸੀ.ਐਮ. ਸਾਹਿਬ ਨੇ ਵੀ ਇਸ ਦੀ ਤਾਰੀਫ ਕੀਤੀ। ਹਾਲਾਂਕਿ ਮੈਂ ਇੰਨਾ ਕਾਬਲ ਨਹੀਂ ਹਾਂ ਪਰ ਕਿਉਂਕਿ ਉਨ੍ਹਾਂ ਦੇ ਮੂੰਹ ਵਿੱਚੋਂ ਇਹ ਲਫਜ਼ ਨਿਕਲੇ ਹਨ ਤਾਂ ਇਸ ਲਈ ਮੈਂ ਉਨ੍ਹਾਂ ਦਾ ਸ਼ੁਕਰੀਆ ਅਦਾ ਕਰਦਾ ਹਾਂ। ਸਪੀਕਰ ਸਾਹਿਬ, ਕਈ ਮੈਂਬਰਾਨ ਐਸੇ ਵੀ ਸਨ, ਜਿਨ੍ਹਾਂ ਨੇ ਬੜੇ ਅੱਛੇ ਸੁਝਾਅ ਦਿੱਤੇ। ਪੰਜਾਬ ਦੀ ਜਿਹੜੀ ਇਕਾਨਮੀ ਹੈ, ਪੰਜਾਬ ਦੇ ਜਿਹੜੇ ਫਾਈਨਾਂਸਿਜ਼ ਹਨ, ਉਨ੍ਹਾਂ ਨੂੰ ਬਿਹਤਰ ਕਰਨ ਵਾਸਤੇ ਸੁਝਾਅ ਦਿੱਤੇ ਹਨ। ਮੈਂ ਇਹ ਸਾਰੇ ਸੁਝਾਅ ਨੋਟ ਕਰ ਲਏ ਹਨ। ਕੁਝ ਮੈਂਬਰਾਨ ਐਸੇ ਵੀ ਹਨ, ਜਿਨ੍ਹਾਂ ਨੇ ਆਪਣੇ ਹਲਕੇ ਦੇ ਮੁਤੱਲਕ ਬੜੀ ਆਸ ਨਾਲ ਜਿਵੇਂ ਵਿਕਾਸ ਦੇ ਕੰਮ ਹਨ, ਕੁਝ ਤਰੱਕੀ ਆਦਿ ਦੇ ਕੰਮ ਦੱਸੇ ਹਨ। ਕਿਉਂਕਿ ਲੋਕਾਂ ਨੇ ਬੜੀ ਆਸ ਨਾਲ ਚੁਣ ਕੇ ਭੇਜੇ ਹਨ। ਮੈਂ ਉਹ ਵੀ ਸਾਰੇ ਨੋਟ ਕਰ ਲਏ ਹਨ। ਮੈਂ ਕੋਸ਼ਿਸ਼ ਕਰਾਂਗਾ ਕਿ ਕੁਝ ਕੁ ਦਾ ਜਵਾਬ ਆਪਣੀ conclusion ਦੇ ਵਿੱਚ ਦੇ ਦਿਆਂ। ਮੈਂ ਜ਼ਿਆਦਾ ਲੰਬੀ ਸਪੀਚ ਨਹੀਂ ਕਰਨਾ ਚਾਹੁੰਦਾ ਪਰ ਜੇ ਕਿਸੇ ਦਾ ਜਵਾਬ ਨਹੀਂ ਆਇਆ ਤਾਂ ਇਹ ਮਤ ਸਮਝਿਆ ਜਾਵੇ ਕਿ ਮੈਂ ਇਸ ਨੂੰ ਨਜ਼ਰਅੰਦਾਜ਼ ਕਰ ਰਿਹਾ ਹਾਂ। ਫਾਈਨਲੀ ਸਪੀਕਰ ਸਾਹਿਬ, ਕੁਝ ਬਜਟ ਦੀ ਤਨਕੀਦ ਵੀ ਹੋਈ ਹੈ, criticism ਵੀ ਹੋਇਆ ਹੈ। ਮੈਂ ਇਸ ਦਾ ਖੈਰ ਮਕਦਮ ਕਰਦਾ ਹਾਂ। ਮੈਂ ਉਸ ਨੂੰ welcome ਕਰਦਾ ਹਾਂ। ਇਹ ਜਮਹੂਰੀਅਤ ਦਾ ਹੁਸਨ ਹੈ ਕਿ ਜਮਹੂਰੀਅਤ ਵਿੱਚ ਹਰ ਬੰਦੇ ਨੂੰ ਆਪਣੀ ਗੱਲ ਕਹਿਣ ਦੀ ਇਜਾਜ਼ਤ ਹੈ। ਸਪੀਕਰ ਸਾਹਿਬ, ਏਨਾ ਹੀ ਹੈ ਕਿ ਜਿਹੜੀ ਤਨਕੀਦ ਹੈ ਬਨਾਮ criticism for the sake of criticism. ਫੇਰ ਤਾਂ ਉਸ ਦਾ ਸਿੱਟਾ ਨਹੀਂ ਨਿਕਲਦਾ। Constructive criticism ਹੋਵੇ ਤਾਂ ਬਹੁਤ ਅੱਛੀ ਗੱਲ ਹੈ। ਸਪੀਕਰ ਸਾਹਿਬ, ਜਦੋਂ ਵੀ ਅਸੀਂ ਅਸੈਂਬਲੀ ਵਿੱਚ ਬੈਠਦੇ ਹਾਂ ਤਾਂ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੀ ਤਸਵੀਰ ਹਮੇਸ਼ਾ ਮੱਥੇ ਲਗਦੀ ਹੈ। ਰਾਸ਼ਟਰ ਪਿਤਾ ਨੇ ਸੰਨ 1931 ਵਿੱਚ ਇੱਕ ਆਪਣੀ autobiography ਲਿਖੀ ਸੀ "My Experiments with Truth". ਬਦਕਿਸਮਤੀ ਇਹ ਹੋਈ ਕਿ ਜ਼ਿੰਦਗੀ ਇੰਨੀ ਮਸ਼ਰੂਫ ਸੀ, ਹਾਲਾਂਕਿ ਉਨ੍ਹਾਂ ਨੇ 100 ਕਿਤਾਬਾਂ ਲਿਖੀਆਂ ਹੋਣਗੀਆਂ, ਲੇਖ ਲਿਖੇ ਹੋਣਗੇ but he could never update this biography. ਉਨ੍ਹਾਂ ਦੀ ਬਾਇਓਗ੍ਰਾਫੀ ਵਿੱਚ ਜ਼ਿਕਰ ਆਉਂਦਾ ਹੈ ਕਿ ਅਰਬ ਰਾਜ ਦੇ ਇੱਕ ਬੜੇ

ਦਾਨਿਸ਼ਮੰਦ ਖਲੀਫਾ ਹਜ਼ਰਤ ਉਮਰ-ਏ-ਫਾਰੂਖ ਹੋਏ ਹਨ। ਉੱਥੇ ਕੋਈ 22 ਲੱਖ ਦੇ ਕਰੀਬ ਮੁਰੱਬਾ ਸੀ, ਜਿਸ ਤੇ ਉਨ੍ਹਾਂ ਦੀ ਹਕੂਮਤ ਸੀ। ਉਹ ਬੜੇ ਇਨਸਾਫ ਪਸੰਦ ਸਨ, ਜਦੋਂ ਉਹ ਖੁਤਬਾ ਪੜ੍ਹਾਉਣ ਜਾਂਦੇ ਸਨ ਤਾਂ ਮੇਰੇ ਭੈਣ ਰਜ਼ੀਆ ਜੀ ਬੈਠੇ ਹਨ, ਉਨ੍ਹਾਂ ਨੂੰ ਸ਼ਾਇਦ ਯਾਦ ਹੋਵੇਗਾ ਕਿ ਉਹ ਹਮੇਸ਼ਾ ਮਸਜਿਦ ਵਿੱਚ ਇਹ ਗੱਲ ਕਹਿੰਦੇ ਸਨ ਕਿ ਜੇ ਮੇਰੇ ਵਿੱਚ ਕੋਈ ਨੁਕਸ ਹੈ ਤਾਂ ਮੈਨੂੰ ਜ਼ਰੂਰ ਦੱਸਣਾ। ਉਹ ਵਾਪਸ ਆਪਣੇ ਘਰ ਆ ਕੇ, ਹੁਜਰੇ ਵਿੱਚ ਆ ਕੇ ਰੋਂਦੇ ਕਿਉਂਕਿ ਉਨ੍ਹਾਂ ਦੇ ਸਾਹਮਣੇ ਕੋਈ ਬੋਲਦਾ ਨਹੀਂ ਹੁੰਦਾ ਸੀ। ਇੱਕ ਦਿਨ ਕੀ ਹੋਇਆ ਕਿ ਜਦੋਂ ਖੁਤਬਾ ਦੇ ਕੇ ਹਟੇ ਇੱਕ ਬੁੱਢਾ ਅਰਬ ਖੜ੍ਹਾ ਹੋ ਗਿਆ। ਉਸ ਨੇ ਤਲਵਾਰ ਖਿੱਚ ਲਈ ਤੇ ਕਹਿਣ ਲੱਗਾ ਕਿ ਉਮਰ ਜੇ ਤੂੰ ਟੇਢਾ ਹੋਇਆ ਤਾਂ ਮੇਰੀ ਤਲਵਾਰ ਤੈਨੂੰ ਸਿੱਧਾ ਕਰ ਦੇਵੇਗੀ। ਉਹ ਜਦੋਂ ਘਰ ਆਏ ਤਾਂ ਰੱਬ ਦਾ ਸ਼ੁਕਰ ਕੀਤਾ ਕਿ ਸ਼ੁਕਰ ਹੈ ਮੈਨੂੰ ਰਸਤਾ ਦੱਸਣ ਵਾਲਾ ਮਿਲ ਗਿਆ ਹੈ। ਇਸ ਕਰਕੇ ਸਪੀਕਰ ਸਾਹਿਬ, ਮੈਂ ਤਮਾਮ ਐਮ.ਐਲ.ਏ. ਸਾਹਿਬਾਨ ਨੂੰ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਜੇ ਦੇਸ਼ ਦੇ ਭਲੇ ਪਿੱਛੇ ਕੋਈ ਨਸੀਹਤ ਮਿਲਦੀ ਹੈ ਕਿਉਂਕਿ ਆਪਾਂ ਸਾਰਿਆਂ ਨੇ ਇਸ ਮੁਲਕ ਦੇ ਬਾਰੇ ਇੱਕ ਖੁਆਬ ਦੇਖਿਆ ਹੈ। ਉਹ ਖੁਆਬ ਇਹ ਹੈ ਕਿ ਅਸੀਂ ਮੁਲਕ ਨੂੰ ਦੁਨੀਆ ਦੀ ਬਰਾਬਰੀ ਤੇ, ਉਸ ਮੁਕਾਮ ਤੇ ਲੈ ਕੇ ਜਾਈਏ ਜਿਸ ਦਾ ਇਹ ਹੱਕਦਾਰ ਹੈ। ਮੈਂ, ਸਪੀਕਰ ਸਾਹਿਬ, ਕੋਈ ਫਰਿਸ਼ਤਾ ਨਹੀਂ ਹਾਂ, ਇਨਸਾਨ ਹਾਂ, ਗਲਤੀਆਂ ਹੋ ਜਾਂਦੀਆਂ ਹਨ ਪਰ ਫਿਰ ਵੀ ਮੈਂ ਕਹਿੰਦਾ ਹਾਂ ਕਿ I would welcome the constructive suggestions ਕਈ ਆਪੋਜ਼ੀਸ਼ਨ ਬੈਂਚਿਜ਼ ਤੋਂ ਜਿਹੜੇ ਸੁਝਾਅ ਆਏ ਹਨ ਉਹ ਬਹੁਤ ਬਿਹਤਰ ਆਏ ਹਨ। ਸਪੀਕਰ ਸਾਹਿਬ, ਕਿਸੇ ਉਰਦੂ ਦੇ ਕਵੀ ਨੇ ਲਿਖਿਆ ਹੈ:

ਵੋਹ ਮਰਦ ਨਹੀਂ ਜੋ ਡਰ ਜਾਏ ਹਾਲਾਤ ਕੇ ਖੂਨੀ ਮੰਜ਼ਰ ਸੇ,
ਉਸ ਹਾਲ ਮੇਂ ਜੀਨਾ ਲਾਜ਼ਿਮ ਹੈ, ਜਿਸ ਹਾਲ ਮੇਂ ਜੀਨਾ ਮੁਸ਼ਕਲ ਹੈ।

ਸਪੀਕਰ ਸਾਹਿਬ, ਉਸ ਹਾਲ ਵਿਚ ਤਾਂ ਜਿਊਣਾ ਬਹੁਤ ਜ਼ਰੂਰੀ ਹੈ ਜਿੱਥੇ ਜਿਊਣਾ ਮੁਸ਼ਕਲ ਹੈ। ਇਸ ਕਰਕੇ ਸਪੀਕਰ ਸਾਹਿਬ, ਮੈਂ ਅੱਜ ਤੁਹਾਡੀ ਮਾਰਫਤ ਬੜੀ ਤੇਜ਼ੀ ਨਾਲ ਇਸ ਹਾਊਸ ਦੇ ਵਿੱਚ ਦੋ-ਤਿੰਨ ਗੱਲਾਂ ਕਰਨੀਆਂ ਚਾਹੁੰਦਾ ਹਾਂ। ਸਪੀਕਰ ਸਾਹਿਬ, ਇਹ ਜਿਹੜੀ ਵਫਾਦਾਰੀ ਹੈ, ਇਹ ਬੜੀ ਖੂਬਸੂਰਤ ਗੱਲ ਹੈ, ਕਿਸੇ ਨਾਲ ਮੁਹੱਬਤ ਕਰਨਾ, ਕਿਸੇ ਨਾਲ ਵਫਾ ਨਿਭਾਉਣੀ, it is a brilliant thing ਪਰ ਵਫਾਦਾਰੀ ਮੁਲਕ ਦੀ ਇੱਜ਼ਤ, ਮੁਲਕ ਦੀ ਹੁਰਮਤ ਤੋਂ ਉੱਪਰ ਨਹੀਂ ਹੋ ਸਕਦੀ ਹੈ।

[ਵਿੱਤ ਮੰਤਰੀ]

ਇਹ ਪੰਜਾਬ ਦੀ ਧਰਤੀ ਆਪਾਂ ਇਸ ਨੂੰ ਦੇਸੀ ਜ਼ਬਾਨ ਵਿੱਚ ਧਰਤੀ ਮਾਂ ਵੀ ਕਹਿ ਦਿੰਦੇ ਹਾਂ, ਮਾਦਰੇ ਵਤਨ, ਜੇ ਇਹ ਧਰਤੀ ਮਾਂ ਕਮਜ਼ੋਰ ਹੋ ਜਾਵੇ, ਮਕਰੂਜ਼ ਹੋ ਜਾਵੇ, ਇਸ ਦੇ ਸਿਰ ਕਰਜ਼ਾ ਚੜ੍ਹ ਜਾਵੇ, ਸਪੀਕਰ ਸਾਹਿਬ, ਇਹ ਤਾਂ ਉਵੇਂ ਹੀ ਹੈ ਜਿਵੇਂ ਆਪਾਂ ਆਪਣੀ ਮਾਂ ਦੇ ਸਿਰ ਦੀ ਚਾਦਰ ਕਿਸੇ ਕੋਲ ਗਿਰਵੀ ਰੱਖ ਦੇਈਏ। ਸੋ, ਸਾਡੀ ਕੀ ਕੋਸ਼ਿਸ਼ ਹੈ? ਪੰਜਾਬੀ ਵਿੱਚ ਕਹਿੰਦੇ ਹਨ ਕਿ ਜਿਹੜਾ ਹੱਥ ਉੱਤੇ ਵਾਲਾ ਹੁੰਦਾ ਹੈ, ਉਹ ਹਮੇਸ਼ਾ ਨੀਵੇਂ ਹੱਥ ਨਾਲੋਂ ਬਿਹਤਰ ਹੁੰਦਾ ਹੈ। ਸਪੀਕਰ ਸਾਹਿਬ, ਸਾਡੀ ਇਹ ਕੋਸ਼ਿਸ਼ ਰਹੀ ਹੈ ਕਿ ਪੰਜਾਬ ਦੀ ਇਕਾਨਮੀ ਨੂੰ ਅਸੀਂ ਕੋਈ ਸਟੇਬੇਲਿਟੀ ਦੇ ਸਕੀਏ। ਪਿਛਲੇ ਤਿੰਨ ਸਾਲਾਂ ਦੇ ਵਿੱਚ ਜਿੰਨੇ ਬਜਟ ਆਏ ਹਨ, ਜੇ ਤੁਸੀਂ ਇਕ ਲੜੀ ਦੇਖੋਗੇ ਤਾਂ it is all about stability ਕਿਉਂਕਿ ਸਪੀਕਰ ਸਾਹਿਬ, ਜਿਹੜਾ ਬੰਦਾ ਕਰਜ਼ਦਾਰ ਹੁੰਦਾ ਹੈ, ਜਿਸ ਨੇ ਕਿਸੇ ਦਾ ਦੇਣਾ ਹੁੰਦਾ ਹੈ, ਉਹ ਸਿਰ ਚੁੱਕ ਕੇ ਦੂਜੇ ਦੀਆਂ ਅੱਖਾਂ ਵਿਚ ਵੇਖ ਨਹੀਂ ਸਕਦਾ। ਸਪੀਕਰ ਸਾਹਿਬ, ਜਿਸ ਨੇ ਕਿਸੇ ਦਾ ਦੇਣਾ ਹੁੰਦਾ ਹੈ ਉਹ ਆਪਣੀਆਂ ਸ਼ਰਤਾਂ ਉੱਤੇ ਜ਼ਿੰਦਗੀ ਗੁਜ਼ਾਰ ਨਹੀਂ ਸਕਦਾ। ਸੋ, ਲਿਹਾਜ਼ਾ ਮੇਰਾ ਜਿਹੜਾ ਬੁਨਿਆਦੀ ਫਰਜ਼ ਫਾਈਨਾਂਸ ਮਨਿਸਟਰ ਦੇ ਤੌਰ ਉਤੇ ਹੈ ਉਹ ਇਹ ਹੈ ਕਿ ਪੰਜਾਬ ਨੂੰ ਇਸ ਵਿੱਤੀ ਬੁਹਰਾਨ, ਕ੍ਰਾਈਸਿਜ਼ ਤੋਂ ਇੰਸਤਕਾਮ, ਸਟੇਬੇਲਿਟੀ ਵੱਲ ਲੈ ਕੇ ਜਾਈਏ। ਸਪੀਕਰ ਸਾਹਿਬ, ਇਹ ਜਿਹੜਾ ਬਜਟ ਹੈ, ਤੁਸੀਂ ਯਕੀਨ ਮੰਨਿਉ ਇਹ ਕੋਈ ਨੰਬਰਜ਼ ਦੀ ਖੇਡ ਨਹੀਂ ਹੈ, ਇਹ ਇਨਸਾਨੀ ਜ਼ਿੰਦਗੀਆਂ ਨਾਲ ਤੁਅੱਲਕ ਰੱਖਦਾ ਹੈ, ਇਸ ਦਾ ਮਹਿਵਰ ਪੰਜਾਬ ਦੇ ਲੋਕ ਹਨ । ਸਪੀਕਰ ਸਾਹਿਬ, ਮੈਂ ਸੀ.ਐਮ.ਸਾਹਿਬ ਤੇ ਆਪਣੀ ਕੈਬਨਿਟ ਨੂੰ ਜਿਸ ਨੂੰ ਮੈਂ ਜਵਾਬਦੇਹ ਹਾਂ, ਮੈਂ ਇਸ ਹਾਊਸ ਨੂੰ ਅਤੇ ਪੰਜਾਬ ਦੇ ਲੋਕਾਂ ਨੂੰ ਜਵਾਬਦੇਹ ਹਾਂ। ਮੈਂ ਇਸ ਗੱਲ ਨੂੰ ਇੱਕ ਵਾਰੀ ਫਿਰ ਦੁਹਰਾਉਂਦਾ ਹਾਂ ਕਿ ਹੋਰ ਮਿਹਨਤ ਕਰਾਂਗੇ ਔਰ ਕਿੰਨੀ ਮਿਹਨਤ ਕਰਾਂਗੇ, ਮੁਹਾਵਰਤਨ, ਮਤਲਬ ਅਸਲੀ ਤਾਂ ਨਹੀਂ, ਮੁਹਾਵਰੇ ਦੇ ਤੌਰ ਉਤੇ ਜਦੋਂ ਤੱਕ ਹੱਡੀਆਂ ਦਾ ਸੁਰਮਾ ਨਹੀਂ ਬਣ ਜਾਂਦਾ ਉਨੀ ਮਿਹਨਤ ਕਰਾਂਗੇ ਕਿ ਪੰਜਾਬ ਜਿਹੜਾ ਇੱਕ ਵਾਰੀ ਫਿਰ ਆਪਣੀ ਪਟੜੀ ਉੱਤੇ ਆ ਸਕੇ। (ਥੰਪਿੰਗ) ਸਪੀਕਰ ਸਾਹਿਬ, ਜਦੋਂ ਪਹਿਲਾ ਬਜਟ ਪੇਸ਼ ਹੋਇਆ ਸੀ ਉਸ ਵੇਲੇ ਵੀ ਮੈਂ ਕਿਹਾ ਸੀ ਕਿ ਮੈਂ ਪ੍ਰਮਾਤਮਾ ਦਾ ਸ਼ੁਕਰੀਆ ਅਦਾ ਕਰਦਾ ਹਾਂ ਕਿ ਪ੍ਰਮਾਤਮਾ ਨੇ ਮੈਨੂੰ ਪੰਜਾਬ ਦਾ ਖਜ਼ਾਨਾ ਮੰਤਰੀ ਬਣਾ ਦਿੱਤਾ। ਮੈਂ ਉਸ ਵੇਲੇ ਵੀ ਕਿਹਾ ਸੀ ਕਿ ਮੇਰੇ ਤੋਂ ਵੀ ਸੋਹਣੇ ਲੋਕ ਮੈਂ ਪੰਜਾਬ ਵਿੱਚ ਟਰੱਕਾਂ ਤੋਂ ਬੱਜਰੀ ਲਾਹੁੰਦੇ ਵੇਖੇ ਹਨ ਔਰ ਪ੍ਰਮਾਤਮਾ ਨੇ ਮੈਨੂੰ ਇਥੇ ਪਹੁੰਚਾ ਦਿੱਤਾ। ਮੈਂ ਕਾਂਗਰਸ ਪਾਰਟੀ ਵੱਲੋਂ ਇਸ ਗੱਲ ਦਾ

ਹਾਊਸ ਨੂੰ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਕਾਂਗਰਸ ਪਾਰਟੀ ਦੀ ਸਰਕਾਰ ਦੇ ਹੱਥ ਦੇ ਵਿੱਚ ਪੰਜਾਬ ਦਾ ਜਿਹੜਾ ਭਵਿੱਖ ਹੈ, ਇਹ ਰੋਸ਼ਨ ਹੈ, ਇਹ ਮਹਿਫੂਜ਼ ਹੈ ਅਤੇ ਇਹ ਮੁਸਤਕਿਲ ਹੈ (ਥੰਪਿੰਗ) ਸਪੀਕਰ ਸਾਹਿਬ, ਬੜੀਆਂ ਸੋਹਣੀਆਂ ਚਾਰ ਸਤਰਾਂ ਕਿਸੇ ਕਵੀ ਨੇ ਲਿਖੀਆਂ ਹਨ:

ਮੈਂ ਯੂੰ ਭੀ ਇਹਤਯਾਤਨ ਇਸ ਗਲੀ ਸੇ ਕਮ ਗੁਜ਼ਰਤਾ ਹੂੰ,

ਕੋਈ ਮਾਸੂਮ ਕਿਉਂ ਮੇਰੇ ਲੀਏ ਬਦਨਾਮ ਹੋ। (ਥੰਪਿੰਗ)

ਸਪੀਕਰ ਸਾਹਿਬ, ਇਹ ਪਤਾ ਨਹੀਂ ਹੁੰਦਾ। ਪਰਮਾਤਮਾ ਨੇ ਮੌਕਾ ਦਿੱਤਾ ਹੈ ਤਾਂ ਕਿ ਆਪਣੇ ਮੁਲਕ ਨੂੰ, ਆਪਣੇ ਦੇਸ਼ ਨੂੰ ਅਸੀਂ ਆਪਣੇ ਪੈਰਾਂ ਤੇ ਖੜ੍ਹਾ ਕਰ ਸਕੀਏ। ਸਪੀਕਰ ਸਾਹਿਬ, ਬਹੁਤ ਸਾਰੇ ਮਸ਼ਵਰੇ, ਬਹੁਤ ਸਾਰੀਆਂ queries, ਬਹੁਤ ਸਾਰੀ ਤਨਕੀਦ ਹੋਈ ਹੈ। ਸਪੀਕਰ ਸਾਹਿਬ, ਮੈਂ ਮੋਟੇ ਜਿਹੇ ਤੌਰ ਤੇ ਦੱਸਣਾ ਚਾਹੁੰਦਾ ਹਾਂ। ਟ੍ਰਿਬਿਊਨ ਦਾ ਪਰਚਾ ਅੰਗਰੇਜ਼ੀ ਵਿੱਚ ਇਸ ਇਲਾਕੇ ਵਿੱਚ ਛਪਦਾ ਹੈ, ਜਿਸ ਨੂੰ ਲੋਕ ਬੜੀ ਇੱਜ਼ਤ ਦੀ ਨਿਗਾਹ ਨਾਲ ਦੇਖਦੇ ਹਨ। ਉਸੇ ਦਿਨ ਹੀ ਪੰਜਾਬ ਦਾ ਬਜਟ ਸੀ ਅਤੇ ਉਸੇ ਦਿਨ ਹੀ ਹਰਿਆਣਾ ਦਾ ਬਜਟ ਸੀ, ਜਿਸ ਕਾਰਨ ਸੁਰਖੀਆਂ ਵੀ ਇਕੱਠੀਆਂ ਬਣੀਆਂ ਹਨ। ਇਸ ਹਾਊਸ ਵਿੱਚ ਬੜੇ ਮੈਂਬਰ ਇਸ ਉਮਰ ਦੇ ਬੈਠੇ ਹਨ, ਬਹੁਤ ਸਾਰੇ ਨਵੇਂ ਬੱਚੇ ਚੁਣ ਕੇ ਆਏ ਹਨ। ਉਨ੍ਹਾਂ ਦੀਆਂ ਉਨੀਆਂ ਉਮਰਾਂ ਨਹੀਂ, ਜਿੰਨਾ ਅਰਸਾ ਹਰਿਆਣਾ ਦੀਆਂ ਬਜਟ ਫਿਗਰਜ਼, ਹਰਿਆਣਾ ਦੀ ਆਮਦਨ ਦੀਆਂ ਰੈਵੇਨਿਊ ਰਿਸੀਟਸ, ਫਿਸਕਲ ਡੈਫੀਸਿਟ, ਰੈਵੇਨਿਊ ਡੈਫੀਸਿਟ, ਰੈਵੇਨਿਊ ਐਕਸਪੈਂਡੀਚਰ ਵਿੱਚ ਹਰਿਆਣਾ ਪੰਜਾਬ ਤੋਂ ਅੱਗੇ ਨਿਕਲ ਚੁੱਕਿਆ ਹੈ। ਮੈਂ ਸੀ.ਐਮ. ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ ਬੜੇ ਅਰਸੇ ਤੋਂ ਬਾਅਦ, ਮੁੱਦਤਾਂ ਤੋਂ ਬਾਅਦ ਪਹਿਲੀ ਵਾਰ ਅਜਿਹਾ ਹੋਇਆ ਹੈ ਕਿ ਪੰਜਾਬ ਤੇ ਹਰਿਆਣਾ ਬਰਾਬਰ ਖੜ੍ਹੇ ਹੋ ਗਏ ਹਨ।(ਥੰਪਿੰਗ) ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਉਨ੍ਹਾਂ ਦਾ ਟੋਟਲ ਬਜਟ 1,42,000 ਕਰੋੜ ਰੁਪਿਆ ਹੈ ਅਤੇ ਪੰਜਾਬ ਦਾ 1,54,000 ਕਰੋੜ ਹੈ।(ਥੰਪਿੰਗ) ਉਨ੍ਹਾਂ ਦਾ ਰੈਵੇਨਿਊ ਐਕਸਪੈਂਡੀਚਰ, ਖਰਚਾ 1,05,000 ਹਜ਼ਾਰ ਕਰੋੜ ਹੈ ਅਤੇ ਸਾਡਾ 95,000 ਕਰੋੜ ਹੈ। ਅਸੀਂ ਉਨ੍ਹਾਂ ਤੋਂ 10,000 ਕਰੋੜ ਰੁਪਏ ਖਰਚੇ ਆਪਣੇ ਘਟਾ ਲਏ ਹਨ।(ਥੰਪਿੰਗ) ਉਨ੍ਹਾਂ ਦਾ ਰੈਵੇਨਿਊ ਡੈਫੀਸਿਟ 15,000 ਕਰੋੜ ਰੁਪਏ ਹੈ ਅਤੇ ਸਾਡਾ 7,000 ਕਰੋੜ ਹੈ।(ਥੰਪਿੰਗ)

[ਵਿੱਤ ਮੰਤਰੀ]

ਸਪੀਕਰ ਸਾਹਿਬ, ਮੇਰਾ ਦਿਲ ਇਸ ਗੱਲ ਦੀ ਗਵਾਹੀ ਦੇਣ ਨੂੰ ਤਿਆਰ ਹੈ ਕਿ ਪੰਜਾਬੀ ਸੁੱਤਾ ਪਿਆ ਹੈ ਜੇ ਪੰਜਾਬੀ ਆਪਣੀ ਆਈ ਤੇ ਆ ਗਿਆ, ਜੇ ਪੰਜਾਬੀ ਖੁੰਦਕ ਵਿੱਚ ਆ ਗਿਆ ਤਾਂ ਇਹ ਹਰਿਆਣਾ ਕੀ, ਸਾਰੇ ਮੁਲਕ ਨੂੰ ਹੀ ਪਿੱਛੇ ਛੱਡ ਜਾਵੇਗਾ।(ਥੰਪਿੰਗ) ਪਰਮਾਤਮਾ ਹਿੰਮਤ ਦੇਵੇ, ਤਾਕਤ ਦੇਵੇ ਤਾਂ ਕਿ ਅਸੀਂ ਇਸ ਕਾਬਲ ਬਣ ਸਕੀਏ ਕਿ ਪੰਜਾਬ ਨੂੰ ਹਿੰਦੁਸਤਾਨ ਦੇ ਸਾਰੇ ਸੂਬਿਆਂ ਤੋਂ ਉੱਪਰ ਲੈ ਜਾਈਏ। ਸਪੀਕਰ ਸਾਹਿਬ, ਬੜੇ ਸਾਲਾਂ ਤੋਂ ਇਕ ਗੈਪ ਸੀ, ਆਲ ਇੰਡੀਆ ਦੀ ਜੀ.ਐਸ.ਡੀ.ਪੀ. ਗ੍ਰੋਥ ਤੋਂ ਪੰਜਾਬ 3% ਪਿੱਛੇ ਚਲਦਾ ਸੀ। ਮੇਰਾ ਇਹ ਖੁਸ਼ਨੁਮਾ ਫਰਜ਼ ਹੈ ਅਤੇ ਮੈਂ ਤੁਹਾਡੀ ਮਾਰਫਤ ਇਸ ਹਾਊਸ ਨੂੰ ਅਤੇ ਇਸ ਹਾਊਸ ਦੀ ਮਾਰਫਤ ਪੰਜਾਬ ਦੇ ਲੋਕਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਬੜੀ ਮੁੱਦਤ ਤੋਂ ਬਾਅਦ ਪੰਜਾਬ ਦਾ ਗ੍ਰੋਥ ਰੇਟ ਨੈਸ਼ਨਲ ਐਵਰੇਜ਼ ਤੋਂ ਉੱਤੇ ਚਲਾ ਗਿਆ ਹੈ।(ਥੰਪਿੰਗ)

ਸਪੀਕਰ ਸਾਹਿਬ, ਸਾਡੇ ਤੇ ਤੁਹਮਤ ਲਗਦੀ ਹੈ ਕਿ ਜਦੋਂ ਬਜਟ ਬਣਦਾ ਹੈ ਤਾਂ ਬਜਟ ਵਿੱਚ ਜਿਹੜੀਆਂ ਅਸੀਂ ਰਿਸੀਟਸ ਦਿਖਾਉਂਦੇ ਹਾਂ, ਇਹ ਸੈਂਟਰ ਤੋਂ ਆ ਰਹੀਆਂ ਹਨ, ਤੁਹਾਡਾ ਇਸ ਵਿੱਚ ਕੀ ਲੈਣ-ਦੇਣ ਹੈ? ਸਪੀਕਰ ਸਾਹਿਬ, ਮੈਂ ਆਪਣੇ ਬਜਟ ਵਿੱਚ ਵੀ ਮੈਨਸ਼ਨ ਕੀਤਾ ਹੈ ਕਿ ਜਿਹੜਾ ਸਾਡਾ ਸੈਂਟਰਲ ਟੈਕਸਿਜ਼ ਦਾ ਸ਼ੇਅਰ ਹੈ, ਉਸ ਵਿੱਚ ਅਸੀਂ ਥੋੜ੍ਹਾ ਜਿਹਾ ਇਜ਼ਾਫਾ ਕੀਤਾ ਹੈ ਪਰ ਸਪੀਕਰ ਸਾਹਿਬ, ਮੈਂ ਇਸ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਦਾ ਜਿਹੜਾ ਨੈਸ਼ਨਲ ਇਕਾਨਮੀ ਵਿੱਚ ਸ਼ੇਅਰ ਹੈ, ਉਹ 2.87% ਹੈ। ਟੋਟਲ ਇੰਡੀਆ ਦੀ ਇਕਾਨਮੀ ਵਿੱਚ 2.87% ਹੈ ਅਤੇ ਗੌਰਮਿੰਟ ਆਫ ਇੰਡੀਆ ਤੋਂ ਜਿਹੜਾ ਸਾਨੂੰ ਮਿਲ ਰਿਹਾ ਹੈ, ਅਸੀਂ ਲੇਟੈਸਟ ਫਾਈਨਾਂਸ ਕਮਿਸ਼ਨ ਦਾ ਧੰਨਵਾਦ ਕਰਦੇ ਹਾਂ, ਉਹ 1.78% ਹੈ। ਹਾਲੇ ਵੀ 1% ਜੋ ਸਾਡਾ ਹੱਕ ਬਣਦਾ ਹੈ, ਜੋ ਪੰਜਾਬ ਦੀ ਕੰਟਰੀਬਿਊਸ਼ਨ ਹੈ, ਜੋ ਸਾਨੂੰ ਮਿਲਣਾ ਚਾਹੀਦਾ ਹੈ, ਅਸੀਂ ਉਸ ਤੋਂ ਵੀ one percentage point, it will translate into almost 10,000 crores, ਸਪੀਕਰ ਸਾਹਿਬ, ਇਹ ਸਾਡਾ ਹੱਕ ਹੈ। ਹਿੰਦੁਸਤਾਨ ਦਾ ਕੰਸਟੀਚਿਊਸ਼ਨ ਕਹਿੰਦਾ ਹੈ ਕਿ ਇਹ ਪੰਜਾਬ ਦੇ ਹਿੱਸੇ ਦੀ ਬਣਦੀ ਰਕਮ ਹੈ then why would anybody deny us this money? ਸਾਡੇ ਤੇ ਤੁਹਮਤ ਕਿਉਂ ਲੱਗੇ? ਸਪੀਕਰ ਸਾਹਿਬ, ਗੌਰਮਿੰਟ ਆਫ ਇੰਡੀਆ ਜਿਹੜੇ ਟੈਕਸ ਇਕੱਠੇ ਕਰਦੀ ਹੈ, ਭਾਵੇ ਂ ਉਹ ਇਨਕਮ ਟੈਕਸ ਇਕੱਠਾ ਕਰਦੀ ਹੈ, ਭਾਵੇਂ ਕਸਟਮ ਇਕੱਠਾ ਕਰਦੀ ਹੈ, ਉਸ

ਵਿੱਚ ਸਟੇਟਾਂ ਦਾ ਸ਼ੇਅਰ ਹੈ। ਜੋ ਪੰਜਾਬ ਦੇ ਹਿੱਸੇ ਦਾ ਸ਼ੇਅਰ ਬਣਦਾ ਹੈ, ਹਾਲਾਂਕਿ ਉਸ ਤੋਂ 1% ਘੱਟ ਹੈ ਜੇ ਉਹ ਵੀ ਸਾਨੂੰ ਮਿਲਦਾ ਹੈ ਤਾਂ ਕਿਸੇ ਨੂੰ ਇਸ ਦੇ ਬਾਰੇ ਕੀ ਗਿਲਾ ਹੋ ਸਕਦਾ ਹੈ?

ਸਪੀਕਰ ਸਾਹਿਬ, ਜੀ.ਐਸ.ਟੀ. ਦਾ ਨਿਜ਼ਾਮ ਸਾਰੇ ਮੁਲਕ ਵਿਚ ਨਾਫਿਸ ਹੋਇਆ। Speaker Sahib, it was supposed to be a brilliant idea. ਇਹ ਹੋਣਾ ਚਾਹੀਦਾ ਸੀ। ਪੰਜਾਬ ਅੱਜ ਵੀ ਉਸ ਨੂੰ ਸਪੋਰਟ ਕਰਦਾ ਹੈ ਪਰ ਉਸ ਵੇਲੇ, ਜਿਸ ਵੇਲੇ ਜੀ.ਐਸ.ਟੀ. ਦੇ ਸਾਰੇ ਮਾਮਲਾਤ ਜਿਹੜੇ ਡਿਸਕਸ ਹੋ ਰਹੇ ਸੀ, ਉਸ ਦੇ ਵਿਚ 1/4, ਭਾਵ 24% ਟੋਟਲ ਪੰਜਾਬ ਦੇ ਟੈਕਸਿਜ਼ ਸੀ, ਉਸ ਵਿਚ ਪਰਚੇਜ਼ ਟੈਕਸ ਵੀ ਆ ਜਾਂਦਾ ਸੀ, ਆਈ.ਡੀ. ਫੀਸ ਵੀ ਆ ਜਾਂਦੀ ਸੀ, ਹੋਰ ਵੈਟ ਦੇ ਜਿਹੜੇ ਫੂਡ ਗਰੇਨ ਤੇ ਟੈਕਸ ਲਗਦੇ ਸੀ, ਉਹ ਵੀ ਆ ਜਾਂਦੇ ਸੀ, ਅਸੀਂ ਉਹ ਗੌਰਮਿੰਟ ਆਫ ਇੰਡੀਆ ਨੂੰ ਸਰੰਡਰ ਕਰ ਦਿੱਤੇ। ਮੈਂ ਕਹਿੰਦਾ ਹਾਂ ਕਿ ਜੇ ਕੋਈ ਹੋਰ ਬੰਦਾ ਹੁੰਦਾ, ਇਸ ਨੂੰ ਸਿਆਣਪ ਨਾਲ ਹੱਲ ਕਰਦਾ ਪਰ ਇਸ ਨੂੰ ਸਰੰਡਰ ਨਹੀਂ ਕਰਨਾ ਚਾਹੀਦਾ ਸੀ। I think it was a bad deal. ਕਿਸੇ ਸਟੇਟ ਦਾ 24% ਰੈਵੇਨਿਊ ਮਤਲਬ ਇੰਡੀਆ ਦੀ ਇੱਕ ਵੀ ਸਟੇਟ ਅਜਿਹੀ ਨਹੀਂ ਹੈ, ਮੈਂ ਹਲਫਨ ਕਹਿੰਦਾ ਹਾਂ ਕਿ ਇੰਡੀਆ ਦੀ ਇੱਕ ਵੀ ਅਜਿਹੀ ਸਟੇਟ ਨਹੀਂ ਹੈ ਜਿਸ ਦਾ 24% ਰੈਵੇਨਿਊ ਬੇਸ ਸੀ, ਉਹ subsume ਹੋ ਗਿਆ ਹੋਵੇ। ਠੀਕ ਹੈ ਕਿ ਪੰਜ ਸਾਲਾਂ ਵਾਸਤੇ ਸਾਨੂੰ ਉਸ ਦੀ ਕੰਪਨਸੇਸ਼ਨ ਮਿਲ ਰਹੀ ਹੈ ਪਰ ਫਿਰ ਪੰਜਾਂ ਸਾਲਾਂ ਬਾਅਦ ਉਸ ਦੀ ਕੰਪਨਸੇਸ਼ਨ ਆਉਣੀ ਬੰਦ ਹੋ ਜਾਵੇਗੀ। So, in that case Punjab was structurally damaged ਪਰ ਉਸ ਗੱਲ 'ਤੇ ਵੀ ਸਾਡੇ ਤੇ ਤੁਹਮਤ ਲਗਦੀ ਹੈ ਕਿ ਤੁਹਾਨੂੰ ਕੰਪਨਸੇਸ਼ਨ ਵੀ ਤਾਂ ਸੈਂਟਰ ਗੌਰਮਿੰਟ ਤੋਂ ਆ ਰਹੀ ਹੈ। ਸਪੀਕਰ ਸਾਹਿਬ, ਹੋਇਆ ਕੀ? ਅਕਾਊਟੈਂਟ ਜਨਰਲ, ਇੰਡੀਆ ਨੇ ਔਰ ਸਾਡੀਆਂ ਸਟੇਟਸ ਨੇ ਹੀ ਮੰਨ ਲਿਆ ਕਿ ਜਿਹੜੀ ਸਟੇਟਾਂ ਨੂੰ ਕੰਪਨਸੇਸ਼ਨ ਆਉਂਦੀ ਹੈ, ਉਹ ਅਕਾਊਟਿੰਗ ਪ੍ਰੈਕਟਿਸ ਹੈ ਅਤੇ ਸਟੇਟਸ ਉਸ ਨੂੰ own ਟੈਕਸ ਰੈਵੇਨਿਊ ਵਿਚ ਨਹੀਂ ਗਿਣ ਸਕਦੇ, ਉਸ ਨੂੰ ਤੁਸੀਂ ਸੈਂਟਰ ਦੀ ਗਰਾਂਟ-ਇਨ-ਏਡ ਵਿਚ ਲਗਾਉ। ਜਿਸ ਤੋਂ ਇਹ ਵੀ ਲਗਦਾ ਹੈ ਕਿ ਸਟੇਟ ਤਾਂ ਬਿਲਕੁਲ ਹੀ ਖਤਮ ਹੋ ਗਈ।

[ਵਿੱਤ ਮੰਤਰੀ]

ਸਪੀਕਰ ਸਾਹਿਬ, ਮੈਨੂੰ ਅੱਛਾ ਲਗਦਾ ਜੇ ਆਪੋਜ਼ੀਸ਼ਨ ਬੈਂਚਿਜ਼ ਤੋਂ ਇਸ ਗੱਲ ਦੀ ਵੀ ਕਲੈਰੀਫਿਕੇਸ਼ਨ ਆ ਜਾਂਦੀ ਕਿ 31,000 ਕਰੋੜ ਰੁਪਏ ਬਾਰੇ ਜੋ ਫੈਸਲਾ ਹੋਇਆ ਸੀ, ਉਹ ਇੰਨੀ ਜਲਦਬਾਜ਼ੀ ਵਿਚ ਕਿਉਂ ਹੋਇਆ? ਸਪੀਕਰ ਸਾਹਿਬ, ਮੈਨੂੰ ਲਗਦਾ ਹੈ ਕਿ I would term it as a body blow. ਜਿਵੇਂ ਕਿਸੇ ਸ਼ਿੱਪ ਦੇ ਵਿਚ ਤਾਰਪੀਡੋ ਲੱਗ ਜਾਂਦਾ ਹੈ, ਇਵੇਂ ਪੰਜਾਬ ਸੂਬਾ ਇਸ ਨਾਲ ਲੜਖੜਾ ਗਿਆ। ਸ਼੍ਰੀ ਅਮਨ ਅਰੋੜਾ ਜੀ ਇਹ ਗੱਲ ਕਹਿ ਰਹੇ ਸੀ ਕਿ ਸਾਡੇ ਫਿਗਰ ਮੈਚ ਨਹੀਂ ਕਰ ਰਹੇ ਅਤੇ ਡੈੱਟ ਬਹੁਤ ਜ਼ਿਆਦਾ ਹੋ ਗਿਆ but what will we do? ਇੱਕ ਦਿਨ ਵਿਚ ਤੁਹਾਡੇ ਖਾਤੇ ਵਿੱਚ ਜੇ ਕੋਈ 31,000 ਕਰੋੜ ਰੁਪਿਆ ਲਿਖ ਦੇਵੇ ਔਰ ਉਸ ਨੂੰ ਫਿਰ ਤੁਸੀਂ ਸਰਵਿਸ ਕਰਨਾ ਹੋਵੇ ਤਾਂ ਫਿਰ ਤੁਸੀਂ ਕਹੋ ਕਿ ਰੈਵੇਨਿਊ ਅਤੇ ਫਿਸਕਲ ਡੈਫੇਸਿਟ ਨੂੰ ਸਿੱਧੇ ਕਰਕੇ ਦਿਖਾਉ। ਸਪੀਕਰ ਸਾਹਿਬ, ਫਾਈਨਾਂਸ ਇਵੇਂ ਨਹੀਂ ਚਲਦਾ।

ਸਪੀਕਰ ਸਾਹਿਬ, I don't want to be repetitive, ਪਰ ਮੈਂ ਅੱਜ ਖੁਸ਼ੀ ਨਾਲ ਕਹਿ ਸਕਦਾ ਹਾਂ ਕਿ ਬੜੇ ਲੰਬੇ ਅਰਸੇ ਤੋਂ ਬਾਅਦ our fiscal deficit is within the norms. ਸਾਡੇ ਜਿਹੜੇ ਰੈਵੇਨਿਊ ਡੈਫੇਸਿਟ ਹਨ, ਉਹ 1.2% ਰਹਿ ਗਏ ਹਨ। ਸਪੀਕਰ ਸਾਹਿਬ, ਮੇਰੇ ਲਈ ਇਹ ਵੀ ਬੜੇ ਫਖ਼ਰ ਵਾਲਾ ਅਤੇ ਖੁਸ਼ਨੁਮਾ ਫਰਜ਼ ਹੈ ਕਿ ਟੋਟਲ ਬਜਟ ਦਾ 11% ਐਜੂਕੇਸ਼ਨ ਵਾਸਤੇ ਅਤੇ 10% ਹਿੱਸਾ ਐਗਰੀਕਲਚਰ ਵਾਸਤੇ ਰੱਖਿਆ ਹੈ। ਇੱਥੇ ਇਹ ਗੱਲ ਵੀ ਹੋਈ ਕਿ ਐਸ.ਸੀ/ਐਸ.ਟੀ. ਅਤੇ ਬੈਕਵਰਡ ਕਲਾਸਿਜ਼ ਵਾਸਤੇ ਬਜਟ ਘੱਟ ਰੱਖਿਆ ਹੈ। ਸਪੀਕਰ ਸਾਹਿਬ, ਪਿਛਲੇ ਸਾਲ ਟੋਟਲ 6280 ਕਰੋੜ ਰੁਪਿਆ ਐਸ.ਸੀਜ਼ ਵੈਲਫੇਅਰ ਵਾਸਤੇ ਰੱਖਿਆ ਗਿਆ ਸੀ ਅਤੇ ਐਤਕੀਂ ਇਹ ਰਕਮ 6800 ਕਰੋੜ ਰੁਪਿਆ ਹੈ, I think it is a significant jump. ਸਪੀਕਰ ਸਾਹਿਬ, ਕੁਝ ਮੈਂਬਰਜ਼ ਨੇ ਜਿਹੜੀਆਂ ਗੱਲਾਂ ਕਹੀਆਂ ਹਨ, I would first want to reply to that. ਸਪੀਕਰ ਸਾਹਿਬ, ਇਹ ਗੱਲ ਕਹੀ ਗਈ ਹੈ ਕਿ ਬਜਟ ਐਸਟੀਮੇਟਸ ਅਤੇ ਰਿਵਾਈਜ਼ਡ ਐਸਟੀਮੇਟਸ ਵਿਚ ਫਰਕ ਆ ਰਿਹਾ ਹੈ। ਸਾਡੇ ਇੱਕ ਮੈਂਬਰ ਸਾਹਿਬ ਨੇ ਗੱਲ ਕੀਤੀ ਹੈ ਕਿ ਵੈਟ ਵਿਚ ਕਮੀ ਆ ਗਈ ਹੈ। ਸਪੀਕਰ ਸਾਹਿਬ, ਵੈਟ ਦੇ ਵਿਚ ਵਾਕਿਆ ਹੀ ਕਮੀ ਆ ਗਈ ਹੈ ਔਰ ਇਹ 700-800 ਕਰੋੜ ਰੁਪਏ ਦੀ ਆ ਗਈ ਹੈ। ਉਸ ਦੀ ਵਜ੍ਹਾ ਇਹ ਹੈ ਕਿ ਬਜਟ ਹਫ਼ਤਾ ਕੁ ਪਹਿਲਾਂ ਪ੍ਰਿੰਟ ਵਿਚ ਚਲਾ ਜਾਂਦਾ ਹੈ, because you have to close the Budget. ਸੀ.ਐਮ. ਸਾਹਿਬ ਨੇ ਹੁਕਮ ਕੀਤਾ ਕਿ ਪੈਟਰੋਲ ਦੇ ਰੇਟ ਪੰਜ ਰੁਪਏ ਘਟਾ

ਦਿਉ ਅਤੇ ਡੀਜ਼ਲ ਦੇ ਰੇਟ ਵੀ ਘਟਾ ਦਿਉ because it is not fair ਕਿ ਪੰਜਾਬ ਦੇ ਲੋਕ should pay over and above. ਸੋ, ਉਹ ਪੈਟਰੋਲ ਅਤੇ ਡੀਜ਼ਲ ਵੈਟ ਦੇ ਵਿਚ ਆ ਜਾਂਦਾ ਹੈ। ਸਾਨੂੰ ਪਤਾ ਸੀ ਕਿ we will be taking a hit ਪਰ ਸਪੀਕਰ ਸਾਹਿਬ, ਇਹ ਫੇਅਰ ਨਹੀਂ ਹੈ ਕਿ ਜੇ ਕੋਈ ਬੰਦਾ ਪੰਜਾਬ ਵਿੱਚ ਪੈਦਾ ਹੋਇਆ ਹੈ, ਉਸ ਤੇ ਇੰਨਾ ਟੈਕਸ ਲਗਾ ਦੇਈਏ। ਸਪੀਕਰ ਸਾਹਿਬ, ਜਿਹੜੇ ਸੋਧੇ ਹੋਏ ਬਜਟ ਅਨੁਮਾਨ ਅਤੇ ਬਜਟ ਅਨੁਮਾਨ ਹੁੰਦੇ ਹਨ। ਸਪੀਕਰ ਸਾਹਿਬ, 2014-15 ਵਿਚ ਬਜਟ ਅਨੁਮਾਨਾਂ ਅਤੇ ਸੋਧੇ ਹੋਏ ਅਨੁਮਾਨਾਂ ਦਾ ਫਰਕ 11.2 ਫੀਸਦੀ ਸੀ, 2015-16 ਵਿਚ 7.2 ਫੀਸਦੀ ਅਤੇ 2016-17 ਵਿਚ 29.2% ਸੀ। These were the differences between budget estimates and revised estimates. ਸਪੀਕਰ ਸਾਹਿਬ, ਜਦੋਂ ਦੀ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਆਈ ਹੈ, ਪਹਿਲੇ ਸਾਲ ਵਿਚ ਇਹ ਡਿਫਰੈਂਸ 1.4 ਫੀਸਦੀ ਸੀ, ਅਗਲੇ ਸਾਲ 3.6% ਅਤੇ ਇਸ ਸਾਲ 2.3 ਫੀਸਦੀ ਹੈ। ਸਪੀਕਰ ਸਾਹਿਬ, ਮੈਂ ਇਕ ਮਿਸਾਲ ਦੇ ਤੌਰ ਤੇ ਕਹਿੰਦਾ ਹਾਂ, ਮੈਂ ਸਿਆਸੀ ਸ਼ੋਸ਼ਾਬਾਜ਼ੀ ਨਾਲ ਇਹ ਗੱਲਾਂ ਨਹੀਂ ਕਹਿਣਾ ਚਾਹੁੰਦਾ ਕਿ ਜਿਹੜਾ ਰੈਵੀਨਿਊ ਡੈਫਿਸਿਟ 2012-13 ਵਿਚ ਸੀ, ਉਹ ਬਜਟ ਐਸਟੀਮੇਟ ਨਾਲੋਂ 137 ਫੀਸਦੀ ਸੀ। ਸਪੀਕਰ ਸਾਹਿਬ, ਮਤਬਲ ਡਬਲ ਸੀ। ਉਸੇ ਤਰ੍ਹਾਂ 2013-14 ਵਿਚ 274 ਫੀਸਦੀ ਸੀ। ਇਸ ਕਿਸਮ ਦੀ ਅਕਾਊਂਟਿੰਗ ਵੀ ਇੱਥੇ ਚੱਲੀ ਹੈ। ਕਰਜ਼ ਬਾਰੇ ਗੱਲ ਕਹੀ ਗਈ ਹੈ this is just for the record. ਚਾਰ ਬਜਟ ਪੇਸ਼ ਹੋ ਚੁੱਕੇ ਹਨ ਅਤੇ ਇਨ੍ਹਾਂ ਚਾਰ ਬਜਟਾਂ ਵਿਚ ਜਿਹੜਾ ਪੰਜਾਬ ਸਰਕਾਰ ਨੇ ਕਰਜ਼ਾ ਲਿਆ ਹੈ this is well within the FRBM norms. ਇਹ 66 ਹਜ਼ਾਰ ਕਰੋੜ ਰੁਪਏ ਹੋਵੇਗਾ। ਚਾਰ ਸਾਲਾਂ ਵਿਚ 66 ਹਜ਼ਾਰ ਕਰੋੜ ਰੁਪਏ ਪਰ ਜਿਹੜੇ ਅਕਾਲੀ ਸਰਕਾਰ ਦੇ ਆਖਰੀ ਦੋ ਸਾਲ ਸਨ, ਸਪੀਕਰ ਸਾਹਿਬ, ਤੁਹਾਡੀ ਤਵੱਜੋ ਚਾਹੁੰਦਾ ਹਾਂ ਕਿ ਇਹ 70 ਹਜ਼ਾਰ ਕਰੋੜ ਰੁਪਏ ਸੀ। ਦੋ ਸਾਲਾਂ ਵਿਚ 70 ਹਜ਼ਾਰ ਕਰੋੜ ਰੁਪਏ ਅਤੇ ਚਾਰ ਸਾਲਾਂ ਵਿਚ 66 ਹਜ਼ਾਰ ਕਰੋੜ।(ਟਰੇਜ਼ਰੀ ਬੈਂਚਿੰਜ਼ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਸਪੀਕਰ ਸਾਹਿਬ, ਇਹ ਫਿਗਰਜ਼ ਕੰਪਟਰੋਲਰ ਆਡੀਟਰ ਜਨਰਲ ਦੀਆਂ ਹਨ। These are the public documents ਜਿਹੜੇ ਮੈਂ ਬੋਲ ਰਿਹਾ ਹਾਂ।

ਇਹ ਵੀ ਗੱਲ ਕਹੀ ਗਈ ਕਿ ਕੇਂਦਰ ਸਰਕਾਰ ਤੋਂ ਪੈਸੇ ਆ ਗਏ ਹਨ ਪਰ ਤੁਸੀਂ ਅੱਗੇ ਰਿਲੀਜ਼ ਨਹੀਂ ਕੀਤੇ, ਤੁਸੀਂ ਕਿਤੇ ਹੋਰ ਵਰਤ ਲਏ। ਸਪੀਕਰ ਸਾਹਿਬ,

[ਵਿੱਤ ਮੰਤਰੀ]
ਜਿਸ ਵੇਲੇ ਅਸੀਂ ਸਰਕਾਰ ਸੰਭਾਲੀ ਸੀ ਤਾਂ ਇਹ ਬੈਕਲਾਗ 2 ਹਜ਼ਾਰ ਕਰੋੜ ਰੁਪਏ ਸੀ। ਇਸ ਵੇਲੇ ਕੇਂਦਰ ਸਰਕਾਰ ਦੇ ਜਿਹੜੇ ਪੈਸੇ ਰਿਲੀਜ਼ ਕਰਨ ਵਾਲੇ ਟਰੈਜ਼ਰੀ ਵਿਚ ਪਏ ਹਨ, ਉਹ ਸਿਰਫ 800 ਕਰੋੜ ਰੁਪਏ ਹਨ। ਉਸੇ ਤਰ੍ਹਾਂ ਹੀ ਸਪੀਕਰ ਸਾਹਿਬ, ਇਹ ਵੀ ਕਿਹਾ ਗਿਆ ਕਿ ਡੀ.ਏ. ਵਗੈਰਾ ਪਤਾ ਨਹੀਂ ਮਿਲਣੇ ਹਨ ਜਾਂ ਨਹੀਂ। ਮੈਂ ਡੀ.ਏ. ਦੀ ਨੋਟੀਫਿਕੇਸ਼ਨ ਨਾਲ ਲੈ ਕੇ ਆਇਆ ਹਾਂ। ਉਸੇ ਤਰ੍ਹਾਂ ਰਿਟਾਇਰਮੈਂਟ ਦੀ ਉਮਰ 58 ਸਾਲ ਕਰਨ ਦੀ ਵੀ ਨੋਟੀਫਿਕੇਸ਼ਨ ਮੈਂ ਨਾਲ ਲੈ ਕੇ ਆਇਆ ਹਾਂ। ਸਪੀਕਰ ਸਾਹਿਬ, ਇੱਥੇ ਇਹ ਵੀ ਗੱਲ ਕਹੀ ਗਈ ਕਿ ਬਿਜਲੀ ਬੋਰਡ ਦੀ ਜਿਹੜੀ ਸਬਸਿਡੀ ਹੈ, ਉਹ ਇਨ੍ਹਾਂ ਨੇ ਨਹੀਂ ਦਿੱਤੀ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸ਼੍ਰੀ ਐਨ.ਕੇ.ਸ਼ਰਮਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਤੁਸੀਂ ਬਾਅਦ ਵਿਚ ਕਲੈਰੀਫਿਕੇਸ਼ਨ ਲੈ ਲੈਣਾ, ਤੁਸੀਂ ਪੁਆਇੰਟ ਨੋਟ ਕਰ ਲਓ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਚੇਅਰ ਨੂੰ ਸ਼੍ਰੀ ਐਨ.ਕੇ.ਸ਼ਰਮਾ ਨੂੰ ਬੋਲਣ ਦੀ ਇਜਾਜ਼ਤ ਦੇਣ ਲਈ ਕਹਿ ਰਹੇ ਸਨ, ਜਿਸ ਕਾਰਨ ਸਦਨ ਵਿਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ:** ਤੁਹਾਨੂੰ ਕਿਸੇ ਨੇ ਇੰਟਰੱਪਟ ਨਹੀਂ ਕੀਤਾ। ਜਦੋਂ ਤੁਸੀਂ ਬੋਲ ਰਹੇ ਸੀ, ਤੁਹਾਨੂੰ ਕਿਸੇ ਨੇ ਇੰਟਰਪਟ ਨਹੀਂ ਕੀਤਾ। ਹੁਣ ਇੰਟਰੱਪਟ ਨਾ ਕਰੋ। (ਵਿਘਨ....ਸ਼ੋਰ)

**ਸ਼੍ਰੀ ਐਨ.ਕੇ.ਸ਼ਰਮਾ :** ਸਪੀਕਰ ਸਾਹਿਬ, ਬੱਸ ਇਕ ਕਲੈਰੀਫਿਕੇਸ਼ਨ ਚਾਹੀਦੀ ਹੈ।

**ਮਾਨਯੋਗ ਸਪੀਕਰ :** ਲੈ ਲੈਣਾ ਕਲੈਰੀਫਿਕੇਸ਼ਨ, ਹੁਣ ਬਹਿ ਜਾਓ। ਬਾਅਦ ਵਿਚ ਲੈ ਲੈਣਾ। ਸ਼ਰਮਾ ਜੀ, ਪਲੀਜ਼ ਬੈਠ ਜਾਓ। ਮੈਂ ਤੁਹਾਨੂੰ ਕਲੈਰੀਫਿਕੇਸ਼ਨ ਦੇਵਾਂਗਾ। ਕਲੈਰੀਫਿਕੇਸ਼ਨ ਦਿਵਾਵਾਂਗੇ, ਸ਼ਰਮਾ ਜੀ, ਜ਼ਰੂਰ ਦਿਵਾਵਾਂਗੇ, ਪਲੀਜ਼ ਬੈਠ ਜਾਓ। Believe me, ਦੁਆਵਾਂਗੇ। ਵਿਸ਼ਵਾਸ ਕਰ ਲਓ। (ਵਿਘਨ, ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਮਾਨਯੋਗ ਸਪੀਕਰ ਸਾਹਿਬ ਨੂੰ ਸ਼੍ਰੀ ਐਨ.ਕੇ.ਸ਼ਰਮਾ ਨੂੰ ਬੋਲਣ ਦੀ ਇਜਾਜ਼ਤ ਦੇਣ ਲਈ ਕਹਿ ਰਹੇ ਸਨ। ਜਿਸ ਕਾਰਨ ਸਦਨ ਵਿਚ ਕਾਫੀ ਜ਼ਿਆਦਾ ਸ਼ੋਰ ਸੀ।)

**ਮਾਨਯੋਗ ਸਪੀਕਰ :** ਦੱਸੋ ਕੀ ਕਹਿਣਾ ਹੈ।

**ਸ਼੍ਰੀ ਐਨ.ਕੇ.ਸ਼ਰਮਾ:** ਸਪੀਕਰ ਸਾਹਿਬ, ਵਿੱਤ ਮੰਤਰੀ ਜੀ ਨੇ ਡੀ.ਏ. ਦੀ ਗੱਲ ਕੀਤੀ ਹੈ। ਮੈਂ ਤਾਂ ਸਿਰਫ ਇੰਨੀ ਬੇਨਤੀ ਕਰਦਾ ਹਾਂ ਕਿ ਜਿਹੜਾ 28 ਫੀਸਦੀ ਡੀ.ਏ. ਡਿਊ ਹੋ ਗਿਆ ਹੈ, ਕੀ ਉਹ ਆਪਾਂ ਕਲੀਅਰ ਕਰ ਰਹੇ ਹਾਂ ਜਾਂ ਨਹੀਂ? 5500 ਕਰੋੜ ਰੁਪਏ ਦੀ ਗੱਲ ਹੈ। ਇਹ ਇੱਕੋ ਕਿਸ਼ਤ ਦੇ ਰਹੇ ਹਨ ਜਾਂ ਸਾਰਾ ਦੇ ਰਹੇ ਹਨ, ਦੇਣਾ ਕਿ ਨਹੀਂ ਦੇਣਾ, ਇਹ ਦੱਸ ਦਿਓ ਅਤੇ ਫਿੱਗਰ ਕਲੀਅਰ ਕਰ ਦਿਓ।

**ਮਾਨਯੋਗ ਸਪੀਕਰ :** ਸ਼ਰਮਾ ਜੀ, ਬੈਠ ਜਾਓ। (ਵਿਘਨ)

**ਸ਼੍ਰੀ ਅਮਨ ਅਰੋੜਾ :** ਸਪੀਕਰ ਸਾਹਿਬ....

**ਮਾਨਯੋਗ ਸਪੀਕਰ :** ਅਰੋੜਾ ਜੀ, ਤੁਸੀਂ ਵੀ ਬੈਠ ਜਾਓ।

**ਵਿੱਤ ਮੰਤਰੀ :** ਅਰੋੜਾ ਜੀ, ਇੱਕ ਮਿੰਟ ਮੇਰੀ ਗੱਲ ਸੁਣ ਲਓ। ਚੰਗੀ ਨਾ ਲੱਗੇ ਫਿਰ ਉੱਠ ਖੜ੍ਹੇ ਹੋਣਾ। ਤੁਸੀਂ ਸਾਰੇ ਆਪੋਜ਼ੀਸ਼ਨ ਦੇ ਮੈਂਬਰ ਬੋਲੇ ਹੋ, ਤੁਸੀਂ ਸਿਆਹ-ਸਫੈਦ ਜੋ ਵੀ ਬੋਲਿਆ, ਚੰਗਾ ਬੋਲਿਆ, ਮਾੜਾ ਬੋਲਿਆ, ਸਰਕਾਰ ਦੀ ਤਨਕੀਦ ਕੀਤੀ, ਮੈਂ ਕਦੇ ਉੱਠਿਆ ਹਾਂ। ਮਰਦ ਉਹ ਹੁੰਦਾ ਹੈ ਜਿਹੜਾ ਸੁਣ ਸਕੇ। (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ ਅਤੇ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਇੰਨੀ ਪੈਟੀ ਪਾਲਿਟਕਸ? ਅਸੀਂ ਕਲੈਰੀਫਿਕੇਸ਼ਨ ਦੇ ਦਿਆਂਗੇ। ਸਪੀਕਰ ਸਾਹਿਬ, ਮੈਂ ਫਿਰ ਕਹਾਂਗਾ ਕਿ ਪਿਛਲੀ ਸਰਕਾਰ ਬਿਜਲੀ ਬੋਰਡ ਦੀ ਜਿਹੜੀ 4500 ਕਰੋੜ ਰੁਪਿਆ ਸਬਸਿਡੀ ਛੱਡ ਕੇ ਗਈ ਸੀ, ਅਸੀਂ ਨਾ ਸਿਰਫ ਇਹ ਸਾਰੀ ਸਬਸਿਡੀ ਪਿਛਲੇ ਸਾਲ ਦਿੱਤੀ ਸਗੋਂ ਇਸ ਸਾਲ ਵੀ ਦਿਆਂਗੇ। ਜਿਹੜੀ ਕੈਰੀ ਫਾਰਵਰਡ ਬਿਜਲੀ ਦੀ ਸਬਸਿਡੀ ਹੈ, ਉਹ 4500 ਕਰੋੜ ਰੁਪਏ ਤੋਂ ਘਟਾ ਕੇ ਅਸੀਂ ਢਾਈ ਸੌ ਕਰੋੜ ਰੁਪਏ ਤੇ ਲੈ ਗਏ ਹਾਂ। ਸਪੀਕਰ ਸਾਹਿਬ, ਇਨ੍ਹਾਂ ਨੇ ਇਹ ਵੀ ਗੱਲ ਕਹੀ ਸੀ ਕਿ ਬਾਬਾ ਨਾਨਕ ਜੀ ਦੇ ਪ੍ਰਕਾਸ਼ ਉਤਸਵ ਤੇ ਪਤਾ ਨਹੀਂ ਘੱਟ ਫੰਡ ਰੱਖ ਦਿੱਤਾ ਜਾਂ ਵੱਧ ਰੱਖ ਦਿੱਤਾ। ਸਪੀਕਰ ਸਾਹਿਬ, ਸਾਰਾ ਪੰਜਾਬ ਗਵਾਹ ਹੈ ਕਿ ਜਿੰਨੀ ਸ਼ਿੱਦਤ ਨਾਲ ਤੇ ਜਿੰਨੀ ਸ਼ਾਨੋ-ਸ਼ੌਕਤ ਨਾਲ ਬਾਬਾ ਨਾਨਕ ਜੀ ਦਾ ਸਰਕਾਰ ਵੱਲੋਂ 550ਵਾਂ ਪ੍ਰਕਾਸ਼ ਉਤਸਵ ਮਨਾਇਆ ਗਿਆ, ਉਸ ਬਾਰੇ ਕਿਸੇ ਨੂੰ ਕੋਈ ਸ਼ੱਕ-ਸ਼ੂਬ੍ਹਾ ਨਹੀਂ ਹੈ। (ਥੰਪਿੰਗ) ਸਪੀਕਰ ਸਾਹਿਬ, ਸ਼੍ਰੀ ਅਮਨ ਅਰੋੜਾ ਨੇ ਬੜੀ ਵਧੀਆ ਗੱਲ ਕੀਤੀ ਹੈ, I think he was the only guy who caught on to this in the entire Assembly. ਇਨ੍ਹਾਂ ਨੇ ਕਿਹਾ ਹੈ ਕਿ ਜਿਹੜੇ ਅਗਲੇ ਚਾਰ ਸਾਲ ਦੇ ਸਾਰੇ

[ਵਿੱਤ ਮੰਤਰੀ]

receipts forecast ਕੀਤੇ ਗਏ ਹਨ, ਉਸ ਨਾਲ ਤੁਹਾਡੇ ਅਗਲੇ ਸਾਲ ਦੇ ਘਾਟੇ ਵੱਧ ਜਾਣਗੇ, ਡੈਫੀਸਿਟ ਵੱਧ ਜਾਣਗੇ, ਖਸਾਰੇ ਵਧ ਜਾਣਗੇ। ਸਪੀਕਰ ਸਾਹਿਬ, ਜਿਹੜੇ ਅਗਲੇ ਚਾਰ ਸਾਲ ਦੇ ਅੰਕੜੇ 15ਵੀਂ ਫਾਈਨਾਂਸ ਕਮਿਸ਼ਨ ਨੂੰ ਪੇਸ਼ ਕੀਤੇ ਗਏ ਹਨ, ਇਹ ਮੈਂ ਬਦਲ ਸਕਦਾ ਸੀ ਪਰ ਮੈਂ ਇਹ ਇਸ ਕਰਕੇ ਨਹੀਂ ਬਦਲੇ ਕਿਉਂਕਿ 15ਵੀਂ ਫਾਇਨਾਂਸ ਕਮਿਸ਼ਨ ਦੀ ਫਾਈਨਲ ਰਿਪੋਰਟ ਨਹੀਂ ਆਈ। ਫਾਈਨਲ ਰਿਪੋਰਟ ਅਗਲੇ ਚਾਰ ਸਾਲਾਂ ਦੀ ਆਉਣੀ ਚਾਹੀਦੀ ਸੀ ਪਰ ਉਨ੍ਹਾਂ ਨੇ ਇੱਕ ਸਾਲ ਦੀ ਦਿੱਤੀ ਹੈ। ਜੇ ਮੈਂ ਦਰਮਿਆਨ ਵਿੱਚ ਬਦਲਦਾ ਹਾਂ ਤਾਂ ਉਨ੍ਹਾਂ ਦਾ ਫੈਸਲਾ ਵੀ ਦਰਮਿਆਨ ਵਿੱਚ ਬਦਲ ਸਕਦਾ ਹੈ। So , I will leave it, you know the way it is but I don't think so that these would be the real forecast. ਦੂਜੀ ਗੱਲ, ਸਪੀਕਰ ਸਾਹਿਬ ਇਹ ਵੀ ਸੀ ਕਿ ਇਹ ਜਦੋਂ ਮੈਂਬਰ ਸਾਹਿਬ ਕਹਿ ਰਹੇ ਸੀ ਕਿ ਅਗਲੇ ਸਾਲ ਅਤੇ ਉਸ ਤੋਂ ਅਗਲੇ ਸਾਲ ਜਿਹੜੇ ਤੁਸੀਂ ਫੋਰਕਾਸਟ ਕੀਤੇ ਹਨ, ਉਸ ਦੇ ਵਿੱਚ ਤਾਂ ਇਨਕਮ ਦਾ ਕੋਈ ਜ਼ਿਆਦਾ ਇਜ਼ਾਫਾ ਨਹੀਂ ਹੋਵੇਗਾ। I have taken into account that in the year 2022 ਆਪਣੀ compensation ਖਤਮ ਹੋ ਜਾਏਗੀ। ਸੋ, I have to reflect that as well.

ਇਸੇ ਤਰ੍ਹਾਂ ਹੀ ਸਪੀਕਰ ਸਾਹਿਬ, ਮੁਖਤਲਿਫ ਮੈਂਬਰਾਨ ਨੇ ਜਿਹੜੀਆਂ ਗੱਲਾਂ ਵਾਰੀ-ਵਾਰੀ ਕਹੀਆਂ, ਹਨ, I will address that. ਰਾਣਾ ਸਾਹਿਬ ਮੇਰੇ ਬੜੇ ਕਾਬਲ ਦੋਸਤ ਹਨ, ਇਨ੍ਹਾਂ ਦੀ memory ਵੀ ਬੜੀ ਚੰਗੀ ਹੈ। ਇਹ ਬੜੀ ਰਵਾਨਗੀ ਨਾਲ ਗੁਫਤਗੂ ਕਰਦੇ ਹਨ। He has travelled widely. ਵੈਸਟਨ ਕਲਚਰ ਤੋਂ ਵੀ ਇਹ ਆਸ਼ਨਾ ਹਨ and he is a man of ideas. ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਖਾਸ ਕਰਕੇ ਐਗਰੀਕਲਚਰ, ਡਾਇਵਰਸੀਫਿਕੇਸ਼ਨ ਅਤੇ ਪਾਣੀ ਉੱਤੇ ਜਿਹੜੇ ਪੁਆਇੰਟਸ ਹਨ, ਇਹ ਮੈਂ ਨੋਟ ਕਰ ਲਏ ਹਨ। ਬਜਟ ਤੋਂ ਬਾਅਦ ਇਨ੍ਹਾਂ ਨਾਲ ਬੈਠ ਕੇ ਕਿਵੇਂ ਨਾ ਕਿਵੇਂ, ਕੋਈ ਨਾ ਕੋਈ ਅਮਲੀ ਜਾਮਾ ਪਾਉਣ ਦੀ ਕੋਸ਼ਿਸ਼ ਕਰਾਂਗਾ। ਲੀਡਰ ਆਫ ਦਿ ਆਪੋਜ਼ੀਸ਼ਨ ਨੇ ਫੁਰਮਾਇਆ ਹੈ ਕਿ ਜਿਹੜੇ ਕੁਮਿਟਿਡ ਐਕਸਪੈਂਸਿਜ਼ ਹਨ ਇਹ ਤਕਰੀਬਨ 82% ਹੈ ਅਤੇ ਸਿਰਫ 18% ਹੀ ਬਾਕੀ ਰਹਿ ਜਾਂਦਾ ਹੈ। 1 ਰੁਪਏ ਵਿੱਚੋਂ ਸਿਰਫ 18 ਪੈਸੇ ਹੀ ਡਿਵੈਲਪਮੈਂਟ ਵਾਸਤੇ ਖਰਚਣੇ ਹੈ, ਇਹ ਗੱਲ ਸਹੀ ਹੈ। 2014-15 ਵਿੱਚ ਕੁਮਿਟਿਡ ਐਕਸਪੈਂਸਿਜ਼ 91.52%, 2015-16 ਵਿੱਚ 91.91%, ਲਗਭਗ 92%, ਸਿਰਫ 8 ਪੈਸੇ ਬਚਦੇ ਸਨ। 2016-17 ਵਿੱਚ 87% ਰਹਿ ਗਿਆ, 2017-18 ਵਿੱਚ

ਫਿਰ 91% ਹੋ ਗਿਆ ਕਿਉਂਕਿ ਇੱਕੋ ਦਮ 31 ਹਜ਼ਾਰ ਰੁਪਏ ਆ ਗਿਆ। 2018-19 ਵਿੱਚ ਇਹ 81% ਰਹਿ ਗਿਆ। ਜਿਹੜਾ ਹੁਣ ਇਹ ਰਵਾਂ ਸਾਲ ਹੈ, ਇਸ ਰਵਾਂ ਸਾਲ ਵਿੱਚ ਕੁਮਿਟਿਡ ਐਕਸਪੈਂਸਿਜ਼ 72% ਰਹਿ ਜਾਵੇਗਾ। (ਥੰਪਿੰਗ) ਕੁਮਿਟਿਡ ਐਕਸਪੈਂਸਿਜ਼ ਦਾ ਮਤਲਬ ਸੈਲਰੀ, ਪੈਨਸ਼ਨ ਅਤੇ ਇੰਟਰੱਸਟ। ਜਿਹੜਾ ਬਜਟ ਤੁਹਾਡੇ ਸਾਹਮਣੇ ਪੜ੍ਹਿਆ ਹੈ, ਇਸ ਵਿੱਚ ਸਾਡੇ ਕੁਮਿਟਿਡ ਐਕਸਪੈਂਸਿਜ਼ 67% ਹਨ। ਸੋ, ਇਹ ਪੰਜਾਬ ਮਜ਼ਬੂਤ ਬੁਨਿਆਦਾਂ ਤੇ ਖੜ੍ਹਾ ਹੋ ਜਾਵੇਗਾ ਕਿਉਂਕਿ ਹਰ 100/-ਰੁਪਏ ਵਿੱਚੋਂ 33/- ਰੁਪਏ ਡਿਵੈਲਪਮੈਂਟ ਵਾਸਤੇ, ਕੈਪੀਟਲ ਐਕਸਪੈਂਡੀਚਰ ਵਾਸਤੇ ਹੋਵੇਗਾ। (ਥੰਪਿੰਗ) ਕਰਜ਼ਾ ਵੀ ਦੇ ਦਿਆਂਗੇ, ਤਨਖਾਹ ਵੀ ਦੇ ਦਿਆਂਗੇ ਅਤੇ ਪੈਨਸ਼ਨ ਵੀ ਦੇ ਦਿਆਂਗੇ। ਸਪੀਕਰ ਸਾਹਿਬ, 67% ਇਸ ਲਈ ਹੈ ਕਿਉਂਕਿ ਇਹ ਦੋ ਸਾਲ ਦਾ ਇੱਕਮੁਸ਼ਤ ਇੰਪਲਾਈਜ਼ ਦੀ ਮੁੱਦਤ ਮੁਲਾਜ਼ਮਤ ਹੈ, ਇਸ ਵਾਸਤੇ ਇੱਕੋ ਦਮ ਪੈਨਸ਼ਨ ਦੀ ਲਾਇਬਲਿਟੀ ਵੀ ਬਹੁਤ ਜ਼ਿਆਦਾ ਵੱਧ ਗਈ ਹੈ।

ਸਪੀਕਰ ਸਾਹਿਬ, ਉਰਦੂ ਦਾ ਇੱਕ ਲਫਜ਼ ਹੈ, ਖੁਸ਼ਅਕਲ ਅਤੇ ਇੱਕ ਲਫਜ਼ ਹੈ, ਖੁਸ਼ਸ਼ਕਲ। ਬਹੁਤ ਹੀ ਘੱਟ ਬੰਦੇ ਹੁੰਦੇ ਹਨ ਜਿਹੜੇ ਖੁਸ਼ਅਕਲ ਵੀ ਹੋਣ ਅਤੇ ਖੁਸ਼ਸ਼ਕਲ ਵੀ ਹੋਣ। ਰਾਜਾ ਵੜਿੰਗ ਉਨ੍ਹਾਂ ਵਿੱਚੋਂ ਹੈ। ਉਨ੍ਹਾਂ ਨੇ ਬੜੀ ਅੱਛੀ ਤਕਰੀਰ ਕੀਤੀ ਹੈ। ਹੁਣ ਵੀ ਮੈਨੂੰ ਕੰਨ ਵਿੱਚ ਕੁਝ ਕਹਿ ਕੇ ਗਏ ਹਨ। ਇਹ ਕਹਿ ਰਹੇ ਸਨ ਕਿ ਤੁਸੀਂ ਜਿਹੜਾ ਮੰਡੀ ਫੀਸ ਤੇ ਆਰ.ਡੀ.ਐਫ. 4% ਤੋਂ ਘਟਾ ਕੇ 1% ਕੀਤਾ ਹੈ, ਇਸ ਨੂੰ ਜ਼ੀਰੋ ਕਰ ਦਿੰਦੇ। ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਖਿਦਮਤ ਵਿੱਚ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਦਰਅਸਲ ਮੰਡੀਆਂ ਵਿੱਚ ਜਿਹੜਾ ਸਰਕਾਰ ਦਾ ਟੈਕਸ ਹੈ, ਇਹ ਚੋਰੀ ਹੋ ਜਾਂਦਾ ਹੈ। ਮੈਂ ਇਹ ਵੀ ਕਹਿੰਦਾ ਹਾਂ ਕਿ ਇਹ ਰਲ-ਮਿਲ ਕੇ ਹੁੰਦਾ ਹੈ। 1% ਦਾ ਮਤਲਬ ਹੈ ਕਿ 1% ਦੇਣ ਵਿੱਚ ਕਿਸੇ ਨੂੰ ਇਤਰਾਜ਼ ਨਹੀਂ ਹੈ, ਕੰਮ ਪੱਕੇ ਵਿੱਚ ਹੋ ਜਾਵੇਗਾ। (ਥੰਪਿੰਗ) ਹਰਿਆਣਾ ਵਿੱਚ 1% ਹੈ। ਜਿਹੜੀ ਸਬਜ਼ੀ ਬਠਿੰਡੇ ਆਉਂਦੀ ਹੈ, ਉਹ ਪਹਿਲਾਂ ਡੱਬਵਾਲੀ ਦਿਖਾ ਦਿੰਦੇ ਹਨ ਅਤੇ ਫੇਰ 1% ਟੈਕਸ ਦੇ ਕੇ ਬਠਿੰਡੇ ਲੈ ਆਉਂਦੇ ਹਨ। ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਇਹ 40-50 ਕਰੋੜ ਦਾ ਨੁਕਸਾਨ ਹੋਵੇਗਾ ਪਰ ਇਸ ਵਿੱਚ ਆਪਣਾ ਕੋਈ ਲੌਸ ਨਹੀਂ ਹੋਵੇਗਾ। ਇਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਝੋਨਾ/ਕਣਕ ਵਿੱਚ ਜਿਹੜੀ 4 ਫੀਸਦੀ ਫੀਸ ਲਾਉਂਦੇ ਹੋ, ਇਹ ਵੀ ਜ਼ੀਰੋ ਕਰ ਦਿਉ। ਇਹ ਗੌਰਮਿੰਟ ਆਫ ਇੰਡੀਆ ਦਿੰਦੀ ਹੈ ਅਤੇ ਆਪਣੇ ਕਿਸਾਨ ਤੇ ਕੋਈ ਬੋਝ ਨਹੀਂ ਪੈਂਦਾ।

ਸਪੀਕਰ ਸਾਹਿਬ, ਜੈਤੋ ਦੇ ਸਰਦਾਰ ਬਲਦੇਵ ਸਿੰਘ ਇੱਥੋਂ ਬੋਲ ਕੇ ਚਲੇ ਗਏ ਹਨ, ਉਨ੍ਹਾਂ ਨੇ ਆਪਣੀ ਬਜਟ ਸਪੀਚ ਵਿੱਚ ਕਿਹਾ ਸੀ ਕਿ ਮੇਰੇ ਹਲਕੇ ਵਿੱਚ, ਮੇਰੇ ਸ਼ਹਿਰ ਵਿੱਚ ਇੱਕ ਆਰ.ਯੂ.ਬੀ. ਦੀ ਜ਼ਰੂਰਤ ਹੈ। ਸਪੀਕਰ ਸਾਹਿਬ, we will be taking up RUB in his constituency. ਕਾਸ਼ ਮੈਨੂੰ ਮਿਲ ਲੈਂਦੇ, ਜੇ ਪਹਿਲਾਂ ਮਿਲ ਲੈਂਦੇ ਤਾਂ ਮੈਂ ਬਜਟ ਵਿੱਚ ਹੀ ਦਰਜ ਕਰ ਦਿੰਦਾ ਪਰ ਮੈਂ ਹੁਣ ਰਿਵਾਈਜ਼ਡ ਪਾ ਦੇਵਾਂਗਾ।

ਸਪੀਕਰ ਸਾਹਿਬ, ਇੱਕ ਮੈਂਬਰ ਨੇ ਸ਼ਾਇਦ ਇਹ ਵੀ ਕਿਹਾ ਹੈ ਕਿ ਐਫ.ਐਮ. ਬਜਟ ਸਪੀਚ ਇਵੇਂ ਕਰ ਰਿਹਾ ਸੀ, ਜਿਵੇਂ ਅੰਨ੍ਹਾ ਰਿਉੜੀਆਂ ਵੰਡਦਾ ਹੈ ਤੇ ਆਪਣਿਆਂ ਨੂੰ ਮੁੜ ਮੁੜ ਕੇ ਦਿੰਦਾ ਹੈ। ਸਪੀਕਰ ਸਾਹਿਬ, ਮੈਂ ਫਿਰ ਕਹਿੰਦਾ ਹਾਂ ਕੋਈ ਵੀ ਆਪੋਜ਼ੀਸ਼ਨ ਦੇ ਮੈਂਬਰ ਦੇ ਆਪਣੇ ਹਲਕੇ ਦੇ ਕੋਈ ਵੀ ਮਸਲੇ ਹਨ, ਹਲਕੇ ਪੰਜਾਬ ਦੇ ਹਨ, ਆਪਣੀਆਂ ਸਿਆਸੀ ਪਾਰਟੀਆਂ ਅੱਡ ਅੱਡ ਹੋ ਸਕਦੀਆਂ ਹਨ but we don't cut our nose to spite our face ਸਾਡਾ ਇੱਕੋ ਹੀ ਮੁਲਕ ਹੈ। ਸਪੀਕਰ ਸਾਹਿਬ, ਸਾਡੀਆਂ ਇੱਕ-ਦੂਜੇ ਨਾਲ ਰਿਸ਼ਤੇਦਾਰੀਆਂ ਹਨ, ਰਵਾਂਦਾਰੀਆਂ ਹਨ। ਇੱਕ ਮਰਤਬਾ ਇਹ ਸਾਰੇ ਮੈਂਬਰ ਮੇਰੇ ਕੋਲ ਆਏ ਸਨ। ਇਨ੍ਹਾਂ ਨੇ ਕਿਹਾ ਸੀ ਕਿ ਸਾਡੀਆਂ ਗੱਡੀਆਂ ਪੁਰਾਣੀਆਂ ਹੋ ਗਈਆਂ ਹਨ, ਗੱਡੀਆਂ ਨਵੀਆਂ ਦੇ ਦਿਉ। ਮੈਂ ਵਿਧਾਨ ਸਭਾ ਵਿੱਚ ਸਿਰਫ 17 ਗੱਡੀਆਂ ਸੈਂਕਸ਼ਨ ਕੀਤੀਆਂ ਅਤੇ ਸਾਰੀਆਂ ਆਪੋਜ਼ੀਸ਼ਨ ਦੀਆਂ ਸਨ। (ਸ਼ੋਰ)

ਸਪੀਕਰ ਸਾਹਿਬ, ਮੇਰਾ ਇਹ ਖੁਸ਼ਨੁਮਾ ਫਰਜ਼ ਹੈ ਅਤੇ ਇਸ ਬਜਟ ਵਿੱਚ ਅਨੰਦਪੁਰ ਸਾਹਿਬ ਲਈ ਪ੍ਰਬੰਧ ਕੀਤਾ ਗਿਆ ਹੈ। ਇੱਕ ਤਾਂ ਇਹ ਜਨਾਬ ਦਾ ਹਲਕਾ ਹੈ ਅਤੇ ਦੂਜੀ ਗੱਲ, ਜਦੋਂ ਵੀ ਅਨੰਦਪੁਰ ਸਾਹਿਬ ਮੇਲਾ ਲੱਗਦਾ ਹੈ, ਸਾਰਾ ਸ਼ਹਿਰ ਹੀ ਚੋਕ ਹੋ ਜਾਂਦਾ ਹੈ ਔਰ ਜਿਹੜਾ ਥਰੂ ਟ੍ਰੈਫਿਕ ਹੁੰਦਾ ਹੈ ਉਹ ਵੀ ਉਸ ਵਿੱਚ ਫਸ ਜਾਂਦਾ ਹੈ। ਸਪੀਕਰ ਸਾਹਿਬ, ਸਰਕਾਰ ਨੇ ਫੈਸਲਾ ਕੀਤਾ ਹੈ ਕਿ ਅਨੰਦਪੁਰ ਸਾਹਿਬ ਦਾ ਨਵਾਂ ਬਾਈਪਾਸ ਨਿਕਲੇਗਾ ਤਾਂ ਕਿ ਜਿਹੜੇ ਸ਼ਹਿਰ ਦੇ ਲੋਕ ਹਨ ਔਰ ਸ਼ਹਿਰ ਦਾ ਜਿਹੜਾ ਨਿਜ਼ਾਮ ਹੈ, ਉਹ ਮੇਲਿਆਂ ਵਿੱਚ ਮੁਤਾਸਿਰ ਨਾ ਹੋਵੇ। ਆਪਣੇ ਲੋਕਾਂ ਦੀ ਆਸਥਾ ਤੇ ਆਪਣਾ ਅਕੀਦਾ ਇਸ ਸ਼ਹਿਰ ਨਾਲ ਜੁੜਿਆ ਹੋਇਆ ਹੈ, ਇਸ ਲਈ ਅਨੰਦਪੁਰ ਸਾਹਿਬ ਡਿਵੈਲਪਮੈਂਟ ਅਥਾਰਿਟੀ ਲਈ 20 ਕਰੋੜ ਰੁਪਏ ਸਰਕਾਰ ਨੇ ਰੱਖਣ ਦਾ ਫੈਸਲਾ ਕੀਤਾ ਹੈ।

**ਮਾਨਯੋਗ ਸਪੀਕਰ:** 400 ਸਾਲਾ ਆ ਰਿਹਾ ਹੈ, ਸੀ.ਐਮ. ਸਾਹਿਬ ਬੈਠੇ ਹਨ, ਰਿੰਗ ਰੋਡ ਦੀ ਬੜੀ ਜ਼ਰੂਰਤ ਹੈ।

**ਵਿੱਤ ਮੰਤਰੀ:** ਸਰ, ਮੈਂ ਬਾਈਪਾਸ ਦੀ ਗੱਲ ਕੀਤੀ ਹੈ।

**ਮਾਨਯੋਗ ਸਪੀਕਰ:** ਨਹੀਂ, ਬਾਈਪਾਸ ਹੋਰ ਹੈ, ਰਿੰਗ ਰੋਡ ਹੋਰ ਹੈ।

**Finance Minister:** Speaker Sir, then we have to sit.

**ਮਾਨਯੋਗ ਸਪੀਕਰ:** ਸੀ.ਐਮ. ਸਾਹਿਬ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 400 ਸਾਲਾ ਗੁਰਪੁਰਬ ਆ ਰਿਹਾ ਹੈ।

**ਵਿੱਤ ਮੰਤਰੀ:** ਸੀ.ਐਮ. ਸਾਹਿਬ ਕਰ ਸਕਦੇ ਹਨ ਜੀ, ਮੇਰੀ ਤਾਂ ਜੋ ਹੈਸੀਅਤ ਹੈ, ਜੋ ਔਕਾਤ ਹੈ, ਮੈਂ ਤਾਂ ਉਸੇ ਦੀ ਗੱਲ ਕੀਤੀ ਹੈ। 20 ਕਰੋੜ ਰੁਪਿਆ ਬਾਈਪਾਸ ਬਣਾਉਣ ਲਈ ਅਨੰਦਪੁਰ ਸਾਹਿਬ ਡਿਵੈਲਪਮੈਂਟ ਅਥਾਰਿਟੀ ਵਾਸਤੇ ਰੱਖਿਆ ਹੈ। ਨਾਗਰਾ ਸਾਹਿਬ ਨੇ ਕਿਹਾ ਸੀ ਕਿ ਜੇ ਬਜਟ ਵਿੱਚ ਮਨਜ਼ੂਰ ਹੈ ਤਾਂ ਬਿਰਧ ਆਸ਼ਰਮ ਬਣਾਉਣੇ ਹਨ ਔਰ ਅਸੀਂ ਸਭ ਤੋਂ ਪਹਿਲਾ ਬਿਰਧ ਆਸ਼ਰਮ ਨਾਗਰਾ ਸਾਹਿਬ ਦੇ ਜ਼ਿਲ੍ਹੇ ਤੋਂ ਸ਼ੁਰੂ ਕਰਾਂਗੇ। (ਥੰਪਿੰਗ)

ਸਪੀਕਰ ਸਾਹਿਬ, ਸਾਡੇ ਨਵੇਂ ਐਮ.ਐਲ.ਏ. ਸਾਹਿਬ ਜਿੱਤ ਕੇ ਆਏ ਹਨ, ਸ਼ਾਇਦ ਉਮਰ ਵਿੱਚ ਤਾਂ ਮੇਰੇ ਤੋਂ ਛੋਟੇ ਹਨ, ਮੇਰੀ ਛੋਟੀ ਭੈਣ ਹੈ ਇੰਦੂ ਬਾਲਾ ਜੀ। ਸਪੀਕਰ ਸਾਹਿਬ, ਜਿਸ ਵੇਲੇ ਮੈਂ ਪਹਿਲੀ ਮਰਤਬਾ ਹਾਊਸ ਵਿੱਚ ਆਇਆ ਸੀ ਤਾਂ ਉਸ ਵੇਲੇ ਫਾਈਨਾਂਸ ਮਨਿਸਟਰ ਡਾ. ਕੇਵਲ ਕ੍ਰਿਸ਼ਨ ਜੀ ਹੁੰਦੇ ਸੀ। ਸਪੀਕਰ ਸਾਹਿਬ, ਹੁਣ ਉਹੋ ਜਿਹੇ ਇਨਸਾਨ ਪੰਜਾਬ ਵਿੱਚ ਪੈਦਾ ਹੋਣੇ ਖਤਮ ਹੋ ਗਏ ਹਨ, ਐਸੇ ਸੱਚੇ-ਸੁੱਚੇ ਇਨਸਾਨ ਸਨ। ਮੇਰੀ ਭੈਣ ਨੇ ਮੈਨੂੰ ਇਹ ਗੱਲ ਕਹੀ ਹੈ ਕਿ ਮੇਰੇ ਹਲਕੇ ਵਿੱਚ ਸਟੇਡੀਅਮ ਦੀ ਜ਼ਰੂਰਤ ਹੈ। ਸੋ, ਭੈਣ ਜੀ, ਉਹ ਸਟੇਡੀਅਮ ਬਣ ਜਾਵੇਗਾ।

ਸਪੀਕਰ ਸਾਹਿਬ, ਮੇਰੀ ਛੋਟੀ ਭੈਣ ਦੇ ਹਲਕੇ ਦੀਨਾਨਗਰ ਵਿੱਚ ਬੜੇ ਲੰਮੇ ਸਮੇਂ ਤੋਂ ਮਸਲੇ ਲਮਕਦੇ ਆ ਰਹੇ ਹਨ। ਇਸ ਫਾਈਨਾਂਸ਼ੀਅਲ ਈਅਰ ਵਿੱਚ ਦੀਨਾਨਗਰ ਦਾ ਨਵਾਂ ਬੱਸ ਸਟੈਂਡ ਮੁਕੰਮਲ ਹੋ ਜਾਵੇਗਾ। ਸਪੀਕਰ ਸਾਹਿਬ, ਸੀ.ਐਮ. ਸਾਹਿਬ ਨੇ ਦੀਨਾਨਗਰ ਦੀ ਪਹਿਲੀ ਸਬ-ਡਵੀਜ਼ਨ ਅਨਾਊਂਸ ਕੀਤੀ ਹੈ। ਇਹ ਵੀ ਤਜਵੀਜ਼ ਹੈ ਕਿ ਇਸ ਸਾਲ ਵਿੱਚ ਜਿਹੜਾ ਉੱਥੇ ਸੀ.ਐਚ.ਸੀ. ਹਸਪਤਾਲ ਹੈ ਉਸ ਨੂੰ

[ਵਿੱਤ ਮੰਤਰੀ]
ਸਬ-ਡਵੀਜ਼ਨਲ ਹਸਪਤਾਲ ਦੇ ਤੌਰ ਤੇ ਮੁਕੰਮਲ ਕਰਵਾਵਾਂਗੇ। ਉਸੇ ਤਰ੍ਹਾਂ ਹੀ ਸਪੀਕਰ ਸਾਹਿਬ, ਇਨ੍ਹਾਂ ਦੇ ਦੋ ਪੁਲ ਹਨ, ਉਨ੍ਹਾਂ ਦਾ ਕੰਮ ਵੀ ਅਸੀਂ ਹੱਥ ਵਿੱਚ ਲਵਾਂਗੇ।

ਸਪੀਕਰ ਸਾਹਿਬ, ਐਮ.ਐਲ.ਏ. ਰਣਦੀਪ ਜੀ, ਉਨ੍ਹਾਂ ਨੂੰ ਪਹਿਲਾਂ ਰਣਦੀਪ ਨਾਭਾ ਦੇ ਨਾਂ ਨਾਲ ਜਾਣਿਆ ਜਾਂਦਾ ਸੀ ਪਰ ਕਿਉਂਕਿ ਹੁਣ ਉਨ੍ਹਾਂ ਦਾ ਹਲਕਾ ਬਦਲ ਗਿਆ ਹੈ ਤੇ ਹੁਣ ਉਨ੍ਹਾਂ ਦਾ ਹਲਕਾ ਮੰਡੀ ਗੋਬਿੰਦਗੜ੍ਹ ਹੋ ਗਿਆ ਹੈ। ਅੱਜ ਉਹ ਆਏ ਵੀ ਸੀ ਪਰ he was running with a very high temperature. ਸਪੀਕਰ ਸਾਹਿਬ, ਮੰਡੀ ਗੋਬਿੰਦਗੜ੍ਹ ਦਾ ਜਿਹੜਾ ਅਮਲੋਹ ਬਾਈਪਾਸ ਹੈ, ਉਹ ਉਨ੍ਹਾਂ ਨੂੰ ਇਸ ਸਾਲ ਬਣਾ ਕੇ ਦੇਣਾ ਹੈ ਤੇ ਸੋਲਿਡ ਵੇਸਟ ਮੈਨੇਜਮੈਂਟ ਪਲਾਂਟ ਵੀ ਮਿਊਂਸਿਪਲ ਡਿਵੈਲਪਮੈਂਟ ਫੰਡ ਵਿੱਚੋਂ ਬਣਾ ਕੇ ਦਿਆਂਗੇ। ਮੰਡੀ ਗੋਬਿੰਦਗੜ੍ਹ ਦਾ ਅੰਡਰ ਪਾਸ ਪਿਛਲੀ ਵਾਰੀ ਅਨਾਊਂਸ ਹੋਇਆ ਸੀ ਪਰ ਉਸ ਦਾ ਕੰਮ ਸ਼ੁਰੂ ਨਹੀਂ ਹੋ ਸਕਿਆ ਸੀ। ਇਸ ਵਾਰੀ ਉਸ ਦਾ ਕੰਮ ਸ਼ੁਰੂ ਕਰ ਦਿਆਂਗੇ। ਉੱਥੋਂ ਦਾ ਤਹਿਸੀਲ ਕੰਪਲੈਕਸ ਬੱਸ ਅੱਡੇ ਦੇ ਨੇੜੇ ਲੈ ਕੇ ਜਾਣਾ ਹੈ, ਉਹ ਵੀ ਲੈ ਕੇ ਜਾਵਾਂਗੇ।

ਸਪੀਕਰ ਸਾਹਿਬ, ਜਲਾਲਾਬਾਦ ਤੋਂ ਐਮ.ਐਲ.ਏ. ਜਿੱਤ ਕੇ ਆਏ ਹਨ ਔਰ ਅੱਜ ਬੜਾ ਸੋਹਣਾ ਬੋਲੇ ਹਨ, (ਥੰਪਿੰਗ) ਜਿਵੇਂ ਇਨ੍ਹਾਂ ਦਾ ਤਾਂ ਰੋਜ਼ ਦਾ ਬੋਲਣ ਦਾ ਕੰਮ ਹੈ, he is a very good speaker . ਸਪੀਕਰ ਸਾਹਿਬ, ਇਨ੍ਹਾਂ ਦੇ ਹਲਕੇ ਵਿੱਚ ਇੱਕ ਅਰਨੀਵਾਲਾ ਸ਼ੇਖ ਸੁਭਾਨ ਪਿੰਡ ਹੈ, ਉੱਥੇ ਇੱਕ ਬਹੁਤ ਸੋਹਣੀ ਬਿਲਡਿੰਗ ਟੋਟਲੀ ਮੁਕੰਮਲ ਹੋਈ ਪਈ ਹੈ, ਸਭ ਕੁਝ ਤਿਆਰ ਹੈ ਮਤਲਬ ਕਲਾਸ ਰੂਮ ਤੇ ਹੋਰ ਸਾਰੀਆਂ ਐਡਮਨਿਸਟ੍ਰੇਟਿਵ ਬਿਲਡਿੰਗਜ਼, ਪਲੇਗਰਾਊਂਡਜ਼ ਵਗੈਰਾ ਸਭ ਤਿਆਰ ਹਨ ਤੇ ਉਹ ਚਾਹੁੰਦੇ ਹਨ ਕਿ ਉਹ ਬਿਲਡਿੰਗ ਪੰਜਾਬ ਸਰਕਾਰ ਨੂੰ ਡੋਨੇਟ ਕਰ ਦੇਈਏ ਤੇ ਉਸ ਦੇ ਇਵਜ਼ ਵਿੱਚ ਜੇ ਉਸ ਵਿੱਚ ਇੱਕ ਨਵੀਂ ਆਈ.ਟੀ.ਆਈ. ਖੁੱਲ੍ਹ ਜਾਵੇ ਕਿਉਂਕਿ ਉਸ ਬਿਲਡਿੰਗ ਵਿੱਚ ਸਰਕਾਰ ਦਾ ਕੋਈ ਖਰਚਾ ਨਹੀਂ ਹੋਣਾ ਹੈ, ਸਿਰਫ ਸਟਾਫ ਦਾ ਖਰਚਾ ਹੋਣਾ ਹੈ। ਮੈਂ ਚੰਨੀ ਸਾਹਿਬ ਨਾਲ ਗੱਲ ਕੀਤੀ ਸੀ and he has agreed to it. ਉਨ੍ਹਾਂ ਦੀ ਵੀ ਅੱਜ ਕਮਰ ਵਿੱਚ ਦਰਦ ਹੈ। ਜਿਹੜਾ ਇਸ ਦਾ ਐਕਸਪੈਂਸ ਹੈ it is going to be minimal, we are going to concede these demands.

ਸਪੀਕਰ ਸਾਹਿਬ, ਹਰਦਿਆਲ ਕੰਬੋਜ ਜੀ, ਐਮ.ਐਲ.ਏ. ਰਾਜਪੁਰਾ ਸਾਡੇ ਕਾਬਲ ਦੋਸਤ ਹਨ। ਸਪੀਕਰ ਸਾਹਿਬ, ਇਨ੍ਹਾਂ ਦਾ ਇੱਕ ਬੜਾ ਪੁਰਾਣਾ ਕੰਮ ਹੈ,

ਜਿਹੜਾ ਇਸ ਹਲਕੇ ਨੂੰ ਇਕਨਾਮੀਕਲੀ ਬੈਨੀਫਿਟ ਦੇ ਸਕਦਾ ਹੈ। ਜਿਹੜੀ ਥਰਮਲ ਪਲਾਂਟ ਨੂੰ ਨਹਿਰ ਜਾਂਦੀ ਹੈ। ਉਸ ਨੂੰ ਥਰਮਲ ਕੈਨਾਲ ਕਹਿੰਦੇ ਹਾਂ। ਜੇ ਅਸੀਂ ਉਸ ਨੂੰ ਥੋੜ੍ਹੀ ਜਿਹੀ ਹੋਰ ਸਟਰੈਂਥਨ ਕਰ ਦੇਈਏ ਤਾਂ ਉਸ ਨਾਲ 15-20 ਪਿੰਡਾਂ ਨੂੰ ਆਪਾਸ਼ੀ ਹੋਵੇਗੀ। ਸਪੀਕਰ ਸਾਹਿਬ, in the next financial year, we will take up this work, it will cost 9.5 crores. ਅਸੀਂ ਇਸ ਦਾ ਉਪਬੰਧ ਕਰ ਦੇਵਾਂਗੇ। ਇਨ੍ਹਾਂ ਦੇ ਦੋ ਸਕੂਲ ਵੀ ਹਨ, ਸੀਨੀਅਰ ਸੈਕੰਡਰੀ ਸਕੂਲ, ਬਨੂੜ ਅਤੇ ਸੀਨੀਅਰ ਸੈਕੰਡਰੀ ਸਕੂਲ, ਰਾਜਪੁਰਾ, ਦੋਨਾਂ ਲਈ 50-50 ਲੱਖ ਰੁਪਿਆ ਹੈ। ਸਪੀਕਰ ਸਾਹਿਬ, ਇਸ ਵਾਰ ਬੜੇ ਮਿਹਨਤੀ ਐਮ.ਐਲ.ਏ. ਗੁਰਦਾਸਪੁਰ ਤੋਂ ਜਿੱਤ ਕੇ ਆਏ ਹਨ, ਪਾਹੜਾ ਸਾਹਿਬ, ਇਨ੍ਹਾਂ ਦਾ ਬੱਸ ਸਟੈਂਡ under progress. ਪੀ.ਪੀ.ਪੀ ਮੋਡ ਤੇ ਬਣਨਾ ਹੈ, it will be completed this year. ਇਨ੍ਹਾਂ ਦੇ ਸ਼ਹਿਰ ਦੇ ਬਿਲਕੁਲ ਦਰਮਿਆਨ ਇੱਕ ਆਰ.ਯੂ.ਬੀ. ਬਣਨਾ ਹੈ, ਉਸ ਨੂੰ ਇਸ ਸਾਲ ਸ਼ੁਰੂ ਕਰਵਾ ਕੇ ਦੋ ਸਾਲਾਂ ਵਿੱਚ ਮੁਕੰਮਲ ਕਰ ਦੇਵਾਂਗੇ।ਜਿਹੜਾ ਪੀ.ਪੀ.ਪੀ. ਮੋਡ ਤੇ ਇੱਕ ਮੈਡੀਕਲ ਕਾਲਜ ਬਣਨਾ ਹੈ ਔਰ ਸੀ.ਐਮ. ਸਾਹਿਬ ਨੇ ਅਨਾਊਂਸ ਕੀਤਾ ਹੋਇਆ ਹੈ। ਪਤਾ ਨਹੀਂ ਕਿਸ ਸਟੇਜ ਤੇ ਹੈ, ਜੇ ਉਹ fructify ਕਰਦੀ ਹੈ ਤਾਂ I will leave it to the C.M.

ਧੀਮਾਨ ਸਾਹਿਬ ਨੇ ਖੰਨਾ ਰੋਡ ਤੋਂ ਮਲੇਰਕੋਟਲਾ-ਲੁਧਿਆਣਾ ਰੋਡ ਬਾਈਪਾਸ ਦੀ ਮੰਗ ਕੀਤੀ ਹੈ। ਸਰ, ਅਸੀਂ ਇਸ ਬਜਟ ਵਿੱਚ ਇਸ ਨੂੰ ਵੀ ਟੇਕਅੱਪ ਕਰਨਾ ਹੈ। ਉਨ੍ਹਾਂ ਦੇ ਹਲਕੇ ਵਿੱਚ ਕੁਝ ਸਕੂਲ ਵੀ ਬਣਨੇ ਹਨ। ਸਪੀਕਰ ਸਾਹਿਬ, ਪਿਛਲੇ ਬਜਟ ਵਿੱਚ ਇਨ੍ਹਾਂ ਦੇ ਹਲਕੇ ਦੇ ਸੀਨੀਅਰ ਸੈਕੰਡਰੀ ਸਕੂਲ ਦਾ ਕੰਮ ਸ਼ੁਰੂ ਹੋਇਆ ਹੈ, ਲਗਭਗ 80 ਲੱਖ ਰੁਪਿਆ ਉੱਥੇ ਪਹੁੰਚ ਚੁੱਕਿਆ ਹੈ ਅਤੇ ਬਕਾਇਆ 1 ਕਰੋੜ 20 ਲੱਖ ਰੁਪਏ ਹੈ। ਸਪੀਕਰ ਸਾਹਿਬ, ਇਸੇ financial year ਵਿੱਚ we will release that money.

ਮਦਨ ਲਾਲ ਜਲਾਲਪੁਰ ਸਾਹਿਬ, we go back a long way. ਆਪ ਜੀ ਨੇ ਹੁਕਮ ਕੀਤਾ ਸੀ ਕਿ ਸ਼ਹੀਦ-ਏ-ਆਜ਼ਮ, ਸ਼ਹੀਦ ਊਧਮ ਸਿੰਘ ਦੇ ਨਾਂ ਤੇ ਕੋਈ ਚੇਅਰ ਬਣਾਉਣੀ ਹੈ। ਸਪੀਕਰ ਸਾਹਿਬ, ਇਹ ਤਾਂ ਕਹਿੰਦੇ ਸੀ ਕਿ ਕਿਸ਼ਤਾਂ ਵਿੱਚ ਦੇ ਦਿਉ ਪਰ ਜੇ ਡੇਢ ਕਰੋੜ ਰੁਪਏ ਵਿੱਚ ਬਣਦੀ ਹੈ ਤਾਂ ਉਹ ਇਸੇ ਸਾਲ ਤੁਹਾਨੂੰ ਮੁਬਾਰਕ ਹੋਵੇ। ਤੁਸੀਂ ਯੂਨੀਵਰਸਿਟੀ ਕਾਲਜ ਬਾਰੇ ਕਿਹਾ ਹੈ, ਉਸ ਦੀ 32 ਲੱਖ, 57 ਹਜ਼ਾਰ

ਰੁਪਏ ਨਾਲ ਰਿਪੇਅਰ ਹੋ ਜਾਵੇਗੀ। Sir, we will do it. ਨਰਵਾਣਾ ਬ੍ਰਾਂਚ ਦਾ 10 ਫੀਸਦੀ ਕੰਮ ਰਹਿ ਗਿਆ ਹੈ, 90% ਕੰਮ ਕੰਪਲੀਟ ਹੋ ਗਿਆ। ਉਸ ਵਾਸਤੇ 10% ਪੰਜਾਬ ਸਰਕਾਰ ਪਾ ਦੇਵੇਗੀ। ਸਪੀਕਰ ਸਾਹਿਬ, ਇਨ੍ਹਾਂ ਦੇ ਬੱਸ ਸਟੈਂਡ ਦਾ ਕੰਮ ਚੱਲ ਰਿਹਾ ਹੈ। 62 ਲੱਖ ਰੁਪਿਆ ਬਕਾਇਆ ਰਹਿ ਗਿਆ ਹੈ ਅਤੇ ਉਹ 62 ਲੱਖ ਰੁਪਏ ਇਸੇ ਫਾਈਨਾਂਸ਼ੀਅਲ ਈਅਰ ਵਿੱਚ ਪਹੁੰਚਾ ਦੇਵਾਂਗੇ। ਸਪੀਕਰ ਸਾਹਿਬ, ਮੇਰੇ ਲਈ ਇੱਕ ਹੋਰ ਖੁਸ਼ਨੁਮਾ ਫਰਜ਼ ਹੈ। ਖੁਦ ਪੀ.ਡਬਲਿਊ.ਡੀ. ਮਨਿਸਟਰ ਸੰਗਰੂਰ ਦੇ ਹਨ, it's impossible to embarrass a Minister. ਇੱਕ ਨਵਾਂ ਬੱਸ ਸਟੈਂਡ, ਡਿਸਟ੍ਰਿਕਟ ਹੈੱਡਕੁਆਟਰਜ਼ ਵਿੱਚ ਅਤੇ ਇੱਕ ਨਵੀਂ e-digitized ਲਾਇਬ੍ਰੇਰੀ 2 ਕਰੋੜ ਰੁਪਏ ਦੀ ਲਾਗਤ ਨਾਲ ਬਣੇਗੀ। ਵਿਜੈ ਜੀ, ਇਹ ਆਲਰੇਡੀ ਬਜਟ ਵਿੱਚ ਪਾਇਆ ਹੋਇਆ ਹੈ। ਉਹ ਹੋ ਜਾਵੇਗਾ। ਇਸੇ ਤਰ੍ਹਾਂ ਹੀ construction of multilevel parking in ਭਵਾਨੀਗੜ੍ਹ ਸਿਟੀ, ਕਿਉਂਕਿ ਹਾਈਵੇਅ ਬਣ ਗਿਆ ਹੈ ਅਤੇ ਲੋਕ ਸੜਕ ਤੇ ਪਾਰਕ ਕਰ ਦਿੰਦੇ ਹਨ। ਉੱਥੇ ਚੌਕ ਪੁਆਇੰਟ ਬਣ ਗਿਆ ਹੈ। ਸਪੀਕਰ ਸਾਹਿਬ, ਜਗਰਾਓਂ ਹਲਕੇ ਵਿੱਚ ਬਾਬਾ ਨੰਦ ਸਿੰਘ ਜੀ ਦਾ ਪਿੰਡ ਸ਼ੇਰਪੁਰ ਕਲਾਂ ਹੈ। ਬਾਬਾ ਨੰਦ ਸਿੰਘ ਜੀ ਦੀ 150 ਸਾਲਾ ਸ਼ਤਾਬਦੀ ਆ ਰਹੀ ਹੈ। ਇਸ ਲਈ ਇਸ ਪਿੰਡ ਨੂੰ ਡੇਢ ਕਰੋੜ ਰੁਪਿਆ ਦਿੱਤਾ ਜਾਵੇਗਾ। ਸਪੀਕਰ ਸਾਹਿਬ, ਪੰਜਾਬ ਦਾ ਬੜਾ ਪਸਮਾਂਦਾ ਇਲਾਕਾ ਬੱਲੂਆਣਾ ਹਲਕਾ ਹੈ। ਉਸ ਦੇ ਦੋ ਰਜਵਾਹੇ ਹਨ। ਇੱਕ ਤਾਂ ਸੁਖਚੈਨ ਹੈ, ਉਹ ਤਾਂ ਆਲਰੇਡੀ ਬਜਟ ਦਾ ਹਿੱਸਾ ਹੈ ਪਰ ਜਿਹੜੀ ਮਲੂਕਪੁਰਾ ਮਾਈਨਰ ਹੈ, ਉਸ ਦੀ 59 ਨੰ: ਬੁਰਜੀ ਤੋਂ ਲੈ ਕੇ 75 ਨੰ: ਬੁਰਜੀ ਤੱਕ ਸਪੈਸ਼ਲ ਰਿਪੇਅਰ ਵੀ ਇਰੀਗੇਸ਼ਨ ਡਿਪਾਰਟਮੈਂਟ ਲੈ ਲਵੇਗਾ। ਸਪੀਕਰ ਸਾਹਿਬ, ਗੌਰਮਿੰਟ ਨੇ ਫੈਸਲਾ ਕੀਤਾ ਹੈ ਕਿ ਜਿਹੜਾ ਗੌਰਮਿੰਟ ਕਾਲਜ ਕਾਲਾ ਅਫਗਾਨਾ, ਡਿਸਟ੍ਰਿਕਟ ਗੁਰਦਾਸਪੁਰ ਨੂੰ ਫਿਜ਼ੀਕਲ ਤੇ ਸਪੋਰਟਸ ਕਾਲਜ ਵਿੱਚ ਤਬਦੀਲ ਕਰ ਦਿੱਤਾ ਜਾਵੇਗਾ। ਇੱਥੇ ਫਿਜ਼ੀਕਲ ਐਜੂਕੇਸ਼ਨ ਦੇ ਕੋਰਸਿਜ਼ ਜਿਵੇਂ ਬੀ.ਪੀ.ਐੱਡ., ਐਮ.ਪੀ.ਐੱਡ. ਚਲਾਏ ਜਾਣਗੇ ਔਰ ਇਸ ਨੂੰ ਮਹਾਰਾਜਾ ਭੁਪਿੰਦਰ ਸਿੰਘ ਸਪੋਰਟਸ ਯੂਨੀਵਰਸਿਟੀ ਦਾ ਇੱਕ ਕੰਸਟੀਚਿਊਐਂਟ ਕਾਲਜ ਬਣਾ ਦਿੱਤਾ ਜਾਵੇਗਾ।

ਸਪੀਕਰ ਸਾਹਿਬ, ਪੰਜਾਬੀ ਜ਼ੁਬਾਨ ਦੀ ਪ੍ਰਮੋਸ਼ਨ ਲਈ 5 ਕਰੋੜ ਰੁਪਿਆ ਅਤੇ ਸੈਂਟਰਲ ਸਟੇਟ ਲਾਇਬ੍ਰੇਰੀ ਪਟਿਆਲਾ ਲਈ ਪੰਜ ਕਰੋੜ ਰੁਪਿਆ ਰੱਖਿਆ ਗਿਆ ਹੈ। ਮਨਿਸਟਰ ਸਾਹਿਬ, ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਜੀ ਦਾ

ਇਲਾਕਾ ਹੈ ਅਤੇ ਇਨ੍ਹਾਂ ਨੇ ਉੱਥੇ ਗੁਰੂ ਨਾਨਕ ਪਾਤਸ਼ਾਹ ਜੀ ਨਾਲ ਸਬੰਧਿਤ ਕੰਮ ਅਤੇ ਹੋਰ ਵੀ ਬਹੁਤ ਸਾਰਾ ਕੰਮ ਕਰਵਾਇਆ ਸੀ। ਅਜੇ ਵੀ ਕਾਫੀ ਕੰਮ ਬਕਾਇਆ ਰਹਿ ਗਿਆ ਹੈ। ਇਸ ਲਈ ਬਟਾਲਾ ਸ਼ਹਿਰ ਦੇ infrastructure ਲਈ 25 ਕਰੋੜ ਰੁਪਿਆ ਅਸੀਂ ਇਸ ਬਜਟ ਵਿੱਚ ਰੱਖ ਦੇਵਾਂਗੇ। (ਥੰਪਿੰਗ) ਸਪੀਕਰ ਸਾਹਿਬ, ਬੜੇ ਹੀ ਕਾਬਿਲ ਮੇਰੇ ਛੋਟੇ ਭਰਾ ਅਤੇ ਕਿਸੇ ਵੇਲੇ ਪੰਜਾਬ ਦੇ ਚੀਫ ਮਨਿਸਟਰ ਜੀ ਦੇ ਪੋਤਰੇ ਕੋਟਲੀ ਸਾਹਿਬ ਜੀ ਦੇ ਦੋ ਪਿੰਡ ਜੋ ਮਹਾਂਪੁਰਸ਼ਾਂ ਦੇ ਨਾਂ ਤੇ, ਉਨ੍ਹਾਂ ਦਾ ਨਾਂ ਮਨਸੂਬ ਹੁੰਦਾ ਹੈ। ਇੱਕ ਰਾਜੇਆਣਾ ਹੈ ਅਤੇ ਦੂਜਾ ਈਸੜੂ ਹੈ, ਇਨ੍ਹਾਂ ਦੋਹਾਂ ਪਿੰਡਾਂ ਵਾਸਤੇ ਇੱਕ-ਇੱਕ ਕਰੋੜ ਰੁਪਿਆ ਰੱਖਿਆ ਗਿਆ ਹੈ। Last but not the least ਮੇਰੇ ਬੜੇ ਹੀ ਕਾਬਿਲ ਦੋਸਤ ਮਨਿਸਟਰ ਆਫ ਇੰਡਸਟਰੀ, ਜੋ ਕਿ ਹੁਸ਼ਿਆਰਪੁਰ ਸ਼ਹਿਰ ਦੀ ਨੁਮਾਇੰਦਗੀ ਕਰਦੇ ਹਨ। ਸਪੀਕਰ ਸਾਹਿਬ, ਟੋਟਲ ਹੁਸ਼ਿਆਰਪੁਰ ਸ਼ਹਿਰ ਇੱਕ modern city ਹੋਵੇ ਪਰ ਉੱਥੇ ਕੋਈ ਢੰਗ ਦੇ ਪਾਰਕ ਨਹੀਂ ਹਨ। ਸਪੀਕਰ ਸਾਹਿਬ, ਪਾਰਕ ਬਣਾਉਣ ਵਾਸਤੇ ਪੰਜ ਕਰੋੜ ਰੁਪਿਆ ਹੁਸ਼ਿਆਰਪੁਰ ਵਾਸਤੇ ਰੱਖਿਆ ਹੈ।(ਥੰਪਿੰਗ) ਹੁਸ਼ਿਆਰਪੁਰ ਵਾਸਤੇ ਖਸੂਸੀ ਤੌਰ ਤੇ ਰੱਖਿਆ ਗਿਆ ਹੈ। ਇਸ ਤੋਂ ਇਲਾਵਾ ਗੋਲਡੀ ਜੀ, ਜੋ ਧੂਰੀ ਤੋਂ ਐਮ.ਐਲ.ਏ. ਹਨ, ਉਨ੍ਹਾਂ ਨੇ RUB ਦੀ ਮੰਗ ਕੀਤੀ ਹੈ, ਇਸ ਦੀ technical feasibility ਵਗੈਰਾ ਇਸੇ ਸਾਲ ਵਿੱਚ ਅਸੀਂ ਸ਼ੁਰੂ ਕਰਵਾ ਦਿਆਂਗੇ। ਚੌਧਰੀ ਦਰਸ਼ਨ ਲਾਲ ਜੀ ਦੇ ਹਲਕੇ ਵਿੱਚ ਬਾਬਾ ਭੂਰੀਆਲੇ ਜੀ, ਸੰਤਾਂ ਦੇ ਨਾਂ ਉੱਤੇ, ਜਿਹੜਾ ਬੜਾ ਹੀ ਪਵਿੱਤਰ ਸਥਾਨ ਹੈ, ਉਸ ਨੂੰ ਵੀ ਟੂਰਿਜ਼ਮ ਵਿੱਚ ਰੱਖਿਆ ਗਿਆ ਹੈ, ਜੋ ਕਿ ਦੋ ਕਰੋੜ ਰੁਪਏ ਦਾ ਪ੍ਰਜੈਕਟ ਹੈ, ਉਸ ਇਲਾਕੇ ਵਾਸਤੇ ਅਸੀਂ ਸ਼ੁਰੂ ਕਰਨ ਜਾ ਰਹੇ ਹਾਂ। ਸਪੀਕਰ ਸਾਹਿਬ, ਮੰਤਰੀ ਜੀ ਕਹਿ ਰਹੇ ਹਨ ਕਿ ਜਿਹੜਾ ਡਿਸਟ੍ਰਿਕਟ ਮੋਹਾਲੀ ਦਾ ਮੈਡੀਕਲ ਹਸਪਤਾਲ ਹੈ ਇਹ ਹੁਣ ਮੈਡੀਕਲ ਕਾਲਜ ਦੇ ਵਿੱਚ ਤਬਦੀਲ ਹੋ ਗਿਆ ਹੈ, so they will be requiring a new Hospital. Speaker Sahib, I will discussed it with the Hon'ble CM Sahib and ਉਸ ਵਾਸਤੇ ਲੈਂਡ ਦੇਣ ਨੂੰ ਤਿਆਰ ਹਨ।

ਸਪੀਕਰ ਸਾਹਿਬ, ਜਿਹੜੀ ਆਪੋਜ਼ੀਸ਼ਨ ਵਾਲਿਆਂ ਨੇ ਇਹ ਗੱਲ ਕਹੀ ਹੈ ਕਿ ਡੀ.ਏ. ਦਾ ਜਿਹੜਾ ਮਸਲਾ ਹੈ, ਇਹ ਛੇ ਪਰਸੈਂਟ ਨਾਲ ਨਾ-ਕਾਫੀ ਹੈ ਔਰ ਇਸ ਨੂੰ ਹੋਰ ਵਧਾਉਣਾ ਚਾਹੀਦਾ ਹੈ ਕਿਉਂਕਿ ਇਹ ਬੈਕਲਾਗ ਹੈ ਅਤੇ ਇਹ ਬੈਕਲਾਗ ਕਦੋਂ ਤੱਕ ਕਲੀਅਰ ਹੋਵੇਗਾ? ਸਪੀਕਰ ਸਾਹਿਬ, ਮੈਂ ਇਨ੍ਹਾਂ ਦੇ ਸਾਹਮਣੇ ਗੁਜ਼ਾਰਿਸ਼ ਕਰਾਂਗਾ ਕਿ ਜਿਹੜਾ ਬੈਕਲਾਗ ਹੈ, ਇਹ ਸਾਨੂੰ ਵਿਰਸੇ ਵਿੱਚ ਮਿਲਿਆ ਹੈ। ਇਸ ਸਾਲ ਪੇਅ

[ਵਿੱਤ ਮੰਤਰੀ]

ਕਮਿਸ਼ਨ ਲਾਗੂ ਹੋਣਾ ਹੈ। ਪੇਅ ਕਮਿਸ਼ਨ ਲਾਗੂ ਕਰਵਾਉਣ ਵਾਸਤੇ ਅਸੀਂ ਚਾਰ ਹਜ਼ਾਰ ਕਰੋੜ ਰੁਪਏ ਦਾ ਉਪਬੰਧ ਕੀਤਾ ਹੈ। ਜਿੱਥੋਂ ਤੱਕ ਰਿਟਾਇਰਮੈਂਟ ਦੀ ਗੱਲ ਹੈ, ਜਿਹੜੀ ਕਿ ਯਕਮੁਸ਼ਤ ਹੋ ਰਹੀ ਹੈ, ਉਸ ਦੇ ਲਈ ਤਕਰੀਬਨ 3500 ਕਰੋੜ ਰੁਪਿਆ ਪੰਜਾਬ ਦੇ ਇੰਪਲਾਇਜ਼ ਦੇ ਖਾਤੇ ਵਿੱਚ ਜਾਣਾ ਹੈ। ਇੱਕ ਹਜ਼ਾਰ ਕਰੋੜ ਰੁਪਿਆ ਡੀ.ਏ. ਵਾਸਤੇ ਰੱਖਿਆ ਹੈ। ਜਿਵੇਂ-ਜਿਵੇਂ ਪੰਜਾਬ ਮਜ਼ਬੂਤ ਹੁੰਦਾ ਜਾਵੇਗਾ ਕਿਉਂਕਿ ਅੱਗੇ ਬੜੇ ਤਿਓਹਾਰ ਆਉਣੇ ਹਨ। ਹੋਲੀ ਆਉਣੀ ਹੈ, ਦੀਵਾਲੀ ਆਉਣੀ ਹੈ, ਫਿਰ ਉਸ ਹੋਲੀ, ਦੀਵਾਲੀ ਤੇ ਵੀ ਸੁੱਕਾ ਹੱਥ ਨਹੀਂ ਹੋਵੇਗਾ। ਹੌਲੀ-ਹੌਲੀ ਅਸੀਂ ਕੋਸ਼ਿਸ਼ ਕਰਾਂਗੇ ਕਿ ਆਪਣੀ ਮੁੱਦਤ ਦੇ ਵਿੱਚ, ਇਹ ਜਿਹੜਾ ਡੀ.ਏ. ਦਾ ਖਸਾਰਾ ਹੈ, ਇਸ ਨੂੰ ਬਿਲਕੁਲ ਠੀਕ ਕਰ ਦੇਈਏ। ਸਪੀਕਰ ਸਾਹਿਬ, ਮੈਂ ਤੁਹਾਡਾ ਇਸ ਗੱਲ ਦਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਹ ਬਜਟ ਸਪੀਚ ਕਨਕਲੂਡ ਕਰਨ ਦਾ ਮੌਕਾ ਦਿੱਤਾ ਅਤੇ ਤੁਸੀਂ ਇੰਨੇ ਸਬਰ ਅਤੇ ਅਦਬ ਨਾਲ ਮੇਰੀ ਗੱਲ ਸੁਣੀ। ਮੈਂ ਸਾਰਿਆਂ ਦਾ ਇਸ ਗੱਲ ਲਈ ਧੰਨਵਾਦ ਕਰਦਾ ਹਾਂ। ਬਹੁਤ-ਬਹੁਤ ਧੰਨਵਾਦ। ਜੈ ਹਿੰਦ। (ਥੰਪਿੰਗ)

**ਸ਼੍ਰੀ ਅਮਨ ਅਰੋੜਾ (ਸੁਨਾਮ):** ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ ਜੀ। ਐਫ.ਐਮ. ਸਾਹਿਬ ਨੇ ਸਾਰੀ ਗੱਲ ਬੜੀ ਡਿਟੇਲ ਦੇ ਵਿੱਚ ਦੱਸੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਜਿਵੇਂ ਵਡਾਲਾ ਸਾਹਿਬ ਨੇ ਵੀ ਪਹਿਲਾਂ ਗੱਲ ਕੀਤੀ ਹੈ। ਮੈਂ ਇਸ ਗੱਲ ਲਈ ਵੀ ਇਨ੍ਹਾਂ ਨੂੰ ਮੁਬਾਰਕਬਾਦ ਦੇਵਾਂਗਾ। ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਤੁਸੀਂ revenue expenditure ਅਤੇ revenue receipts ਦੇ ਵਿੱਚ comparison ਕਰਦੇ ਹੋ। ਮੈਂ ਇਹ ਵੀ ਕਹਾਂਗਾ ਕਿ ਜਿਹੜੀ fiscal prudence ਹੈ, fiscal discipline ਹੈ, ਉਹ ਕਿਤੇ ਨਜ਼ਰ ਆਉਂਦਾ ਹੈ। ਕੁਝ ਇਨ੍ਹਾਂ ਹਾਲਾਤਾਂ ਦੇ ਵਿੱਚ ਕੋਸ਼ਿਸ਼ ਕੀਤੀ ਗਈ ਹੈ ਪਰ ਮੈਂ ਐਫ.ਐਮ. ਸਾਹਿਬ ਨੂੰ ਬੇਨਤੀ ਕਰਨੀ ਚਾਹਾਂਗਾ ਕਿ ਜਿਹੜਾ ਕੰਪੈਰੀਜ਼ਨ ਹੈ, ਇੱਕ ਤਾਂ ਇਹ ਕੰਪੈਰੀਜ਼ਨ ਕਰਨਾ ਛੱਡੋ। ਮੈਂ ਇਸ ਗੱਲ ਲਈ ਵੀ ਇਨ੍ਹਾਂ ਦਾ ਧੰਨਵਾਦ ਕਰਾਂਗਾ ਕਿ ਜਿਹੜੀਆਂ figures acknowledge ਕੀਤੀਆਂ ਹਨ ਕਿਉਂਕਿ ਮੈਂ ਸਹੇ ਨੂੰ ਨਹੀਂ, ਪਹੇ ਨੂੰ ਰੋਂਦਾ ਹਾਂ, ਉਹ ਕਿਉਂ? ਕਿਉਂਕਿ ਐਫ.ਐਮ. ਸਾਹਿਬ ਨੇ ਕਿਹਾ ਹੈ ਕਿ ਚਾਰ ਸਾਲਾਂ ਵਿੱਚ 66 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਵੱਧ ਗਿਆ ਹੈ। ਸਰ, ਪੰਜਵੇਂ ਸਾਲ ਇਲੈੱਕਸ਼ਨ ਯੀਅਰ ਵੀ ਆ ਜਾਣਾ ਹੈ। ਇਸ ਦਾ ਮਤਲਬ ਇਨ੍ਹਾਂ ਮੁਤਾਬਿਕ 83 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਐਡੀਸ਼ਨਲ ਚੜ੍ਹ ਜਾਣਾ ਹੈ। ਸਰ, ਮੇਰੀ ਬੇਨਤੀ ਇੰਨੀ ਹੈ ਕਿ ਆਪਾਂ ਪਿਛਲੀਆਂ ਗੱਲਾਂ ਨੂੰ ਛੱਡ ਦੇਈਏ।

ਜਿਹੜਾ ਆਪਣਾ ਅਗਲਾ ਰੋਡਮੈਪ ਹੈ, ਉਸ ਬਾਰੇ ਦੱਸੀਏ ਕਿ ਉਸ ਦਾ ਬਲੂਪ੍ਰਿੰਟ ਕੀ ਹੈ ਅਤੇ ਵਿਜ਼ਨ ਕੀ ਹੈ?

**ਮਾਨਯੋਗ ਸਪੀਕਰ :** ਬੈਠੋ, ਬੈਠੋ।

**ਸ਼੍ਰੀ ਅਮਨ ਅਰੋੜਾ :** ਸਪੀਕਰ ਸਾਹਿਬ, ਜਿਹੜਾ ਇਹ ਮਾਫੀਆ ਦਾ ਕੈਂਸਰ ਹੋਇਆ ਪਿਆ ਹੈ। ਮੇਰੇ ਵੀਰਾਂ ਨੇ ਵੀ ਗੱਲ ਕੀਤੀ ਹੈ, ਟਰਾਂਸਪੋਰਟ ਮਾਫੀਆ ਹੈ, ਰੇਤ ਮਾਫੀਆ ਹੈ।

**ਮਾਨਯੋਗ ਸਪੀਕਰ:** ਹੁਣ ਸਦਨ ਬੁੱਧਵਾਰ, ਮਿਤੀ 4 ਮਾਰਚ, 2020 ਨੂੰ ਸਵੇਰੇ 10.00 ਵਜੇ ਤੱਕ ਸਥਗਿਤ ਹੁੰਦਾ ਹੈ।

*5.10 ਵਜੇ ਬਾਅਦ ਦੁਪਹਿਰ) } (*ਇਸ ਉਪਰੰਤ ਸਦਨ ਬੁੱਧਵਾਰ, ਮਿਤੀ 4 ਮਾਰਚ, 2020 ਨੂੰ 10.00 ਵਜੇ ਸਵੇਰ ਤੱਕ ਸਥਗਿਤ ਹੋ ਗਿਆ।)

---

© 2020

ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਰਾਹੀਂ ਸਰਕਾਰੀ ਪ੍ਰੈਸ, ਐਸ.ਏ.ਐਸ. ਨਗਰ (ਮੋਹਾਲੀ) ਵਿਖੇ ਟਾਈਪਸੈਟ ਕਰਵਾ ਕੇ ਛਾਪੀ ਗਈ।

10306/9-2020/230 ਕਾਪੀਆਂ ਪੰਜਾਬ ਸਰਕਾਰ ਪ੍ਰੈਸ, ਐਸ.ਏ.ਐਸ ਨਗਰ